# ਸਿੱਖ ਅਧਿਐਨ ਦੇ ਰੁਝਾਨ : ਇਕ ਵਿਸ਼ਲੇਸ਼ਣ
## (1900 – 2000 ਈ.)

ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੀ

ਫ਼ੈਕਲਟੀ ਆਫ਼ ਹਿਊਮੈਨਟੀਜ਼ ਐਂਡ ਰਿਲੀਜੀਅਸ ਸਟੱਡੀਜ਼

ਦੇ ਅੰਤਰਗਤ ਪੀਐੱਚ.ਡੀ. (ਧਰਮ ਅਧਿਐਨ) ਦੀ

ਡਿਗਰੀ ਲਈ ਪ੍ਰਸਤੁਤ

**ਖੋਜ-ਪ੍ਰਬੰਧ**

2017

ਨਿਗਰਾਨ

ਡਾ. ਭਾਰਤਬੀਰ ਕੌਰ ਸੰਧੂ
ਅਸਿਸਟੈਂਟ ਪ੍ਰੋਫ਼ੈਸਰ

ਖੋਜਾਰਥੀ

ਗੁਰਪ੍ਰੀਤ ਸਿੰਘ

ਗੁਰੂ ਨਾਨਕ ਅਧਿਐਨ ਵਿਭਾਗ
ਗੁਰੂ ਨਾਨਕ ਦੇਵ ਯੂਨੀਵਰਸਿਟੀ,
ਅੰਮ੍ਰਿਤਸਰ-143005

# ਸਰਟੀਫਿਕੇਟ

ਤਸਦੀਕ ਕੀਤਾ ਜਾਂਦਾ ਹੈ ਕਿ ਗੁਰਪ੍ਰੀਤ ਸਿੰਘ ਨੇ ਆਪਣਾ ਪੀਐੱਚ.ਡੀ. (ਹਿਊਮਨਟੀਜ਼ ਐਂਡ ਰਿਲੀਜੀਅਸ ਸਟੱਡੀਜ਼) ਦਾ ਖੋਜ-ਪ੍ਰਬੰਧ ਸਿੱਖ ਅਧਿਐਨ ਦੇ ਰੁਝਾਨ : ਇਕ ਵਿਸ਼ਲੇਸ਼ਣ (1900 - 2000 ਈ.) ਮੇਰੀ ਨਿਗਰਾਨੀ ਹੇਠ ਮੁਕੰਮਲ ਕੀਤਾ ਹੈ। ਇਹ ਖੋਜ-ਕਾਰਜ ਖੋਜਾਰਥੀ ਦੀ ਮੌਲਿਕ ਖੋਜ ਦਾ ਸਿੱਟਾ ਹੈ ਅਤੇ ਇਸ ਦਾ ਕੋਈ ਵੀ ਹਿੱਸਾ ਕਿਸੇ ਹੋਰ ਡਿਗਰੀ/ਡਿਪਲੋਮੇ/ਖੋਜ-ਪੱਤਰ/ਯੂਨੀਵਰਸਿਟੀ/ਇੰਸਟੀਚਿਊਟ ਵਿਚ ਸ਼ਾਮਿਲ ਨਹੀਂ ਹੈ। ਇਹ ਖੋਜ-ਪ੍ਰਬੰਧ ਪੀਐੱਚ.ਡੀ. ਦੀ ਡਿਗਰੀ ਦੇ ਮੁਲੰਕਣ ਲਈ ਵਿਚਾਰੇ ਜਾਣ ਦੇ ਯੋਗ ਹੈ।

ਨਿਗਰਾਨ

ਮਿਤੀ:

ਸਥਾਨ:

ਡਾ. ਭਾਰਤਬੀਰ ਕੌਰ ਸੰਧੂ
ਅਸਿਸਟੈਂਟ ਪ੍ਰੋਫ਼ੈਸਰ
ਗੁਰੂ ਨਾਨਕ ਅਧਿਐਨ ਵਿਭਾਗ
ਗੁਰੂ ਨਾਨਕ ਦੇਵ ਯੂਨੀਵਰਸਿਟੀ
ਅੰਮ੍ਰਿਤਸਰ।

# DECLARATION

The work embodied in the thesis entitled ਸਿੱਖ ਅਧਿਐਨ ਦੇ ਰੁਝਾਨ : ਇਕ ਵਿਸ਼ਲੇਸ਼ਣ (1900-2000 ਈ.) has been done by me and not submitted elsewhere for the award of any other degree. All the ideas, references have been duly acknowledged.

**Gurpreet Singh**

**Dr. Bharatbeer Kaur Sandhu**

**Supervisor**

**Researcher**

Assistant Professor
Guru Nanak Studies
Guru Nanak Dev University
Amritsar.

**Dated:**

**Place:**

# ਤਤਕਰਾ

ਭੂਮਿਕਾ

ਅਧਿਆਇ ਪਹਿਲਾ 1–40
ਵੀਹਵੀਂ ਸਦੀ : ਪ੍ਰਸਥਿਤੀਆਂ ਅਤੇ ਸਿੱਖ ਚੇਤਨਾ

ਅਧਿਆਇ ਦੂਜਾ 41–69
ਗ਼ੈਰ ਸਿੱਖ ਵਿਦਵਾਨਾਂ ਦੀਆਂ ਸਿੱਖ ਲਿਖਤਾਂ

ਅਧਿਆਇ ਤੀਜਾ 70–123
ਸਿੱਖਾਂ ਵੱਲੋਂ ਰਚਿਆ ਸਾਹਿਤ
ਭਾਗ–ੳ : ਰੱਖਿਆਤਮਿਕ ਸਾਹਿਤ
ਭਾਗ–ਅ : ਪ੍ਰਤੀਕਿਰਿਆਤਮਿਕ ਸਾਹਿਤ

ਅਧਿਆਇ ਚੌਥਾ 124–164
ਆਲੋਚਨਾਤਮਿਕ ਸਾਹਿਤ
ਭਾਗ–ੳ : ਸੰਪਰਦਾਇਕ ਸਾਹਿਤ
ਭਾਗ–ਅ : ਅਕਾਦਮਿਕ ਅਧਿਐਨ

ਸਾਰ 165–172

ਪੁਸਤਕ ਸੂਚੀ 173–186

# ਧੰਨਵਾਦ

ਸਭ ਤੋਂ ਪਹਿਲਾਂ ਮੈਂ ਧੰਨਵਾਦ ਉਸ ਅਕਾਲ ਪੁਰਖ ਦਾ ਕਰਦਾ ਹਾਂ ਜਿਨ੍ਹਾਂ ਨੇ ਆਪ ਸਹਾਈ ਹੋ ਕੇ ਮੇਰੇ ਤੋਂ ਇਹ ਕਾਰਜ ਕਰਵਾਇਆ।

ਇਸ ਖੋਜ-ਪ੍ਰਬੰਧ ਨੂੰ ਸੰਪੂਰਨ ਕਰਨ ਲਈ ਮੈਂ ਆਪਣੇ ਸੁਹਿਰਦ ਨਿਗਰਾਨ ਡਾ. ਭਾਰਤਬੀਰ ਕੌਰ ਸੰਧੂ ਜੀ ਦਾ ਤਹਿ ਦਿਲ ਤੋਂ ਧੰਨਵਾਦੀ ਹਾਂ, ਜਿਨ੍ਹਾਂ ਨੇ ਆਪਣੇ ਕੀਮਤੀ ਸਮੇਂ ਵਿਚੋਂ ਸਮਾਂ ਦੇ ਕੇ ਇਸ ਖੋਜ-ਪ੍ਰਬੰਧ ਬਾਰੇ ਮੇਰੀ ਹਰ ਮੁਸ਼ਕਲ ਅਤੇ ਬਹੁਤ ਸਾਰੇ ਨੁਕਤਿਆਂ 'ਤੇ ਯੋਗ ਅਗਵਾਈ ਕੀਤੀ।

ਮੈਂ ਗੁਰੂ ਨਾਨਕ ਅਧਿਐਨ ਵਿਭਾਗ ਦੇ ਸਾਬਕਾ ਮੁਖੀ ਡਾ. ਗੁਰਸ਼ਰਨਜੀਤ ਸਿੰਘ ਦਾ ਰਿਣੀ ਹਾਂ, ਜਿਨ੍ਹਾਂ ਨੇ ਹੱਥਲੇ ਖੋਜ ਕਾਰਜ ਦੇ ਵਿਸ਼ੇ ਦੀ ਚੋਣ ਵਿਚ ਮੇਰੀ ਸਹਾਇਤਾ ਕੀਤੀ।

ਮੈਂ ਧੰਨਵਾਦੀ ਹਾਂ ਆਪਣੇ ਵਿਭਾਗ ਦੇ ਸਮੂਹ ਅਧਿਆਪਕ ਸਾਹਿਬਾਨ ਅਤੇ ਖੋਜਾਰਥੀਆਂ ਦਾ, ਜਿਨ੍ਹਾਂ ਨੇ ਆਪਣੇ ਵਡਮੁੱਲੇ ਸੁਝਾਅ ਦੇ ਕੇ ਇਸ ਖੋਜ ਪ੍ਰਬੰਧ ਦੀ ਸੰਪੂਰਨਤਾ ਲਈ ਮਦਦ ਕੀਤੀ।

ਮੈਂ ਭਾਈ ਗੁਰਦਾਸ ਲਾਇਬ੍ਰੇਰੀ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਸਿੱਖ ਰੈਫਰੈਂਸ ਲਾਇਬ੍ਰੇਰੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਲਾਇਬ੍ਰੇਰੀ ਦੇ ਕਰਮਚਾਰੀਆਂ ਦਾ ਧੰਨਵਾਦੀ ਹਾਂ, ਜਿਨ੍ਹਾਂ ਨੇ ਖੋਜ-ਸਮੱਗਰੀ ਪ੍ਰਾਪਤ ਕਰਨ ਵਿਚ ਮਦਦ ਕੀਤੀ। ਮੈਂ ਵਿਭਾਗ ਦੀ ਲਾਇਬ੍ਰੇਰੀ ਦੇ ਸਟਾਫ਼ ਦਾ ਧੰਨਵਾਦੀ ਹਾਂ, ਜਿਥੋਂ ਮੈਂ ਸਮੇਂ-ਸਮੇਂ 'ਤੇ ਮਦਦ ਲੈਂਦਾ ਰਿਹਾ ਹਾਂ।

ਮੈਂ ਆਪਣੇ ਦੋਸਤ ਸ੍ਰ. ਸੁਖਦੀਪ ਸਿੰਘ, ਸ੍ਰ. ਸੁਰਿੰਦਰ ਸਿੰਘ ਅਤੇ ਹਰਪ੍ਰੀਤ ਕੌਰ ਦਾ ਧੰਨਵਾਦੀ ਹਾਂ, ਜਿਨ੍ਹਾਂ ਨੇ ਆਪਣਾ ਕੀਮਤੀ ਸਮਾਂ ਦੇ ਕੇ ਮੇਰੀ ਮਦਦ ਕੀਤੀ।

ਮੈਂ ਵਿਭਾਗ ਦੇ ਖੋਜਾਰਥੀ ਤਰਨਜੀਤ ਸਿੰਘ, ਡਾ. ਅਮਨਪ੍ਰੀਤ ਸਿੰਘ, ਗੁਰਮਿੰਦਰ ਸਿੰਘ, ਮਨਪ੍ਰੀਤ ਕੌਰ ਦਾ ਧੰਨਵਾਦੀ ਹਾਂ, ਜਿਨ੍ਹਾਂ ਨੇ ਖੋਜ ਪ੍ਰਬੰਧ ਵਿਚ ਮੇਰੀ ਸਹਾਇਤਾ ਕੀਤੀ।

ਮੈਂ ਆਪਣੇ ਟਾਈਪਿਸਟ ਹਰਜੀਤ ਸਿੰਘ, ਨਵਦੀਪ ਸਿੰਘ ਅਤੇ ਅੰਮ੍ਰਿਤਪਾਲ ਸਿੰਘ (ਕੰਪਿਊਟਰ ਹੱਟ) ਦਾ ਧੰਨਵਾਦੀ ਹਾਂ, ਜਿਨ੍ਹਾਂ ਨੇ ਇਸ ਖੋਜ-ਪ੍ਰਬੰਧ ਦਾ ਅੱਖਰ-ਅੱਖਰ ਟਾਇਪ ਕੀਤਾ ਹੈ।

ਅਖੀਰ ਵਿਚ ਮੈਂ ਆਪਣੇ ਵਿਭਾਗ ਦੇ ਦਫ਼ਤਰੀ ਕਰਮਚਾਰੀਆਂ ਦੇ ਸਹਿਯੋਗ ਅਤੇ ਸਹਾਇਤਾ ਲਈ ਧੰਨਵਾਦ ਕਰਦਾ ਹੋਇਆ ਆਪਣੇ ਪਰਿਵਾਰਕ ਮੈਂਬਰਾਂ ਵੱਲੋਂ ਕੀਤੀ ਸਹਾਇਤਾ ਲਈ ਸ਼ੁਕਰਗੁਜ਼ਾਰ ਹਾਂ।

ਗੁਰਪ੍ਰੀਤ ਸਿੰਘ


ਸਮਰਪਿਤ
ਸਤਿਕਾਰਯੋਗ
ਮਾਤਾ-ਪਿਤਾ ਜੀ ਨੂੰ

# ਭੂਮਿਕਾ

ਇਤਿਹਾਸਿਕ ਪੱਧਰ 'ਤੇ ਸਿੱਖ ਅਧਿਐਨ ਦੇ ਮੁਖ ਰੂਪ ਵਿਚ ਚਾਰ ਪੜਾਅ ਦ੍ਰਿਸ਼ਟੀਗੋਚਰ ਹੁੰਦੇ ਹਨ। ਪਹਿਲਾ ਪੜਾਅ ਗੁਰੂ ਨਾਨਕ ਦੇਵ ਜੀ ਤੋਂ ਸ਼ੁਰੂ ਹੋ ਕੇ ਗੁਰੂ ਅਰਜਨ ਦੇਵ ਜੀ ਦੇ ਆਦਿ ਬੀੜ ਦੇ ਸੰਕਲਨ ਤੇ ਸੰਪਾਦਨ ਤੱਕ ਦਾ ਕਿਹਾ ਜਾ ਸਕਦਾ ਹੈ। ਪਹਿਲੇ ਪੜਾਅ ਵਿਚ ਗੁਰੂ ਸਾਹਿਬਾਨ, ਭਗਤ ਸਾਹਿਬਾਨ ਤੇ ਹੋਰ ਬਾਣੀਕਾਰਾਂ ਦੀਆਂ ਰਚਨਾਵਾਂ ਨੂੰ ਸੰਭਾਲਿਆ ਅਤੇ ਉਸਦੇ ਉਤਾਰੇ ਕੀਤੇ ਗਏ ਹਨ। ਦੂਸਰਾ ਕਾਲ ਆਦਿ ਬੀੜ ਦੇ ਸੰਪਾਦਨ ਤੋਂ ਸ਼ੁਰੂ ਹੋ ਕੇ ਅਠਾਰਵੀਂ ਸਦੀ ਦੇ ਅੰਤ ਤੱਕ ਦਾ ਹੈ। ਇਸ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਕਵੀਆਂ ਦੁਆਰਾ ਕੀਤੇ ਗਏ ਅਧਿਐਨ ਤੋਂ ਲੈ ਕੇ ਬਾਅਦ ਤੱਕ, ਗੁਰਬਿਲਾਸ ਪਰੰਪਰਾ, ਪੰਥ ਪ੍ਰਕਾਸ਼ ਪਰੰਪਰਾ, ਸਾਖੀ ਪਰੰਪਰਾ ਅਤੇ ਗੁਰਬਾਣੀ ਟੀਕਾਕਾਰੀ ਸ਼ਾਮਿਲ ਹੈ।

ਦੂਸਰੇ ਪੜਾਅ ਵਿਚ ਸਿੱਖਾਂ ਦੁਆਰਾ ਸ਼ਰਧਾਮੁਖੀ ਪੱਖ ਤੋਂ ਅਤੇ ਗੁਰੂ ਘਰ ਦੇ ਵਿਰੋਧੀਆਂ ਵੱਲੋਂ ਲਿਖੀਆਂ ਲਿਖਤਾਂ ਵੀ ਸ਼ਾਮਿਲ ਹਨ। ਤੀਜਾ ਪੜਾਅ 1849 ਈ. ਵਿਚ ਅੰਗਰੇਜ਼ਾਂ ਦੁਆਰਾ ਪੰਜਾਬ ਉੱਪਰ ਕਬਜ਼ਾ ਕਰਨ ਨਾਲ ਸ਼ੁਰੂ ਹੁੰਦਾ ਹੈ। ਇਹ ਸਮਾਂ ਸਿੱਖਾਂ ਦੀ ਪੁਨਰ ਜਾਗਰਤੀ ਦਾ ਪੜਾਅ ਕਿਹਾ ਜਾ ਸਕਦਾ ਹੈ। ਇਸ ਪੜਾਅ ਵਿਚ ਆਏ ਰੁਝਾਨਾਂ ਤੇ ਉਸ ਤੋਂ ਪਿਛਲਾ ਵੀਹਵੀਂ ਸਦੀ ਦਾ ਸਮਾਂ ਹਥਲੇ ਵਿਸ਼ੇ ਦਾ ਅਧਿਐਨ-ਵਸਤੂ ਹੈ। ਭਾਰਤ ਦੀ ਅਜ਼ਾਦੀ ਤੋਂ ਬਾਅਦ ਪੰਜਾਬ ਵਿਚ ਯੂਨੀਵਰਸਿਟੀਆਂ ਦੀ ਹੋਂਦ ਨਾਲ ਚੌਥਾ ਪੜਾਅ ਸ਼ੁਰੂ ਹੁੰਦਾ ਹੈ। ਇਸ ਵਿਚ ਸਿੱਖ ਧਰਮ ਨਾਲ ਸੰਬੰਧਤ ਸ਼ਤਾਬਦੀਆਂ ਨੇ ਵੀਂ ਸਿੱਖ ਅਧਿਐਨ ਵਿਚ ਝੁਕਾਅ ਪੈਦਾ ਕੀਤੇ ਸਨ। ਇਸ ਪੜਾਅ ਨੇ ਸਿੱਖ ਅਧਿਐਨ ਦਾ ਅਕਾਦਮਿਕ ਵਿਸ਼ਲੇਸ਼ਣ ਆਰੰਭ ਦਿੱਤਾ। ਵੀਂਹਵੀ ਸਦੀ ਦੀ ਸਿੱਖ ਅਧਿਐਨਕਾਰੀ ਸਪੱਸ਼ਟ ਰੂਪ ਵਿਚ ਦੋ ਮੁਖ ਦ੍ਰਿਸ਼ਟੀਕੋਣਾਂ ਵਿਚ ਵੰਡੀ ਹੋਈ ਹੈ। ਪਹਿਲੇ ਦ੍ਰਿਸ਼ਟੀਕੋਣ ਅਨੁਸਾਰ ਸਿੱਖ ਧਰਮ, ਵਿਚਾਰਧਾਰਾ ਅਤੇ ਇਤਿਹਾਸ ਭਾਰਤੀ ਪਰੰਪਰਾ ਦੀ ਨਿਰੰਤਰਤਾ ਹੈ। ਇਸ ਦਾ ਪਰਵਰਤਿਤ ਰੂਪ ਹੈ, ਮਿਲਗੋਭਾ (Syncrism), ਸੁਧਾਰ ਅਤੇ ਕ੍ਰਾਂਤੀਕਾਰੀ ਰੂਪ ਆਦਿਕ ਹੈ। ਇਸ ਦ੍ਰਿਸ਼ਟੀਕੋਣ ਨੂੰ ਆਰੀਆ ਸਮਾਜੀ, ਕੁਝ ਹਿੰਦੂ ਲੇਖਕਾਂ ਅਤੇ ਕੁਝ ਯੂਰਪੀਅਨ ਲੇਖਕਾਂ ਨੇ ਪੇਸ਼ ਕੀਤਾ ਹੈ। ਦੂਸਰੇ ਦ੍ਰਿਸ਼ਟੀਕੋਣ ਅਨੁਸਾਰ ਸਿੱਖ ਧਰਮ ਦੀ ਵਿਚਾਰਧਾਰਾ ਇਲਹਾਮੀ ਅਤੇ ਪਰੰਪਰਾ ਤੋਂ ਨਿਵੇਕਲੀ ਹੈ। ਇਸ ਨੂੰ ਬਹੁਤ ਸਾਰੇ ਸਿੱਖ ਲੇਖਕਾਂ ਨੇ ਅਧਿਐਨ ਦਾ ਵਿਸ਼ਾ ਬਣਾਇਆ ਹੈ। ਅਕਾਦਮਿਕ ਰੁਝਾਨ ਨੇ ਸਿੱਖ ਧਰਮ ਨੂੰ ਦਰਪੇਸ਼ ਅੰਤਰਰਾਸ਼ਟਰੀ ਸਮੱਸਿਆਵਾਂ ਅਤੇ ਨਵ-ਅਧਿਐਨ ਵਿਧੀਆਂ ਤੋਂ ਵਿਚਾਰਨ ਦਾ ਯਤਨ ਵੀ ਕੀਤਾ ਹੈ।

ਵਿਚਾਰ ਅਧੀਨ ਲਿਆਂਦੇ ਸਿੱਖ ਸਾਹਿਤ ਵਿਚ ਉਹ ਸਾਹਿਤ ਹੀ ਲਿਆ ਜਾਵੇਗਾ ਜਿਸ ਨਾਲ ਸਿੱਖ ਅਧਿਐਨ ਵਿਚ ਰੁਝਾਨ ਪੈਦਾ ਹੋਏ। ਇਸ ਸਾਹਿਤ ਦੀਆਂ ਬਹੁਤ ਸਾਰੀਆਂ ਸੀਮਾਵਾਂ ਵੀ ਹਨ ਪਰ ਇਨ੍ਹਾਂ ਸੀਮਾਵਾਂ ਦੇ ਬਾਵਜੂਦ ਇਸ ਸਾਹਿਤ ਨੇ ਸਿੱਖ ਅਧਿਐਨ ਨੂੰ ਚੁਣੌਤੀਆਂ ਤੇ ਹੱਲ ਦਿੱਤੇ ਹਨ। ਹੱਥਲੇ ਖੋਜ ਕਾਰਜ ਦਾ ਵਿਸ਼ਾ ਮਹਾਰਾਜਾ ਰਣਜੀਤ ਸਿੰਘ ਕਾਲ ਤੋਂ ਬਾਅਦ ਦੇ ਸਮੇਂ ਤੋਂ ਲੈ ਕੇ ਵੀਹਵੀਂ ਸਦੀ ਦੇ ਅੰਤ ਤੱਕ (1900-2000 ਈ.) ਹੋਏ ਸਿੱਖ ਅਧਿਐਨ ਨਾਲ ਸੰਬੰਧਤ ਹੈ। ਇਸ ਕਾਲ ਦੌਰਾਨ ਹੋਏ ਸਿੱਖ ਅਧਿਐਨ ਦੇ ਰੁਝਾਨਾਂ ਨੂੰ ਸਾਹਮਣੇ ਲਿਆਉਣ ਲਈ ਇਸ ਖੋਜ ਕਾਰਜ ਨੂੰ ਚਾਰ ਅਧਿਆਇਆਂ ਵਿਚ ਵੰਡਿਆ ਗਿਆ ਹੈ।

ਪਹਿਲਾ ਅਧਿਆਇ ਵੀਹਵੀਂ ਸਦੀ: ਪ੍ਰਸਥਿਤੀਆਂ ਤੇ ਸਿੱਖ ਚੇਤਨਾ ਨਾਲ ਸੰਬੰਧਤ ਹੈ। ਇਸ ਅਧਿਆਇ ਵਿਚ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਖਤਮ ਹੋਣ ਤੋਂ ਬਾਅਦ ਪੈਦਾ ਹੋਈਆਂ ਲਹਿਰਾਂ ਨਾਲ ਆਏ ਰੁਝਾਨ ਅਤੇ ਸ਼ਵਦੇਸੀ ਵਿਦੇਸ਼ੀ ਲੇਖਕਾਂ ਦੀਆਂ ਚੁਣੌਤੀਆਂ ਨਾਲ ਪੈਦਾ ਹੋਈ ਸਿੱਖ ਜਾਗਰਿਤੀ ਦਾ ਵਰਣਨ ਕੀਤਾ ਜਾਵੇਗਾ। ਇਸ ਸਮੇਂ ਹੋਏ ਸਿੱਖ ਅਧਿਐਨ ਦੇ ਭਾਵ ਸਮਝਣ ਲਈ ਉਸ ਸਮੇਂ ਦੀਆਂ ਵਿਭਿੰਨ ਪ੍ਰਕਾਰੀ ਰਾਜਨੀਤਿਕ, ਧਾਰਮਿਕ, ਸਮਾਜਿਕ, ਆਰਥਿਕ, ਵਿਦਿਅਕ ਆਦਿ ਪ੍ਰਸਥਿਤੀਆਂ ਬਾਰੇ ਵਿਸਤਾਰ ਸਹਿਤ ਚਰਚਾ ਕੀਤੀ ਜਾਵੇਗੀ। ਇਨ੍ਹਾਂ ਪ੍ਰਸਥਿਤੀਆਂ ਵਿਚੋਂ ਪੈਦਾ ਹੋਈਆਂ ਲਹਿਰਾਂ ਵਿਚ ਨਿਰੰਕਾਰੀ ਲਹਿਰ, ਨਾਮਧਾਰੀ ਲਹਿਰ, ਈਸਾਈ ਮਿਸ਼ਨਰੀ ਲਹਿਰ, ਆਰੀਆ ਸਮਾਜੀ ਲਹਿਰ ਅਤੇ ਸਿੰਘ ਸਭਾ ਲਹਿਰ ਮੁਖ ਰੂਪ ਵਿੱਚ ਹਨ। ਇਨ੍ਹਾਂ ਲਹਿਰਾਂ ਵਿਚੋਂ ਨਿਕਲੀ ਜਾਗਰੁਕਤਾ ਨੇ ਸਿੱਖ ਪਛਾਣ, ਵਿਦਿਅਕ ਚੇਤਨਾ ਤੇ ਨਵੀਨ ਵਿਆਖਿਆਕਾਰੀ ਨੂੰ ਜਨਮ ਦਿੱਤਾ। ਉਪਰੋਕਤ ਮੁੱਦਿਆਂ ਨੇ ਪ੍ਰਚਾਰਾਤਮਿਕ ਪੱਖ ਤੋਂ, ਅਤੇ ਪ੍ਰਤੀਕਿਰਿਆਤਮਿਕ ਪੱਖ ਤੋਂ ਸਾਹਿਤ ਲਈ ਧਰਾਤਲ ਪੈਦਾ ਕੀਤਾ। ਇਸ ਸਾਹਿਤ ਨਾਲ ਪੈਦਾ ਹੋਏ ਰੁਝਾਨਾਂ ਨੂੰ ਇਸ ਅਧਿਆਇ ਵਿਚ ਅਧਿਐਨ ਦਾ ਵਿਸ਼ਾ ਬਣਾਇਆ ਜਾਵੇਗਾ।

ਦੂਸਰਾ ਅਧਿਆਇ ਗ਼ੈਰ-ਸਿੱਖ ਵਿਦਵਾਨਾਂ ਦੀਆਂ ਸਿੱਖ ਲਿਖਤਾਂ ਨਾਲ ਸੰਬੰਧਤ ਹੈ । ਇਸ ਅਧਿਆਇ ਵਿਚ ਯੂਰਪੀਅਨ ਤੇ ਹਿੰਦੂ ਲਿਖਾਰੀਆਂ ਨੂੰ ਵਿਸ਼ਲੇਸ਼ਣ ਦਾ ਵਿਸ਼ਾ ਬਣਾਇਆ ਜਾਵੇਗਾ। ਯੂਰਪੀਅਨ ਲਿਖਾਰੀਆਂ ਵਿਚ ਕੁਝ ਲਿਖਾਰੀ ਪੂਰਬਵਾਦੀ ਦ੍ਰਿਸ਼ਟੀ ਰਾਹੀਂ ਸਿੱਖ ਇਤਿਹਾਸ ਅਤੇ ਗੁਰਬਾਣੀ ਵਿਆਖਿਆ ਨੂੰ ਪੇਸ਼ ਕਰਦੇ ਹਨ। ਇਸ ਵਿਚ ਮੁਖ ਤੌਰ 'ਤੇ ਅਰਨੈਸਟ ਟਰੰਪ ਅਤੇ ਡਬਲਊ. ਐੱਚ. ਮੈਕਲੋਡ ਸ਼ਾਮਿਲ ਹਨ। ਕੁਝ ਉਹ ਲਿਖਾਰੀ ਵੀ ਹਨ ਜਿਨ੍ਹਾਂ ਦੁਆਰਾ ਸਿੱਖ ਅਧਿਐਨ ਸਿੱਖ ਦ੍ਰਿਸ਼ਟੀਕੋਣ ਤੋਂ ਕੀਤਾ ਗਿਆ ਹੈ। ਇਨ੍ਹਾਂ ਵਿਚ

ਮੈਕਾਲਿਫ਼, ਡੋਰਥੀ ਫੀਲਡ ਆਦਿਕ ਹਨ। ਇਸ ਅਧਿਆਇ ਵਿੱਚ ਇਨ੍ਹਾਂ ਦੋਹਾਂ ਦ੍ਰਿਸ਼ਟੀਕੋਣਾਂ ਤੋਂ ਪੈਦਾ ਹੋਏ ਸਿੱਖ ਅਧਿਐਨ ਦੇ ਰੁਝਾਨਾਂ ਨੂੰ ਵਿਸ਼ਲੇਸ਼ਣ ਦਾ ਵਿਸ਼ਾ ਬਣਾਇਆ ਜਾਵੇਗਾ। ਹਿੰਦੂ ਲਿਖਾਰੀਆਂ ਵਿੱਚ ਆਰੀਆ ਸਮਾਜੀ, ਬੰਗਾਲੀ ਵਿਦਵਾਨ ਅਤੇ ਸਿੱਖ ਵਿਚਾਰਧਾਰਾ ਦੇ ਹਿਮਾਇਤੀ ਵਿਦਵਾਨ ਲਏ ਜਾਣਗੇ। ਆਰੀਆ ਸਮਾਜੀ ਲੇਖਕਾਂ ਵਿਚ ਲਾਲਾ ਦੌਲਤ ਰਾਏ, ਅਤੇ ਗੋਕਲ ਚੰਦ ਨਾਰੰਗ ਦੀਆਂ ਲਿਖਤਾਂ ਨਾਲ ਆਏ ਰੁਝਾਨ ਪੇਸ਼ ਕੀਤੇ ਜਾਣਗੇ। ਬੰਗਾਲੀ ਵਿਦਵਾਨਾਂ ਨੇ ਪੰਜਾਬ ਤੋਂ ਬਾਹਰ ਬੈਠ ਕੇ ਸਿੱਖ ਅਧਿਐਨ ਕੀਤਾ। ਉਨ੍ਹਾਂ ਦੇ ਅਧਿਐਨ ਦੀ ਪਹੁੰਚ ਅਕਾਦਮਿਕ ਅਤੇ ਰਾਸ਼ਟਰਵਾਦੀ ਸੀ। ਇਨ੍ਹਾਂ ਲੇਖਕਾਂ ਦੁਆਰਾ ਕੀਤੇ ਗਏ ਸਿੱਖ ਅਧਿਐਨ ਨਾਲ ਆਏ ਰੁਝਾਨਾਂ ਨੂੰ ਇਸ ਅਧਿਆਇ ਵਿਚ ਲਿਆ ਜਾਵੇਗਾ। ਤੀਸਰੀ ਕਿਸਮ ਦੇ ਵਿਦਵਾਨਾਂ ਵਿਚ ਸੀਤਾ ਰਾਮ ਕੋਹਲੀ ਆਉਂਦਾ ਹੈ। ਉਪਰੋਕਤ ਲਿਖਤਾਂ ਨਾਲ ਆਏ ਰੁਝਾਨਾਂ ਨੂੰ ਇਸ ਅਧਿਆਇ ਵਿਚ ਸ਼ਾਮਿਲ ਕੀਤਾ ਜਾਵੇਗਾ।

ਅਧਿਆਇ ਤੀਜਾ ਵਿਚ ਸਿੱਖਾਂ ਵੱਲੋਂ ਰਚਿਆ ਸਾਹਿਤ ਲਿਆ ਗਿਆ ਹੈ। ਇਸ ਅਧਿਆਇ ਦੇ ਦੋ ਭਾਗ ਹਨ। ਪਹਿਲਾ ਭਾਗ ਰਖਿਆਤਮਿਕ ਸਾਹਿਤ ਹੈ। ਇਸ ਭਾਗ ਵਿਚ ਸਿੱਖ ਵਿਦਵਾਨਾਂ ਵੱਲੋਂ ਸਿੱਖ ਦ੍ਰਿਸ਼ਟੀਕੋਣ ਤੋਂ ਅਤੇ ਪ੍ਰਚਾਰਾਤਮਿਕ ਦ੍ਰਿਸ਼ਟੀ ਤੋਂ ਪੇਸ਼ ਕੀਤਾ ਸਿੱਖ ਸਾਹਿਤ ਲਿਆ ਜਾਵੇਗਾ। ਇਸ ਵਿਚ ਗੁਰਬਾਣੀ ਦੀ ਵਿਆਖਿਆ ਸਿੱਖ ਸਿਧਾਂਤਕਾਰੀ ਅਤੇ ਸਿੱਖ ਇਤਿਹਾਸ ਨਾਲ ਸੰਬੰਧਿਤ ਲਿਖਤਾਂ ਨੂੰ ਘੋਖਿਆ ਜਾਵੇਗਾ। ਇਸ ਵਿਚ ਸੇਵਾ ਰਾਮ ਸਿੰਘ, ਭਾਈ ਕਾਨ੍ਹ ਸਿੰਘ ਨਾਭਾ, ਭਾਈ ਵੀਰ ਸਿੰਘ, ਡਾ. ਗੰਡਾ ਸਿੰਘ, ਕਰਮ ਸਿੰਘ ਹਿਸਟੋਰੀਅਨ, ਜਨਮਸਾਖੀ ਸਾਹਿਤ ਉੱਪਰ ਹੋਇਆ ਅਧਿਐਨ, ਅਕਾਲੀ ਲਹਿਰ, ਪੰਜਾਬੀ ਸੂਬਾ ਮੋਰਚਾ ਅਤੇ ਪੰਜਾਬ ਵਿਚ ਖਾੜਕੂਵਾਦ ਨਾਲ ਜੁੜੇ ਸਾਹਿਤ ਨੂੰ ਵਿਸ਼ਲੇਸ਼ਣ ਦਾ ਵਿਸ਼ਾ ਬਣਾਇਆ ਜਾਵੇਗਾ। ਇਸ ਸਾਹਿਤ ਨੇ ਰੱਖਿਆਤਮਿਕ ਪੱਖ ਤੋਂ ਜੋ ਰੁਝਾਂਨ ਪੈਦਾ ਕੀਤੇ, ਉਹ ਇਸ ਅਧਿਆਇ ਵਿਚ ਦੱਸਣ ਦਾ ਯਤਨ ਕੀਤਾ ਜਾਵੇਗਾ।

ਤੀਸਰੇ ਅਧਿਆਇ ਦੇ ਦੂਸਰੇ ਭਾਗ ਪ੍ਰਤੀਕਿਰਿਆਤਮਿਕ ਸਾਹਿਤ ਵਿਚ ਉਹ ਸਾਹਿਤ ਲਿਆ ਜਾਵੇਗਾ, ਜਿਹੜਾ ਸਿੱਖ ਵਿਰੋਧੀ ਜਾਂ ਸਿੱਖਾਂ ਦੀ ਮੁਖ ਧਾਰਾ ਤੋਂ ਉਲਟ ਲਿਖਿਆ ਗਿਆ ਹੈ। ਫਿਰ ਇਸ ਸਾਹਿਤ ਦੇ ਵਿਰੋਧ ਵਿਚ ਪ੍ਰਤੀਕਿਰਿਆ ਵਜੋਂ ਹੋਰ ਸਾਹਿਤ ਰਚਿਆ ਗਿਆ। ਇਸ ਵਿਚ 'ਹਮ ਹਿੰਦੂ ਨਹੀ', ਕੱਤਕ ਕਿ ਵਿਸਾਖ', ਭਗਤ ਬਾਣੀ ਅਤੇ ਪੁਰਾਤਨ ਬੀੜਾਂ ਨਾਲ ਸੰਬੰਧਤ ਸਾਹਿਤ ਦੀ ਪ੍ਰਤੀਕਿਰਿਆ ਵਜੋਂ ਉਪਜੇ ਸਾਹਿਤ ਨੂੰ ਵਿਸ਼ਲੇਸ਼ਣ ਲਈ ਚੁਣਿਆ ਜਾਵੇਗਾ।

ਅਧਿਆਇ ਚੌਥਾ ਆਲੋਚਨਾਤਮਿਕ ਸਾਹਿਤ ਨਾਲ ਸੰਬੰਧਿਤ ਹੈ। ਇਸ ਦੇ ਪਹਿਲੇ ਭਾਗ ਵਿਚ ਸੰਪਰਦਾਇਕ ਸਾਹਿਤ ਦਾ ਅਧਿਐਨ ਕੀਤਾ ਜਾਵੇਗਾ। ਇਸ ਸਾਹਿਤ ਵਿਚ ਸਿੱਖ ਸਾਹਿਤ ਵਿਚ ਪਾਈ ਜਾਣ ਵਾਲੀ ਸਵੈ-ਆਲੋਚਨਾ ਉੱਪਰ ਚਾਨਣਾ ਪਾਇਆ ਜਾਵੇਗਾ। ਜਿਸ ਵਿਚ ਰਾਗਮਾਲਾ ਸੰਬੰਧੀ, ਦਸਮ ਗ੍ਰੰਥ ਸੰਬੰਧੀ, ਭਗਤ ਬਾਣੀ ਸੰਬੰਧੀ ਚੱਲੀ ਸੋਧਵਾਦੀ ਚਰਚਾ ਤੇ ਮੁੱਖ ਕੇਂਦਰ ਰਿਹਾ ਹੈ। ਇਸ ਸਾਹਿਤ ਵਿਚੋ ਪੈਦਾ ਹੋਏ ਉਹ ਰੁਝਾਨ ਪੇਸ਼ ਕੀਤੇ ਗਏ ਹਨ, ਜਿਨ੍ਹਾਂ ਉਪਰ ਸਿੱਖ ਵਿਦਵਾਨਾਂ ਨੂੰ ਵਰਤਮਾਨ ਸਮੇਂ ਤੱਕ ਵੀ ਸੰਘਰਸ਼ ਕਰਨਾ ਪੈ ਰਿਹਾ ਹੈ।

ਇਸ ਦੇ ਦੂਸਰੇ ਭਾਗ ਅਕਾਦਮਿਕ ਅਧਿਐਨ ਵਿਚ ਯੂਨੀਵਰਸਿਟੀਆਂ ਦੇ ਹੋਂਦ ਵਿਚ ਆਉਣ ਨਾਲ ਪੈਦਾ ਹੋਏ ਸਾਹਿਤ ਨੂੰ ਲਿਆ ਜਾਵੇਗਾ। ਇਸ ਵਿਚ ਹੱਥ ਲਿਖਤ ਸਾਹਿਤ, ਗੁਰਬਾਣੀ ਵਿਆਖਿਆਕਾਰੀ, ਇਤਿਹਾਸਕਾਰੀ ਤੇ ਸਿੱਖ ਫ਼ਿਲਾਸਫ਼ੀ ਦਾ ਅਕਾਦਮਿਕ ਵਿਸ਼ੇ ਵਿਚ ਆਉਣ ਨਾਲ ਪੈਦਾ ਹੋਏ ਰੁਝਾਨਾਂ ਨੂੰ ਵਿਸ਼ਲੇਸ਼ਣ ਲਈ ਸਾਹਮਣੇ ਰਖਿਆ ਜਾਵੇਗਾ। ਸਿੱਖ ਅਕਾਦਮਿਕਤਾਂ ਦੁਆਰਾ ਪੇਸ਼ ਕੀਤੀਆਂ ਸਿੱਖ ਅਧਿਐਨ ਦੀਆਂ ਸੀਮਾਵਾਂ ਅਤੇ ਸੰਭਾਵਨਾਵਾਂ ਨੂੰ ਉਜਾਗਰ ਕੀਤਾ ਜਾਵੇਗਾ।

ਅੰਤ ਵਿਚ ਸਾਰ ਤੇ ਪੁਸਤਕ ਸੂਚੀ ਦਿੱਤੀ ਜਾਵੇਗੀ। ਸਾਰ ਵਿਚ ਵਿਚਾਰਾਧੀਨ ਸਿੱਖ ਅਧਿਐਨ ਦੇ ਪ੍ਰਾਪਤ ਸਰੂਪ, ਲੱਛਣਾਂ ਅਤੇ ਸਮੁੱਚੇ ਅਧਿਐਨ ਤੋਂ ਪ੍ਰਾਪਤ ਹੋਏ ਰੁਝਾਨਾਂ ਦਾ ਵਰਣਨ ਕੀਤਾ ਜਾਵੇਗਾ। ਇਸ ਕਾਰਜ ਦੀ ਪਹੁੰਚ ਵਿਧੀ ਮੁਖ ਰੂਪ ਵਿਚ ਵਿਸ਼ਲੇਸ਼ਣਾਤਮਿਕ (Analytical) ਹੈ। ਇਸ ਵਿਚਾਰਾਧੀਨ ਸਾਹਿਤ ਵਿਚ ਇਤਿਹਾਸਿਕ ਸਮੱਗਰੀ ਜ਼ਿਆਦਾ ਹੋਣ ਕਾਰਨ ਇਸ ਵਿਚ ਇਤਿਹਾਸਕ ਵਿਧੀ ਦੀ ਵਰਤੋਂ ਕੀਤੀ ਜਾਵੇਗੀ।

# ਅਧਿਆਇ ਪਹਿਲਾ

## ਵੀਹਵੀਂ ਸਦੀ : ਪ੍ਰਸਥਿਤੀਆਂ ਅਤੇ ਸਿੱਖ ਚੇਤਨਾ

ਅਧਿਐਨ ਦਾ ਆਰੰਭ ਕਿਸੇ ਲਿਖਤ ਦੇ ਪਾਠ, ਚਿੰਤਨ, ਆਲੋਚਨਾ, ਪ੍ਰਤੀਉੱਤਰ ਅਤੇ ਵਿਆਖਿਆ ਵਜੋਂ ਸ਼ੁਰੂ ਹੁੰਦਾ ਹੈ। ਸਾਹਿਤ ਰਚਨਾ ਹਰ ਯੁੱਗ ਵਿਚ ਹੁੰਦੀ ਰਹੀ ਹੈ। ਭਾਰਤੀ ਪਰੰਪਰਾ ਵਿਚ ਸਾਹਿਤ ਦਾ ਸ਼ੁਰੂਆਤੀ ਸੁਭਾਅ ਧਾਰਮਿਕ ਸੀ। ਵੇਦ ਇਸ ਦੀ ਉੱਤਮ ਮਿਸਾਲ ਹਨ। ਇਸ ਤੋਂ ਹੀ ਵੈਦਿਕ ਪਰੰਪਰਾ ਦਾ ਆਰੰਭ ਹੁੰਦਾ ਹੈ। ਇਹ ਵੈਦਿਕ ਪਰੰਪਰਾ ਭਾਰਤ ਵਿਚ ਉਪਜੇ ਹੋਰ ਪ੍ਰਵਚਨਾਂ ਨਾਲ ਸਦੀਆਂ ਤੋਂ ਸੰਵਾਦ ਰਚਾਉਂਦੀ ਆ ਰਹੀ ਹੈ। ਭਾਰਤੀ ਦਰਸ਼ਨ ਪਰੰਪਰਾ ਵਿਚ ਉਪਨਿਸ਼ਦਾਂ ਦੀ ਫ਼ਿਲਾਸਫ਼ੀ ਤੋਂ ਲੈ ਕੇ ਖਟ ਦਰਸ਼ਨ ਤੱਕ ਇਨ੍ਹਾਂ ਦਾ ਆਪਸੀ ਸੰਵਾਦ ਚੱਲਿਆ ਹੈ। ਪੰਦਰਵੀਂ ਸਦੀ ਵਿਚ ਸਿੱਖ ਧਰਮ ਦੀ ਉਤਪਤੀ ਨਾਲ ਗੁਰੂ ਨਾਨਕ ਸਾਹਿਬ ਜੀ ਦਾ ਭਾਰਤੀ ਧਰਮਾਂ ਅਤੇ ਸਾਮੀ ਧਰਮਾਂ ਨਾਲ ਸੰਵਾਦ ਆਰੰਭ ਹੋਇਆ। ਇਸ ਸੰਵਾਦ ਵਿਚ ਭਾਰਤੀ ਦਰਸ਼ਨ ਦੀਆਂ ਧਾਰਾਵਾਂ, ਜਿਵੇਂ: ਵੈਦਿਕ, ਬੁੱਧ, ਜੈਨ, ਨਾਥ, ਜੋਗੀ ਅਤੇ ਸਿੱਧ ਆਦਿ ਸ਼ਾਮਿਲ ਹਨ। ਸਿਧ ਗੋਸਟਿ ਨਾਮ ਦੀ ਬਾਣੀ ਇਸ ਦੀ ਉਦਾਹਰਨ ਹੈ। ਇਸਲਾਮ ਅਤੇ ਸੂਫ਼ੀਆਂ ਪ੍ਰਥਾਇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਹੁਤ ਸ਼ਬਦ ਮਿਲ ਜਾਂਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਨਾਲ ਆਰੰਭ ਹੋਏ ਇਸ ਅਧਿਐਨ ਨੂੰ ਗੁਰੂ ਸਾਹਿਬਾਨ ਨੇ ਅੱਗੇ ਤੋਰਿਆ। ਇੱਥੇ ਅਧਿਐਨ ਤੋਂ ਭਾਵ ਲਿਖਤ ਦੀ ਵਿਆਖਿਆ, ਵਿਸ਼ਲੇਸ਼ਣ ਅਤੇ ਮੁਲਾਂਕਣ ਕਰਨ ਤੋਂ ਹੈ। ਕੋਈ ਵੀ ਲਿਖਾਰੀ, ਆਪਣੀ ਬੌਧਿਕ ਯੋਗਤਾ ਅਤੇ ਭਾਸ਼ਾਈ ਸਮਰਥਾ ਦੀ ਮਦਦ ਨਾਲ ਆਪਣਾ ਵਿਚਾਰਧਾਰਕ ਪ੍ਰਗਟਾਅ ਕਰਦਾ ਹੈ। ਅਧਿਏਤਾ ਲਿਖਤ ਪਾਠ ਦੇ ਅੰਦਰ ਅਰਥਾਂ ਦੀਆਂ ਪਰਤਾਂ ਨੂੰ ਤਹਿ-ਦਰ-ਤਹਿ ਸਮਝ ਕੇ, ਖੋਹਲ ਕੇ ਉਸ ਦੀ ਵਿਆਖਿਆ ਕਰਦਾ ਹੈ। ਲਿਖਤ ਤੇ ਅਧਿਐਨ ਦਾ ਇਹ ਸੰਬੰਧ, ਅਧਿਐਨ ਦੇ ਸਭਿਆਚਾਰ ਦਾ ਮੂਲ ਅਤੇ ਲਾਜ਼ਮੀ ਤੱਤ ਹੁੰਦਾ ਹੈ। ਅਧਿਐਨ ਵਿਚ ਰੁਝਾਨ ਦੇ ਅਰਥ ਤੋਂ ਭਾਵ ਹੈ ਕਿ ਕਿਸੇ ਰਚਨਾ ਦਾ ਪਾਠਕਾਂ, ਆਲੋਚਕਾਂ ਵਿਚ ਅਧਿਐਨ ਦਾ ਹਿੱਸਾ ਬਣ ਜਾਣ ਤੋਂ ਬਾਅਦ ਉਸ ਰਚਨਾ ਵਿਚਲੇ ਸਿੱਧਾਂਤ ਦੇ ਪਦ ਚਿੰਨ੍ਹਾਂ ਅਨੁਸਾਰ ਹੋਰ ਰਚਨਾਵਾਂ ਦਾ ਹੋਂਦ ਵਿਚ ਆਉਣਾ, ਰਚਨਾ ਵਿਚਲੇ ਸਿੱਧਾਂਤ ਉੱਪਰ ਇਕ ਪ੍ਰਵਚਨ ਉਪਜਣਾ, ਉਸਦਾ ਸਾਹਿਤ ਅਧਿਐਨ ਵਿਧੀਆਂ ਵਿਚ ਤਬਦੀਲ ਹੋ ਜਾਣ ਤੋਂ ਹੈ। ਰੁਝਾਨ (Trends) ਤੋਂ ਭਾਵ ਝੁਕਾਅ ਵੀ ਹੈ। ਅਸਲ ਵਿਚ

ਝੁਕਾਅ ਜਾਂ ਵਿਧੀਆਂ ਨੂੰ ਲੇਖਕਾਂ ਦੁਆਰਾ ਕਾਫ਼ੀ ਸਮੇਂ ਤੱਕ ਆਪਣੀਆਂ ਲਿਖਤਾਂ ਦਾ ਆਧਾਰ ਬਣਾ ਲਿਆ ਜਾਵੇ ਤਾਂ ਉਹ ਰੁਝਾਨ ਬਣ ਜਾਂਦੇ ਹਨ।

ਬਹੁਤ ਸਾਰੇ ਰੁਝਾਨ ਲਹਿਰਾਂ ਵਿਚੋਂ ਪੈਦਾ ਹੁੰਦੇ ਹਨ ਅਤੇ ਕਈ ਵਾਰ ਕਈ ਰੁਝਾਨ ਵੀ ਲਹਿਰਾਂ ਪੈਦਾ ਕਰ ਦਿੰਦੇ ਹਨ। ਜਿਵੇਂ ਕਨੇਡਾ ਗਏ ਪੰਜਾਬੀਆਂ ਵਿਚ ਗ਼ੁਲਾਮੀ ਪ੍ਰਤੀ ਜਾਗਰੂਕਤਾ ਦੇ ਰੁਝਾਨ ਨੇ ਗ਼ਦਰ ਲਹਿਰ ਪੈਦਾ ਕਰ ਦਿੱਤੀ। ਇਸੇ ਤਰ੍ਹਾਂ ਹੀ ਅਕਾਲੀ ਲਹਿਰ ਨੇ ਸਿੱਖ ਕੌਮ ਵਿਚ ਰਾਜਨੀਤਿਕ ਚੇਤਨਤਾ ਦਾ ਰੁਝਾਨ ਪੈਦਾ ਕਰ ਦਿੱਤਾ। ਵੀਹਵੀਂ ਸਦੀ ਵਿਚ ਆਏ ਰੁਝਾਨਾਂ ਨੂੰ ਸਮਝਣ ਲਈ ਸਾਨੂੰ ਕੁਝ ਪ੍ਰਸ਼ਨਾਂ ਦੇ ਜਵਾਬ ਵੀ ਲੱਭਣੇ ਪੈਣਗੇ। ਜਿਵੇਂ: ਵੀਹਵੀਂ ਸਦੀ ਵਿਚ ਕਿਹੜੇ ਲੇਖਕਾਂ ਨੇ ਸਿੱਖ ਧਰਮ ਬਾਰੇ ਕੀ, ਕਿਵੇਂ ਅਤੇ ਕਿਉਂ ਲਿਖਿਆ ਹੈ? ਇਹਨਾਂ ਲੇਖਕਾਂ ਦੁਆਰਾ ਲਿਖੀਆਂ ਗਈਆਂ ਲਿਖਤਾਂ ਕਿਹੜੀਆਂ ਪ੍ਰਸਥਿਤੀਆਂ ਦੀ ਪੈਦਾਵਾਰ ਹਨ? ਇਹਨਾਂ ਲਿਖਤਾਂ ਦਾ ਸਿੱਧਾਂਤਕ ਆਧਾਰ ਕੀ ਹੈ? ਇਹ ਲੇਖਕ ਸਿੱਖ ਸਾਹਿਤ ਦੀ ਪਰਖ ਕਿਵੇਂ ਕਰਦੇ ਹਨ? ਇਹਨਾਂ ਦਾ ਸਿੱਖ ਸਾਹਿਤ ਪ੍ਰਤੀ ਵਤੀਰਾ ਕੀ ਹੈ? ਇਹਨਾਂ ਲੇਖਕਾਂ ਦੁਆਰਾ ਵਰਤੇ ਗਏ ਪੈਮਾਨਿਆਂ ਦੀ ਬਾਅਦ ਵਾਲੇ ਲੇਖਕਾਂ ਦੇ ਪੈਮਾਨਿਆਂ ਤੋਂ ਕੀ ਭਿੰਨਤਾ ਹੈ? ਵੀਹਵੀਂ ਸਦੀ ਵਿਚ ਹੋਏ ਸਿੱਖ ਅਧਿਐਨ ਦਾ ਇਤਿਹਾਸਕ ਮਹੱਤਵ ਕੀ ਹੈ? ਇਹਨਾਂ ਸਭ ਸਵਾਲਾਂ ਨੂੰ, ਸਿੱਖ ਅਧਿਐਨ ਵਿਚ ਆਏ ਰੁਝਾਨਾਂ ਨੂੰ ਦੇਖਣ ਲਈ ਸਾਹਮਣੇ ਰੱਖਿਆ ਜਾਵੇਗਾ। ਪਹਿਲੇ ਅਧਿਆਇ ਵਿਚ ਸਿੱਖ ਅਧਿਐਨ ਦੇ ਮੁਢਲੇ ਯਤਨਾਂ ਦਾ ਜਾਇਜ਼ਾ ਲੈਦਿਆਂ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਤੋਂ ਬਾਅਦ ਅੰਗਰੇਜ਼ਾਂ ਦੇ ਆਉਣ ਨਾਲ ਸੱਭਿਆਚਾਰਕ/ਧਾਰਮਿਕ/ ਸਮਾਜਿਕ ਤਣਾਉ ਪੈਦਾ ਹੋਣ ਨਾਲ ਸਿੰਘ ਸਭਾ ਲਹਿਰ ਅਤੇ ਹੋਰ ਲਹਿਰਾਂ ਦਾ ਵਿਸ਼ਲੇਸ਼ਣ ਕੀਤਾ ਜਾਵੇਗਾ। ਸਿੰਘ ਸਭਾ ਲਹਿਰ ਵੇਲੇ ਵਿਦੇਸ਼ੀ ਤੇ ਸਵਦੇਸ਼ੀ ਲੇਖਕਾਂ ਦੇ ਦਰਪੇਸ਼ ਆਈਆਂ ਚੁਣੌਤੀਆਂ ਅਤੇ ਇਸ ਸਮੇਂ ਪੈਦਾ ਹੋਈ ਜਾਗ੍ਰਿਤੀ ਦਾ ਵਿਸਥਾਰਪੂਰਵਕ ਵਰਣਨ ਕੀਤਾ ਜਾਵੇਗਾ।

ਗੁਰੂ ਘਰ ਵਿਚ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਹੀ ਸਿੱਖ ਅਧਿਐਨ ਸ਼ੁਰੂ ਹੋ ਚੁੱਕਾ ਸੀ। ਪਹਿਲੇ ਗੁਰੂ ਦੇ ਸਮੇਂ ਹੀ ਭਾਈ ਮਨਸੁਖ, ਸ਼ੀਹਾ ਛੀਂਬਾ, ਹੱਸੂ ਲੁਹਾਰ, ਸੈਦੋ ਘੇਉ ਅਤੇ ਭਗੀਰਥ ਆਦਿ ਗੁਰੂ ਨਾਨਕ ਸਾਹਿਬ ਪਾਸ ਬਾਣੀ ਲਿਖਣ ਦਾ ਕੰਮ ਕਰਦੇ ਸਨ।[1] ਗੁਰੂ

[1] ਪਿਆਰਾ ਸਿੰਘ ਪਦਮ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਰਤਨ, ਕਲਮ ਮੰਦਿਰ ਲੋਇਰ ਮਾਲ, ਪਟਿਆਲਾ, 1994, ਪੰਨਾ 248.

ਅੰਗਦ ਜੀ ਪਾਸ ਇਹ ਕੰਮ ਭਾਈ ਪੈੜਾ ਮੋਖਾ ਕਰਦਾ ਰਿਹਾ। ਗੁਰੂ ਨਾਨਕ ਸਾਹਿਬ ਦੀ ਜਨਮਸਾਖੀ ਵੀ ਗੁਰੂ ਅੰਗਦ ਜੀ ਨੇ ਲਿਖਵਾਈ, ਜਿਸਦਾ ਲਿਖਾਰੀ ਭਾਈ ਪੈੜਾ ਮੋਖਾ ਹੀ ਸੀ।[2] ਗੁਰੂ ਅਮਰਦਾਸ ਜੀ ਦਾ ਪੋਤਰਾ ਸਹੰਸਰਰਾਮ ਵੀ ਲਿਖਾਰੀ ਸੀ, ਜਿਸ ਨੇ ਗੋਇੰਦਵਾਲ ਵਾਲੀਆਂ ਪੋਥੀਆਂ ਦਾ ਸੰਕਲਨ ਕੀਤਾ ਸੀ।[3] ਗੁਰੂ ਰਾਮਦਾਸ ਜੀ ਖ਼ੁਦ ਬਾਣੀ ਲਿਖਣ ਦੇ ਅਭਿਆਸੀ ਸਨ। ਇਨ੍ਹਾਂ ਦੇ ਲਿਖੇ ਜਪੁ ਤੋਂ ਹੀ ਗੁਰੂ ਅਰਜਨ ਸਾਹਿਬ ਨੇ ਇਸ ਬਾਣੀ ਦਾ ਉਤਾਰਾ ਕੀਤਾ।[4] ਗੁਰੂ ਅਰਜਨ ਜੀ ਪਾਸ ਭਾਈ ਹਰੀਆ, ਸੁੱਖਾ, ਸੰਤ ਰਾਮ ਤੇ ਮਨਸਾ ਰਾਮ ਚਾਰ ਲਿਖਾਰੀ ਸਨ ਜੋ ਭਾਈ ਗੁਰਦਾਸ ਜੀ ਦੀ ਅਗਵਾਈ ਵਿਚ ਬਾਣੀ ਲਿਖਣ ਦਾ ਕਾਰਜ ਨਿਭਾਉਂਦੇ ਸਨ।[5] ਗੁਰੂ ਅਰਜਨ ਸਾਹਿਬ ਜੀ ਦੁਆਰਾ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਨਾਲ ਸਿੱਖ ਅਧਿਐਨ ਵਿਚ ਗੁਰਬਾਣੀ ਵਿਆਖਿਆਕਾਰੀ ਦਾ ਰੁਝਾਨ ਸ਼ੁਰੂ ਹੋ ਜਾਂਦਾ ਹੈ। ਜਿਸ ਵਿਚ ਭਾਈ ਗੁਰਦਾਸ ਜੀ ਦੀਆਂ ਵਾਰਾਂ ਅਤੇ ਮਿਹਰਬਾਨ ਜਨਮਸਾਖੀ ਨਾਲ ਗੁਰਬਾਣੀ ਵਿਆਖਿਆਕਾਰੀ ਦੀ ਆਰੰਭਤਾ ਹੋਈ ਕਹੀ ਜਾ ਸਕਦੀ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਵੇਲੇ ਤੱਕ ਸਾਹਿਤਕ ਅਧਿਐਨ ਆਪਣੀ ਚਰਮ ਸੀਮਾ 'ਤੇ ਪਹੁੰਚ ਗਿਆ ਸੀ। ਗੁਰੂ ਜੀ ਦੇ ਦਰਬਾਰ ਵਿਚ ਕਵੀ ਤੇ ਲਿਖਾਰੀਆਂ ਦੀ ਗਿਣਤੀ 52 ਤੋਂ ਕਾਫ਼ੀ ਵਧੇਰੇ ਸੀ। ਪਿਆਰਾ ਸਿੰਘ ਪਦਮ ਅਨੁਸਾਰ, ''ਗੁਰੂ ਸਾਹਿਬ ਦੀ ਸਾਹਿਤਕ ਵਿਉਂਤ ਕਾਫ਼ੀ ਵਿਸ਼ਾਲ ਤੇ ਵਿਸਤਾਰ ਵਾਲੀ ਸੀ। ਕਿਤਨੀਆਂ ਹੀ ਸੰਸਕ੍ਰਿਤ ਤੇ ਫ਼ਾਰਸੀ ਪੁਸਤਕਾਂ ਦੇ ਅਨੁਵਾਦ ਦਾ ਕੰਮ ਸੀ ਤੇ ਕਿਤਨੀਆਂ ਹੀ ਮੌਲਿਕ ਰਚਨਾਵਾਂ ਰਚਣ ਦੀ ਵਿਉਂਤ ਸੀ ਤੇ ਕੁਝ ਪ੍ਰਸਿਧ ਭਾਰਤੀ ਗ੍ਰੰਥਾਂ ਦਾ ਲਿਪੀਅੰਤਰ ਵੀ ਇਸ ਯੋਜਨਾ ਦਾ ਜ਼ਰੂਰੀ ਭਾਗ ਸੀ।''[6] ਵਿਦਵਾਨ ਜਾਣਦੇ ਹਨ ਕਿ ਅਨੰਦਪੁਰ ਵਿਚ ਦੋ ਮਹਾਨ ਗ੍ਰੰਥ ਵੱਖੋ-ਵੱਖਰੇ ਸੰਕਲਿਤ ਕੀਤੇ ਗਏ ਸਨ। ਮੰਨਿਆ ਜਾਂਦਾ ਹੈ ਕਿ ਦਸਮ ਗ੍ਰੰਥ ਗੁਰੂ ਗੋਬਿੰਦ ਸਿੰਘ ਜੀ ਦੀ ਆਪਣੀ ਰਚਨਾ ਦਾ ਸੰਗ੍ਰਹਿ ਸੀ ਤੇ ਵਿਦਿਆ ਸਾਗਰ ਸਾਰੇ ਦਰਬਾਰੀ

---

[2] ਕਿਰਪਾਲ ਸਿੰਘ (ਸੰਪਾ.), ਜਨਮਸਾਖੀ ਪਰੰਪਰਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 240.

[3] ਪ੍ਰੀਤਮ ਸਿੰਘ (ਸੰਪਾ.), ਅਹੀਆਪੁਰ ਵਾਲੀ ਪੋਥੀ, ਭਾਗ ਪਹਿਲਾ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1998, ਪੰਨਾ 136.

[4] ਭਾਈ ਜੋਧ ਸਿੰਘ, ਕਰਤਾਰਪੁਰੀ ਬੀੜ ਦੇ ਦਰਸ਼ਨ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2000, ਪੰਨਾ 123.

[5] ਰਾਏ ਜਸਬੀਰ ਸਿੰਘ (ਸੰਪਾ.) ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2001 ਪੰਨਾ 37.

[6] ਪਿਆਰਾ ਸਿੰਘ ਪਦਮ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਰਤਨ, ਪੰਨਾ 45.

ਕਵੀਆਂ ਦੁਆਰਾ ਰਚਿਆ ਸਾਹਿਤ ਭੰਡਾਰ ਸੀ ਜਾਂ ਕੁਝ ਲਿਪੀਅੰਤਰ ਕੀਤਾ ਹਿੰਦੀ ਸਾਹਿਤ ਸੀ। ਬਦਕਿਸਮਤੀ ਨਾਲ ਇਹ ਦੋਵੇਂ ਜੰਗਾਂ ਯੁੱਧਾਂ ਕਾਰਣ ਕਿਧਰੇ ਖਿੰਡ-ਪੁੰਡ ਗਏ ਜਾਂ ਫਿਰ ਸਰਸਾ ਨਦੀ ਦੀ ਭੇਂਟ ਹੋ ਗਏ।[7] ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਗੁਰਗੱਦੀ ਤੇ ਬੈਠਣ ਤੋਂ ਦੋ-ਤਿੰਨ ਵਰੇਂ ਬਾਅਦ ਹੀ 1734 (1677 ਈ.) ਬਿਕਰਮੀ ਵਿਚ ਸਿੱਖਾਂ ਵੱਲ ਇਸ ਭਾਵ ਦੇ ਹੁਕਮਨਾਮੇ ਲਿਖ ਕੇ ਭੇਜੇ ਕਿ ਜੋ ਵੀ ਲਿਖਾਰੀ ਸਿੱਖ ਹੋਵੇ, ਉਸ ਨੂੰ ਅਨੰਦਪੁਰ ਭੇਜ ਦਿੱਤਾ ਜਾਵੇ।[8] ਇਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਦੇ ਵੇਲੇ ਗ਼ੈਰ ਸਿੱਖ ਸਾਹਿਤ ਦਾ ਅਧਿਐਨ ਕਰਨ ਦਾ ਰੁਝਾਨ ਵੀ ਵੇਖਣ ਨੂੰ ਮਿਲਿਆ ਹੈ। ਜਿਵੇਂ ਗੁਰੂ ਸਾਹਿਬ ਨੇ ਮਹਾਂਭਾਰਤ ਦੇ ਕਈ ਪਰਬਾਂ ਦਾ ਤਰਜਮਾਂ ਕਰਾਇਆ। 50 ਚੋਣਵੇਂ ਉਪਨਿਸ਼ਦਾਂ ਦਾ ਅਨੁਵਾਦ ਕਰਵਾਇਆ ਅਤੇ ਮੁਹੰਮਦ ਗੱਜ਼ਾਲੀ ਦੀ ਕਿਤਾਬ ਪਾਰਸ ਭਾਗ ਦਾ ਅਨੁਵਾਦ ਪੰਡਿਤ ਕ੍ਰਿਪਾ ਰਾਮ ਕੋਲੋਂ ਕਰਵਾਇਆ।[9]

ਗੁਰੂ ਕਾਲ ਤੇ ਉਸ ਤੋਂ ਬਾਅਦ ਦੇ ਸਾਹਿਤ ਨੂੰ ਅਸੀਂ ਤਿੰਨ ਹਿੱਸਿਆਂ ਵਿਚ ਵੰਡ ਸਕਦੇ ਹਾਂ 1. ਗੁਰਮੁਖੀ ਸਰੋਤ, 2. ਫ਼ਾਰਸੀ ਸਰੋਤ, 3. ਅੰਗਰੇਜ਼ੀ ਲਿਖਤਾਂ। ਡਾ. ਗੁਰਮੇਲ ਸਿੰਘ ਅਨੁਸਾਰ ਗੁਰਮੁਖੀ ਸਰੋਤਾਂ ਦੀਆਂ ਇਨ੍ਹਾਂ ਪਰੰਪਰਾਵਾਂ ਨੂੰ ਇਸ ਤਰ੍ਹਾਂ ਵਰਗੀਕ੍ਰਿਤ ਕੀਤਾ ਜਾ ਸਕਦਾ ਹੈ। ''1. ਅਧਿਆਤਮਕ ਪਰੰਪਰਾ 2. ਜਨਮਸਾਖੀ ਪਰੰਪਰਾ 3. ਗੁਰਬਿਲਾਸ ਪਰੰਪਰਾ 4. ਪੰਥ ਪ੍ਰਕਾਸ਼ ਪਰੰਪਰਾ 5. ਬੰਸਾਵਲੀ ਪਰੰਪਰਾ ਆਦਿਕ। ਅਧਿਆਤਮਕ ਪਰੰਪਰਾ ਵਿਚ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ, ਵਾਰਾਂ ਭਾਈ ਗੁਰਦਾਸ, ਕਬਿੱਤ ਸਵੱਈਏ, ਦਸਮ ਗ੍ਰੰਥ ਸਾਹਿਬ, ਭਾਈ ਨੰਦ ਲਾਲ ਰਚਨਾਵਲੀ ਰੱਖ ਸਕਦੇ ਹਾਂ। ਇਹ ਪਰੰਪਰਾ ਹੀ ਸਿੱਖ ਧਰਮ ਦੇ ਹਰੇਕ ਪ੍ਰਕਾਰੀ ਧਾਰਮਿਕ, ਸਾਹਿਤਕ, ਇਤਿਹਾਸਕ, ਸਭਿਆਚਾਰਕ ਆਦਿ ਦਾ ਮੂਲ ਸਰੋਤ ਹੈ। ਜਨਮਸਾਖੀ ਪਰੰਪਰਾ ਵਿਚ ਮੁਖ ਚਾਰ ਜਨਮਸਾਖੀਆਂ ਪੁਰਾਤਨ, ਬਾਲਾ, ਮਿਹਰਬਾਨ, ਗਿਆਨ ਰਤਨਾਵਲੀ ਆਦਿ ਰਚਨਾਵਾਂ ਸ਼ਾਮਿਲ ਹਨ। ਪੰਥ ਪ੍ਰਕਾਸ਼ ਪਰੰਪਰਾ ਵਿਚ ਸਰਦਾਰ ਰਤਨ ਸਿੰਘ ਭੰਗੂ ਕ੍ਰਿਤ ਸ੍ਰੀ ਗੁਰ ਪੰਥ ਪ੍ਰਕਾਸ਼ ਤੇ ਗਿਆਨੀ ਗਿਆਨ ਸਿੰਘ ਕ੍ਰਿਤ ਸ੍ਰੀ ਗੁਰ ਪੰਥ ਪ੍ਰਕਾਸ਼ (5 ਜਿਲਦਾਂ) ਆਦਿ ਪ੍ਰਮੁੱਖ ਹਨ। ਬੰਸਾਵਲੀ ਪਰੰਪਰਾ ਵਿਚ ਮੁਖ ਤੌਰ 'ਤੇ ਕੇਸਰ ਸਿੰਘ ਛਿੱਬਰ ਰਚਿਤ ਬੰਸਾਵਲੀ ਨਾਮਾ ਦਸਾਂ ਪਾਤਸ਼ਾਹੀਆਂ ਕਾ, ਬਾਵਾ ਤੋਲਾ ਸਿੰਘ ਭੱਲਾ ਕ੍ਰਿਤ ਗੁਰਰਤਨਾਵਲੀ, ਗੁਰ ਪ੍ਰਣਾਲੀਆਂ ਅਤੇ ਨਵ-ਪ੍ਰਾਪਤ ਸਰੋਤ ਭੱਟ ਵਹੀਆਂ, ਗੁਰੂ ਕੀਆਂ ਸਾਖੀਆਂ ਆਦਿ ਨੂੰ ਸ਼ਾਮਿਲ

---

[7] ਪਿਆਰਾ ਸਿੰਘ ਪਦਮ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਰਤਨ, ਪੰਨਾ 51.

[8] ਪਿਆਰਾ ਸਿੰਘ, ਪਦਮ (ਸੰਪਾ.), ਰਹਿਤਨਾਮੇ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2000, ਪੰਨਾ 94.

[9] ਪਿਆਰਾ ਸਿੰਘ ਪਦਮ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਰਤਨ, ਪੰਨੇ 29,37,80.

ਕੀਤਾ ਜਾ ਸਕਦਾ ਹੈ।''[10] ਇਸ ਤਰ੍ਹਾਂ ਗੁਰਬਿਲਾਸ ਪਰੰਪਰਾ ਵਿਚ ਸ੍ਰੀ ਗੁਰ ਸੋਭਾ ਰਚਿਤ ਕਵੀ-ਸੈਨਾਪਤਿ (1711 ਈ.), ਗੁਰ ਬਿਲਾਸ ਪਾਤਸ਼ਾਹੀ ੬-ਭਗਤ ਸਿੰਘ (1718 ਈ.), ਗੁਰਬਿਲਾਸ ਪਾਤਸ਼ਾਹੀ ੧੦- ਕੋਇਰ ਸਿੰਘ (1751 ਈ.) ਅਤੇ ਗੁਰਬਿਲਾਸ ਪਾਤਸ਼ਾਹੀ ੧੦-ਸੁਖਾ ਸਿੰਘ (1797 ਈ.) ਹਨ। ਦੂਸਰੇ ਨੰਬਰ 'ਤੇ ਫ਼ਾਰਸੀ ਸਰੋਤ ਆਉਂਦੇ ਹਨ।

ਫ਼ਾਰਸੀ ਸਰੋਤ ਗੁਰੂ ਕਾਲ ਤੋਂ ਹੀ ਸ਼ੁਰੂ ਹੋ ਜਾਂਦੇ ਹਨ। ਇਸ ਵਿਚ ਤੌਜ਼ਕਿ-ਜਹਾਂਗੀਰੀ ਗੁਰੂ ਅਰਜਨ ਸਾਹਿਬ ਜੀ ਦੀ ਸ਼ਹੀਦੀ ਬਾਰੇ ਗਵਾਹੀ ਪੇਸ਼ ਕਰਦੀ ਹੈ। ਇਸ ਤੋਂ ਇਲਾਵਾ ਗ਼ੈਰ ਸਿੱਖ ਲਿਖਾਰੀਆਂ ਵਲੋਂ ਬਿਨਾਂ ਪੱਖਪਾਤ ਤੋਂ ਦਾਬਿਸਤਾਨ ਮਜ਼ਾਹਿਬ, ਕ੍ਰਿਤ ਮੁਹਸਨਫਾਨੀ (ਜ਼ੁਲਫਕਰ ਅਰਦਸਤਾਨੀ) ਹੈ। ਇਸ ਨੇ ਗੁਰੂ ਨਾਨਕ ਜੀ ਦੇ ਸਮੇਂ ਤੋਂ ਸ਼ੁਰੂ ਕਰਕੇ ਗੁਰੂ ਹਰਿ ਰਾਇ ਜੀ ਤੱਕ ਸਿੱਖ ਇਤਿਹਾਸ ਨੂੰ ਲਿਖਿਆ ਹੈ ਅਤੇ ਲੇਖਕ ਛੇਵੇਂ ਤੇ ਸੱਤਵੇਂ ਗੁਰੂ ਦਾ ਸਮਕਾਲੀ ਰਿਹਾ ਹੈ। ਇਸ ਪੁਸਤਕ ਦੀ ਅੰਦਰਲੀ ਗਵਾਹੀ ਜਿਸ ਵਿਚ ਲੇਖਕ ਸੰਬੰਧੀ ਨਿੱਜੀ ਵਿਸਥਾਰ ਉਪਲਬਧ ਹੈ, ਦਰਸਾਉਂਦੀ ਹੈ ਕਿ ਉਹ ਪਾਰਸੀ ਧਰਮ ਦੀ ਯਜ਼ਦਾਨੀ ਸੰਪਰਦਾਇ ਨਾਲ ਸਬੰਧਤ ਸੀ, ਜਿਸ ਦੀ ਨੀਂਹ ਅਜ਼ਾਰ ਕਇਵਾਨ ਨੇ ਪਟਨਾ ਵਿਖੇ ਰੱਖੀ ਸੀ। ਲੇਖਕ ਲਗਭਗ 1615 ਈ. ਵਿਚ ਪੈਦਾ ਹੋਇਆ।[11] ਇਸ ਤੋਂ ਬਾਅਦ ਅਨੇਕ ਫ਼ਾਰਸੀ ਦੀਆਂ ਲਿਖਤਾਂ ਸਿੱਖ ਇਤਿਹਾਸ ਬਾਰੇ ਆਈਆਂ ਜੋ ਸਿੱਖਾਂ ਜਾਂ ਗ਼ੈਰ ਸਿੱਖਾਂ ਵਲੋਂ ਲਿਖੀਆਂ ਗਈਆਂ। ਬਹੁਤ ਸਾਰੀਆਂ ਵਿੱਚ ਸਿੱਖ ਵਿਰੋਧੀ ਜਾਣਕਾਰੀ ਦਿਤੀ ਗਈ ਹੈ। ਇਸ ਤਰ੍ਹਾਂ ਫ਼ਾਰਸੀ ਲਿਖਤਾਂ ਦੇ ਰੁਝਾਨ ਵਿਚ ਵੀ ਅਸੀਂ ਸਿੱਖਾਂ ਤੇ ਗ਼ੈਰ ਸਿੱਖਾਂ ਵਲੋਂ ਲਿਖਤਾਂ ਨੂੰ ਵੰਡ ਸਕਦੇ ਹਾਂ। ਭਾਈ ਨੰਦ ਲਾਲ ਨੂੰ ਅਸੀਂ ਇਸ ਵੰਨਗੀ ਵਿਚੋਂ ਕੱਢ ਕੇ ਅਧਿਆਤਮਿਕ ਪਰੰਪਰਾ ਵਿਚ ਰੱਖਿਆ ਹੈ।

ਅੰਗਰੇਜ਼ੀ ਲਿਖਤਾਂ ਨੂੰ ਯੂਰਪੀਅਨ, ਹਿੰਦੂ ਤੇ ਸਿੱਖ ਆਦਿਕ ਵੰਨਗੀਆਂ ਵਿਚ ਵੰਡ ਸਕਦੇ ਹਾਂ। ਇਸ ਵਿਚ ਸਿੱਖ ਹਿਮਾਇਤੀ ਤੇ ਸਿੱਖ ਵਿਰੋਧੀ ਦੋਵੇਂ ਤਰ੍ਹਾਂ ਦੀਆਂ ਲਿਖਤਾਂ ਹਨ। ਜਿਸ ਬਾਰੇ ਵਿਚਾਰ 1849 ਈ. ਤੋਂ ਬਾਅਦ ਦੇ ਈਸਾਈ ਮਿਸ਼ਨਰੀਆਂ ਵਾਲੇ ਭਾਗ ਵਿਚ ਕੀਤਾ ਜਾਵੇਗਾ। ਬੰਦਾ ਸਿੰਘ ਬਹਾਦਰ ਤੋਂ ਲੈ ਕੇ ਮਿਸਲ ਪਰੰਪਰਾ ਦੀ ਸਮਾਪਤੀ ਤੱਕ ਦਾ ਸਿੱਖ ਇਤਿਹਾਸ ਇਕੋ ਵੇਲੇ ਚੜ੍ਹਤ ਤੇ ਪਤਨ ਦੇ ਸਮਾਨ ਵਿਕਾਸ ਦੀ ਇਕ ਅਜੀਬ ਕਹਾਣੀ ਹੈ।

---

10 ਗੁਰਮੇਲ ਸਿੰਘ, 'ਸਿੱਖ ਇਤਿਹਾਸ ਦੇ ਗੁਰਮੁਖੀ-ਸਰੋਤ : ਸਰੂਪ ਤੇ ਵਰਣਨ ਵਿਧੀ', ਪੰਜਾਬ ਹਿਸਟਰੀ ਕਾਨਫਰੰਸ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਮਾਰਚ 14-16, 2008, ਪੰਨਾ 93.

11 ਡਾ. ਗੁਰਬਚਨ ਸਿੰਘ ਨਈਅਰ, ਸਿੱਖ ਇਤਿਹਾਸ ਦੇ ਚੋਣਵੇ ਮੂਲ ਸਰੋਤ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, 2010, ਪੰਨਾ 1.

ਜਿੱਥੇ ਇਕ ਪਾਸੇ ਸਥਾਪਿਤ ਮੁਗ਼ਲ ਰਾਜ-ਪ੍ਰਬੰਧ ਨਾਲ ਹਥਿਆਰ ਬੰਦ ਟੱਕਰ ਵਾਲੀ ਨੀਤੀ ਨੇ ਮਹਾਰਾਜਾ ਰਣਜੀਤ ਸਿੰਘ ਦੀ ਵਿਸ਼ਾਲ ਸਲਤਨਤ ਨੂੰ ਜਨਮ ਦਿੱਤਾ, ਉੱਥੇ ਹੀ ਦੂਜੇ ਪਾਸੇ ਸਿੱਖ ਸਿੱਧਾਂਤ ਦੇ ਵੱਖਰੇਪਨ ਦਾ ਭੋਗ ਵੀ ਪਾ ਦਿੱਤਾ। ਮਿਸਲ ਪ੍ਰਬੰਧ ਪੰਥ ਦੀ ਪ੍ਰਮੁਖਤਾ ਦਾ ਸੰਕਲਪ ਲੈ ਕੇ ਤੁਰਿਆ ਸੀ, ਪਰ ਇਸ ਨੂੰ ਤਿਲਾਂਜਲੀ ਦੇ ਕੇ ਰਾਜਾਸ਼ਾਹੀ ਦੀ ਝੋਲੀ ਵਿਚ ਜਾ ਪਿਆ।[12]

ਪਿਛਲੇਰੇ ਮੁਗ਼ਲਾਂ ਦੀ ਸਿੱਖ ਸੰਘਾਰ ਨੀਤੀ ਨੇ ਜਿੱਥੇ ਅਨੇਕ ਸਿੱਖ ਜੋਧੇ, ਕਿਰਸਾਨ ਤੇ ਪੇਸ਼ਾਵਰ ਸਦਾ ਦੀ ਨੀਂਦਰ ਸਵਾਏ, ਉੱਥੇ ਤਕਰੀਬਨ ਸਿੱਖ ਵਿਦਵਾਨ ਸ਼੍ਰੇਣੀ ਦਾ ਵੀ ਅੰਤ ਕਰ ਦਿੱਤਾ। ਬਚਿਆਂ-ਖੁਚਿਆਂ ਲਈ ਇੱਕਠੇ ਹੋ ਕੇ ਵਿਦਿਆ ਦਾ ਕੋਈ ਕੇਂਦਰ ਵਿਗਸਤ ਕਰਨਾ ਸੌਖਾ ਨਹੀਂ ਸੀ।[13] ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਪਿੱਛੋਂ ਜਦੋਂ ਭਰਾ-ਮਾਰੂ ਮੁਹਿੰਮ ਦੇ ਕਾਰਨ ਕੇਂਦਰ ਕਮਜ਼ੋਰ ਹੋ ਗਿਆ ਤੇ ਅਗਵਾਈ ਦੇਣ ਵਾਲਾ ਕੋਈ ਵੱਡਾ ਆਗੂ ਨਾ ਰਿਹਾ ਤਾਂ ਸਿੱਖ ਫ਼ੌਜ ਨੇ ਆਪਣਾ ਹੀ ਇਕ ਪੰਚਾਇਤੀ ਢਾਂਚਾ ਖੜਾ ਕਰ ਲਿਆ। ਇਹ ਪੰਚਾਇਤੀ ਢਾਂਚਾ ਅੰਗਰੇਜ਼ਾਂ ਦੀ ਝੋਲੀ ਪੈ ਗਿਆ। ਚੇਲਿਆਂ ਵਾਲਾ ਅਤੇ ਗੁਜਰਾਤ ਵਿਚ ਸਿੱਖਾਂ ਦੀ ਹਾਰ ਹੋ ਜਾਣ ਪਿੱਛੋਂ ਭਾਰਤ ਦੇ ਗਵਰਨਰ ਜਨਰਲ ਲਾਰਡ ਡਲਹੋਜ਼ੀ ਨੇ ਸੋਚਿਆ ਕਿ ਸਿੱਖ ਸਮੱਸਿਆ ਦਾ ਇਕੋ-ਇਕ ਹੱਲ ਪੰਜਾਬ ਉੱਤੇ ਕਬਜ਼ਾ ਕਰਨਾ ਹੈ। ਉਸਦੀ ਨੀਤੀ ਵੀ ਏਨੀ ਗੈਰਵਾਜਬੀ ਅਤੇ ਧੱਕੇਸ਼ਾਹੀ ਵਾਲੀ ਸੀ ਕਿ ਸਰ ਹੈਨਰੀ ਲਾਰੰਸ, ਜੋ ਕਿ ਲਾਹੌਰ ਦਾ ਰੈਜੀਡੈਂਟ ਸੀ, ਉਸ ਨਾਲ ਇਸ ਮਸਲੇ 'ਤੇ ਸਹਿਮਤ ਨਹੀਂ ਸੀ। ਸਗੋਂ ਉਸਨੇ ਲਾਰਡ ਡਲਹੋਜ਼ੀ ਨੂੰ ਕਹਿ ਦਿੱਤਾ ਸੀ ਕਿ ਸਿੱਖਾਂ ਨਾਲ ਦੂਜੀ ਲੜਾਈ ਵਿਚ ਕਸੂਰ ਸਿੱਖਾਂ ਦਾ ਨਹੀਂ ਸੀ। ਉਹ ਗਵਰਨਰ-ਜਨਰਲ ਨਾਲ ਇਸ ਗੱਲ ਵਿਚ ਬਿਲਕੁਲ ਸਹਿਮਤ ਨਹੀਂ ਸੀ ਕਿ ਗੁਜਰਾਤ ਨੇ ਸਾਰੇ ਪਟੇ ਤਬਾਹ ਕਰ ਦਿੱਤੇ ਹਨ ਅਤੇ ਉਸ ਨਾਲ ਅੰਗਰੇਜ਼ਾਂ ਦੇ ਹੱਥ ਵਿਚ ਇਕ ਕੋਰੀ ਸਲੇਟ ਆ ਗਈ ਹੈ, ਜਿਸ ਉੱਤੇ ਉਹ ਆਪਣੀ ਸੁਤੰਤਰ ਇੱਛਾ ਨਾਲ ਜੋ ਚਾਹੁਣ ਸੋ ਲਿਖ ਸਕਣ।[14] 29 ਮਾਰਚ 1849 ਈ. ਨੂੰ ਸਵੇਰੇ ਹੀ ਐਲੀਅਟ ਨੇ ਲਾਹੌਰ ਆਮ ਦਰਬਾਰ ਕੀਤਾ ਜਿੱਥੇ ਪੰਜਾਬ ਨੂੰ

---

12 ਪ੍ਰੀਤਮ ਸਿੰਘ, ਕਾਨ੍ਹ ਸਿੰਘ ਨਾਭਾ, ਪਿਛੋਕੜ ਰਚਨਾ ਤੇ ਮੁਲੰਕਣ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, 1989, ਪੰਨਾ 15.

13 ਉਹੀ, ਪੰਨਾ 15

14 ਕਿਰਪਾਲ ਸਿੰਘ ਨਾਰੰਗ, 'ਪੰਜਾਬ 1849 ਤੋਂ 1900 ਈ ਤੱਕ', ਪੰਜਾਬ, (ਸੰਪਾ.) ਡਾ. ਗੰਡਾ ਸਿੰਘ, ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ, 1962, ਪੰਨਾ 17.

ਅੰਗਰੇਜ਼ੀ ਰਾਜ ਵਿਚ ਸ਼ਾਮਿਲ ਕਰ ਲੈਣ ਦਾ ਐਲਾਨ ਸੁਣਾਇਆ ਤੇ ਮਹਾਰਾਜਾ ਦਲੀਪ ਸਿੰਘ ਦੇ ਰਾਜ ਭਾਗ ਦੀ ਰਾਖੀ ਅੰਗਰੇਜ਼ਾਂ ਨੇ ਉਸਦਾ ਰਾਜ ਖੋਹ ਕੇ ਕੀਤੀ।[15] ਸਭ ਤੋਂ ਪਹਿਲਾਂ 2 ਜੁਲਾਈ 1849 ਈ. ਨੂੰ ਐਲਾਨ ਨੰਬਰ 212 ਜਾਰੀ ਹੋਇਆ, ਜਿਸ ਅਨੁਸਾਰ ਪੰਜਾਬ ਦੇ ਹਰ ਸਿੱਖ ਪਾਸੋਂ ਹਥਿਆਰ ਖੋਹ ਲਏ ਗਏ।[16] ਸ਼ਮਸ਼ੇਰ ਸਿੰਘ ਅਸ਼ੋਕ ਅਨੁਸਾਰ, ''ਮਹਾਰਾਜਾ ਦਲੀਪ ਸਿੰਘ ਨੂੰ ਦੇਸ਼ ਨਿਕਾਲਾ ਦੇ ਕੇ ਪੰਜਾਬ ਦਾ ਰਾਜ ਪ੍ਰਬੰਧ ਈਸਟ ਇੰਡੀਆ ਕੰਪਨੀ ਦੇ ਮਾਤਹਿਤ ਇਕ ਨਵੇਂ ਬੋਰਡ ਦੇ ਅਧੀਨ ਕੀਤਾ ਗਿਆ, ਜਿਸ ਦਾ ਨਾਮ ਰਾਜ-ਪ੍ਰਬੰਧ ਬੋਰਡ (Board of Administration) ਸੀ। ਇਸ ਬੋਰਡ ਵਿਚ ਕਰਨਲ ਹੈਨਰੀ ਲਾਰੰਸ ਦੀ ਪ੍ਰਧਾਨਗੀ ਹੇਠ ਮਿਸਟ੍ਰ ਜਾਹਨ ਲਾਰੰਸ ਤੇ ਮਿਸਟ੍ਰ ਸੀ.ਜੀ ਮਨਸਿਲ ਸਨ। ਸਭ ਤੋਂ ਪਹਿਲਾਂ ਇਨ੍ਹਾਂ ਨੇ ਇਹ ਹੁਕਮ ਜਾਰੀ ਕੀਤਾ ਕਿ ਹਰ ਤਰ੍ਹਾਂ ਦੇ ਹਥਿਆਰ, ਤਲਵਾਰ, ਬੰਦੂਕ ਆਦਿ ਰੱਖਣੇ ਕਾਨੂੰਨੀ ਤੌਰ 'ਤੇ ਜ਼ੁਰਮ ਕਰਾਰ ਕਰ ਦਿਤੇ ਗਏ। ਤਮਾਮ ਸਰਦਾਰਾਂ ਦੇ ਕਿਲ੍ਹੇ ਢਾਹੇ ਗਏ, ਸਿੱਖ ਫੌਜਾਂ ਤੋੜੀਆਂ ਗਈਆਂ, ਹਰੇਕ ਇਲਾਕੇ ਵਿਚ ਰੋਗੀਆਂ ਲਈ ਹਸਪਤਾਲ ਖੋਲ੍ਹੇ ਗਏ, ਅਪਰਾਧੀਆਂ ਲਈ ਜੇਲ੍ਹਖਾਨੇ ਬਣਾਏ ਗਏ, ਨਹਿਰਾਂ ਖੋਦੀਆਂ ਗਈਆਂ, ਵੱਖੋ-ਵੱਖ ਜ਼ਿਲ੍ਹੇ ਕਾਇਮ ਕਰਕੇ ਇਨਸਾਫ਼ ਲਈ ਅਦਾਲਤਾਂ ਬਣਾਈਆਂ ਗਈਆਂ ਤੇ ਜ਼ਮੀਨਾਂ ਦਾ ਨਵਾਂ ਬੰਦੋਬਸਤ ਹੋਣ ਤੋਂ ਕੁਝ ਹਾਲੀ ਮਾਮਲੇ ਵਿਚ ਵਾਧੇ ਕੀਤੇ ਗਏ ਤੇ ਵਪਾਰਕ ਕੰਮਾਂ ਉੱਤੇ ਟੈਕਸ ਲਗਾਏ ਗਏ।''[17] ਡਾ. ਗੰਡਾ ਸਿੰਘ ਅਨੁਸਾਰ, ''ਪੰਜਾਬ ਉੱਤੇ ਕਬਜ਼ੇ ਦਾ ਅੰਗਰੇਜ਼ਾਂ ਨੂੰ ਮਾਲੀ ਤੇ ਵਪਾਰਕ ਫ਼ਾਇਦਾ ਵੀ ਸੀ। ਪੰਜਾਬ ਦੀ ਕਪਾਹ ਅੰਗਰੇਜ਼ਾਂ ਵਾਸਤੇ ਇਕ ਖਾਸ ਖਿੱਚ ਦਾ ਕਾਰਣ ਸੀ, ਜਿਨ੍ਹਾਂ ਨੂੰ ਪੰਜ ਦਰਿਆਵਾਂ ਦੀ ਭੂਮੀ ਵਿਚ ਅੰਗਰੇਜ਼ੀ ਮਾਲ ਦੀ ਖ਼ਪਤ ਲਈ ਇਕ ਬੜੀ ਲਾਭਦਾਇਕ ਮੰਡੀ ਦਿਸ ਰਹੀ ਸੀ। ਇਕ ਪਾਸੇ ਪੰਜਾਬ ਤੇ ਜੰਮੂ ਕਸ਼ਮੀਰ ਲਈ ਅੰਮ੍ਰਿਤਸਰ ਦੀ ਮੰਡੀ ਸੀ। ਦੂਸਰੇ ਪਾਸੇ ਅਫ਼ਗਾਨਿਸਤਾਨ ਅਤੇ ਆਮੂ ਦਰਿਆ ਪਾਰ ਕਰਨ ਲਈ ਪਸ਼ੌਰ ਤੇ ਮੁਲਤਾਨ ਉਨ੍ਹਾਂ ਦੇ ਵਪਾਰ ਦੇ ਅੱਡੇ ਬਣ ਸਕਦੇ ਸਨ।''[18] ਬਸਤੀਵਾਦੀ ਗ਼ੁਲਾਮ ਦੇਸ਼ਾਂ ਨੂੰ ਆਪਣੇ ਅਧੀਨ

---

15 ਤੇਜਵੰਤ ਮਾਨ, ਸੰਪੂਰਨ ਇਤਿਹਾਸ ਪੰਚ ਖ਼ਾਲਸਾ ਦੀਵਾਨ ਭਸੌੜ, ਮੰਗਲ ਪ੍ਰਕਾਸ਼ਨ, ਅੰਮ੍ਰਿਤਸਰ, 1998, ਪੰਨਾ 10.

16 ਤੇਜਵੰਤ ਮਾਨ, ਸੰਪੂਰਨ ਇਤਿਹਾਸ ਪੰਚ ਖ਼ਾਲਸਾ ਦੀਵਾਨ ਭਸੌੜ, ਪੰਨਾ 10.

17 ਸ਼ਮਸ਼ੇਰ ਸਿੰਘ ਅਸ਼ੋਕ, ਪੰਜਾਬ ਦਾ ਸੰਖੇਪ ਇਤਿਹਾਸ, ਲਾਹੌਰ ਬੁਕ ਸ਼ਾਪ ਲੁਧਿਆਣਾ, 1961, ਪੰਨਾ 188.

18 ਡਾ. ਗੰਡਾ ਸਿੰਘ, ਪੰਜਾਬ ਉੱਤੇ ਅੰਗਰੇਜ਼ਾਂ ਦਾ ਕਬਜ਼ਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2000, ਪੰਨਾ 133.

ਰੱਖਣ ਲਈ ਚਾਰ ਪੱਧਰਾਂ ਉੱਤੇ ਨੀਤੀ ਬਣਾਉਂਦੇ ਸਨ, ਫੌਜੀ, ਆਰਥਿਕ, ਸਿਆਸੀ ਅਤੇ ਸਭਿਆਚਾਰਕ। ਬਸਤੀਵਾਦੀ ਜਾਣਦੇ ਸਨ ਕਿ ਫ਼ੌਜੀ ਤਾਕਤ ਦੇ ਜ਼ੋਰ ਉੱਤੇ ਕਿਸੇ ਦੇਸ਼ ਨੂੰ ਗ਼ੁਲਾਮ ਤਾਂ ਬਣਾਇਆ ਜਾ ਸਕਦਾ ਹੈ, ਪਰ ਆਪਣਾ ਰਾਜ ਕਾਇਮ ਰੱਖਣ ਲਈ ਉੱਥੋਂ ਦੇ ਲੋਕ ਸਭਿਆਚਾਰ ਨੂੰ ਸਮਝਣਾ ਜ਼ਰੂਰੀ ਹੈ। ਇਸ ਲਈ ਗ਼ੁਲਾਮ ਦੇਸ਼ਾਂ ਦੇ ਸਭਿਆਚਾਰ ਨਾਲ ਸੰਬੰਧਿਤ ਹਰ ਕਿਸਮ ਦੀ ਜਾਣਕਾਰੀ ਨੂੰ (Ethnographic data) ਇਕੱਠਾ ਕਰਨਾ ਇਸ ਨੀਤੀ ਦਾ ਅਹਿਮ ਭਾਗ ਰਿਹਾ ਹੈ। ਇਹ ਸੇਵਾ ਈਸਾਈ ਧਰਮ ਦੇ ਮਿਸ਼ਨਰੀਆਂ, ਅਫ਼ਸਰਾਂ ਅਤੇ ਮਾਨਵ-ਵਿਗਿਆਨੀਆਂ ਨੇ ਕੀਤੀ।[19] ਇਸ ਤਰ੍ਹਾਂ ਹਰ ਖੇਤਰ ਵਿਚ ਆਪਣੇ ਸਰਬ-ਸ੍ਰੇਸ਼ਟ ਹੋਣ ਦੀ ਮਿੱਥ ਸਿਰਜ ਕੇ ਬਰਤਾਨਵੀ ਸ਼ਾਸਕਾਂ ਨੇ ਭਾਰਤੀ ਧਰਮਾਂ ਤੇ ਸਥਾਨਕ ਸਭਿਆਚਾਰਾਂ ਲਈ ਗੰਭੀਰ ਸੰਕਟ ਪੈਦਾ ਕੀਤਾ। ਈਸਾਈਅਤ ਦੇ ਪ੍ਰਚਾਰ ਅਤੇ ਧਰਮ-ਪਰਿਵਰਤਨ ਨੂੰ ਉਤਸ਼ਾਹਿਤ ਕਰਕੇ ਬਰਤਾਨਵੀ ਸ਼ਾਸ਼ਕਾਂ ਨੇ ਭਾਰਤੀ ਮੱਧਵਰਗ ਨੂੰ ਆਪਣੀ ਕੌਮੀ ਤੇ ਸਭਿਆਚਾਰਕ ਪਛਾਣ ਦੀ ਸਲਾਮਤੀ ਲਈ ਰੱਖਿਆਤਮਕ ਪੈਂਤੜਾ ਅਪਨਾਉਣ ਲਈ ਮਜ਼ਬੂਰ ਕੀਤਾ। ਨਤੀਜੇ ਵਜੋਂ ਪੰਜਾਬ ਵਿਚ ਈਸਾਈਅਤ ਦੇ ਟਾਕਰੇ ਤੇ ਆਰੀਆ ਸਮਾਜ, ਬ੍ਰਹਮੋ ਸਮਾਜ, ਅਹਿਮਦੀਆ ਲਹਿਰ, ਨਾਮਧਾਰੀ ਲਹਿਰ ਅਤੇ ਸਿੰਘ ਸਭਾ ਲਹਿਰ ਧਾਰਮਿਕ ਪੁਨਰ-ਜਾਗਰਤੀ ਦੀਆਂ ਲਹਿਰਾਂ ਚੱਲੀਆਂ। ਧਾਰਮਿਕ ਦਿੱਖ ਵਾਲੀਆਂ ਇਨ੍ਹਾਂ ਲਹਿਰਾਂ ਨੇ ਉਸ ਇਤਿਹਾਸਿਕ ਸੰਦਰਭ ਵਿਚ ਦੂਹਰੀ ਭੂਮਿਕਾ ਨਿਭਾਈ। ਅਤੀਤਮੁਖੀ, ਸਨਾਤਨੀ ਤੇ ਕਬੀਲਾਈ ਦ੍ਰਿਸ਼ਟੀ ਕਾਰਣ ਇਹ ਲਹਿਰਾਂ ਧਾਰਮਿਕ ਤਣਾਉਂ ਤੇ ਸੰਪਰਦਾਇਕ ਸੰਕੀਰਣਤਾ ਫੈਲਾਉਣ ਦਾ ਕਾਰਣ ਬਣੀਆਂ। ਪਰ ਦੂਜੇ ਹੱਥ ਬਰਤਾਨਵੀ ਸਾਮਰਾਜ ਪ੍ਰਤੀ ਨਫ਼ਰਤ ਅਤੇ ਰੋਹ ਜਗਾ ਕੇ ਇਨ੍ਹਾਂ ਨੇ ਕੌਮੀ ਸੁਤੰਰਤਾ ਅੰਦੋਲਨ ਅਤੇ ਰਾਸ਼ਟਰਵਾਦੀ ਚੇਤਨਾ ਨੂੰ ਪ੍ਰਪੱਕ ਕੀਤਾ।[20] ਇਸ ਤਰ੍ਹਾਂ ਪੰਜਾਬ 'ਤੇ ਅੰਗਰੇਜ਼ਾਂ ਦੇ ਕਬਜ਼ਾ ਕਰਨ ਨਾਲ ਜਿੱਥੇ ਰਾਜਨੀਤਿਕ ਹਾਲਾਤ ਬਦਲਦੇ ਹਨ, ਉੱਥੇ ਹੀ ਸਾਹਿਤਕ ਖੇਤਰ ਉੱਪਰ ਵੀ ਪ੍ਰਭਾਵ ਪੈਣਾ ਸ਼ੁਰੂ ਹੋ ਜਾਂਦਾ ਹੈ। ਜਿਸ ਦੀ ਪਛਾਣ ਅੰਗਰੇਜ਼ਾਂ ਦੁਆਰਾ ਪੰਜਾਬ ਉੱਪਰ ਕਬਜ਼ਾ ਕਰਨ ਤੋਂ ਬਾਅਦ ਦੇ ਮੁੱਢਲੇ ਪੰਜਾਬੀ ਸਾਹਿਤ ਅਤੇ ਸਿੱਖ ਅਧਿਐਨ ਵਿਚੋਂ ਕੀਤੀ ਜਾ ਸਕਦੀ ਹੈ। ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਹਜ਼ਾਰਾਂ ਲੋਕ ਸਿੰਘ ਸਜ ਗਏ

---

[19] ਡਾ. ਸੁਰਜੀਤ ਸਿੰਘ ਲੀਅ, 'ਉੱਤਰ-ਬਸਤੀਵਾਦ, ਉੱਤਰ ਅਧੁਨਿਕਤਾਵਾਦ ਅਤੇ ਪੰਜਾਬੀ ਸਭਿਆਚਾਰ', ਬਸਤੀਵਾਦ, ਉੱਤਰ-ਬਸਤੀਵਾਦ ਅਤੇ ਪੰਜਾਬੀ ਸਾਹਿਤ, (ਸੰਪਾ.) ਜਸਪਾਲ ਕੌਰ ਕਾਂਗ, ਸਾਹਿਤ ਅਕਾਦਮੀ, ਨਵੀਂ ਦਿੱਲੀ, 2005, ਪੰਨਾ 72.

[20] ਡਾ. ਸੁਖਦੇਵ ਸਿੰਘ, 'ਬਸਤੀਵਾਦੀ, ਉੱਤਰ-ਬਸਤੀਵਾਦੀ ਤੇ ਪੰਜਾਬੀ ਕਵਿਤਾ, ਉਹੀ, ਪੰਨਾ 120.

ਸਨ। ਇਨ੍ਹਾਂ ਵਿਚੋਂ ਕਈ ਸਿੱਖੀ ਭਾਵਨਾ ਸਹਿਤ ਅਤੇ ਬਹੁਤ ਰਾਜਨੀਤਿਕ ਹਿੱਤਾਂ ਲਈ ਪੰਥ ਵਿਚ ਸ਼ਾਮਲ ਹੋਏ। ਮਹਾਰਾਜਾ ਰਣਜੀਤ ਸਿੰਘ ਦੇ ਅੱਖਾਂ ਮੀਟਣ ਦੀ ਦੇਰ ਸੀ ਕਿ ਸਿੱਖ ਰਾਜ-ਸੱਤਾ ਉਹਦੇ ਨਾਲ ਹੀ ਖ਼ਤਮ ਹੋ ਗਈ। ਜਿਹੜੇ ਆਰਥਿਕ ਤੇ ਰਾਜਨੀਤਿਕ ਲਾਭਾਂ ਲਈ ਸਿੰਘ ਸਜੇ ਸਨ, ਉਹ ਈਸਟ ਇੰਡੀਆ ਕੰਪਨੀ ਦੇ ਰਾਜ ਪ੍ਰਬੰਧ ਸੰਭਾਲਣ ਸਮੇਂ ਹੀ ਸਿੱਖੀ ਤੋਂ ਮੂੰਹ ਫੇਰ ਗਏ। ਡਾ. ਗੰਡਾ ਸਿੰਘ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦੇ ਹਾਲਾਤਾਂ ਬਾਰੇ ਲਿਖਦੇ ਹਨ ਕਿ, ''ਰਾਜ ਤਾਂ ਭਾਵੇਂ ਉਸ ਵੇਲੇ ਸਿੱਖਾਂ ਦਾ ਸੀ ਪਰ ਸਿੱਖ ਰਹੁ-ਰੀਤਿ ਵਿਚ ਇਤਨੇ ਪੱਕੇ ਨਹੀਂ ਸਨ ਰਹੇ ਅਤੇ ਪੁਰਾਣੇ ਸਨਾਤਨ ਧਰਮ ਦੀ ਮਰਯਾਦਾ-ਦੇਵੀ ਦੇਵਤਿਆਂ ਦੀ ਅਰਾਧਨਾ, ਅਸ਼ਟ-ਭੁਜੀ ਦੇਵੀ, ਦੁਰਗਾ ਅਤੇ ਭਗਉਤੀ ਦੀਆਂ ਮੂਰਤੀਆਂ ਦੀ ਪੂਜਾ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਤਰਨਤਾਰਨ ਜਿਹੇ ਮਹਾਨ ਧਰਮ ਅਸਥਾਨਾਂ ਦੀਆਂ ਪਰਕਰਮਾ ਵਿਚ ਆ ਗਈ ਸੀ''।[21] ਇਨ੍ਹਾਂ ਕੁਰੀਤੀਆਂ ਨੂੰ ਖ਼ਤਮ ਕਰਨ ਲਈ ਪੰਜਾਬ 'ਤੇ ਅੰਗਰੇਜ਼ਾਂ ਦੇ ਕਬਜ਼ਾ ਕਰਨ ਉਪਰੰਤ ਪਹਿਲੀ ਸਿੱਖ ਸੁਧਾਰਕ ਲਹਿਰ ਨਿਰੰਕਾਰੀ ਲਹਿਰ ਚੱਲੀ ਸੀ। ਨਿਰੰਕਾਰੀ ਲਹਿਰ ਦੇ ਮੋਢੀ ਬਾਬਾ ਦਿਆਲ ਜੀ 17 ਮਈ 1783 ਈ. ਨੂੰ ਪਿਸ਼ੋਰ ਵਿਚ ਭਾਈ ਰਾਮ ਸਹਾਇ ਮਲਹੋਤ੍ਰਾ ਦੇ ਘਰ ਮਾਤਾ ਲਡਿੱਕੀ ਦੀ ਕੁਖੋਂ ਪੈਦਾ ਹੋਏ।[22] ਆਪ ਜੀ ਛੋਟੀ ਉਮਰ ਤੋਂ ਹੀ ਬਾਬਾ ਜੋਗਾ ਸਿੰਘ ਦੇ ਗੁਰਦੁਆਰੇ ਨਿਤਨੇਮ ਨਾਲ ਜਾਂਦੇ ਸਨ। ਥੋੜ੍ਹੇ ਸਮੇਂ ਪਿੱਛੋਂ ਗੁਰਦੁਆਰੇ ਦੀ ਸੇਵਾ ਨਾਲ ਹੀ ਬਾਬਾ ਦਿਆਲ ਜੀ ਨੇ ਨਵਾਂ ਵਾਧਾ ਇਹ ਕੀਤਾ ਕਿ ਕਥਾ-ਕੀਰਤਨ ਤੋਂ ਇਲਾਵਾ ਸੰਗਤ ਨੂੰ ਉਪਦੇਸ਼ ਵੀ ਕਰਨ ਲੱਗ ਪਏ। ਇਹ ਉਪਦੇਸ਼ ਵਹਿਮ-ਭਰਮ, ਸੂਤਕ-ਪਾਤਕ, ਮੰਦਰ, ਮਸੀਤ, ਸਾਧੂ, ਪੀਰ, ਫਕੀਰ, ਦੇਵੀ-ਦੇਵਤਿਆਂ ਦੀ ਪੂਜਾ ਦੇ ਵਿਰੁੱਧ ਸੀ।[23] ਪੰਜਾਬ ਉੱਪਰ ਅੰਗਰੇਜ਼ਾਂ ਦੁਆਰਾ ਕਬਜ਼ਾ ਕਰਨ ਤੋਂ ਬਾਅਦ ਆਪ ਜੀ ਨੇ ਸਿੱਖ ਧਰਮ ਵਿਚ ਆਈਆਂ ਕੁਰੀਤੀਆਂ ਵਿਰੁੱਧ ਜ਼ੋਰ ਨਾਲ ਪ੍ਰਚਾਰ ਸ਼ੁਰੂ ਕਰ ਦਿੱਤਾ ਸੀ। ਲੁਧਿਆਣਾ ਮਿਸ਼ਨ ਦੀ ਸਾਲਾਨਾ ਰਿਪੋਰਟ 1853 ਦੇ ਪੰਨਾ 22 ਤੋਂ 23 ਤੱਕ ਦਿਤੇ ਨਿਰੰਕਾਰੀ ਵਰਣਨ ਵਿਚ ਇਸ ਲਹਿਰ ਬਾਰੇ ਲਿਖਿਆ ਹੈ ਕਿ, ''ਇਨ੍ਹਾਂ ਨੇ ਖੁੱਲ੍ਹ ਕੇ ਤਾਕਤ ਤੇ ਹਿੰਮਤ ਫੜੀ ਹੈ ਅਤੇ ਸਾਡੀਆਂ ਧਾਰਮਿਕ ਪੁਸਤਕਾਂ ਦੀ ਮਦਦ ਨਾਲ ਇੰਨ੍ਹਾਂ ਨੇ ਬੁੱਤ ਪੂਜਾ ਦੇ ਵਿਰੁੱਧ ਤੇ ਹਿੰਦੂ

---

[21] ਗੰਡਾ ਸਿੰਘ, 'ਨਿਰੰਕਾਰੀ ਸੰਪਰਦਾਇ', ਪੰਜਾਬ, ਪੰਨਾ 90.

[22] ਸ਼ਮਸ਼ੇਰ ਸਿੰਘ ਅਸ਼ੋਕ, ਪੰਜਾਬ ਦੀਆਂ ਲਹਿਰਾਂ, ਅਸ਼ੋਕ ਪੁਸਤਕਾਲਾ, ਸ੍ਰੀ ਦਸ਼ਮੇਸ਼ ਕਾਲੋਨੀ, ਤ੍ਰਿਪੁਰੀ ਟਾਊਨ, ਪਟਿਆਲਾ, 1974, ਪੰਨਾ 14.

[23] ਉਹੀ, ਪੰਨਾ 15.

ਧਰਮ ਦੀਆਂ ਕੁਰੀਤੀਆਂ ਦੇ ਵਿਰੁੱਧ ਜੋਸ਼ੀਲੀ ਲਹਿਰ ਚਲਾਈ ਹੈ। ਇਹ ਬੁੱਤ ਪੂਜਾ ਤੇ ਹੋਰ ਕਰਮ ਕਾਂਡਾਂ ਨੂੰ ਮਨ੍ਹਾਂ ਕਰਦੇ ਹਨ ਜੋ ਗੁਰੂ ਨਾਨਕ ਸਾਹਿਬ ਅਤੇ ਗੁਰੂ ਗ੍ਰੰਥ ਸਾਹਿਬ ਦੇ ਆਸ਼ਿਆਂ ਦੇ ਵਿਰੁੱਧ ਹਨ। ਇਹ ਆਪਣੇ ਆਪ ਨੂੰ ਨਿਰੰਕਾਰੀ ਅਖਵਾਉਂਦੇ ਹਨ ਕਿਉਂਕਿ ਇਨ੍ਹਾਂ ਦਾ ਇਸ਼ਟ ਕੋਈ ਮੂਰਤੀ ਜਾਂ ਸਰੀਰ ਨਹੀਂ, ਰੱਬ ਨੂੰ ਨਿਰਾਕਾਰ ਰੂਪ ਮੰਨਦੇ ਹਨ।[24] ਨਿਰੰਕਾਰੀ ਸੰਪਰਦਾ ਨੇ ਗੁਰਮਤਿ ਵਿਆਹ ਵਿਚ ਸਭ ਤੋਂ ਵੱਡੀ ਤਬਦੀਲੀ ਲਿਆਂਦੀ ਸੀ। 1808 ਈ. ਵਿਚ ਸਭ ਤੋਂ ਪਹਿਲਾਂ ਸਾਹਿਬ ਦਇਆਲ ਜੀ ਨੇ ਆਪਣਾ ਵਿਆਹ ਕੇਵਲ ਸ਼ਬਦ ਕੀਰਤਨ ਤੇ ਅਰਦਾਸ ਕਰਕੇ ਕੀਤਾ।[25] ਇਸ ਤੋਂ ਬਾਅਦ ਬਾਬਾ ਦਰਬਾਰਾ ਜੀ ਨੇ ਇਕ ਇਕੱਠ 12 ਮਾਰਚ 1855 ਈ. ਨੂੰ ਬੁਲਾਇਆ। ਇਸ ਇੱਕਠ ਵਿਚ ਭਾਈ ਨਿਹਾਲ ਸਿੰਘ ਦੇ ਲੜਕੇ ਭੋਲਾ ਸਿੰਘ ਅਤੇ ਭਾਈ ਵਾਹਗੁਰੂ ਸਿੰਘ ਦੀ ਸਪੁਤਰੀ ਨਿਹਾਲ ਕੌਰ ਦਾ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਅਨੰਦ ਕਾਰਜ ਕੀਤਾ ਗਿਆ। ਰਾਵਲ ਪਿੰਡੀ ਤੇ ਹੋਰ ਨੇੜੇ ਤੇੜੇ ਦੇ ਸਿੱਖਾਂ ਵਿਚ ਅਨੰਦ ਵਿਆਹ ਦੀ ਇਹ ਪਹਿਲੀ ਰਸਮ ਸੀ।[26] ਇਸ ਲਹਿਰ ਨੇ ਸਿੱਖ ਧਰਮ ਵਿਚ ਆਈਆਂ ਕੁਰੀਤੀਆਂ ਦਾ ਬਹੁਤ ਸਖ਼ਤੀ ਨਾਲ ਵਿਰੋਧ ਕੀਤਾ, ਜਿਸ ਦਾ ਸਿੱਟਾ ਸਿੰਘ ਸਭਾ ਲਹਿਰ ਵੇਲੇ ਦੇਖਣ ਨੂੰ ਮਿਲਦਾ ਹੈ। ਡਾ. ਮਾਨ ਸਿੰਘ ਨਿਰੰਕਾਰੀ ਅਨੁਸਾਰ, ''ਗਿਆਨੀ ਦਿੱਤ ਸਿੰਘ ਅਤੇ ਭਾਈ ਜਵਾਹਰ ਸਿੰਘ ਜੀ ਨੂੰ ਜਦੋਂ ਨਿਰੰਕਾਰੀ ਵਿਚਾਰਧਾਰਾ ਦੀ ਸੂਹ ਮਿਲੀ ਤਾਂ ਇਹ ਰਾਵਲਪਿੰਡੀ ਸ੍ਰੀ ਸਾਹਿਬ ਰੱਤਾ ਜੀ (ਨਿਰੰਕਾਰੀ ਲਹਿਰ ਦੇ ਤੀਜੇ ਸੰਚਾਲਕ) ਦੀ ਹਜ਼ੂਰੀ ਵਿਚ ਪੁੱਜੇ ਅਤੇ ਨਿਰੋਲ ਗੁਰਮਤਿ ਦੇ ਪ੍ਰਚਾਰ ਤੋਂ ਪ੍ਰਭਾਵਤ ਹੋ ਕੇ ਇਨ੍ਹਾਂ ਨੇ ਵੀ ਸਿੰਘ ਸਭਾਵਾਂ ਕਾਇਮ ਕਰਕੇ ਨਿਰੰਕਾਰੀ ਰਹੁ-ਰੀਤਾਂ ਨੂੰ ਅਪਣਾ ਲਿਆ।[27] ਇਸ ਤਰ੍ਹਾਂ ਨਿਰੰਕਾਰੀ ਲਹਿਰ ਦੀ ਵਿਚਾਰਧਾਰਾ ਨੂੰ ਸਿੰਘ ਸਭਾ ਲਹਿਰ ਸਿਖ਼ਰ ਤੇ ਪਹੁੰਚਾ ਦਿੰਦੀ ਹੈ। ਇੱਕ ਇਹ ਗੱਲ ਵੀ ਧਿਆਨ ਯੋਗ ਹੈ ਕਿ ਸਿੰਘ ਸਭਾ ਲਹਿਰ ਨੇ ਨਿਰੰਕਾਰੀ ਲਹਿਰ ਦੇ ਸਾਰੇ ਅਸੂਲ, ਨਿਯਮਾਂ ਨੂੰ ਨਹੀਂ ਅਪਣਾਇਆ, ਬਲਕਿ ਕੁਝ ਨਿਯਮਾਂ ਦੇ ਵਿਰੁੱਧ ਵੀ ਸਨ, ਹੈਰਾਨੀ ਦੀ ਗੱਲ ਇਹ ਹੈ ਕਿ ਨਿਰੰਕਾਰੀ ਲਹਿਰ ਦੇ ਆਗੂਆਂ ਨੇ ਪਾਹੁਲ ਵੀ ਨਹੀਂ ਲਈ ਸੀ ਅਤੇ ਇਸ ਤੋਂ ਅਗਾਂਹ

---

[24] ਮਾਨ ਸਿੰਘ ਨਿਰੰਕਾਰੀ, ਸਿੱਖ ਧਰਮ ਤੇ ਸਿੱਖੀ, ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1981, ਪੰਨੇ 66-67.

[25] ਉਹੀ, ਪੰਨਾ 70.

[26] ਸ਼ਮਸ਼ੇਰ ਸਿੰਘ ਅਸ਼ੋਕ, ਪੰਜਾਬ ਦੀਆਂ ਲੋਕ ਲਹਿਰਾਂ, ਪੰਨਾ 14.

[27] Maan Singh, Nirankari, 'Nirankari Movement', *The Singh Sabha and other Socio-religious Movements in Punjab,* (Ed.) Dr. Ganda Singh, Punjabi University, Patiala, 1997, p. 8.

ਕੁਝ ਤਾਂ ਕੇਸ ਵੀ ਕਤਲ ਕਰਦੇ ਸਨ। ਪਰ ਪ੍ਰਿੰਸੀਪਲ ਨਿਰੰਜਨ ਸਿੰਘ ਅਨੁਸਾਰ, ''ਸ੍ਰੀ ਸਾਹਿਬ ਦਇਆਲ ਜੀ ਅਤੇ ਨਿਰੰਕਾਰੀ ਲਹਿਰ ਦੇ ਬਾਕੀ ਸੰਚਾਲਕਾਂ ਨੇ ਨਿਰੋਲ ਗੁਰਮਤਿ ਦਾ ਪ੍ਰਚਾਰ ਕਰਕੇ ਸਿੰਘ ਸਭਾ ਲਹਿਰ ਲਈ ਰਸਤਾ ਹਮਵਾਰ ਕਰ ਦਿੱਤਾ ਸੀ। ਇਸ ਲਈ ਜੇਕਰ ਨਿਰੰਕਾਰੀ ਲਹਿਰ ਨੂੰ ਸਿੰਘ ਸਭਾ ਲਹਿਰ ਦੀ ਮਾਂ ਆਖਿਆ ਜਾਵੇ ਤਾਂ ਇਸ ਵਿਚ ਕੋਈ ਅਤਿ-ਕਥਨੀ ਨਹੀਂ ਹੋਵੇਗੀ।''[28] ਡਾ. ਪਰਮਿੰਦਰ ਸਿੰਘ ਅਨੁਸਾਰ ''1850 ਈ. ਤੋਂ 1870 ਈ. ਤਕ ਨਿਰੰਕਾਰੀ ਲਹਿਰ ਦਾ ਬੇਹੱਦ ਜ਼ੋਰ ਰਿਹਾ, ਪਰ ਪਿੱਛੋਂ ਇਸ ਵੱਲ ਆਮ ਸਿੱਖਾਂ ਦੀ ਖਿੱਚ ਘੱਟ ਗਈ ਕਿਉਂ ਜੋ ਨਿਰੰਕਾਰੀ ਆਪਣੇ ਆਪ ਨੂੰ ਸਤਿਗੁਰੂ ਅਖਵਾਉਣ ਲੱਗ ਪਏ। ਦੋ ਨਿਰੰਕਾਰੀ ਗੁਰੂਆਂ ਨੇ ਗੁਰੂ ਗੋਬਿੰਦ ਸਿੰਘ ਵਾਲੀ ਸਿੱਖੀ ਵੀ ਧਾਰਨ ਨਾ ਕੀਤੀ। ਬਾਬਾ ਦਿਆਲ ਤੇ ਬਾਬਾ ਰਤਨ ਚੰਦ ਨੇ ਆਪਣੇ ਨਾਂ ਨਾਲ 'ਸਿੰਘ' ਸ਼ਬਦ ਵੀ ਨਾ ਜੋੜਿਆ। ਨਾਲੇ ਇਸ ਲਹਿਰ ਦਾ ਬਹੁਤਾ ਪ੍ਰਭਾਵ ਉੱਤਰ-ਪੱਛਮੀ ਪੰਜਾਬ ਦੀ ਸ਼ਹਿਰੀ ਵਸੋਂ ਤੱਕ ਹੀ ਸੀਮਤ ਸੀ। ਇਸ ਲਈ ਇਹ ਲਹਿਰ ਸਾਰੇ ਸਿੱਖਾਂ ਦੀ ਅਗਵਾਈ ਕਰਨ ਦੇ ਯੋਗ ਨਾ ਰਹੀ।''[29] ਅੰਤ ਵਿਚ ਇਸ ਲਹਿਰ ਬਾਰੇ ਕਹਿ ਸਕਦੇ ਹਾਂ ਕਿ ਸਿੱਖ ਧਰਮ ਵਿਚ ਆ ਚੁਕੀਆਂ ਕੁਰੀਤੀਆਂ ਵਿਰੁੱਧ ਇਸ ਲਹਿਰ ਦਾ ਜਨਮ ਹੋਇਆ ਤੇ ਇਸ ਲਹਿਰ ਨੇ ਸਿੱਖ ਧਰਮ ਵਿਚ ਪਾਖੰਡ, ਕਰਮਕਾਡਾਂ ਵਿਰੁਧ ਜੋ ਰੁਝਾਨ ਪੈਦਾ ਕੀਤਾ, ਉਸ ਰੁਝਾਨਾਂ ਨੂੰ ਪਿੱਛੋਂ ਦੀਆਂ ਲਹਿਰਾਂ ਨੇ ਹੋਰ ਪ੍ਰਫੁਲਤ ਕੀਤਾ ਸੀ।

ਨਿਰੰਕਾਰੀ ਲਹਿਰ ਦੇ ਮੱਧ ਵਿਚ ਤੇ ਸੰਨ 1857 ਈ. ਦੇ ਗ਼ਦਰ ਪਿੱਛੋਂ ਸਿੱਖਾਂ ਵਿਚ ਜੋ ਦੂਜੀ ਸੁਧਾਰਕ ਲਹਿਰ ਚੱਲੀ, ਉਹ ਨਾਮਧਾਰੀ ਲਹਿਰ ਸੀ। ਇਹ ਲਹਿਰ ਧਾਰਮਿਕ ਵੀ ਸੀ ਅਤੇ ਰਾਜਨੀਤਿਕ ਵੀ ਸੀ। ਇਸ ਲਹਿਰ ਨੂੰ ਸ਼ੁਰੂ ਕਰਨ ਵਾਲੇ ਆਗੂ ਬਾਬਾ ਬਾਲਕ ਸਿੰਘ ਤੇ ਬਾਬਾ ਰਾਮ ਸਿੰਘ ਸਨ। ਬਾਬਾ ਬਾਲਕ ਸਿੰਘ ਜੀ ਪਿੰਡ ਹਜ਼ਰੋ (ਮਰਦਾਨ) ਜ਼ਿਲ੍ਹਾ ਪਿਸ਼ੌਰ ਦੇ ਵਸਨੀਕ ਸਨ। ਆਪ ਦਾ ਜਨਮ ਸੰਮਤ 1856 ਬਿ. (ਮੁਤਾਬਿਕ ਸੰਨ 1799 ਈ.) ਵਿਚ ਪਿੰਡ ਸਰਵਾਲਾ (ਕਈ ਲੇਖਕਾਂ ਅਨੁਸਾਰ ਪਿੰਡ ਛੋਈ) ਜ਼ਿਲ੍ਹਾ ਅਟਕ ਵਿਖੇ ਭਾਈ ਦਿਆਲ ਸਿੰਘ ਦੇ ਘਰ ਹੋਇਆ ਸੀ।[30] ਬਾਬਾ ਬਾਲਕ ਸਿੰਘ ਜੀ ਨੂੰ ਬਚਪਨ ਤੋਂ ਹੀ

---

[28] ਮਾਨ ਸਿੰਘ ਨਿਰੰਕਾਰੀ, ਸਿੱਖ ਧਰਮ ਤੇ ਸਿੱਖੀ, ਪੰਨਾ 71.

[29] ਪਰਮਿੰਦਰ ਸਿੰਘ, ਸਿੰਘ ਸਭਾ ਲਹਿਰ ਦੀ ਪੰਜਾਬੀ ਸਾਹਿਤ ਨੂੰ ਦੇਣ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1987, ਪੰਨਾ 90.

[30] ਸ਼ਮਸ਼ੇਰ ਸਿੰਘ ਅਸ਼ੋਕ, ਪੰਜਾਬ ਦੀਆਂ ਲੋਕ ਲਹਿਰਾਂ, ਪੰਨਾ 56.

ਭਗਤੀ-ਭਾਵ ਦੀ ਲਿਵ ਲੱਗ ਗਈ ਸੀ। ਉਨ੍ਹਾਂ ਨੇ 'ਨਾਮ-ਅਭਿਆਸੀ ਜਿਗਿਆਸੀ ਸੰਪ੍ਰਦਾਇ' ਦਾ ਮੁੱਢ ਬੰਨਿਆ।[31] ਇਨ੍ਹਾਂ ਦੇ ਉਪਦੇਸ਼ ਦਾ ਮਕਸਦ ਪੰਥਕ ਸੁਧਾਰ ਸੀ। ਸੰਨ 1838 ਈ. ਵਿਚ ਬਾਬਾ ਬਾਲਕ ਸਿੰਘ ਦੇ ਮਿਸ਼ਨ ਨੇ ਨਵਾਂ ਰੁਖ ਪਲਟਿਆ, ਜਦੋਂ ਬਾਬਾ ਰਾਮ ਸਿੰਘ ਜੀ ਕੰਵਰ ਨੌਨਿਹਾਲ ਸਿੰਘ ਦੀ ਪਲਟਨ ਵਿਚ ਫੌਜੀ ਸੀ। ਸੰਨ 1845-46 ਈ. ਨੂੰ ਜਦੋਂ ਅੰਗਰੇਜ਼ਾਂ ਨੇ ਪੰਜਾਬ ਉੱਪਰ ਕਬਜ਼ਾ ਕਰਨ ਲਈ ਹੱਲਾ ਕੀਤਾ ਤਾਂ ਭਾਈ ਰਾਮ ਸਿੰਘ ਨੌਕਰੀ ਛੱਡ ਕੇ ਪਿੰਡ ਆ ਗਏ ਅਤੇ ਪਿਤਾ ਪੁਰਖੀ ਕਿੱਤੇ ਨਾਲ ਰੁਜ਼ਗਾਰ ਕਰਨ ਲੱਗੇ।[32]

ਜਸਵੰਤ ਸਿੰਘ ਜੱਸ ਅਨੁਸਾਰ, ''ਪੰਜਾਬ ਤੇ ਕਬਜ਼ਾ ਕਰਦਿਆਂ ਹੀ ਅੰਗਰੇਜ਼ਾਂ ਨੇ ਆਪਣਾ ਬਣਾਇਆ ਕਾਨੂੰਨ 'ਹਿੰਦ ਡੰਡਾਵਲੀ' ਪੰਜਾਬ ਵਿਚ ਲਾਗੂ ਕਰ ਦਿੱਤਾ। ਨਵੀਨ ਲੀਹਾਂ 'ਤੇ ਕੰਮ ਕਰਦੀਆਂ ਅਦਾਲਤਾਂ ਸਥਾਪਤ ਹੋ ਗਈਆਂ। ਜ਼ਮੀਨਾਂ ਦੇ ਬੰਦੋਬਸਤ ਸ਼ੁਰੂ ਹੋ ਗਏ। ਸਰਕਾਰੀ ਉਚੇ ਅਹੁਦੇ, ਸਾਰੇ ਅੰਗਰੇਜ਼ਾਂ ਪਾਸ ਚਲੇ ਗਏ। ਛੋਟੀਆਂ ਨੌਕਰੀਆਂ ਜਿਵੇਂ ਪਟਵਾਰੀ, ਮੁਨਸ਼ੀ, ਦਫ਼ਤਰਾਂ ਦੇ ਬਾਬੂ ਤਿਆਰ ਕਰਨ ਵਾਸਤੇ ਸਰਕਾਰੀ ਸਕੂਲ ਖੋਲ੍ਹੇ ਗਏ। ਆਪਣੀ ਭਾਂਤ ਦਾ ਡਾਕ ਪ੍ਰਬੰਧ ਚਾਲੂ ਕੀਤਾ। ਈਸਾਈ ਧਰਮ ਪ੍ਰਚਾਰ ਵਾਸਤੇ ਆਮ ਸ਼ਹਿਰਾਂ ਵਿਚ ਚਰਚ ਬਣ ਗਏ। ਮਿਸ਼ਨ ਸਕੂਲ ਤੇ ਮਿਸ਼ਨ ਹਸਪਤਾਲ ਖੁਲਣੇ ਸ਼ੁਰੂ ਹੋ ਗਏ। ਵੇਖੋ ਵੇਖੀ ਅੰਗਰੇਜ਼ੀ ਪਹਿਰਾਵੇ ਦਾ ਰਿਵਾਜ਼ ਪੈਣਾ ਸ਼ੁਰੂ ਹੋ ਗਿਆ। ਬਾਜ਼ਾਰ ਵਿਚ ਇੰਗਲੈਂਡ ਦਾ ਕਪੜਾ ਆਮ ਹੋ ਗਿਆ। ਇਸ ਤਰ੍ਹਾਂ ਹੌਲੀ-ਹੌਲੀ ਪੰਜਾਬੀਆਂ ਦੀ ਰਾਜਨੀਤਿਕ, ਸਮਾਜਕ ਅਤੇ ਸਭਿਆਚਾਰਕ ਸੋਚ ਵਿਚ ਪਰਿਵਰਤਨ ਆਉਣ ਲੱਗ ਪਿਆ।''[33] ਇਹ ਸਾਰੇ ਪਰਿਵਰਤਨ ਬਾਬਾ ਰਾਮ ਸਿੰਘ ਅਨੁਸਾਰ ਗ਼ੁਲਾਮੀ ਦੇ ਸੂਚਕ ਸਨ। ਡਾ. ਗੁਰਬਚਨ ਸਿੰਘ ਨਈਅਰ ਅਨੁਸਾਰ ''ਅਸਲ ਵਿਚ ਬਾਬਾ ਰਾਮ ਸਿੰਘ ਦੀ ਨੀਤੀ ਦਾ ਧੁਰਾ ਇਹ ਸੀ ਕਿ ਪੰਜਾਬ ਵਿਚ ਲੋਕਾਂ ਦੇ ਆਚਰਨ ਵਿਚ ਭਿੰਨ-ਭਿੰਨ ਪੱਖਾਂ ਤੋਂ ਆਏ ਪਤਨ ਨੂੰ ਸੁਧਾਰਨ ਉਪਰੰਤ ਪੰਜਾਬੀਆਂ ਦੀ ਲੋਕ ਸ਼ਕਤੀ ਨੂੰ ਸੁਤੰਤਰਤਾ ਪ੍ਰਾਪਤੀ ਵੱਲ ਲਾਇਆ ਜਾ ਸਕੇ''।[34] Duncan Greenlees ਦੀ ਕਿਤਾਬ *The Gospel of Guru Granth Sahib* ਅਨੁਸਾਰ ''ਬਾਬਾ ਰਾਮ ਸਿੰਘ ਜੀ ਨੇ ਨਾਮਧਾਰੀ ਲਹਿਰ ਦਾ ਮੁੱਢ ਪਟਿਆਲੇ ਦੇ ਮਹਾਰਾਜਾ ਨਰਿੰਦਰ ਸਿੰਘ (ਜਨਮ: 1824 ਈ., ਮ੍ਰਿਤੂ 1862 ਈ.) ਦੀ ਪ੍ਰੇਰਣਾ ਨਾਲ ਬੰਨ੍ਹਿਆ ਜਿਹੜਾ ਮੂਲ ਰੂਪ ਵਿਚ ਰਣਜੀਤ ਸਿੰਘ ਰਾਜ ਦੇ ਸਮੇਂ ਦੇ ਪਦਾਰਥਵਾਦੀ

---

[31] ਉਹੀ, ਪੰਨਾ 57.

[32] ਗੰਡਾ ਸਿੰਘ, 'ਕੂਕਾ (ਨਾਮਧਾਰੀ) ਲਹਿਰ,' ਪੰਜਾਬ, ਪੰਨਾ 99.

[33] ਜਸਵੰਤ ਸਿੰਘ ਜੱਸ, ਬਾਬਾ ਰਾਮ ਸਿੰਘ ਨਾਮਧਾਰੀ, ਨਿਊ ਬੁੱਕ ਕੰਪਨੀ, ਜਲੰਧਰ, 1987, ਪੰਨਾ 42.

[34] ਪਰਮਿੰਦਰ ਸਿੰਘ, ਸਿੰਘ ਸਭਾ ਲਹਿਰ ਦੀ ਪੰਜਾਬੀ ਸਾਹਿਤ ਨੂੰ ਦੇਣ, ਪੰਨਾ 92.

ਐਸ਼ਵਰਜ਼ ਦਾ ਪ੍ਰਤੀਕਰਮ ਸੀ। ਉਨ੍ਹਾਂ ਦਾ ਜ਼ੋਰ ਸਾਦਾ ਜੀਵਨ ਜੀਉਣ, ਭਗਤੀ ਅਤੇ ਨਾਮ ਸਿਮਰਨ ਉੱਤੇ ਸੀ। ਉਹ ਫ਼ਲਸਫ਼ੇ ਤੇ ਭਾਸ਼ਨਕਾਰੀ ਦੇ ਵਿਰੁੱਧ ਸਨ। ਇਸ ਨਾਲ ਸਿੱਖੀ ਦੇ ਵੇਦਾਂਤ ਵੱਲ ਮੋੜੇ ਨੂੰ ਠੱਲ੍ਹ ਪੈ ਗਈ।[35] ਬਾਬਾ ਰਾਮ ਸਿੰਘ ਦੇ ਚਿੰਤਨ ਦਾ ਖੇਤਰ ਆਮ ਕਰਕੇ ਅਧਿਆਤਮਿਕ ਰਿਹਾ। ਸਮਾਜਕ ਜਾਂ ਰਾਜਸੀ ਖੇਤਰ ਦੀ ਗੱਲ ਆਪ ਕਰਦੇ ਜ਼ਰੂਰ ਸਨ ਪਰੰਤੂ ਉਹ ਵੀ ਅਧਿਆਤਮਿਕ ਛੁਹ ਦੀ ਉਪਜ ਸੀ। ਆਪ ਮਨੁੱਖ ਦੀਆਂ ਸਮਾਜਕ ਤੇ ਰਾਜਨਤਿਕ ਸਮੱਸਿਆਵਾਂ ਦੇ ਹੱਲ ਅਜਿਹੇ ਤਜਵੀਜ਼ ਕਰਦੇ ਸਨ, ਜਿਨ੍ਹਾਂ ਦੀ ਉਪਜ ਸ਼ਾਇਦ ਨਾਮ ਸਿਮਰਨ ਦੇ ਅਭਿਆਸ ਤੋਂ ਬਿਨਾਂ ਅਧੂਰੀ ਰਹਿ ਜਾਵੇ।[36] ਉਨ੍ਹਾਂ ਨੇ ਨਿਰੰਕਾਰੀ ਸੰਪਰਦਾ ਵਾਂਗ ਹੀ ਸਮਾਜ ਸੁਧਾਰ ਤੇ ਸਿੱਖ ਧਰਮ ਦੀਆਂ ਕੁਰੀਤੀਆਂ ਨੂੰ ਖਤਮ ਕਰਨ ਦਾ ਯਤਨ ਕੀਤਾ, ਜਿਵੇਂ: ਨਸ਼ਿਆਂ ਦਾ ਸੇਵਨ ਬੰਦ ਕਰਨਾ, ਵਿਆਹ ਸ਼ਾਦੀ ਦੀਆਂ ਰਸਮਾਂ ਨੂੰ ਸਰਲ ਕਰਨਾ, ਇਸਤਰੀ ਨੂੰ ਪੁਰਸ਼ ਨਾਲ ਬਰਾਬਰਤਾ ਦੇਣੀ, ਮੜ੍ਹੀਆਂ ਮਸਾਣਾਂ ਦੀ ਪੂਜਾ ਬੰਦ ਕਰਨੀ ਇਤਿਆਦੀ ਉਸਾਰੂ ਪ੍ਰੋਗਰਾਮ ਸਮਾਜ ਦੀ ਝੋਲੀ ਪਾਏ ਸਨ।[37] ਉਨ੍ਹਾਂ ਦਾ ਸਿੱਖ ਧਰਮ ਨੂੰ ਸਦੀਆਂ ਤੋਂ ਪ੍ਰਚਲਤ ਬ੍ਰਾਹਮਣੀ ਸੰਸਕਾਰਾਂ ਤੋਂ ਸੁਤੰਤਰ ਕਰਨ ਦਾ ਯਤਨ ਸਲਾਹੁਣ ਯੋਗ ਹੈ, ਪਰੰਤੂ ਕਈ ਹਿੰਦੂ ਰੀਤਾਂ ਜਿਵੇਂ ਹਵਨ ਕਰਨਾ, ਵਿਆਹ ਸਮੇਂ ਵੇਦੀ ਨਾਲ ਫੇਰੇ ਦੇਣੇ, ਕਿਰਿਆ ਕਰਮ ਕਰਨੇ ਆਦਿ ਨੂੰ ਜਿਉਂ ਦਾ ਤਿਉਂ ਰਹਿਣ ਦੇਣ ਨਾਲ ਸਿੱਖ ਸਮਾਜ ਅੰਦਰ ਕਈ ਪ੍ਰਕਾਰ ਦੀਆਂ ਗਲਤ ਫ਼ਹਿਮੀਆਂ ਉਤਪੰਨ ਹੁੰਦੀਆਂ ਰਹੀਆਂ ਹਨ। ਜਿਨ੍ਹਾਂ ਨੂੰ ਦੂਰ ਕਰਨ ਵਾਸਤੇ ਬਾਅਦ ਵਿਚ ਸਿੰਘ ਸਭਾ ਲਹਿਰ ਹੋਂਦ ਵਿਚ ਆਈ।[38] ਜੇਕਰ ਇਸ ਲਹਿਰ ਦੇ ਪਤਨ ਵਲ ਵੇਖਿਆ ਜਾਵੇ ਤਾਂ ਡਾ. ਗੰਡਾ ਸਿੰਘ ਅਨੁਸਾਰ, ''ਕੁਝ ਤਾਂ ਆਪ ਤੇ ਕੁਝ ਕੁ ਜ਼ਿਆਦਾ ਜੋਸ਼ੀਲੇ ਕੂਕਿਆਂ ਦੀਆਂ ਬੁਚੜਮਾਰ ਮੁਹਿੰਮਾਂ ਨੇ ਰੁਕਾਵਟਾਂ ਲਿਆ ਖੜ੍ਹੀਆਂ ਕੀਤੀਆਂ ਅਤੇ ਕੁਝ ਉਨ੍ਹਾਂ ਦੀ ਭਾਈ ਰਾਮ ਸਿੰਘ ਨੂੰ ਗੁਰੂ ਪ੍ਰਸਿੱਧ ਕਰਨ ਦੀ ਅਯੋਗ ਤੇ ਇਤਿਹਾਸ-ਵਿਰੁੱਧ ਲਾਲਸਾ ਨੇ ਆਮ ਸਿੱਖ ਪੰਥ ਵਿਚ ਆਪ ਲਈ ਵਿਰੋਧ ਖੜਾ ਕਰ ਦਿੱਤਾ ਤੇ ਤਖਤਾਂ ਤੋਂ ਕੂਕਿਆਂ ਦੇ ਵਿਰੁੱਧ ਹੁਕਮਨਾਮੇਂ ਜਾਰੀ ਹੋ ਗਏ''।[39] ਸਿੱਖ ਧਰਮ ਵਿਰੁੱਧ ਇਨ੍ਹਾਂ ਅਯੋਗ ਗੱਲਾਂ ਵਿਚ ਹਵਨ, ਵਿਆਹ ਅਤੇ ਮੌਤ ਸਮੇਂ ਬ੍ਰਾਹਮਣਾਂ ਦੀ ਵੇਦੀ, ਪਿੰਡ, ਪੱਤਲ, ਕਿਰਿਆ, ਗਊ

---

[35] ਏ. ਸੀ. ਅਰੋੜਾ (ਸੰਪਾ.), ਪੰਜਾਬ ਦੀਆਂ ਲਹਿਰਾਂ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1996, ਪੰਨਾ 35.

[36] ਜਸਵੰਤ ਸਿੰਘ ਜੱਸ, ਬਾਬਾ ਰਾਮ ਸਿੰਘ ਨਾਮਧਾਰੀ, ਪੰਨੇ, 215-216.

[37] ਉਹੀ, ਪੰਨਾ 217.

[38] ਉਹੀ, ਪੰਨਾ 221.

[39] ਗੰਡਾ ਸਿੰਘ, ਕੂਕਿਆਂ ਦੀ ਵਿਥਿਆ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2000, ਪੰਨਾ 188.

ਪੁੰਨ ਅਤੇ ਹਿੰਦੂ ਰਸਮਾਂ ਤਿਉਹਾਰਾਂ ਨੂੰ ਮਨਾਉਣਾ ਆਦਿਕ ਸੀ। ਬਾਬਾ ਰਾਮ ਸਿੰਘ ਨੇ ਆਪਣਾ ਆਖਰੀ ਸਮਾਂ ਜਲਾਵਤਨੀ ਵਿਚ ਕੱਟਿਆ ਤੇ ਸੰਨ 1885 ਈ. ਵਿਚ ਰੰਗੂਨ ਦੇ ਸਥਾਨ ਤੇ ਉਨ੍ਹਾਂ ਦੇਹਾਂਤ ਹੋ ਗਿਆ।[40] ਜੇਕਰ ਇਸ ਲਹਿਰ ਦੇ ਆਉਣ ਨਾਲ ਸਿੱਖ ਅਧਿਐਨ ਵਿਚ ਆਏ ਰੁਝਾਨ ਦੀ ਗੱਲ ਕਰੀਏ ਤਾਂ ਇਸ ਲਹਿਰ ਵਿਚ ਲਿਖੇ ਗਏ ਸਾਹਿਤ ਬਾਰੇ ਜਸਵੰਤ ਸਿੰਘ ਜੱਸ ਇੰਝ ਲਿਖਦੇ ਹਨ, ''ਕੂਕਾ ਜਥੇਬੰਦੀ ਦੇ ਕਾਇਮ ਹੁੰਦਿਆਂ ਹੀ ਬੰਦਸ਼ਾਂ ਤੇ ਨਿਗਰਾਨੀਆਂ ਦਾ ਸਮਾਂ ਸ਼ੁਰੂ ਹੋ ਗਿਆ। ਇਸ ਸਮੇਂ ਦੀਆਂ ਔਕੜਾਂ ਤੇ ਕਠਨਾਈਆਂ ਬਾਰੇ ਪੰਜਾਬ ਵਿਚ ਜ਼ਰੂਰ ਸਾਹਿਤ ਰਚਿਆ ਗਿਆ ਹੋਵੇਗਾ। ਨਾਮਧਾਰੀ ਲਹਿਰ ਨਾਲ ਸੰਬੰਧਤ ਲਿਖਾਰੀਆਂ ਦੀਆਂ ਸਾਰੀਆਂ ਲਿਖਤਾਂ ਸਾਹਮਣੇ ਨਹੀਂ ਆਈਆਂ। ਜਾਪਦਾ ਹੈ ਕਿ ਅੰਗਰੇਜ਼ੀ ਸਰਕਾਰ ਦੀਆਂ ਸਖ਼ਤੀਆਂ ਕਾਰਨ ਬਹੁਤ ਸਾਰਾ ਸਾਹਿਤ ਤਲਾਸ਼ੀਆਂ ਵੇਲੇ, ਭਜੋ-ਨਸੀ ਵੇਲੇ ਖੁਰਦ-ਬੁਰਦ ਹੋ ਗਿਆ। ਹਾਂ ਕੁਝ ਲੋਕ ਗੀਤ ਜੋ ਲਿਖਤ ਵਿਚ ਨਾ ਆਉਣ ਕਰਕੇ ਬਚ ਗਏ ਤੇ ਲੋਕਾਂ ਦੀਆਂ ਜ਼ੁਬਾਨਾਂ 'ਤੇ ਖੇਡਦੇ ਮੱਲ੍ਹਦੇ ਅੱਜ ਤੀਕ ਕਾਇਮ ਰਹਿ ਸਕੇ ਹਨ। ਇਨ੍ਹਾਂ ਗੀਤਾਂ ਦੀ ਘਾੜਤ ਸਮੇਂ ਸਿਰ ਬਦਲਦੇ ਹਾਲਾਤ ਨਾਲ ਹੁੰਦੀ ਰਹੀ ਅਤੇ ਇਹ ਆਪਣੇ ਸਮੇਂ ਦੇ ਰਾਜਸੀ, ਧਾਰਮਕ, ਸਮਾਜਕ ਤੇ ਹੋਰ ਹਾਲਾਤਾਂ ਉੱਤੇ ਕਾਫ਼ੀ ਚਾਨਣ ਪਾਉਂਦੇ ਹਨ।[41] ਕੂਕਾ ਲਹਿਰ ਬਾਰੇ ਲੋਕ ਗੀਤਾਂ ਵਿਚੋਂ ਇਕ ਗੀਤ ਇਸ ਤਰ੍ਹਾਂ ਮਿਲਦਾ ਹੈ:

> ਕੂਕਿਆਂ ਦਾ ਪੰਥ ਨਿਰਾਲਾ।
> ਹੱਥਾਂ ਦੇ ਵਿਚ ਗੜਵੇ ਰਖਦੇ,
> ਗਲ ਵਿਚ ਉੱਨ ਦੀ ਮਾਲਾ।
> ਅੰਗਰੇਜ਼ਾਂ ਦੀ ਈਨ ਨਾ ਮੰਨਦੇ।
> ਮੰਗਿਆਂ ਦੇਣ ਨਾ ਹਾਲਾ।
> ਰਾਜ ਅੰਗਰੇਜ਼ਾਂ ਦਾ,
> ਚੰਦ ਰੋਜ਼ ਦਾ ਚਾਲਾ।।[42]

ਇਸ ਲਹਿਰ ਨਾਲ ਸਿੱਖਾਂ ਵਿਚ ਅੰਗਰੇਜ਼ਾਂ ਦੀ ਗ਼ੁਲਾਮੀ ਦੇ ਵਿਰੁੱਧ ਜਾਗਰੂਕਤਾ ਪੈਦਾ ਹੋਈ ਤੇ ਅੰਗਰੇਜ਼ ਵਿਰੋਧੀ ਸਾਹਿਤ ਪੈਦਾ ਹੋਇਆ। ਹਰੇਕ ਲਹਿਰ ਦੁਨਿਆਵੀ ਵਾਤਾਵਰਣ ਤੋਂ

---

[40] ਉਹੀ, ਪੰਨਾ 123.

[41] ਜਸਵੰਤ ਸਿੰਘ ਜੱਸ, ਬਾਬਾ ਰਾਮ ਸਿੰਘ ਨਾਮਧਾਰੀ, ਪੰਨੇ 222-223.

[42] ਉਹੀ, ਪੰਨਾ 152.

ਪੈਦਾ ਹੋਏ ਕਾਰਨਾਂ ਤੋਂ ਉਗਮਦੀ ਹੈ ਅਤੇ ਆਲੇ-ਦੁਆਲੇ ਤੋਂ ਪ੍ਰਭਾਵ ਲੈਂਦੀ ਹੋਈ ਆਪਣੇ ਨਿੱਜੀ ਪ੍ਰਭਾਵ ਇਤਿਹਾਸ ਦੇ ਪੰਨਿਆਂ 'ਤੇ ਅੰਕਿਤ ਕਰਨ ਲਈ ਛੱਡ ਜਾਂਦੀ ਹੈ।

ਨਾਮਧਾਰੀ ਤੇ ਦਸਮ ਗ੍ਰੰਥ

ਨਾਮਧਾਰੀਆਂ ਦੀਆਂ ਕਾਰਵਾਈਆਂ ਅਤੇ ਇਨ੍ਹਾਂ ਦੇ ਦਸਮ ਗ੍ਰੰਥ ਉੱਪਰ ਨਿਰਭਰਤਾ ਕਾਰਨ 1868 ਈ. ਵਿਚ ਸੂਚਨਾ ਤੇ ਵਿਦਿਆ ਵਾਸਤੇ ਬ੍ਰਿਟਿਸ਼ ਏਜੰਸੀ ਕਾਇਮ ਹੋਈ, ਜਿਸਦੇ ਮੈਂਬਰ ਸ਼ਰਧਾ ਰਾਮ ਫਿਲੌਰੀ, ਜਾਹਨ ਨਿਊਟਨ, ਡੀ.ਐੱਫ਼ ਮੈਕਲਊਡ, ਜੀ. ਡਬਲਿਊ ਲਾਇਟਨਰ, ਈ. ਟ੍ਰੰਪ, ਅਤਰ ਸਿੰਘ ਭਦੌੜ ਅਤੇ ਗ੍ਰਿਫਿਨ ਸਨ। ਇਹਨਾਂ ਨੇ ਇਹ ਸਵਾਲ ਉਠਾਏ-

1) ਕੀ ਦਸਮ ਗ੍ਰੰਥ ਪਵਿਤਰ ਸਿੱਖ ਧਰਮ ਗ੍ਰੰਥ ਹੈ?
2) ਗੁਰੂ ਗੋਬਿੰਦ ਸਿੰਘ ਦੀ ਸਾਰਥਿਕਤਾ ਕੀ ਹੈ?
3) ਦਸਮ ਗ੍ਰੰਥ ਸਿੱਖ ਰਾਜ ਵਾਸਤੇ ਕਿਵੇਂ ਲਾਭਦਾਇਕ ਹੋ ਸਕਦਾ ਹੈ? ਅਤੇ ਕੀ ਸਿੱਖਿਅਤ ਸਿੱਖ ਪੈਦਾ ਕੀਤੇ ਜਾ ਸਕਦੇ ਹਨ?

ਪਹਿਲੇ ਦਾ ਜੁਆਬ ਨਾਂਹ ਪੱਖੀ ਸੀ, ਟ੍ਰੰਪ ਰਹਿਤਨਾਮਿਆਂ ਨੂੰ ਸਿੱਖ ਧਰਮ ਦਾ ਵਰਣਨ ਕਰਨ ਲੱਗਿਆਂ ਆਧਾਰ ਮੰਨਦਾ ਹੈ। ਅਤਰ ਸਿੰਘ ਭਦੌੜ ਨੇ ਭਾਈ ਨੰਦ ਲਾਲ ਤੇ ਪ੍ਰਹਲਾਦ ਸਿੰਘ ਦੇ ਰਹਿਤਨਾਮਿਆਂ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਧਰਮ ਤੇ ਸਿਧਾਂਤਾਂ ਦਾ ਅਧਾਰ ਮੰਨਿਆ। ਟ੍ਰੰਪ, ਅਤਰ ਸਿੰਘ ਤੇ ਗ੍ਰਿਫਿਨ ਵਾਸਤੇ ਰਹਿਤਨਾਮੇ ਦਸਮ ਗ੍ਰੰਥ ਤੋਂ ਜ਼ਿਆਦਾ ਅਹਿਮ ਸਨ।[43] ਦੂਜੇ ਸੁਆਲ ਦਾ ਜੁਆਬ ਅੰਸ਼ਿਕ ਤੌਰ 'ਤੇ ਹਾਂ ਵਾਚੀ ਸੀ। ਸਿੱਖਾਂ ਲਈ ਗੁਰੂ ਗੋਬਿੰਦ ਸਿੰਘ ਜੀ ਸਾਰਥਕ ਸਨ ਅਤੇ ਅੰਗਰੇਜ਼ਾਂ ਨੂੰ ਸਿੱਖ ਫੌਜੀਆਂ ਦੀ ਜ਼ਰੂਰਤ ਸੀ, ਪਰ ਪੌਰਾਣਿਕ, ਕੁਰਾਣਿਕ ਗੁਰੂ ਗੋਬਿੰਦ ਸਿੰਘ ਅਤੇ ਸਿੱਖ ਸਾਹਿਤ ਵਾਲੇ ਗੁਰੂ ਨਾਨਕ ਜੀ, ਗੁਰੂ ਗੋਬਿੰਦ ਸਿੰਘ ਜੀ ਵਿਚ ਅੰਤਰ ਕੀਤਾ ਗਿਆ। ਤੀਜੇ ਸੁਆਲ ਨੂੰ ਗੁਰੂ ਨਾਨਕ ਸਾਹਿਬ ਦੇ ਗ੍ਰੰਥ (ਗੁਰੂ ਗ੍ਰੰਥ ਸਾਹਿਬ) ਨੂੰ ਸਮਝੌਤਾਵਾਦੀ ਸਮਝੇ ਜਾਣ ਕਾਰਨ ਹੱਲ ਕਰ ਲਿਆ ਗਿਆ। ਇਉਂ ਪਤਾ ਲਗਦਾ ਹੈ ਕਿ ਦਸਮ ਗ੍ਰੰਥ ਦੀਆਂ ਧਰਮ ਯੁੱਧ ਬਾਰੇ ਰਚਨਾਵਾਂ ਦੇ ਅਧਿਐਨ ਨੂੰ ਨਿਰਉਤਸ਼ਾਹਿਤ ਕੀਤਾ ਗਿਆ ਅਤੇ ਇਸ ਵਾਸਤੇ ਸਰਕਾਰ ਦੇ ਹਿਤੈਸ਼ੀਆਂ ਨੇ

[43] ਡਾ. ਰਾਏ ਜਸਬੀਰ ਸਿੰਘ, ਸਿੱਖ ਧਰਮ ਦੇ ਮੁਢਲੇ ਸਰੋਤ (ਇਤਿਹਾਸਿਕ-ਸਾਹਿਤਕ ਅਧਿਐਨ), ਕੇ.ਜੀ. ਗ੍ਰਾਫ਼ਿਕਸ, ਅੰਮ੍ਰਿਤਸਰ, 2013, ਪੰਨੇ 60-65.

ਵਿਸ਼ੇਸ਼ ਤਰ੍ਹਾਂ ਦਾ ਸਿੱਖ ਇਤਿਹਾਸ ਸਿਰਜ ਕੇ ਅਤੇ ਦਸਮ ਗ੍ਰੰਥ ਦੀ ਥਾਂ ਰਹਿਤਨਾਮਿਆਂ ਨੂੰ ਪ੍ਰਮੁਖਤਾ ਦੇਣ ਦੇ ਖ਼ਾਸ ਯਤਨ ਕੀਤੇ।[44] ਇਸ ਤੋਂ ਅੰਗਰੇਜ਼ੀ ਸਰਕਾਰ ਦਾ ਸਿੱਖ ਧਰਮ, ਆਦਿ ਗ੍ਰੰਥ, ਦਸਮ ਗ੍ਰੰਥ ਤੇ ਕੂਕਿਆਂ ਪ੍ਰਤੀ ਰਵੱਈਏ ਦਾ ਪਤਾ ਲਗਦਾ ਹੈ। ਸਰਕਾਰ ਕੂਕਿਆਂ ਦੇ ਵਿਦਰੋਹ ਤੋਂ ਏਨੀ ਡਰ ਗਈ ਸੀ ਕਿ ਉਹ ਦਸਮ ਗ੍ਰੰਥ ਨੂੰ ਮਾਨਤਾ ਦੇਣ ਦੇ ਵਿਰੁੱਧ ਸੀ ਅਤੇ ਉਸ ਦੇ ਖ਼ੈਰ-ਖ਼ਵਾਹ ਵੀ ਇਸ ਕਾਰਜ ਵਿਚ ਮਦਦ ਕਰ ਰਹੇ ਸਨ।[45] ਦਸਮ ਗ੍ਰੰਥ ਬਾਰੇ ਅੰਗਰੇਜ਼ਾਂ ਦੇ ਡਰ ਵਿਚੋਂ ਹੀ ਇਹ ਦਸਮ ਗ੍ਰੰਥ ਵਿਰੋਧੀ ਰੁਝਾਨ ਸ਼ੁਰੂ ਹੋਇਆ।

ਯੂਰਪੀਅਨ ਲਿਖਾਰੀ, ਈਸਾਈ ਮਿਸ਼ਨਰੀ ਤੇ ਸਿੱਖ

ਪ੍ਰਾਚੀਨ ਰਵਾਇਤ ਅਨੁਸਾਰ ਮਸੀਹੀਅਤ ਦਾ ਪੰਜਾਬ ਨਾਲ ਸੰਬੰਧ ਪਹਿਲੀ ਸਦੀ ਤੋਂ ਹੀ ਹੈ, ਜਿਸ ਦੀ ਪੁਸ਼ਟੀ ਬਾਈਬਲ ਵਿਚਲੀ ਮੱਤੀ ਦੀ ਪੁਸਤਕ ਤੋਂ ਹੁੰਦੀ ਹੈ। ਸੰਤ ਥਾਮਸ ਪੰਜਾਬ ਦੀ ਧਰਤੀ 'ਤੇ ਆਇਆ ਸੀ ਤੇ ਉਸ ਨੇ ਇੱਥੋਂ ਦੇ ਉਸ ਸਮੇਂ ਦੇ ਰਾਜੇ ਗੋਂਦਾਫੋਰਸ ਦੇ ਭਰਾ ਗਾਦ ਨੂੰ ਈਸਾਈ ਬਣਾ ਲਿਆ ਸੀ। ਜੇਮਜ ਮੈਸੀ ਅਨੁਸਾਰ, ''ਇਤਿਹਾਸਿਕ ਗਵਾਹੀਆਂ ਇਹ ਸਿੱਧ ਕਰਦੀਆਂ ਹਨ ਕਿ ਇਹ ਸੰਬੰਧ ਸਭ ਤੋਂ ਪਹਿਲਾਂ ਪੰਜਾਬ ਦੀ ਧਰਤੀ ਨਾਲ ਸਥਾਪਿਤ ਹੋਇਆ। ਇਸ ਪੁਸਤਕ ਵਿਚ ਜਿਸ ਰਾਜਾ ਗੋਂਦਾਫੋਰਸ ਅਤੇ ਉਸ ਦੇ ਭਰਾ ਗਾਦ ਦਾ ਨਾਂ ਆਇਆ ਹੈ, ਉਹ ਦੋਵੇਂ ਇਤਿਹਾਸਿਕ ਵਿਅਕਤੀ ਹਨ। 1834 ਈ. ਵਿਚ ਪੰਜਾਬ ਅਤੇ ਅਫ਼ਗ਼ਾਨਿਸਤਾਨ ਵਿਚੋਂ ਕੁਝ ਪੁਰਾਣੇ ਸਿੱਕੇ ਮਿਲੇ ਹਨ, ਜੋ ਪਹਿਲੀ ਸਦੀ ਦੇ ਪਹਿਲੇ ਅੱਧ ਦੇ ਹਨ। ਇਕ ਖ਼ਾਸ ਪੱਥਰ ਵੀ ਮਿਲਿਆ ਹੈ, ਜਿਸ ਦਾ ਨਾਂ ਤਖਤ-ਏ-ਬਾਹੀ ਹੈ। ਇਸ ਪੱਥਰ ਤੇ ਰਾਜਾ ਗੋਂਦਾਫੋਰਸ ਦਾ ਨਾਂ ਅਤੇ ਸੰਨ 46 ਦੀ ਤਰੀਕ ਉਕਰੀ ਹੋਈ ਹੈ।''[46] ਮਸੀਹੀਅਤ ਅਤੇ ਪੰਜਾਬ ਦੇ ਸੰਬੰਧ ਦੇ ਅਗਲੇ ਪੜ੍ਹਾਅ ਦੀ ਝਲਕ ਸਾਨੂੰ ਸਤਾਰਵੀਂ ਸਦੀ ਵਿਚ ਮੁਗ਼ਲ ਬਾਦਸ਼ਾਹ ਅਕਬਰ ਦੇ ਕਾਲ ਵਿਚ ਦਿਖਾਈ ਦਿੰਦੀ ਹੈ। ਬਾਦਸ਼ਾਹ ਅਕਬਰ ਦੇ ਰਾਜ ਕਾਲ ਵਿਚ ਕੁਝ ਰੋਮਨ ਕੈਥੋਲਿਕ ਵਿਸ਼ਵਾਸ ਸੰਗਤ ਦੇ ਮਿਸ਼ਨਰੀ ਉੱਤਰੀ ਭਾਰਤ ਵਿਚ ਆਏ ਸਨ। ਉਨ੍ਹਾਂ ਦੇ ਕੁਝ ਕੁ ਕੰਮਾਂ ਦੇ ਸੰਕੇਤ ਦਿੱਲੀ ਅਤੇ ਲਾਹੌਰ ਵਿਚ

---

[44] ਉਹੀ, ਪੰਨੇ 65-66.

[45] ਉਹੀ, ਪੰਨਾ 66.

[46] ਜੇਮਜ ਮੇਸੀ, ਮਸੀਹੀਅਤ: ਇਕ ਪਰਿਚਯ, ਸੀ. ਆਈ. ਐਸ. ਐਸ, ਬਟਾਲਾ, 1976, ਪੰਨਾ 18.

ਮਿਲਦੇ ਹਨ।[47] ਇਸ ਤਰ੍ਹਾਂ ਬਾਅਦ ਵਿਚ ਹੌਲੀ-ਹੌਲੀ ਈਸਾਈ ਮਿਸ਼ਨਰੀ ਭਾਰਤ ਤੋਂ ਪੰਜਾਬ ਬਾਰੇ ਜਾਣਕਾਰੀ ਇਕੱਠੀ ਕਰਦੇ ਰਹਿੰਦੇ ਰਹੇ ਹਨ। ਪਰ ਈਸਾਈ ਮਿਸ਼ਨਰੀਆਂ ਦਾ ਪੰਜਾਬ ਪ੍ਰਵੇਸ਼ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਹੀ ਹੁੰਦਾ ਹੈ। ਪੰਜਾਬ ਵਿਚ ਪ੍ਰਵੇਸ਼ ਕਰਨ ਮਗਰੋਂ ਈਸਾਈ ਮਿਸ਼ਨਰੀਆਂ ਦੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਤੋਂ ਪਹਿਲਾਂ ਇਹ ਸਮਝ ਲੈਣਾ ਬੜਾ ਜ਼ਰੂਰੀ ਹੈ ਕਿ ਇਹ ਮਿਸ਼ਨਰੀ ਕਿਸੇ ਇਕ ਸਥਾਨ ਜਾਂ ਦੇਸ਼ ਤੋਂ ਇੱਥੇ ਨਹੀਂ ਆਏ ਸਨ। ਜੇਕਰ ਈਸਾਈ ਮਿਸ਼ਨਰੀਆਂ ਦੀ ਪੰਜਾਬ ਆਮਦ ਵੱਲ ਦੇਖੀਏ ਤਾਂ 5 ਨਵੰਬਰ 1834 ਈ. ਨੂੰ ਡਾ. ਲੌਰੀ ਲੁਧਿਆਣੇ ਪਹੁੰਚਿਆ ਸੀ।[48] ਇਸ ਤੋਂ ਬਾਅਦ 18 ਦਸੰਬਰ 1835 ਈ. ਨੂੰ ਜੇਮਜ਼ ਵਿਲਸਨ ਤੇ ਜਾਨ ਨਿਊਟਨ ਆਪਣੀਆਂ ਪਤਨੀਆਂ ਸਮੇਤ ਲੁਧਿਆਣੇ ਪਹੁੰਚੇ ਸਨ।[49] ਮਿਸਟਰ ਲੌਰੀ ਦੇ ਹੁਕਮ ਦੀ ਪਾਲਣਾ ਕਰਦਿਆਂ ਹੋਇਆ ਮਿਸ਼ਨਰੀਆਂ ਨੇ 1836 ਈ. ਤੋਂ 1847 ਈ. ਤੱਕ ਪ੍ਰਚਾਰ ਕਾਰਜ ਦੀ ਤੋਰ ਮੱਠੀ ਰੱਖੀ, ਪਰ ਮਗਰੋਂ ਇਸ ਕੰਮ ਨੂੰ ਤੇਜ਼ੀ ਨਾਲ ਸ਼ੁਰੂ ਕਰ ਦਿੱਤਾ।[50] ਅੰਗਰੇਜ਼ਾਂ ਦੇ ਕਈ ਅਫ਼ਸਰ ਅਤੇ ਕਈ ਅੰਗਰੇਜ਼ ਯਾਤਰੀ ਵੀ ਸ਼ਾਮਿਲ ਸਨ, ਜਿਨ੍ਹਾਂ ਦਾ ਅਲੱਗ-ਅਲੱਗ ਮਕਸਦ ਸੀ। ਅਜਮੇਰ ਸਿੰਘ ਅਨੁਸਾਰ, ''ਸਿੱਖਾਂ ਵਿਚੋਂ ਕੌਮੀਅਤ ਦੀ ਸਪਿਰਟ ਦੀਆਂ ਬੁਨਿਆਦਾਂ ਨੂੰ ਖੋਰਾ ਲਾਉਣ ਦੇ ਯੁੱਧਨੀਤਿਕ ਮੰਤਵ ਨਾਲ ਸਿੱਖ ਫ਼ਲਸਫ਼ਾ, ਇਤਿਹਾਸ ਅਤੇ ਪਰੰਪਰਾ ਨੂੰ ਨਵੇਂ ਦ੍ਰਿਸ਼ਟੀਕੋਣ ਤੋਂ ਪੇਸ਼ ਕਰਨ ਦੇ ਯਤਨ ਆਰੰਭੇ ਗਏ। ਅੰਗਰੇਜ਼ ਰਾਜ ਨੂੰ ਗੁਰੂ ਸਾਹਿਬਾਨ ਦੀ ਰਜ਼ਾ ਦੇ ਅਨੁਕੂਲ ਦਰਸਾਉਣ ਲਈ ਸੌ ਸਾਖੀ ਵਰਗੀਆਂ ਗ਼ੈਰ ਪ੍ਰਮਾਣਿਕ ਲਿਖਤਾਂ ਦਾ ਇਸਤੇਮਾਲ ਕੀਤਾ ਗਿਆ। ਇਸ ਲਿਖਤ ਦੀ ਨਵੀਂ ਐਡੀਸ਼ਨ ਵਿਚ ਉਚੇਚੇ ਤੌਰ 'ਤੇ ਅੰਗਰੇਜ਼ਾਂ ਅਤੇ ਸਿੱਖਾਂ ਦੁਆਰਾ ਰਲ ਕੇ ਦਿੱਲੀ ਨੂੰ ਜਿੱਤਣ ਦੀ ਭਵਿੱਖਬਾਣੀ ਕੀਤੀ ਦੱਸੀ ਗਈ ਸੀ। ਇਸ ਤਰ੍ਹਾਂ ਹੀ ਸਿੱਖ ਅਰਦਾਸ ਦੇ ਮੌਲਿਕ ਸਰੂਪ ਵਿਚ ਤਬਦੀਲੀ ਕਰਨ ਦਾ ਯਤਨ ਕੀਤਾ ਗਿਆ ਸੀ। ਖਾਸ ਤੌਰ 'ਤੇ ਅਰਦਾਸ ਪਿੱਛੋਂ ਪੜ੍ਹੇ ਜਾਂਦੇ ਦੋਹਰੇ ਵਿਚੋਂ 'ਰਾਜ ਕਰੇਗਾ ਖ਼ਾਲਸਾ' ਵਾਲੀਆਂ ਤੁਕਾਂ ਹਟਾ ਦਿੱਤੀਆਂ ਗਈਆਂ ਸਨ।''[51] ਅੰਗਰੇਜ਼ਾਂ ਨੇ ਆਪਣੇ ਮਕਸਦ ਲਈ ਬਹੁਤ ਸਾਰਾ ਸਾਹਿਤ ਰਚਿਆ। ਇਸ ਤੋਂ

---

47 ਉਹੀ, ਪੰਨਾ 19.

48 ਗੁਰਚਰਨ ਸਿੰਘ ਅਰਸ਼ੀ, ਈਸਾਈ ਮਿਸ਼ਨਰੀ, ਪੰਜਾਬੀ ਭਾਸ਼ਾ ਤੇ ਸਾਹਿਤ, ਆਰਸੀ ਪਬਲਿਸ਼ਰਜ, ਦਿੱਲੀ, 2004, ਪੰਨਾ 52.

49 ਉਹੀ, ਪੰਨਾ 53.

50 ਉਹੀ, ਪੰਨਾ 54.

51 ਅਜਮੇਰ ਸਿੰਘ, ਕਿਸ ਬਿਧ ਰੁਲੀ ਪਾਤਸ਼ਾਹੀ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2007, ਪੰਨੇ 65-66.

ਇਲਾਵਾ ਸਕਾਰਾਤਮਕ ਰੂਪ ਵਿਚ ਕਈ ਕੋਸ਼ ਵੀ ਤਿਆਰ ਕਰਵਾਏ। ਅੰਗਰੇਜ਼ਾਂ ਦੁਆਰਾ ਰਚਿਤ ਸਾਹਿਤ ਤੋਂ ਪ੍ਰਭਾਵਤ ਹੋ ਕੇ ਸਿੱਖ ਸਾਹਿਤ ਵਿਚ ਤਰਕ ਨੇ ਥਾਂ ਲੈਣੀ ਸ਼ੁਰੂ ਕਰ ਦਿਤੀ। ਇਸ ਨਾਲ ਸਿੱਖ ਸਾਹਿਤ ਵਿਚ ਤਾਰਕਿਕ ਝੁਕਾਅ ਪੈਦਾ ਹੋ ਗਏ ਜਿਸ ਨਾਲ ਸਿੱਖ ਧਰਮ ਨੂੰ ਆਧੁਨਿਕ ਧਰਮ ਵਜੋਂ ਪੇਸ਼ ਕੀਤਾ ਜਾਣ ਲੱਗਾ। ਸੰਨ 1849 ਈ. ਵਿਚ ਪੰਜਾਬ ਅੰਗਰੇਜ਼ੀ ਅਮਲਦਾਰੀ ਵਿਚ ਸ਼ਾਮਿਲ ਹੋਇਆ ਸੀ। ਨਵੰਬਰ 1849 ਈ. ਵਿਚ ਹੀ ਈਸਾਈਆਂ ਦਾ ਪਹਿਲਾ ਸਕੂਲ (ਰੰਗ ਮਹਲ ਸਕੂਲ) ਲਾਹੌਰ ਵਿਚ ਬਣਿਆ। ਉਸ ਵੇਲੇ ਦਾਖ਼ਲ ਹੋਣ ਲਈ ਲੜਕੇ ਮਿਲਣੇ ਕਠਨ ਸਨ। ਬੜੀ ਮੁਸ਼ਕਲ ਨਾਲ ਤਿੰਨ ਮੁੰਡੇ ਭਰਤੀ ਹੋਏ। ਇਸ ਛੋਟੇ ਪੈਮਾਨੇ ਤੋਂ ਈਸਾਈ ਧਰਮ ਦਾ ਪ੍ਰਚਾਰ ਇਸ ਸੂਬੇ ਵਿਚ ਸ਼ੁਰੂ ਹੋਇਆ, ਜੋ ਚਾਰ-ਪੰਜ ਸਾਲਾਂ ਦੇ ਅੰਦਰ-ਅੰਦਰ ਹੀ ਇਤਨੀ ਤਰੱਕੀ ਕਰ ਗਿਆ ਕਿ ਸਾਰੇ ਦੇਸ਼ ਵਿਚ ਮਿਸ਼ਨ ਦਾ ਤਾਣਾ ਪੇਟਾ ਪਸਰ ਗਿਆ। ਸੰਨ 1853 ਈ. ਵਿਚ ਮਹਾਰਾਜਾ ਦਲੀਪ ਸਿੰਘ ਨੂੰ ਈਸਾਈ ਧਰਮ ਵਿਚ ਸ਼ਾਮਿਲ ਕੀਤਾ ਗਿਆ।[52] ਪੰਜਾਬ ਉੱਪਰ ਅੰਗਰੇਜ਼ਾਂ ਦੁਆਰਾ ਕਬਜ਼ਾ ਕਰਨ ਤੋਂ ਬਾਅਦ ਪਹਿਲੀ ਮੁਕੰਮਲ ਸਿੱਖ ਤਵਾਰੀਖ਼ ਲਿਖਣ ਵਾਲਾ ਲੇਖਕ ਜੋਸਫ ਡੇਵੀ ਕੁਨਿੰਘਮ ਸੀ ਜਿਸ ਦੀ ਕਿਤਾਬ ਪਹਿਲੀ ਵਾਰ 1849 ਈ. ਵਿਚ ਸਾਹਮਣੇ ਆਈ। ਜੋਸਫ ਡੇਵੀ ਕਨਿੰਘਮ 9 ਜੂਨ 1812 ਈ. ਨੂੰ ਲੇਮਬੇਸ ਵਿਚ ਜਨਮਿਆ ਸੀ।[53] ਉਹ 1832 ਈ. ਵਿਚ ਭਾਰਤ ਪਹੁੰਚਿਆ ਸੀ। ਕਨਿੰਘਮ ਪਹਿਲੇ ਐਂਗਲੋ-ਸਿੱਖ ਯੁੱਧ ਦਾ ਅੱਖੀਂ ਡਿੱਠਾ ਗਵਾਹ ਸੀ ਤੇ ਉਸਨੇ ਅੰਗਰੇਜ਼ਾਂ ਦੀ ਸਾਜ਼ਿਸ ਦੇ ਬਹੁਤ ਸਾਰੇ ਰਾਜ ਆਪਣੀ ਕਿਤਾਬ ਵਿਚ ਖੋਲ੍ਹ ਦਿੱਤੇ ਸਨ। ਗਵਰਨਰ ਜਰਨਲ ਨੇ ਸਿੱਖਾਂ ਦਾ ਹਮਦਰਦ ਮੰਨ ਕੇ ਉਸਨੂੰ ਸਜ਼ਾ ਵਜੋਂ ਉਸਦੀ ਬਦਲੀ ਭੋਪਾਲ ਕਰ ਦਿਤੀ ਸੀ, ਜਿੱਥੇ ਉਸਨੇ *History of the Sikhs* ਕਿਤਾਬ ਦੀ ਅਗਲੀ ਐਡੀਸ਼ਨ ਛਪਵਾਈ ਸੀ।[54] ਇਹ ਕਿਤਾਬ ਨੌ ਅਧਿਆਇਆਂ ਵਿਚ ਵੰਡੀ ਹੋਈ ਹੈ ਅਤੇ ਇਹ ਸਿੱਖਾਂ ਦੀ ਅੰਗਰੇਜ਼ੀ ਵਿਚ ਉਸ ਸਮੇਂ ਤੱਕ ਦੀ ਮੁਕੰਮਲ ਤਵਾਰੀਖ਼ ਆਖੀ ਜਾ ਸਕਦੀ ਹੈ। ਈਸਾਈ ਮਿਸ਼ਨਰੀਆਂ ਨੇ ਪੰਜਾਬ ਦੇ ਸਭਿਆਚਾਰਕ ਤੇ ਇਤਿਹਾਸਿਕ ਪਿਛੋਕੜ ਬਾਰੇ ਜਾਣਨ ਲਈ ਕਈ ਤਰ੍ਹਾਂ ਦੇ ਕੋਸ਼ ਵੀ ਤਿਆਰ ਕਰਵਾਏ। ਇਸ ਮੰਤਵ ਲਈ ਸ਼ਬਦ-ਕੋਸ਼, ਵਿਆਕਰਨ, ਬੱਚਿਆਂ ਲਈ ਸਕੂਲ ਦੀਆਂ ਪਾਠ ਪੁਸਤਕਾਂ,

---

52 ਬਲਬੀਰ ਸਿੰਘ, ਸ੍ਰੀ ਚਰਨਹਰਿ ਵਿਸਥਾਰ, ਜਿਲਦ ਇੱਕ, ਸੈਂਚੀ ਦੂਜੀ, ਮੈਨਜਰ ਖ਼ਾਲਸਾ ਸਮਾਚਾਰ ਹਾਲ ਬਜ਼ਾਰ, ਅੰਮ੍ਰਿਤਸਰ, 1957, ਪੰਨੇ 65-66.

53 Darshan Singh, *Western Perspective on the Sikh Religion,* Singh Brothers, Amritsar, 2004, p. 38.

54 *Ibid.*, p.40

ਯਥਾ ਬਾਲ ਬੋਧ, ਫਸਟ ਯੀਅਰ ਪੰਜਾਬੀ ਕੋਰਸ, ਈਡੀਉਮੈਟਿਕ ਸੈਨਟੈਂਨਸਜ਼ ਇਨ ਇੰਗਲਿਸ਼ ਐਂਡ ਪੰਜਾਬੀ, ਪੰਜਾਬੀ ਮੈਨੂਅਲ ਐਂਡ ਗਰੈਮਰ, ਵੈਸਟਰਨ ਪੰਜਾਬੀ ਐਂਡ ਇੰਗਲਿਸ਼ ਡਿਕਸ਼ਨਰੀ, ਸ਼ਾਹਪੁਰੀ ਕਾਂਗੜੀ, ਗਲਾਸਰੀ ਆੱਫ਼ ਦੀ ਮੁਲਤਾਨੀ ਲੈਂਗੁਏਜ ਆਦਿ ਪੁਸਤਕਾਂ ਛਾਪੀਆਂ ਗਈਆਂ। ਏਸੇ ਤਰ੍ਹਾਂ ਛੋਟੇ-ਛੋਟੇ ਟਰੈਕਟ ਵੀ ਛਾਪੇ ਗਏ ਜਿਹੜੇ ਚਾਰ ਸਫ਼ਿਆਂ ਤੋਂ ਚਾਲ੍ਹੀ ਸਫ਼ਿਆਂ ਤੱਕ ਦੇ ਹੁੰਦੇ ਸਨ। ਈਸਾਈ ਮਤ ਦੀ ਵਿਸ਼ੇਸ਼ਤਾ ਦਰਸਾਉਣ ਲਈ ਅਤੇ ਬਾਕੀ ਧਰਮਾਂ ਨੂੰ ਸਮੇਂ ਤੋਂ ਖੁੰਝਿਆ ਅਤੇ ਪਿਛਾਂਹ ਖਿੱਚੂ ਸਿੱਧ ਕਰਨ ਲਈ ਏਥੋਂ ਦੇ ਵੱਖ-ਵੱਖ ਧਰਮਾਂ ਵਿਰੁੱਧ ਵੀ ਕਾਫ਼ੀ ਪੁਸਤਕਾਂ ਪ੍ਰਕਾਸ਼ਤ ਕੀਤੀਆਂ ਗਈਆਂ। ਉਦਹਾਰਨ ਲਈ ਗੰਗਾ ਦਾ ਇਸ਼ਨਾਨ, ਪਿੱਤਲ ਦਾ ਨਾਗ, ਹਿੰਦੂਆਂ ਲਈ ਪ੍ਰਣ ਪੱਤਰ, ਤੁਹਾਡਾ ਧਰਮ ਕਿਹੜਾ ਹੈ? ਹਿੰਦੂਆਂ ਤੇ ਇਤਰਾਜ਼ਾਂ ਦਾ ਖੰਡਨ, ਬਨਾਰਸ ਦੇ ਦੋ ਯਾਤਰੂ, ਜੈ ਸਿੰਘ ਦੀ ਵਾਰਤਾ, ਗੁਰੂ ਤੇ ਸੇਵਕ ਦੀ ਕਹਾਣੀ, ਪੰਡਤ ਖੜਗ ਸਿੰਘ ਦਾ ਬ੍ਰਿਤਾਂਤ, ਸਾਧੂ ਸੁੰਦਰ ਸਿੰਘ ਦਾ ਜੀਵਨ, ਮਸੀਹ ਦਾ ਭਗਤ ਸਾਂਈ ਸੁੱਚਾ ਸਿੰਘ, ਦੇਹਧਾਰੀ ਪਰਮੇਸ਼ਰ, ਸਿੱਖਾਂ ਨੂੰ ਅਮਰ ਸਿੱਖਿਆ, ਆਦਿ ਕੁਝ ਅਜਿਹੀਆਂ ਪੁਸਤਕਾਂ ਹਨ, ਜਿਨ੍ਹਾਂ ਵਿਚ ਹਿੰਦੂਆਂ ਤੇ ਸਿੱਖਾਂ ਦੇ ਧਾਰਮਿਕ ਵਿਚਾਰਾਂ ਤੇ ਸਿੱਧਾਂਤਾਂ ਦੀ ਵਿਰੋਧਤਾ ਕੀਤੀ ਗਈ ਹੈ ਜਾਂ ਮੌਜੂ ਉਡਾਇਆ ਗਿਆ ਹੈ।[55] ਜੇਕਰ ਇਨ੍ਹਾਂ ਲਿਖਤਾਂ ਨੂੰ ਵੇਖੀਏ ਤਾਂ ਪਤਾ ਚਲਦਾ ਹੈ ਕਿ ਇਹ ਲਿਖਤਾਂ ਪਾਦਰੀਆਂ ਨੇ ਆਪਣੇ ਧਰਮ ਪ੍ਰਚਾਰ ਲਈ ਲਿਖੀਆਂ ਸਨ, ਪਰ ਇਨ੍ਹਾਂ ਲਿਖਤਾਂ ਨੇ ਅਸਿਧੇ ਤੌਰ 'ਤੇ ਸਿੱਖ ਧਰਮ ਤੇ ਪੰਜਾਬੀ ਸਾਹਿਤ ਦੀ ਉਨਤੀ 'ਤੇ ਜਾਗਰੂਕਤਾ ਫੈਲਾਉਣ ਵਿਚ ਮਦਦ ਹੀ ਕੀਤੀ ਹੈ। ਈਸਾਈ ਮਿਸ਼ਨਰੀਆਂ ਦੀਆਂ ਪ੍ਰਚਾਰ ਸਰਗਰਮੀਆਂ ਬਾਰੇ ਸ. ਜਗਜੀਤ ਸਿੰਘ ਲਿਖਦੇ ਹਨ ਕਿ, ''ਅੰਗਰੇਜ਼ਾਂ ਦੁਆਰਾ ਪੰਜਾਬ 'ਤੇ ਕਬਜ਼ਾ ਕਰਨ ਤੋਂ ਬਾਅਦ ਅੰਮ੍ਰਿਤਸਰ, ਅਕਾਲ ਤਖ਼ਤ ਸਾਹਿਬ, ਤਰਨਤਾਰਨ ਆਦਿ ਪ੍ਰਸਿਧ ਗੁਰਦੁਆਰੇ ਸਰਕਾਰ ਦੇ ਪ੍ਰਬੰਧ ਹੇਠ ਚਲੇ ਗਏ ਤੇ ਦੂਜੇ ਪਾਸੇ ਸਰਕਾਰ ਦੇ ਮੋਢੀਆਂ ਦਾ ਇਹ ਵਿਚਾਰ ਸੀ ਕਿ ਜੇ ਦੇਸ਼ ਦਾ ਧਰਮ, ਵਿਦਿਆ ਤੇ ਵਿਉਂਤ ਵਿਗਾੜ ਦਿਤੇ ਜਾਣ ਤਾਂ ਉਹ ਦੇਸ਼ ਵਧੇਰੇ ਗ਼ੁਲਾਮ ਰਹਿੰਦਾ ਹੈ। ਹਰ ਈਸਾਈ ਬਣਿਆ ਭਾਰਤੀ ਉਨ੍ਹਾਂ ਦੇ ਰਾਜ ਦੀਆਂ ਜੜ੍ਹਾਂ ਡੂੰਘੇਰੀਆਂ ਲੈ ਜਾਏਗਾ। ਮਿਸ਼ਨਰੀ ਸੋਸਾਇਟੀਆਂ ਤੇ ਖ਼ਾਸ ਕਰ ਅਮਰੀਕਨ ਪ੍ਰੈਸਬਾਈਟੈਰੀਅਨ ਨੂੰ ਸਰਕਾਰੀ ਕਰਮਚਾਰੀਆਂ ਨੇ ਬੁਲਾ ਕੇ ਚਰਚ ਮਿਸ਼ਨਰੀ ਐਸੋਸੀਏਸ਼ਨ 9 ਫਰਵਰੀ 1852

[55] ਪਰਮਿੰਦਰ ਸਿੰਘ, ਈਸਾਈ ਮਿਸ਼ਨਰੀਆਂ ਦਾ ਪੰਜਾਬੀ ਸਾਹਿਤ ਨੂੰ ਯੋਗਦਾਨ, ਲਾਹੌਰ ਬੁਕ ਸ਼ਾਪ, ਲੁਧਿਆਣਾ, 1987, ਪੰਨੇ 7-8.

ਈ. ਨੂੰ ਬਣਾਈ ਤੇ ਇਸ ਦਾ ਵੱਡਾ ਕੇਂਦਰ ਅੰਮ੍ਰਿਤਸਰ ਰੱਖਿਆ ਗਿਆ। ਪਾਦਰੀਆਂ ਰਾਹੀਂ ਸਿੱਖੀ ਉੱਪਰ ਅਸਹਿ ਵਾਰ ਸ਼ੁਰੂ ਹੋ ਗਏ। ਅਨੇਕ ਮਨਘੜਤ ਕਹਾਣੀਆਂ ਬਣਾ-ਬਣਾ ਕੇ ਸਿੱਖਾਂ ਨੂੰ ਸਿੱਖੀਉਂ ਪਤਿਤ ਕੀਤਾ ਜਾ ਰਿਹਾ ਸੀ।''[56] ਅੰਮ੍ਰਿਤਸਰ ਨੂੰ ਅੰਗਰੇਜ਼ਾਂ ਨੇ ਈਸਾਈ ਧਰਮ ਦੇ ਪ੍ਰਚਾਰ ਲਈ ਕੇਂਦਰ ਮੰਨ ਲਿਆ। ਸੰਨ 1852 ਈ. ਵਿਚ ਚਰਚ ਆਫ਼ ਇੰਗਲੈਂਡ ਵਲੋਂ ਪੰਜਾਬ ਵਿਚ ਨਿਯੁਕਤ ਕੀਤੇ ਪਹਿਲੇ ਪਰਚਾਰਕ ਟੀ.ਐੱਚ ਫ਼ਿਟਜ਼ਪੈਟਰਿਕ ਅਤੇ ਰਾਬਰਟ ਕਲਾਰਕ ਨੂੰ ਤੁਰਨ ਲੱਗਿਆਂ ਹਿਦਾਇਤ ਕੀਤੀ ਗਈ ਸੀ ਕਿ ਭਾਵੇਂ ਪੰਜਾਬ ਦੀ ਜਨਤਾ ਦੇ ਵੱਡੇ ਹਿੱਸੇ ਦੇ ਮਨਾਂ ਉੱਤੇ ਅਜੇ ਵੀ ਬ੍ਰਾਹਮਣ ਮਤ ਅਤੇ ਮੁਸਲਮਾਨ ਮਤ ਛਾਇਆ ਹੋਇਆ ਹੈ, ਪਰੰਤੂ ਪਿਛਲੇ ਸੌ ਸਾਲਾਂ ਤੋਂ ਮੁੱਖ ਧਰਮ ਅਤੇ ਸ਼ਕਤੀ ਸਿੱਖ ਧਰਮ ਦੀ ਹੀ ਰਹੀ ਹੈ, ਜੋ ਕਿ ਪਹਿਲੇ ਪਹਿਲ ਹਿੰਦੂਆਂ ਦੇ ਹੀ ਇਕ ਅਸਹਿਮਤ ਫ਼ਿਰਕੇ ਦੁਆਰਾ ਰਚਿਆ ਹੋਇਆ ਇਕ ਕਿਸਮ ਦਾ ਨਿਰੋਲ ਇਕ ਈਸ਼ਵਰਵਾਦ ਧਰਮ ਹੈ। ਕੁਝ ਮੁਨਾਸਬ ਮਿਸਾਲਾਂ ਤੋਂ ਸਾਨੂੰ ਵਿਸ਼ਵਾਸ ਹੁੰਦਾ ਹੈ ਕਿ ਹਿੰਦੂਆਂ ਅਤੇ ਮੁਸਲਮਾਨਾਂ ਦੇ ਮੁਕਾਬਲੇ ਸਿੱਖ ਅੰਜੀਲ ਦੇ ਸੱਚ ਦੀ ਪਹੁੰਚ ਵਿਚ ਵਧੇਰੇ ਨੇੜੇ ਸਾਬਤ ਹੋ ਸਕਦੇ ਹਨ।[57] ਈਸਾਈ ਪਰਚਾਰਕਾਂ ਵਿਚ ਦਾਊਦ ਸਿੰਘ ਵੀ ਸ਼ਾਮਲ ਹੋ ਗਿਆ, ਜੋ ਕਿ ਈਸਾਈ ਬਣਨ ਵਾਲਾ ਪਹਿਲਾ ਸਿੱਖ ਦੱਸਿਆ ਜਾਂਦਾ ਹੈ। ਉਸ ਨੂੰ ਪਾਦਰੀ ਡਬਲਯੂ ਪਰਕਿਨਜ਼ ਨੇ ਕਾਨਪੁਰ ਵਿਚ ਬਿਪਤਿਸਮਾ ਦਿੱਤਾ ਸੀ। 1852 ਈ. ਵਿੱਚ ਗਿਰਜੇ ਦਾ ਪਾਦਰੀ ਬਣਾ ਕੇ ਉਸ ਦਾ ਤਬਾਦਲਾ ਅੰਮ੍ਰਿਤਸਰ ਕਰ ਦਿੱਤਾ ਗਿਆ ਸੀ।[58] ਇਸ ਤਰ੍ਹਾਂ ਈਸਾਈ ਪਾਦਰੀਆਂ ਵਲੋਂ ਈਸਾਈ ਬਣਾਉਣ ਦੇ ਉਪਰਾਲਿਆਂ ਨਾਲ ਕਈ ਲੋਕ ਈਸਾਈ ਬਣ ਗਏ ਸਨ। ਇਨ੍ਹਾਂ ਨਵੇਂ ਬਣੇ ਈਸਾਈਆਂ ਵਿਚ ਕਈ ਸਿੱਖ ਧਰਮ ਦੇ ਪਰਚਾਰਕ ਜਾਂ ਗ੍ਰੰਥੀ ਵੀ ਸਨ। ਮਿਸਾਲ ਵਜੋਂ, ਸੁਲਤਾਨਵਿੰਡ ਦਾ ਗ੍ਰੰਥੀ ਕੇਸਰ ਸਿੰਘ ਜੋ ਈਸਾਈ ਹੋ ਕੇ ਸ਼ਮੋਨ ਅਥਵਾ ਸਾਈਮਨ ਬਣ ਗਿਆ।[59]

ਇਸ ਤਰ੍ਹਾਂ ਪੱਛਮੀ ਵਿਗਿਆਨ ਅਤੇ ਈਸਾਈਅਤ ਦੀ ਨੈਤਿਕਤਾ ਅਤੇ ਮਾਨਵਵਾਦ ਦੀ ਵੰਗਾਰ ਨੇ ਭਾਰਤੀ ਧਰਮਾਂ ਨੂੰ ਆਤਮਘੋਖ ਅਤੇ ਪੁਨਰ-ਵਿਆਖਿਆ ਲਈ ਪ੍ਰੇਰਿਤ ਕੀਤਾ। ਸਿੱਖ ਅਜੇ ਵੀ ਆਪਣੇ ਧਰਮ ਪ੍ਰਤਿ ਅਵੇਸਲੇ ਹੀ ਬੈਠੇ ਸਨ, ਪਰ ਸਿੱਖਾਂ ਨੂੰ ਡੂੰਘੀ ਨੀਂਦ ਵਿਚੋਂ

---

56 ਜਗਜੀਤ ਸਿੰਘ, ਸਿੰਘ ਸਭਾ ਲਹਿਰ, ਲਾਹੌਰ ਬੁਕ ਸ਼ਾਪ, ਲੁਧਿਆਣਾ, 1974, ਪੰਨੇ 6–7.

57 ਹਰਬੰਸ ਸਿੰਘ, ਸਾਡਾ ਵਿਰਸਾ, ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ, 1997, ਪੰਨਾ 202.

58 ਉਹੀ।

59 ਉਹੀ।

ਜਗਾਉਣ ਦਾ ਕੰਮ ਜਰਮਨ ਦੇ ਪਾਦਰੀ ਅਰਨੈਸਟ ਟਰੰਪ ਨੇ ਕੀਤਾ। ਅਰਨੈਸਟ ਟਰੰਪ ਇਕ ਜਰਮਨ ਈਸਾਈ ਮਿਸ਼ਨਰੀ ਤੇ ਪੂਰਬੀ ਦੇਸ਼ਾਂ ਦੀਆਂ ਭਾਸ਼ਾਵਾਂ ਦਾ ਮਾਹਿਰ ਸੀ। ਉਸ ਦਾ ਜਨਮ 13 ਮਾਰਚ 1828 ਈ. ਨੂੰ ਇਲਸਫੇਲਡ ਪਿੰਡ ਵਿਚ ਇਕ ਗ਼ਰੀਬ ਪਰਿਵਾਰ ਵਿਚ ਹੋਇਆ ਸੀ। ਇਹ ਪਿੰਡ ਉਸ ਸਮੇਂ ਵਰਟਮਬਰਗ ਰਾਜ ਵਿਚ ਪੈਂਦਾ ਸੀ। ਉਸ ਨੇ ਭਾਸ਼ਾ ਵਿਗਿਆਨ ਦੇ ਖੇਤਰ ਵਿਚ ਪੀਐੱਚ.ਡੀ. ਦੀ ਡਿਗਰੀ ਹਾਸਿਲ ਕੀਤੀ ਸੀ।[60] ਚਰਚ ਮਿਸ਼ਨ ਜੋ ਕਿਸੇ ਵਿਸ਼ੇਸ਼ੱਗ ਦੀ ਭਾਲ ਵਿਚ ਸੀ, ਨੇ ਭਾਸ਼ਾ ਬਾਰੇ ਪ੍ਰੋਜੈਕਟ ਲੈਣ ਲਈ ਉਸ ਦੇ ਸਾਹਮਣੇ 1852 ਈ. ਵਿਚ ਇਕ ਪ੍ਰਸਤਾਵ ਰੱਖਿਆ। ਉਸ ਨੂੰ ਕਰਾਚੀ ਭੇਜਿਆ ਗਿਆ ਜਿੱਥੇ ਉਸ ਨੇ ਸਿੰਧੀ ਤੇ ਪਸ਼ਤੋ ਭਾਸ਼ਾ ਦਾ ਅਧਿਐਨ ਕੀਤਾ।[61] 1859 ਈ. ਵਿਚ ਪੰਜਾਬ ਸਰਕਾਰ ਨੇ ਗੁਰੂ ਗ੍ਰੰਥ ਸਾਹਿਬ ਤੇ ਦਸਮ ਗ੍ਰੰਥ ਦੇ ਅੰਗਰੇਜ਼ੀ ਵਿਚ ਅਨੁਵਾਦ ਕਰਾਉਣ ਦਾ ਇਕ ਪ੍ਰੋਜੈਕਟ ਸ਼ੁਰੂ ਕੀਤਾ ਸੀ। 1869 ਈ. ਵਿਚ ਸੈਕਰੇਟਰੀ-ਔਫ਼ ਸਟੇਟ ਨੇ ਟਰੰਪ ਨੂੰ ਇਸ ਪ੍ਰੋਜੈਕਟ ਬਾਰੇ ਵਿਚਾਰ ਵਟਾਂਦਰਾ ਕਰਨ ਲਈ ਪ੍ਰਸਤਾਵ ਭੇਜਿਆ ਕਿਉਂਕਿ ਉਹ ਪੂਰਬੀ ਦੇਸ਼ਾਂ ਦੀਆਂ ਭਾਸ਼ਾਵਾਂ ਦੇ ਅਧਿਐਨ ਦੇ ਮਾਹਿਰ ਵਜੋਂ ਜਾਣੇ ਜਾਂਦੇ ਸਨ। ਟਰੰਪ ਨੇ ਇਸ ਪ੍ਰਸਤਾਵ ਨੂੰ ਸਵੀਕਾਰ ਕਰ ਲਿਆ ਤੇ 1870 ਈ. ਵਿਚ ਲਾਹੌਰ ਪਹੁੰਚ ਗਿਆ।[62] ਟਰੰਪ ਨੇ ਗੁਰੂ ਗ੍ਰੰਥ ਸਾਹਿਬ ਦੇ ਅੰਸ਼ਾਂ ਦਾ ਅਨੁਵਾਦ *The Adi Granth* ਨਾਮ ਹੇਠ 1877 ਈ. ਵਿਚ ਪ੍ਰਕਾਸ਼ਤ ਕਰਵਾਇਆ ਸੀ, ਜਿਸ ਵਿਚ ਉਸ ਨੇ ਸਿੱਖ ਧਰਮ ਬਾਰੇ ਲੰਮੀ ਭੂਮਿਕਾ ਵੀ ਲਿਖੀ ਸੀ। ਇਸ ਭੂਮਿਕਾ ਵਿਚ ਟਰੰਪ ਨੇ ਲਿਖਿਆ ਕਿ ਸਿੱਖ ਧਰਮ ਨਿਘਾਰ ਵੱਲ ਜਾ ਰਿਹਾ ਹੈ ਅਤੇ ਛੇਤੀ ਹੀ ਇਤਿਹਾਸ ਦਾ ਅੰਗ ਬਣ ਜਾਵੇਗਾ। ਇਸ ਗੱਲ ਨਾਲ ਸਿੱਖ ਕੌਮ ਨੇ ਰੋਸ ਪ੍ਰਗਟ ਕੀਤਾ। ਟਰੰਪ ਦੁਆਰਾ ਜਨਮਸਾਖੀ ਸਾਹਿਤ ਅਤੇ ਗੁਰੂ ਗ੍ਰੰਥ ਸਾਹਿਬ ਬਾਰੇ ਕੀਤੀਆਂ ਟਿੱਪਣੀਆਂ ਨੇ ਸਿੱਖਾਂ ਨੂੰ ਸੁਚੇਤ ਕਰਨ ਦਾ ਕੰਮ ਕੀਤਾ। ਟਰੰਪ ਦੁਆਰਾ ਸਿੱਖ ਧਰਮ ਦਾ ਅਧਿਐਨ ਕਰਨ ਤੋਂ ਬਾਅਦ ਸਿੱਖਾਂ ਵਲੋਂ ਸਿੱਖ ਧਰਮ ਨੂੰ ਸਹੀ ਰੂਪ ਵਿਚ ਪੇਸ਼ ਕਰਨ ਲਈ ਯਤਨ ਸ਼ੁਰੂ ਹੋਏ। ਇਸ ਤੋਂ ਬਾਅਦ 1882 ਈ. ਵਿਚ ਜਯੋਤਿਰੁਦਯ ਨਾਂ ਦਾ ਨਾਵਲ ਲਿਖਿਆ ਗਿਆ ਜਿਸ ਦਾ ਮਤਲਬ ਜੋਤ ਦਾ

---

60 Darshan Singh, *Western Perspective on Sikh Religion,* pp. 47-48.

61 ਸਬਿੰਦਰਜੀਤ ਸਿੰਘ ਸਾਗਰ, ਜਨਮਸਾਖੀ ਸੰਵਾਦ ਤੇ ਮੁਲੰਕਣ, ਵਾਰਿਸ ਸ਼ਾਹ ਫਾਉਂਡੇਸ਼ਨ ਅੰਮ੍ਰਿਤਸਰ, 2001, ਪੰਨਾ 102.

62 ਉਹੀ।

ਉਦੈ ਹੋਣਾ ਹੈ। ਇਸ ਨਾਵਲ ਦੇ ਕੁਲ 144 ਪੰਨੇ ਸਨ।[63] ਇਸ ਨਾਵਲ ਨੂੰ ਪੰਜਾਬੀ ਭਾਸ਼ਾ ਵਿਚ ਛਪਿਆ ਪਹਿਲਾ ਅਨੁਵਾਦਿਤ ਨਾਵਲ ਕਿਹਾ ਜਾ ਸਕਦਾ ਹੈ ਜੋ ਈਸਾਈ ਧਰਮ ਦੇ ਪ੍ਰਚਾਰ ਪ੍ਰਸਾਰ ਲਈ ਲਿਖਿਆ ਗਿਆ ਸੀ।

ਇਸ ਸਮੇਂ ਜਿੱਥੇ ਈਸਾਈ ਮਤ ਦੇ ਪ੍ਰਚਾਰ-ਪ੍ਰਸਾਰ ਲਈ ਬਹੁਤ ਕੁਝ ਲਿਖਿਆ ਜਾ ਰਿਹਾ ਸੀ, ਉੱਥੇ ਹੀ ਕੁਝ ਅੰਗਰੇਜ਼ ਪੰਜਾਬੀ ਭਾਸ਼ਾ ਦੇ ਹਿਮਾਇਤੀ ਵੀ ਸਨ। ਜੇਕਰ ਪੰਜਾਬੀ ਭਾਸ਼ਾ ਦੀ ਸਥਿਤੀ ਬਾਰੇ ਦੇਖੀਏ ਤਾਂ ਅੰਗਰੇਜ਼ਾਂ ਦੇ ਪੰਜਾਬ ਉੱਤੇ ਕਬਜ਼ਾ ਕਰਨ ਤੋਂ ਪਹਿਲਾਂ ਇੱਥੇ ਵਿਦਿਆ ਦਾ ਪ੍ਰਬੰਧ ਡੇਰਿਆਂ ਅਤੇ ਗੁਰਦੁਆਰਿਆਂ ਵਿਚ ਸੀ। ਇਹ ਗੁਰਦੁਆਰੇ ਰਮਾਇਣ, ਮਹਾਭਾਰਤ, ਸਾਰਕੁਤਾਵਲੀ, ਵੇਦ, ਪੁਰਾਣ, ਉਪਨਿਸ਼ਦ, ਦਰਸ਼ਨ ਤੇ ਵੇਦਾਂਤ, ਸੂਰਜ ਪ੍ਰਕਾਸ਼, ਭਾਈ ਗੁਰਦਾਸ ਦੀਆਂ ਵਾਰਾਂ ਤੇ ਕਬਿੱਤ ਸਵੱਯੇ, ਦਸਮ ਗ੍ਰੰਥ ਅਤੇ ਆਦਿ ਗ੍ਰੰਥ ਸੰਬੰਧੀ ਚਰਚਾ ਗੋਸ਼ਟੀਆਂ ਵਿਦਿਆ ਦੇ ਮਹਾਨ ਕੇਂਦਰ ਸਮਝੇ ਜਾਂਦੇ ਸਨ। ਇਹ ਡੇਰੇ ਪੁਰਾਣੇ ਢੰਗ ਦੀ ਰੂੜ੍ਹੀਵਾਦੀ ਵਿਦਿਆ ਦੇ ਕੇਂਦਰ ਸਮਝੇ ਜਾਂਦੇ ਸਨ।[64] ਅੰਗਰੇਜ਼ਾਂ ਦੇ ਪੰਜਾਬ 'ਤੇ ਕਬਜ਼ਾ ਕਰਨ ਤੋਂ ਕਈ ਸਾਲ ਬਾਅਦ ਤੱਕ ਵੀ ਇਨ੍ਹਾਂ ਸਵਦੇਸ਼ੀ ਸਕੂਲਾਂ ਵਿਚ ਕਾਫੀ ਵਿਦਿਆਰਥੀ ਸਨ। ਪਰ ਬਦਲੇ ਹੋਏ ਹਾਲਾਤ ਵਿਚ ਪੁਰਾਣੇ ਢੰਗ ਦੀ ਵਿਦਿਆ ਕਿੰਨੀ ਕੁ ਉਪਯੋਗੀ ਹੋ ਸਕਦੀ ਸੀ, ਇਹ ਇਕ ਵੱਖਰਾ ਪ੍ਰਸ਼ਨ ਸੀ। ਕਿਉਂ ਜੋ ਪੱਛਮ ਦੇ ਵਿਗਿਆਨ, ਤਕਨਾਲੋਜੀ, ਰਾਜਨੀਤੀ, ਅਰਥ-ਸ਼ਾਸਤਰ, ਇਤਿਹਾਸ, ਭੂਗੋਲ ਆਦਿ ਵਲੋਂ ਇਹ ਵਿਦਿਆਰਥੀਆਂ ਦਾ ਬੌਧਿਕ ਤੇ ਮਾਨਸਿਕ ਪੱਧਰ ਹੋਰ ਪ੍ਰਾਂਤਾਂ ਦੇ ਲੋਕਾਂ ਦੇ ਟਾਕਰੇ ਤੇ ਨੀਵਾਂ ਸੀ, ਜਿਨ੍ਹਾਂ ਨੇ ਪੱਛਮੀ ਵਿਦਿਆ ਨੂੰ ਪੂਰੀ ਤਰ੍ਹਾਂ ਅਪਣਾ ਲਿਆ ਹੋਇਆ ਸੀ।[65] ਪੰਜਾਬ ਦੇ ਲੋਕਾਂ ਨੂੰ ਪੱਛਮੀ ਗਿਆਨ ਦੇਣ ਪਿਛੇ ਕਾਰਨ ਦਫ਼ਤਰਾਂ ਲਈ ਬਾਬੂ ਤੇ ਕਲਰਕ ਤਿਆਰ ਕਰਨਾ ਵੀ ਸੀ। ਇਹ ਪੱਛਮੀ ਗਿਆਨ ਮਾਤ ਭਾਸ਼ਾ ਤੇ ਪਰੰਪਰਾ ਲਈ ਖ਼ਤਰਾ ਸੀ, ਜੇਕਰ ਇਸ ਨੂੰ ਅੰਗਰੇਜ਼ੀ ਭਾਸ਼ਾ ਦੇ ਮਾਧਿਅਮ ਰਾਹੀਂ ਦਿੱਤਾ ਜਾਂਦਾ ਸੀ। ਇਸ ਸਭ ਪ੍ਰਤੀ ਪੰਜਾਬੀ ਭਾਸ਼ਾ ਦਾ ਹਿਮਾਇਤੀ ਅੰਗਰੇਜ਼ ਡਾ. ਲਾਈਟਨਰ ਚਿੰਤਤ ਸੀ। ਡਾ. ਲਾਈਟਨਰ ਨੂੰ ਦੁਖ ਸੀ ਕਿ ਕਿਵੇਂ ਪੁਰਾਣੀ ਵਿਦਿਅਕ ਪ੍ਰਣਾਲੀ ਨੂੰ ਬੁਰੀ ਤਰ੍ਹਾਂ ਖ਼ਤਮ ਕੀਤਾ ਜਾ ਰਿਹਾ ਹੈ ਅਤੇ ਵਿਦਿਆ ਨੂੰ ਮਾਨਸਿਕ ਤੇ ਸਦਾਚਾਰਕ ਸੱਭਿਅਤਾ ਦਾ ਸਾਧਨ ਬਨਾਉਣ ਦੀ ਥਾਂ, ਇਸ ਨੂੰ ਨਿਰੋਲ ਪਦਾਰਥਕ ਲੋੜਾਂ ਦਾ

---

[63] ਗੁਰਚਰਨ ਸਿੰਘ ਅਰਸ਼ੀ, ਈਸਾਈ ਮਿਸ਼ਨਰੀ, ਪੰਜਾਬੀ ਭਾਸ਼ਾ ਤੇ ਸਾਹਿਤ, ਪੰਨਾ 134.

[64] ਉਹੀ, ਪੰਨਾ 43.

[65] ਉਹੀ, ਪੰਨਾ 45.

ਸਾਧਨ ਬਣਾਇਆ ਜਾ ਰਿਹਾ ਹੈ। ਉਹ ਇਸ ਵਿਚਾਰ ਦੇ ਸਮਰਥਕ ਸਨ ਕਿ ਪੁਰਾਣੇ ਢਾਂਚੇ ਨੂੰ ਸਿਰਫ਼ ਕਾਇਮ ਹੀ ਨਾ ਰੱਖਿਆ ਜਾਏ ਸਗੋਂ ਇਸ ਨੂੰ ਵਿਸਥਾਰਿਆ ਵੀ ਜਾਵੇ। ਪੰਜਾਬੀ ਵਿਦਿਆਰਥੀਆਂ ਨੂੰ ਹਰ ਪ੍ਰਕਾਰ ਦਾ ਪੱਛਮੀ ਗਿਆਨ ਉਨ੍ਹਾਂ ਦੀ ਆਪਣੀ ਮਾਤ ਭਾਸ਼ਾ ਵਿਚ ਦਿੱਤਾ ਜਾਏ ਤੇ ਇਸ ਮਨੋਰਥ ਲਈ ਉੱਚੀ ਤੋਂ ਉੱਚੀ ਪੱਧਰ ਦੀਆਂ ਪੱਛਮੀ ਗਿਆਨ ਪੁਸਤਕਾਂ ਤੇ ਪਾਠ ਪੁਸਤਕਾਂ ਦੇ ਅਨੁਵਾਦ, ਇਨ੍ਹਾਂ ਬੋਲੀਆਂ ਵਿਚ ਕਰਵਾ ਕੇ ਉਨ੍ਹਾਂ ਨੂੰ ਪਾਠ-ਕ੍ਰਮ ਵਿਚ ਸ਼ਾਮਲ ਕੀਤਾ ਜਾਏ। ਇਸ ਮਨੋਰਥ ਦੀ ਪੂਰਤੀ ਲਈ ਡਾਕਟਰ ਲਾਈਟਨਰ ਨੇ 1864 ਈ. ਵਿਚ ਗੌਰਮਿੰਟ ਕਾਲਜ ਲਾਹੌਰ ਦੇ ਪ੍ਰਿੰਸੀਪਲ ਦਾ ਆਹੁਦਾ ਸੰਭਾਲਣ ਤੋਂ ਤੁਰੰਤ ਪਿੱਛੋਂ 21 ਜਨਵਰੀ 1865 ਈ. ਨੂੰ 'ਅੰਜੁਮਨਿ-ਪੰਜਾਬ' ਦੀ ਨੀਂਹ ਰੱਖੀ।[66] ਇਸ ਤੋਂ ਪਹਿਲਾਂ 1860 ਈ. ਵਿਚ ਪੰਜਾਬ ਦਾ ਵਿਦਿਆ ਵਿਭਾਗ ਕਾਇਮ ਹੋਇਆ ਅਤੇ ਮਿਡਲ ਤੱਕ ਦੀ ਵਿਦਿਆ ਦਾ ਪ੍ਰਬੰਧ ਕੀਤਾ ਗਿਆ ਸੀ। ਪੰਜਾਬ ਵਿਚ ਵਿਦਿਆ ਦੀ ਪ੍ਰਾਪਤੀ ਦਾ ਮਾਧਿਅਮ ਉਰਦੂ ਸੀ ਕਿਉਂਕਿ ਉਰਦੂ ਨੂੰ ਅੰਗਰੇਜ਼ੀ ਸਰਕਾਰ ਨੇ ਇੱਥੋਂ ਦੀ ਸਰਕਾਰੀ ਭਾਸ਼ਾ ਮੰਨ ਲਿਆ ਸੀ। 1864 ਈ. ਵਿਚ ਓਰੀਐਂਟਲ ਕਾਲਜ ਲਾਹੌਰ ਸ਼ਵਦੇਸੀ ਜ਼ੁਬਾਨਾਂ ਦੀ ਉਨਤੀ ਲਈ ਖੋਲ੍ਹਿਆ ਗਿਆ ਸੀ ਅਤੇ ਇਸ ਦੇ ਪ੍ਰਿੰਸੀਪਲ ਡਾ. ਲਾਈਟਨਰ ਦੇ ਯਤਨ ਨਾਲ ਪੰਜਾਬੀ ਦੀਆਂ ਪਹਿਲੀਆਂ ਜਮਾਤਾਂ 1877 ਈ. ਵਿਚ ਸ਼ੁਰੂ ਹੋਈਆ। 1882 ਈ. ਵਿਚ ਪੰਜਾਬ ਯੂਨੀਵਰਸਿਟੀ ਦੇ ਸ਼ੁਰੂ ਹੋਣ ਨਾਲ ਉਚੇਰੀ ਵਿਦਿਆ ਦਾ ਬਕਾਇਦਾ ਪ੍ਰਬੰਧ ਸ਼ੁਰੂ ਹੋ ਗਿਆ।[67] ਇਸ ਤਰ੍ਹਾਂ ਪੱਛਮੀ ਵਿਦਿਆ ਦੇ ਪ੍ਰਵੇਸ਼ ਨੇ ਭਾਰਤ ਵਾਸੀਆਂ ਲਈ ਪੁਨਰ-ਜਾਗਰਤੀ ਦਾ ਕੰਮ ਕੀਤਾ। ਇਸ ਨਾਲ ਸਿੱਖਾਂ ਦਾ ਧਾਰਮਿਕ ਪੱਖੋਂ ਜਿੱਥੇ ਈਸਾਈ ਮਿਸ਼ਨਰੀਆਂ ਨਾਲ ਸਾਹਿਤਕ ਵਾਦ-ਵਿਵਾਦ ਆਰੰਭ ਹੋ ਗਿਆ ਉੱਥੇ ਹੀ ਹਿੰਦੂ ਧਰਮ ਦੀਆਂ ਅਤੇ ਇਸਲਾਮ ਦੀਆਂ ਸੰਪਰਦਾਵਾਂ ਨਾਲ ਵੀ ਸਾਹਿਤਕ ਵਿਵਾਦ ਆਰੰਭ ਹੋ ਗਿਆ।

ਸਿੰਘ ਸਭਾ ਲਹਿਰ

ਨਿਰੰਕਾਰੀ ਅਤੇ ਨਾਮਧਾਰੀ ਦੋਵੇਂ ਸੁਧਾਰਕ ਲਹਿਰਾਂ ਸ਼ੁਰੂ ਵਿਚ ਪਾਖੰਡ ਤੇ ਕਰਮਕਾਂਡਾਂ ਦੇ ਵਿਰੋਧ ਵਿਚ ਆਰੰਭ ਹੋਈਆਂ ਸਨ। ਪਰ ਪਿੱਛੋਂ ਦੋਹਾਂ ਨੇ ਹੀ ਦੇਹਧਾਰੀ ਗੁਰੂ ਦੀ

---

[66] ਗੁਰਚਰਨ ਸਿੰਘ ਅਰਸ਼ੀ, ਉਹੀ, ਪੰਨਾ 45.

[67] ਗੁਰਚਰਨ ਸਿੰਘ ਮਹਿਤਾ, ਭਾਈ ਵੀਰ ਸਿੰਘ ਦੀ ਕਵਿਤਾ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1992, ਪੰਨਾ 6.

ਮਰਿਯਾਦਾ ਨੂੰ ਕਾਇਮ ਕਰ ਲਿਆ। ਇਸ ਕਰਕੇ ਸਮੁੱਚੀ ਸਿੱਖ ਕੌਮ ਇਨ੍ਹਾਂ ਲਹਿਰਾਂ ਨਾਲ ਪੂਰੀ ਤਰ੍ਹਾਂ ਜੁੜ ਨਾ ਸਕੀ। ਸਿੱਖਾਂ ਦੇ ਸਾਹਮਣੇ ਪੂਰਵ ਸਮੱਸਿਆਵਾਂ ਉਵੇਂ ਦੀਆਂ ਉਵੇਂ ਹੀ ਖੜੀਆਂ ਰਹੀਆਂ। ਪੱਛਮੀ ਵਿਦਿਆ ਜਿਸ ਦੀ ਉਸ ਵੇਲੇ ਸਿੱਖਾਂ ਨੂੰ ਸਖ਼ਤ ਜ਼ਰੂਰਤ ਸੀ, ਉਸ ਵਲੋਂ ਉਪਰੋਕਤ ਦੋਵੇਂ ਲਹਿਰਾਂ ਦੇ ਪ੍ਰਭਾਵ ਕਰਕੇ ਸਿੱਖ ਅਭਿੱਜ ਹੀ ਰਹੇ। ਜਦੋਂ ਕਿ ਪੰਜਾਬ ਦੀਆਂ ਬਾਕੀ ਕੌਮਾਂ ਹਿੰਦੂ ਅਤੇ ਮੁਸਲਮਾਨ ਵਿਦਿਅਕ ਖੇਤਰ ਵਿਚ ਅੱਗੇ ਵਧਣ ਲੱਗੇ। ਅੰਗਰੇਜ਼ਾਂ ਵੱਲੋਂ ਕੀਤੀ ਭਵਿਖਬਾਣੀ ਕਿ ਸਿੱਖ ਹੁਣ ਕੁਝ ਵਰ੍ਹਿਆਂ ਤੱਕ ਸਿਰਫ਼ ਅਜਾਇਬ ਘਰਾਂ ਵਿਚ ਫੋਟੋਆਂ ਵਿਚ ਹੀ ਨਜ਼ਰ ਆਉਣਗੇ, ਸੱਚੀ ਲੱਗਣ ਲੱਗੀ। ਈਸਾਈ ਮਿਸ਼ਨਰੀਆਂ ਦੇ ਪ੍ਰਚਾਰ ਨੇ ਸਿੱਖਾਂ ਨੂੰ ਚਿੰਤਤ ਕਰ ਦਿੱਤਾ। ਕੁਝ ਮੋਢੀ ਸਿੱਖ, ਸਿੱਖ ਧਰਮ ਦੇ ਬਚਾਅ ਲਈ ਕੋਈ ਸਭਾ ਬਣਾਉਣ ਬਾਰੇ ਸੋਚਣ ਲੱਗ ਪਏ ਸਨ। ਡਾ. ਜਗਜੀਤ ਸਿੰਘ ਅਨੁਸਾਰ ''ਈਸਾਈਆਂ ਨੇ ਪ੍ਰਚਾਰ ਵਧੇਰਾ ਕਰ ਥਾਂ-ਥਾਂ ਕਈ ਮਿਸ਼ਨ ਸਕੂਲ ਖੋਲ੍ਹੇ ਤੇ ਹਿੰਦੂਆਂ ਅਤੇ ਮੁਸਲਮਾਨਾਂ ਨੂੰ ਹਜ਼ਰਤ ਯਿਸੂ ਮਸੀਹ ਦੇ ਭਗਤ ਬਣਾਉਣਾ ਸ਼ੁਰੂ ਕੀਤਾ, ਪਰ ਇਹ ਸਭ ਆਪੋ-ਆਪਣੀ ਥਾਵਾਂ 'ਤੇ ਸਾਵਧਾਨ ਹੋ ਗਏ। ਸਿੱਖ ਅਜੇ ਇਸ ਗੱਲੋਂ ਲਾਪਰਵਾਹ ਹੋ ਰਹੇ ਸਨ। ਉਨ੍ਹਾਂ ਦੇ ਬੱਚੇ ਮਿਸ਼ਨ ਸਕੂਲਾਂ ਵਿਚ ਪੜ੍ਹਨ ਕਾਰਨ ਈਸਾਈ ਮਤ ਬਾਰੇ ਸਿੱਖ ਧਰਮ ਦੇ ਮੁਕਾਬਲੇ ਵਧੇਰੇ ਜਾਣਦੇ ਸਨ। ਸੰਮਤ 1930 ਮੁਤਾਬਿਕ 404 ਨਾਨਕਸ਼ਾਹੀ (1873ਈ.) ਨੂੰ ਅੰਮ੍ਰਿਤਸਰ ਮਿਸ਼ਨ ਸਕੂਲ ਦੇ ਚਾਰ ਵਿਦਿਆਰਥੀ ਅਤਰ ਸਿੰਘ, ਸਾਧੂ ਸਿੰਘ, ਸੰਤੋਖ ਸਿੰਘ, ਆਇਆ ਸਿੰਘ ਨੇ ਈਸਾਈ ਹੋਣ ਦੀ ਇੱਛਾ ਜ਼ਾਹਰ ਕੀਤੀ। ਜਦ ਸਿੱਖਾਂ ਨੂੰ ਘਰ ਭਾਂਬੜ ਮਚਦਾ ਨਜ਼ਰ ਆਇਆ ਤਾਂ ਬੜਾ ਭਾਰੀ ਅਫ਼ਸੋਸ ਹੋਇਆ। ਸਮਝਾਅ-ਬੁਝਾਅ ਕੇ ਇਨ੍ਹਾਂ ਨੌਜਵਾਨਾਂ ਨੂੰ ਪਤਿਤ ਹੋਣ ਤੋਂ ਬਚਾ ਲਿਆ ਗਿਆ।''[68] ਇਸ ਘਟਨਾ ਨੇ ਸਿੱਖਾਂ ਨੂੰ ਕੁਝ ਸੁਚੇਤ ਕਰ ਦਿੱਤਾ ਅਤੇ ਅੱਗੇ ਤੋਂ ਅਜਿਹੀਆਂ ਘਟਨਾਵਾਂ ਨਾ ਵਾਪਰਨ, ਇਸ ਲਈ ਇਕ ਸਭਾ ਬਣਾਉਣ ਦੀ ਤਜ਼ਵੀਜ਼ ਸਿੱਖਾਂ ਨੇ ਸੋਚੀ। ਇਸ ਕੰਮ ਲਈ ਠਾਕੁਰ ਸਿੰਘ ਸੰਧਾਵਾਲੀਆ ਅੱਗੇ ਆਏ। ਇਕ ਅਕਤੂਬਰ 1873 ਈ. ਦੁਸਹਿਰੇ ਵਾਲੇ ਦਿਨ ਅੰਮ੍ਰਿਤਸਰ ਮੰਜੀ ਸਾਹਿਬ ਹਾਲ ਵਿਚ ਮੀਟਿੰਗ ਹੋਈ। ਇਸ ਮੀਟਿੰਗ ਵਿਚ ਪੁਜਾਰੀ, ਮਹੰਤ, ਗਿਆਨੀ, ਗ੍ਰੰਥੀ, ਉਦਾਸੀ,

---

[68] ਜਗਜੀਤ ਸਿੰਘ, ਸਿੰਘ ਸਭਾ ਲਹਿਰ, ਲਾਹੌਰ ਬੁਕ ਸ਼ਾਪ, ਲੁਧਿਆਣਾ, 1974, ਪੰਨਾ 13.

ਨਿਰਮਲੇ ਤੇ ਪ੍ਰਮੁਖ ਸਰਦਾਰ ਇਕੱਠੇ ਹੋਏ।[69] ਇਸ ਇਕੱਠ ਵਿਚ 'ਸ੍ਰੀ ਗੁਰ ਸਿੰਘ ਸਭਾ' ਬਣਾਈ ਗਈ। ਅੰਮ੍ਰਿਤਸਰ ਦੇ ਮਸ਼ਹੂਰ ਗਿਆਨੀ ਖਾਨਦਾਨ ਦੇ ਗਿਆਨੀ ਗਿਆਨ ਸਿੰਘ ਸਕੱਤਰ ਬਣਾਏ ਗਏ। ਸਰਦਾਰ ਅਮਰ ਸਿੰਘ ਮੀਤ ਸੇਵਕ ਅਤੇ ਭਾਈ ਧਰਮ ਸਿੰਘ ਮਜੀਠੇ ਬੁੰਗੇ ਵਾਲੇ ਖ਼ਜਾਨਚੀ ਥਾਪੇ ਗਏ।[70] ਸ੍ਰੀ ਗੁਰੂ ਸਿੰਘ ਸਭਾ ਦਾ ਸੁਧਾਰਵਾਦੀ ਕਾਰਜ ਬੜੇ ਉਤਸ਼ਾਹ ਨਾਲ ਸ਼ੁਰੂ ਹੋਇਆ, ਪਰ ਇਸ ਲਹਿਰ ਦੇ ਤਿੰਨਾਂ ਹੀ ਮੁੱਖ ਆਗੂਆਂ ਵਿਚ ਏਕਤਾ ਤੇ ਇਕਸੁਰਤਾ ਦੀ ਘਾਟ ਰੜਕਣ ਲੱਗ ਪਈ। ਸਿੰਘ ਸਭਾ ਲਹਿਰ ਦੇ ਇਕ ਮੈਂਬਰ ਕੰਵਰ ਬਿਕਰਮ ਸਿੰਘ ਕਪੂਰਥਲਾ ਬਾਬਤ ਕਿਹਾ ਜਾਂਦਾ ਹੈ ਕਿ ਉਹ ਨਿਰੋਲ ਸੁਧਾਰਵਾਦੀ ਸਨ ਅਤੇ ਰਾਜਨੀਤਿਕ ਜਾਂ ਹੋਰ ਝਮੇਲਿਆਂ ਤੋਂ ਬਚਣਾ ਚਾਹੁੰਦੇ ਸਨ। ਠਾਕੁਰ ਸਿੰਘ ਸੰਧਾਵਾਲੀਏ ਗਰਮ ਖਿਆਲੀਏ ਸਨ ਤੇ ਕਈ ਵਾਰ ਅੰਗਰੇਜ਼ੀ ਰਾਜ ਨੂੰ ਉਲਟਾਉਂਣ ਦੀਆਂ ਗੱਲਾਂ ਕਰਦੇ ਸਨ। ਬਾਬਾ ਖੇਮ ਸਿੰਘ ਬੇਦੀ ਗੁਰਮਤਿ ਮਰਯਾਦਾ ਦੇ ਵਿਪਰੀਤ ਆਪਣੇ ਆਪ ਨੂੰ ਬੇਦੀ ਅੰਸ਼ ਜਾਣ ਕੇ ਵਿਸ਼ੇਸ਼ ਸਤਿਕਾਰ ਦੀ ਲੋਚਾ ਰੱਖਦੇ ਸਨ ਅਤੇ ਦੇਹਧਾਰੀ ਗੁਰੂ ਦੀ ਅਹਿਮੀਅਤ ਦੇ ਵਿਸ਼ਵਾਸੀ ਸਨ। ਤਕਰੀਬਨ ਦੋ ਕੁ ਸਾਲਾਂ ਦੇ ਜੋਸ਼ ਤੋਂ ਬਾਅਦ ਹੀ ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ ਦਾ ਕਾਰਜ ਧੀਮੀ ਗਤੀ ਵਿਚ ਆਉਣਾ ਸ਼ੁਰੂ ਹੋ ਗਿਆ। ਪ੍ਰੋ. ਗੁਰਮੁਖ ਸਿੰਘ, ਠਾਕੁਰ ਸਿੰਘ ਸੰਧਾਵਾਲੀਏ ਤੇ ਕੰਵਰ ਬਿਕਰਮ ਸਿੰਘ ਨੇ ਇਕੱਠੇ ਹੋ ਕੇ ਲਾਹੌਰ ਸਿੰਘ ਸਭਾ ਬਣਾਉਣ ਦੀ ਤਜ਼ਵੀਜ਼ ਰੱਖੀ। ਸ਼ਮਸ਼ੇਰ ਸਿੰਘ ਅਸ਼ੋਕ ਅਨੁਸਾਰ, ''ਇਸ ਤਜ਼ਵੀਜ਼ ਨੂੰ ਸਿਰੇ ਚਾੜ੍ਹਨ ਲਈ ਭਾਈ ਹਰਸਾ ਸਿੰਘ ਤਰਨਤਾਰਨ ਵਾਲਿਆਂ ਨੇ ਜੋ ਪਹਿਲਾਂ ਸ੍ਰੀ ਦਰਬਾਰ ਸਾਹਿਬ ਤਰਨਤਾਰਨ ਦੇ ਗ੍ਰੰਥੀ ਸਨ ਤੇ ਪਿੱਛੋਂ ਪੰਜਾਬ ਯੂਨੀਵਰਸਿਟੀ ਓਰੀਐਂਟਲ ਕਾਲਜ ਵਿਚ ਪੰਜਾਬੀ ਦੇ ਸਹਾਇਕ ਅਧਿਆਪਕ ਲਗ ਗਏ ਸਨ, ਨੇ ਬੜੀ ਗਰਮ ਜੋਸ਼ੀ ਨਾਲ ਹਿੱਸਾ ਲਿਆ। ਭਾਈ ਗੁਰਮੁਖ ਸਿੰਘ ਇਸ ਕੰਮ ਵਿਚ ਮੋਹਰੀ ਸਨ। 12 ਨਵੰਬਰ 1879 ਈ. ਨੂੰ ਲਾਹੌਰ ਦੇ ਕੁਝ ਚੋਣਵੇਂ ਸਿੱਖਾਂ ਦੀ ਇਕੱਤ੍ਰਤਾ ਗੁਰਦੁਆਰਾ ਜਨਮ ਸਥਾਨ ਦੇ ਮੁਕਾਮ ਤੇ ਹੋਈ ਤੇ ਸਰਬ-ਸੰਮਤੀ ਨਾਲ ਗੁਰਮਤਾ ਕਰਕੇ ਸ੍ਰੀ ਗੁਰੂ ਸਿੰਘ ਸਭਾ ਲਾਹੌਰ ਦਾ ਮੁੱਢ ਬੰਨਿਆ ਗਿਆ''।[71] ਇਸ ਸਭਾ ਦੇ ਬਣਨ ਨਾਲ ਅੰਮ੍ਰਿਤਸਰ ਤੇ ਲਾਹੌਰ ਸਭਾ ਵਿਚ ਵੰਡੀਆਂ ਪੈ ਗਈਆਂ। ਜਿੱਥੇ ਇਹ

---

69 Teja Singh, 'The Singh Sabha Movement', *The Singh Sabha and other Socio-Religious Movements in the Punjab,* (Edi.) Dr. Ganda Singh, Publication Beureau, Punjabi University, Patiala, 1997, p. 32.

70 ਜਗਜੀਤ ਸਿੰਘ, ਸਿੰਘ ਸਭਾ ਲਹਿਰ, ਪੰਨਾ 15.

71 ਸ਼ਮਸ਼ੇਰ ਸਿੰਘ ਅਸ਼ੋਕ, ਪੰਜਾਬ ਦੀਆਂ ਲਹਿਰਾਂ, ਪੰਨਾ 93.

ਦੋਵੇਂ ਸਭਾਵਾਂ ਨੇ ਗ਼ੈਰ ਸਿੱਖ ਲਹਿਰਾਂ ਨਾਲ ਵਾਦ-ਵਿਵਾਦ ਸ਼ੁਰੂ ਕੀਤਾ, ਉੱਥੇ ਹੀ ਇਨ੍ਹਾਂ ਸਭਾਵਾਂ ਨੇ ਆਪਸ ਵਿਚ ਵੀ ਬਹੁਤ ਸਾਰਾ ਵਿਵਾਦ ਖੜ੍ਹਾ ਕਰ ਲਿਆ ਸੀ। ਸਿੰਘ ਸਭਾ ਲਾਹੌਰ ਦੇ ਪ੍ਰਚਾਰ ਨੂੰ ਪੱਕੇ ਪੈਰਾਂ 'ਤੇ ਕਰਨ ਸਾਰ ਇਸ ਦੇ ਮੋਢੀਆਂ ਦਾ ਧਿਆਨ ਜਿਵੇਂ ਕਿ ਪਹਿਲਾਂ ਹੀ ਵਿਚਾਰ ਸੀ, ਸਿੱਖਾਂ ਦੀ ਵਿਦਿਅਕ ਉਨਤੀ ਵੱਲ ਗਿਆ। ਇਸ ਸਮੇਂ ਪੰਜਾਬ ਵਿਚ ਸਿੱਖਾਂ ਦਾ ਕੋਈ ਕਾਲਜ ਤੇ ਸਕੂਲ ਨਹੀਂ ਸੀ। ਇਸ ਦੌਰਾਨ 'ਸੱਤ ਸਭਾ ਲਾਹੌਰ' ਦੇ ਪ੍ਰਧਾਨ ਭਾਈ ਬਿਹਾਰੀ ਲਾਲ ਪੁਰੀ, ਜੋ ਪੰਜਾਬੀ ਬੋਲੀ ਦੇ ਬੜੇ ਸੁਚੱਜੇ ਲਿਖਾਰੀ ਸਨ, ਸਿੰਘ ਸਭਾ ਦੀ ਵਿਦਿਅਕ ਸਾਖ ਦੇ ਮੈਂਬਰ ਬਣ ਗਏ। ਉਨ੍ਹਾਂ ਦੇ ਸਹਿਯੋਗ ਨਾਲ ਅਚਾਨਕ ਸਿੰਘ ਸਭਾ ਤੇ ਸੱਤ ਸਭਾ ਦੇ ਆਸ਼ੇ ਇਕ ਹੋ ਗਏ, ਇਸ ਤਰ੍ਹਾਂ ਮਿਲ ਕੇ ਲਾਹੌਰ ਵਿਚ ਇਕ ਪੰਜਾਬੀ ਸਕੂਲ ਖੋਲ੍ਹਿਆ ਗਿਆ, ਜਿੱਥੇ ਬੱਚਿਆਂ ਨੂੰ ਪੰਜਾਬੀ ਬੋਲੀ ਦੀ ਸਿੱਖਿਆ ਗੁਰਮੁਖੀ ਅੱਖਰਾਂ ਵਿਚ ਦਿੱਤੀ ਜਾਣ ਲੱਗੀ। ਇਸ ਤੋਂ ਲਗਪਗ ਡੇਢ ਕੁ ਸਾਲ ਪਿੱਛੋਂ ਫਰਵਰੀ ਸੰਨ 1882 ਵਿਚ ਇਸ ਪਾਸੇ ਇਕ ਹੋਰ ਅਗਾਂਹ ਵਧੂ ਕਦਮ ਰੱਖਣ ਲਈ ਸਿੰਘ ਸਭਾ ਲਾਹੌਰ ਦੇ ਮਾਤਹਿਤ 'ਪੰਜਾਬੀ ਪ੍ਰਚਾਰਨੀ ਸਭਾ' ਦੀ ਨੀਂਹ ਰੱਖੀ ਗਈ।[72] ਇਸ ਸਮੇਂ ਹੀ ਮਹਾਰਾਜਾ ਦਲੀਪ ਸਿੰਘ ਬਾਰੇ ਤੇ ਅੰਗਰੇਜ਼ ਸਰਕਾਰ ਵਿਰੋਧੀ ਕਿਤਾਬਾਂ ਲਿਖੀਆਂ ਜਾਣ ਲੱਗੀਆਂ, ਜਿੰਨ੍ਹਾਂ ਦਾ ਮਕਸਦ ਫਿਰ ਤੋਂ ਸਿੱਖ ਰਾਜ ਕਾਇਮ ਕਰਨਾ ਸੀ। ਬਾਵਾ ਨਿਹਾਲ ਸਿੰਘ ਨੇ 1886 ਈ. ਵਿਚ ਖੁਰਸ਼ੀਦ ਖ਼ਾਲਸਾ (ਉਰਦੂ) ਨਾਂ ਦੀ ਕਿਤਾਬ ਵਿਚ ਮਹਾਰਾਜਾ ਦਲੀਪ ਸਿੰਘ ਨੂੰ ਪੰਜਾਬ ਦਾ ਰਾਜ ਮੁੜ ਦਵਾਉਣ ਲਈ ਜ਼ੋਰਦਾਰ ਅਪੀਲ ਕੀਤੀ। ਪਰ ਲਾਹੌਰ ਦੀਵਾਨ ਵਾਲਿਆਂ ਨੇ ਇਸ ਦੀ ਵਿਰੋਧਤਾ ਕੀਤੀ।[73] ਇਸ ਤੋਂ ਇਹ ਵੀ ਪਤਾ ਚਲਦਾ ਹੈ ਕਿ ਲਾਹੌਰ ਸਿੰਘ ਸਭਾ ਅੰਗਰੇਜ਼ ਪੱਖੀ ਸੀ। ਭਾਈ ਗੁਰਮੁਖ ਸਿੰਘ ਦੀ ਕਿਤਾਬ ਅਕ੍ਰਿਤਘਣ ਤੇ ਕ੍ਰਿਤਗਯ ਲਾਹੌਰ 1887 ਈ. ਇਸ ਦਾ ਪ੍ਰਮਾਣ ਹੈ, ਜਿਸ ਵਿਚ ਅੰਗਰੇਜ਼ੀ ਰਾਜ ਦੀ ਮਹਿਮਾ ਤੇ ਸਰਕਾਰ ਵਿਰੋਧੀਆਂ ਦੀ ਕਾਰਵਾਈ ਨੂੰ ਦੇਸ਼-ਧਰੋਹੀ ਆਖਿਆ ਗਿਆ ਹੈ।[74]

---

72 ਸ਼ਮਸ਼ੇਰ ਸਿੰਘ ਅਸ਼ੋਕ, ਪੰਜਾਬ ਦੀਆਂ ਲਹਿਰਾਂ, ਪੰਨਾ 96.

73 Teja Singh, 'Singh Sabha Movement' *Punjab Past and Present,* Punajbi University Patiala, April - 1973, pp. 88-90.

74 ਪਰਮਿੰਦਰ ਸਿੰਘ, ਸਿੰਘ ਸਭਾ ਲਹਿਰ ਦੀ ਪੰਜਾਬੀ ਸਾਹਿਤ ਨੂੰ ਦੇਣ, ਲਾਹੌਰ ਬੁਕ ਸ਼ਾਪ, ਲੁਧਿਆਣਾ, 1987, ਪੰਨਾ 142.

ਸਰ ਅਤਰ ਸਿੰਘ ਭਦੌੜ ਨੇ ਸੌ ਸਾਖੀ ਦਾ ਅੰਗਰੇਜ਼ੀ ਅਨੁਵਾਦ ਕਰ ਕੇ ਛਪਵਾਇਆ ਤੇ ਇਹ ਸਾਬਤ ਕੀਤਾ ਕਿ ਸਾਖੀ 1834 ਈ. ਵਿਚ ਤਿਆਰ ਕੀਤੀ ਗਈ ਸੀ ਨਾ ਕਿ ਗੁਰੂ ਗੋਬਿੰਦ ਸਿੰਘ ਦੁਆਰਾ ਲਿਖੀ ਗਈ ਜਿਸ ਤਰ੍ਹਾਂ ਕਿ ਨਾਮਧਾਰੀਏ ਪ੍ਰਚਾਰ ਕਰ ਰਹੇ ਸਨ। ਨਾਮਧਾਰੀਏ ਸੌ ਸਾਖੀ ਦਾ ਹਵਾਲਾ ਦੇ ਕੇ ਆਖਦੇ ਸਨ ਕਿ ਗੁਰੂ ਗੋਬਿੰਦ ਸਿੰਘ ਜੀ ਭਵਿਖ ਬਾਣੀ ਕਰ ਗਏ ਸਨ ਕਿ ਬਾਬਾ ਰਾਮ ਸਿੰਘ ਗੁਰੂ ਗੋਬਿੰਦ ਸਿੰਘ ਦਾ ਰੂਪ ਧਾਰ ਕੇ ਮੁੜ ਜਨਮ ਲਵੇਗਾ ਅਤੇ ਅੰਗਰੇਜ਼ਾਂ ਪਾਸੋਂ ਪੰਜਾਬ ਦਾ ਰਾਜ ਖੋਹੇਗਾ। ਇਸ ਪੁਸਤਕ ਨੇ ਵੀ ਨਾਮਧਾਰੀਆਂ ਦੇ ਸਰਕਾਰ ਵਿਰੋਧੀ ਪ੍ਰਚਾਰ ਨੂੰ ਰੋਕ ਪਾਈ ਸੀ।[75] ਸਿੰਘ ਸਭਾ ਲਾਹੌਰ ਵਿਚ ਸ. ਜਵਾਹਰ ਸਿੰਘ ਤੇ ਗਿਆਨੀ ਦਿੱਤ ਸਿੰਘ ਦੇ ਸ਼ਾਮਿਲ ਹੋਣ ਨਾਲ ਇਹ ਸਾਹਿਤਕ ਪੱਖੋਂ ਕਾਫ਼ੀ ਅਮੀਰ ਹੋ ਗਈ।

ਸਿੰਘ ਸਭਾ ਲਾਹੌਰ ਵਿਚ ਗਿਆਨੀ ਦਿੱਤ ਸਿੰਘ ਇਕ ਕ੍ਰਾਂਤੀਕਾਰੀ ਸਾਹਿਤਕਾਰ ਹੋਏ ਹਨ। ਉਨ੍ਹਾਂ ਦਾ ਜਨਮ 21 ਅਪ੍ਰੈਲ 1850 ਈ. ਨੂੰ ਭਾਈ ਦੀਵਾਨ ਸਿੰਘ ਦੇ ਗ੍ਰਹਿ ਮਾਤਾ ਰਾਮ ਕੌਰ ਦੀ ਕੁੱਖੋਂ ਪਿੰਡ ਨੰਦਪੁਰ ਕਲੌੜ ਵਿਖੇ ਹੋਇਆ। ਆਪ ਰਾਮਦਾਸੀਆ ਬਰਾਦਰੀ ਨਾਲ ਸੰਬੰਧ ਰੱਖਦੇ ਸਨ।[76] ਸਿੰਘ ਵੇਦਾਂਤ ਦੇ ਮਾਹਰ ਵਿਦਵਾਸ ਸਨ। ਨਰਿੰਦਰ ਸਿੰਘ ਕਪੂਰ ਅਨੁਸਾਰ ''ਭਾਈ ਦਿੱਤ ਸਿੰਘ ਸਿੱਖ ਗ੍ਰੰਥਾਂ ਦੇ ਮੁਕਾਬਲੇ ਵੇਦਾਂਤ ਦਾ ਵਧੇਰੇ ਅਧਿਐਨ ਕਰ ਰਹੇ ਸਨ। ਸੱਚ ਤਾਂ ਇਹ ਹੈ ਕਿ ਉਸ ਸਮੇਂ ਸਿੱਖ ਧਰਮ ਸੂਰਤ ਅਤੇ ਸੀਰਤ ਦੋਹਾਂ ਪੱਖਾਂ ਤੋਂ ਦਿਨੋਂ ਦਿਨ ਨਿਘਰਦਾ ਜਾ ਰਿਹਾ ਸੀ ਅਤੇ ਸਭ ਪਾਸੇ ਵੇਦਾਂਤ ਦਾ ਬੋਲਬਾਲਾ ਸੀ''।[77] ਜ਼ਿਲ੍ਹਾ ਅੰਬਾਲਾ ਵਿਚ ਤਿਉੜ ਨਗਰ ਦੇ ਗੁਲਾਬਦਾਸੀਆਂ ਦੇ ਡੇਰੇ ਵਿਚ ਵਿਦਿਆ ਪ੍ਰਾਪਤ ਕਰਨ ਉਪਰੰਤ ਸਭ ਦੀ ਸਲਾਹ ਅਤੇ ਪ੍ਰੇਰਨਾ ਨਾਲ ਆਪ ਲਾਹੌਰ ਵਿਚ ਗੁਲਾਬਦਾਸੀਆਂ ਦੇ ਪ੍ਰਸਿੱਧ ਡੇਰੇ ਵਿਚ ਆ ਗਏ।[78] ਲਾਹੌਰ ਰਹਿੰਦਿਆਂ ਗਿ. ਦਿੱਤ ਸਿੰਘ ਦੀ ਮੁਲਾਕਾਤ ਪ੍ਰੋ. ਗੁਰਮੁਖ ਸਿੰਘ ਨਾਲ ਹੋਈ। ਇਸ ਨਾਲ ਦਿੱਤ ਸਿੰਘ ਫ਼ਕੀਰ ਤੋਂ ਪ੍ਰੋਫ਼ੈਸਰ ਬਣ ਗਏ। ਆਰੀਆ ਸਮਾਜੀ ਤੋਂ ਸਿੰਘ ਸਭਾਈ ਬਣ ਗਏ ਅਤੇ ਵੇਦਾਂਤ ਦਾ ਪ੍ਰਚਾਰ ਕਰਨ ਦੀ ਥਾਂ ਸਿੱਖ ਧਰਮ ਦਾ ਪ੍ਰਚਾਰ

---

[75] ਉਹੀ, ਪੰਨੇ 124-125.

[76] ਇੰਦਰਜੀਤ ਸਿੰਘ ਗੋਗੋਆਣੀ, ਗਿਆਨੀ ਦਿੱਤ ਸਿੰਘ ਜੀਵਨ, ਰਚਨਾ ਤੇ ਸਿੱਖ ਪੰਥ ਨੂੰ ਦੇਣ, ਭਾਈ ਚਤਰ ਸਿੰਘ, ਜੀਵਨ ਸਿੰਘ, ਅੰਮ੍ਰਿਤਸਰ, ਅਗਸਤ, 2010, ਪੰਨਾ 60.

[77] ਨਰਿੰਦਰ ਸਿੰਘ ਕਪੂਰ, ਗਿ. ਦਿੱਤ ਸਿੰਘ ਜੀਵਨ ਤੇ ਰਚਨਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1987, ਪੰਨਾ 3.

[78] ਉਹੀ।

ਕਰਨ ਲਗ ਪਏ ਸਨ।[79] ਗਿ. ਦਿੱਤ ਸਿੰਘ ਨੇ ਬਹੁਤ ਸਾਰਾ ਸਾਹਿਤ ਰਚਿਆ। ਡਾ. ਇੰਦਰਜੀਤ ਸਿੰਘ ਗੋਗੋਆਣੀ ਅਨੁਸਾਰ, ''ਸਾਨੂੰ ਵੱਖ-ਵੱਖ ਸਥਾਨਾਂ ਤੋਂ ਛੋਟੇ-ਛੋਟੇ ਆਕਾਰ ਦੀਆਂ 38 ਰਚਨਾਵਾਂ ਪ੍ਰਾਪਤ ਹੋਈਆਂ ਹਨ''।[80] ਉਪਰੋਕਤ ਵਿਚ ਉਨ੍ਹਾਂ ਦੀ ਸਾਹਿਤਕ ਦੇਣ ਤੋਂ ਇਲਾਵਾ ਆਰੀਆ ਸਮਾਜੀ ਸਾਧੂ ਦਯਾ ਨੰਦ ਨਾਲ ਬਹਿਸ ਵੀ ਬੜੀ ਮਹੱਤਵਪੂਰਨ ਹੈ। ਗਿਆਨੀ ਦਿੱਤ ਸਿੰਘ 6 ਸਤੰਬਰ 1901 ਈ. ਨੂੰ ਦਿਨ ਦੇ ਸਾਢੇ 10 ਵਜੇ ਦੇ ਕਰੀਬ ਇਸ ਫਾਨੀ ਦੁਨੀਆਂ ਨੂੰ ਅਲਵਿਦਾ ਕਹਿ ਗਏ।[81] ਗਿ. ਦਿੱਤ ਸਿੰਘ ਦੇ ਸਮਕਾਲੀ ਸਿੰਘ ਸਭਾ ਲਹਿਰ ਦੇ ਮੋਢੀ ਤੇ ਪ੍ਰਮੁਖ ਵਕਤਾ ਠਾਕੁਰ ਸਿੰਘ ਸੰਧਾਵਾਲੀਆ ਸਨ। ਉਹ 1837 ਈ. ਵਿਚ ਸਰਦਾਰ ਲਹਿਣਾ ਸਿੰਘ ਸੰਧਾਵਾਲੀਆ ਦੇ ਘਰ ਜਨਮੇ ਸਨ। 1865 ਈ. ਵਿਚ ਅੰਗਰੇਜ਼ੀ ਸਰਕਾਰ ਨੇ ਜ਼ਿਲ੍ਹਾ ਅੰਮ੍ਰਿਤਸਰ ਦਾ ਐਕਸਟਰਾ ਅਸਿਸਟੈਂਟ ਕਮਿਸ਼ਨਰ ਨਿਯੁਕਤ ਕੀਤਾ। 1884 ਈ. ਵਿਚ ਇੰਗਲੈਂਡ ਜਾ ਕੇ ਮਹਾਰਾਜਾ ਦਲੀਪ ਸਿੰਘ ਨੂੰ ਵੀ ਮਿਲੇ ਸਨ।[82] ਆਪ ਜੀ ਦੀ 18 ਅਗਸਤ 1887 ਈ. ਨੂੰ ਅਚਨਚੇਤ ਹੀ ਮੌਤ ਹੋ ਗਈ।[83] ਪ੍ਰੋ. ਗੁਰਮੁਖ ਸਿੰਘ ਸਿੰਘ ਸਭਾ ਲਾਹੌਰ ਦੇ ਇਕ ਹੋਰ ਪ੍ਰਮੁਖ ਬੁਲਾਰੇ ਤੇ ਲਿਖਾਰੀ ਸਨ। ਉਨ੍ਹਾਂ ਦਾ ਜਨਮ 1849 ਈ. ਵਿਚ ਕਪੂਰਥਲੇ ਵਿਖੇ ਭਾਈ ਬਸਾਵਾ ਸਿੰਘ ਦੇ ਘਰ ਹੋਇਆ।[84] ਡਾ. ਗੁਰਦੇਵ ਸਿੰਘ ਸਿੱਧੂ ਅਨੁਸਾਰ ਪ੍ਰੋ. ਗੁਰਮੁਖ ਸਿੰਘ ਦੁਆਰਾ ਰਚਿਤ ਪੁਸਤਕਾਂ ਦਾ ਵੇਰਵਾ ਇਸ ਤਰ੍ਹਾਂ ਹੈ: 1. ਜੋਤਸ਼ ਵਿਗਿਆਨ, 2. ਤਿਕੋਨ ਮਿਤੀ, 3. ਰਾਜਨੀਤਿਕ ਅਰਥ ਵਿਗਿਆਨ, 4. ਇੰਗਲੈਂਡ ਦਾ ਇਤਿਹਾਸ, 5. ਗੁਰਬਰਸ ਅਥਵਾ ਸੰਕ੍ਰਾਂਤੀ ਪੱਤਰ, 6. ਖ਼ਾਲਸਾ ਧਰਮ ਦਾ ਉਪਦੇਸ਼, ਅਤੇ 7. ਲਾਸਾਨੀ ਕਰਾਮਾਤਾਂ।[85] ਉਸਨੇ ਮਿਸਟਰ ਐੱਮ.ਏ. ਮੈਕਾਲਿਫ਼ ਦੁਆਰਾ ਸੰਪਾਦਿਤ ਹਾਫ਼ਜਾਬਾਦ ਵਾਲੀ ਜਨਮਸਾਖੀ ਦੀ ਭੂਮਿਕਾ ਵੀ ਲਿਖੀ।[86] ਆਪ ਨੂੰ 18 ਮਾਰਚ 1887 ਈ. ਨੂੰ ਖ਼ਾਲਸਾ

---

79 ਉਹੀ, ਪੰਨਾ 5.

80 ਇੰਦਰਜੀਤ ਸਿੰਘ ਗੋਗੋਆਣੀ, ਗਿਆਨੀ ਦਿੱਤ ਸਿੰਘ ਜੀਵਨ ਰਚਨਾ ਤੇ ਸਿੱਖ ਪੰਥ ਨੂੰ ਦੇਣ, ਪੰਨਾ 77.

81 ਉਹੀ, ਪੰਨਾ 82.

82 ਗੁਰਨੇਕ ਸਿੰਘ ਨੇਕੀ, ਸਿੰਘ ਸਭਾ ਲਹਿਰ ਦੇ ਉਸੱਰਈਏ, ਲਿਟਰੇਚਰ ਹਾਊਸ, ਪੁਤਲੀਘਰ, ਅੰਮ੍ਰਿਤਸਰ, 1995, ਪੰਨਾ 9.

83 ਉਹੀ, ਪੰਨਾ 10.

84 ਕਰਤਾਰ ਸਿੰਘ ਸਰਹੱਦੀ, ਸਿੰਘ ਸਭਾ ਲਹਿਰ ਦਾ ਸੁਨਹਿਰੀ ਤੇ ਮਹਾਨ ਪਰਉਪਕਾਰੀ ਇਤਿਹਾਸ, ਯਮੁਨਾ ਨਗਰ, ਅੰਬਾਲਾ, 1974, ਪੰਨਾ 500.

85 ਉਹੀ, ਪੰਨਾ 501.

86 ਗੁਰਦੇਵ ਸਿੰਘ ਸਿੱਧੂ, ਪ੍ਰੋ. ਗੁਰਮੁਖ ਸਿੰਘ ਜੀਵਨ ਤੇ ਰਚਨਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ 43.

ਪੰਥ ਵਿਚੋਂ ਛੇਕਣ ਦਾ ਐਲਾਨ ਵੀ ਕੀਤਾ ਗਿਆ।[87] ਅੰਤ ਆਪ 23 ਸਤੰਬਰ 1898 ਨੂੰ ਅਕਾਲਾ ਚਲਾਣਾ ਕਰ ਗਏ।[88] ਭਾਈ ਤਖ਼ਤ ਸਿੰਘ, ਸਿੰਘ ਸਭਾ ਲਹਿਰ ਦੇ ਬੜੇ ਸਰਗਰਮ ਪ੍ਰਚਾਰਕ ਰਹੇ ਸਨ। ਭਾਈ ਤਖ਼ਤ ਸਿੰਘ ਦਾ ਜਨਮ 1862 ਈ. ਫ਼ਿਰੋਜਪੁਰ ਵਿਖੇ ਨਿਹੰਗ ਦੇਵਾ ਸਿੰਘ ਦੇ ਘਰ ਚੰਦ ਕੌਰ ਦੀ ਕੁੱਖੋਂ ਹੋਇਆ। ਉਨ੍ਹਾਂ ਦੀ ਮਹਾਨ ਦੇਣ ਲੜਕੀਆਂ ਦੀ ਵਿਦਿਆ ਲਈ ਕਾਲਜ ਖੋਲਣ ਵਿਚ ਹੈ। 5 ਨਵੰਬਰ 1892 ਈ. ਨੂੰ ਕੰਨਯਾ ਪਾਠਸ਼ਾਲਾ ਫਿਰੋਜ਼ਪੁਰ ਖੋਲ੍ਹੀ ਗਈ ਸੀ, ਜਿਸ ਦਾ ਉਨ੍ਹਾਂ ਨੂੰ ਮੈਨੇਜਰ ਨਿਯੁਕਤ ਕੀਤਾ ਗਿਆ ਸੀ।[89] ਇਨ੍ਹਾਂ ਨੇ ਸਿੱਖ ਧਰਮ ਲਈ ਦੇਸ਼ ਤੇ ਵਿਦੇਸ਼ ਵਿਚ ਬਹੁਤ ਪ੍ਰਚਾਰ ਕੀਤਾ ਸਿੱਖਾਂ ਵਿਚ ਸਭ ਤੋਂ ਪਹਿਲਾਂ ਲੜਕੀਆਂ ਲਈ ਵਿਦਿਆ ਪ੍ਰਤੀ ਜਾਗਰੂਕਤਾ ਫੈਲਾਉਣ ਦਾ ਕੰਮ ਬਾਬਾ ਖੇਮ ਸਿੰਘ ਬੇਦੀ ਨੇ ਕੀਤਾ ਸੀ।[90] ਬਾਬਾ ਖੇਮ ਸਿੰਘ ਬੇਦੀ ਨੇ ਰਾਵਲਪਿੰਡੀ, ਧੰਨੀ, ਪੋਠੋਹਾਰ, ਜਿਹਲਮ ਤੇ ਗੁਜਰਾਤ ਵਿਚ ਲੜਕੀਆਂ ਲਈ ਸਕੂਲ ਖੋਲ੍ਹੇ, ਜਿਨ੍ਹਾਂ ਵਿਚ ਸਾਰੀ ਪੜ੍ਹਾਈ ਪੰਜਾਬੀ ਰਾਹੀਂ ਕਰਵਾਈ ਜਾਂਦੀ ਸੀ। 1879 ਈ. ਤੱਕ ਬਾਬਾ ਜੀ ਵੱਲੋਂ ਖੋਲ੍ਹੇ ਗਏ ਸਕੂਲਾਂ ਦੀ ਗਿਣਤੀ 42 ਤੱਕ ਪੁੱਜ ਚੁੱਕੀ ਸੀ। ਇਨ੍ਹਾਂ ਸਕੂਲਾਂ ਉੱਤੇ ਬਾਬਾ ਜੀ ਨੇ ਆਪਣੇ ਪਾਸੋਂ ਪੰਜਾਹ ਹਜ਼ਾਰ ਰੁਪਏ ਖ਼ਰਚ ਕੀਤੇ ਅਤੇ ਪਿੱਛੋਂ ਸਰਕਾਰੀ ਅਧਿਕਾਰੀਆਂ ਨੂੰ ਮਿਲ ਕੇ ਇਨ੍ਹਾਂ ਸਕੂਲਾਂ ਨੂੰ ਸਰਕਾਰੀ ਸਕੂਲ ਬਣਵਾ ਦਿੱਤਾ। ਸਰਕਾਰ ਦੇ ਅਧਿਕਾਰ ਹੇਠ ਆ ਜਾਣ 'ਤੇ ਵੀ ਇਨ੍ਹਾਂ ਦੀ ਪੜ੍ਹਾਈ ਦਾ ਮਾਧਿਅਮ ਪੰਜਾਬੀ ਹੀ ਰਿਹਾ ਸੀ।[91] ਇਸ ਤਰ੍ਹਾਂ ਇਨ੍ਹਾਂ ਸਭ ਕੋਸ਼ਿਸ਼ਾਂ ਵਿਚੋਂ ਸਿੱਖ ਅਧਿਐਨ ਦਾ ਧਰਾਤਲ ਪੈਦਾ ਹੋ ਰਿਹਾ ਸੀ। ਸਿੰਘ ਸਭਾ ਲਹਿਰ ਵੇਲੇ ਰਚਿਤ ਸਾਹਿਤ ਵਿਚ ਵਾਦ-ਵਿਵਾਦ ਨਾਲ ਸੰਬੰਧਿਤ ਸਾਹਿਤ ਵਧੇਰੇ ਮਿਲਦਾ ਹੈ। ਇਸ ਸਮੇਂ ਹੀ ਵੱਖ-ਵੱਖ ਧਰਮਾਂ ਸੰਪਰਦਾਵਾਂ ਨੇ ਆਪਣੀ ਹੋਂਦ ਸਥਾਪਿਤ ਕਰਨ ਲਈ ਰਖਿਆਤਮਿਕ ਅਤੇ ਵਿਰੋਧੀ ਸਾਹਿਤ ਦੀ ਰਚਨਾ ਕੀਤੀ। ਡਾ. ਪਰਮਿੰਦਰ ਸਿੰਘ ਨੇ ਸਿੰਘ ਸਭਾ ਲਹਿਰ ਦੇ ਪ੍ਰਭਾਵ ਅਧੀਨ ਰਚੇ ਗਏ ਸਾਹਿਤ ਦਾ ਹੇਠ ਲਿਖੇ ਅਨੁਸਾਰ ਵਰਗੀਕਰਨ ਕੀਤਾ ਹੈ:

---

87 ਉਹੀ, ਪੰਨਾ 59.

88 ਉਹੀ, ਪੰਨਾ 20.

89 ਕੁਲਬੀਰ ਸਿੰਘ ਕਾਂਗ, ਜਿੰਦਾ ਸ਼ਹੀਦ ਭਾਈ ਤਖਤ ਸਿੰਘ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1994, ਪੰਨਾ 7.

90 ਉਹੀ, ਪੰਨਾ 6.

91 ਪਰਮਿੰਦਰ ਸਿੰਘ, ਸਿੰਘ ਸਭਾ ਲਹਿਰ ਦੀ ਪੰਜਾਬੀ ਸਾਹਿਤ ਨੂੰ ਦੇਣ, ਪੰਨਾ 58.

ੳ. ਵਾਦ-ਵਿਵਾਦੀ ਸਾਹਿਤ

ਅ. ਧਾਰਮਿਕ ਸੁਧਾਰ ਤੇ ਸਿੱਖ ਮਰਯਾਦਾ

ੲ. ਸਮਾਜ ਸੁਧਾਰ

ਸ. ਸਿੱਖ ਇਤਿਹਾਸ

ਹ. ਗੁਰਮਤਿ ਸਿੱਧਾਤਾਂ ਦੀ ਵਿਆਖਿਆ ਤੇ ਇਤਿਹਾਸਕ ਖੋਜ

ਕ. ਅਖਬਾਰਾਂ, ਟ੍ਰੈਕਟ ਅਤੇ ਪੈਂਫ਼ਲਿਟ

ਖ. ਮੌਲਿਕ ਤੇ ਸਿਰਜਣਾਤਮਕ ਸਾਹਿਤ – ਨਵੇਂ ਸਾਹਿਤ ਰੂਪਾਂ ਦਾ ਪ੍ਰਯੋਗ[92]

ਸਿੰਘ ਸਭਾ ਅਧੀਨ ਰਚਿਤ ਸਾਹਿਤ ਬਹੁ-ਗਿਣਤੀ ਵਿਚ ਵਿਵਾਦਤ ਸਾਹਿਤ ਹੀ ਮਿਲਦਾ ਹੈ। ਇਹ ਵਿਵਾਦ ਸਿਰਫ਼ ਦੂਜੇ ਧਰਮਾਂ ਨਾਲ ਹੀ ਨਹੀਂ, ਸਗੋਂ ਸਭਾਵਾਂ ਦਾ ਆਪਸ ਵਿਚ ਅਤੇ ਹੋਰ ਸੰਪ੍ਰਦਾਵਾਂ ਨਾਲ ਵੀ ਚਲਦਾ ਰਿਹਾ। ਸਿੱਖਾਂ ਨਾਲ ਸੰਬੰਧਤ ਵਾਦ-ਵਿਵਾਦੀ ਸਾਹਿਤ ਦੀ ਸ਼ੁਰੂਆਤ ਸ਼ਰਧਾ ਰਾਮ ਫਿਲੌਰੀ ਤੋਂ ਹੋਈ ਮੰਨੀ ਜਾ ਸਕਦੀ ਹੈ। ਦਇਆ ਨੰਦ ਸਰਸਵਤੀ ਨੇ ਵੀ ਸਿੱਖ ਧਰਮ ਵਿਰੁੱਧ ਬੋਲਣ ਦੀ ਜ਼ੁਰੱਅਤ ਸ਼ਰਧਾ ਰਾਮ ਫਿਲੌਰੀ ਦੀ ਲਿਖਤ ਤੋਂ ਹੀ ਲਈ ਹੋ ਸਕਦੀ ਹੈ।

ਪੰਡਿਤ ਸ਼ਰਧਾ ਰਾਮ ਫਿਲੌਰੀ ਦਾ ਜਨਮ 30 ਸਤੰਬਰ 1837 ਈ. ਨੂੰ ਪਿਤਾ ਜੈ ਦਿਆਲ ਜੋਸ਼ੀ ਤੇ ਮਾਤਾ ਵਿਸ਼ਨੂੰ ਦੇਈ ਦੇ ਘਰ ਹੋਇਆ।[93] ਵੱਡਾ ਹੋ ਕੇ ਕਾਫ਼ੀ ਜਗਹ ਤੁਰ ਫਿਰ ਕੇ ਇਸ ਨੇ ਵਿਦਿਆ ਗ੍ਰਹਿਣ ਕੀਤੀ। ਇਸ ਨੇ ਈਸਾਈ ਮਿਸ਼ਨ ਲੁਧਿਆਣਾ ਪਾਸ ਤਿੰਨ ਸਾਲ ਨੌਕਰੀ ਕੀਤੀ। 1872 ਈ. ਵਿਚ ਸ਼ਰਧਾ ਰਾਮ ਨੇ ਆਪਣੇ ਧਰਮ ਪ੍ਰਚਾਰ ਦਾ ਦੌਰਾ ਅੰਮ੍ਰਿਤਸਰ ਦਾ ਰੱਖਿਆ ਸੀ। ਉਸਨੇ ਗੁਰੂ ਕੇ ਬਾਗ ਵਿਚ ਆਪਣੇ ਕਥਾ ਵਖਿਆਨ ਸ਼ੁਰੂ ਕੀਤੇ। ਫਿਲੌਰੀ ਦੇ ਸੁਭਾਅ ਦੀ ਇਕ ਵਿਸ਼ੇਸ਼ਤਾ ਇਹ ਸੀ ਕਿ ਆਪਣੇ ਪ੍ਰਚਾਰ ਵਿਖਿਆਨ ਵਿਚ ਕਈ ਵਾਰ ਆਪਣੇ ਵਿਰੋਧੀ ਦੀ ਕਠੋਰ ਆਲੋਚਨਾ ਕਰਦਾ। ਇਸ ਨਾਲ ਵਿਅਰਥ ਵਿਚ ਵਿਰੋਧ ਤੇ ਪ੍ਰਤੀਵਾਦ ਖੜ੍ਹਾ ਹੋ ਜਾਂਦਾ।[94] ਡਾ. ਬਲਬੀਰ ਸਿੰਘ ਅਨੁਸਾਰ, ''ਸ਼ਰਧਾ ਰਾਮ ਨੇ ਕੀ ਕਥਾ ਕੀਤੀ ਤੇ ਨਿੰਦਾ ਵਾਚਕ ਕੀ ਸ਼ਬਦ ਕਹੇ, ਇਸ ਗੱਲ ਦਾ ਸਾਡੇ ਪਾਸ ਕੋਈ ਮੁਸਤਕਿਲ

---

92 ਉਹੀ, ਪੰਨਾ 175.

93 ਗੁਰਬਚਨ ਕੌਰ, ਸ਼ਰਧਾ ਰਾਮ ਫਿਲੌਰੀ ਜੀਵਨ ਤੇ ਰਚਨਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, 1988, ਪੰਨਾ 1.

94 ਉਹੀ, ਪੰਨਾ 10.

ਲੇਖ ਨਹੀਂ ਸਿਵਾਏ ਇਕ ਨੋਟ ਦੇ ਜੋ ਕਿ ਸੂਹੀਏ ਦੀ ਡਾਇਰੀ ਦਾ ਪਤਾ ਸਮਝਿਆ ਜਾਂਦਾ ਹੈ।''[95] ਪਰ ਸਿੱਖ ਅਧਿਐਨ ਵਿਚ ਉਸਦੀ ਪੁਸਤਕ ਸਿੱਖਾਂ ਦੇ ਰਾਜ ਦੀ ਵਿਥਿਆ ਦਾ ਜ਼ਿਕਰ ਬੜਾ ਮਹੱਤਵਪੂਰਨ ਹੈ। ਇਸ ਪੁਸਤਕ ਦਾ ਸਿੰਘ ਸਭਾ ਲਹਿਰ ਨੇ ਬਹੁਤ ਵਿਰੋਧ ਕੀਤਾ ਸੀ। ਡਾ. ਸੁਖਦਿਆਲ ਸਿੰਘ ਅਨੁਸਾਰ, ''ਪੰਡਿਤ ਸ਼ਰਧਾ ਰਾਮ ਫਿਲੌਰੀ ਨੇ ਇਸ ਲਿਖਤ ਨੂੰ ਆਪਣੇ ਜਜ਼ਬਾਤਾਂ ਜਾਂ ਆਪਣੀ ਅੰਤਰ ਆਤਮਾ ਦੀ ਆਵਾਜ਼ ਵਿਚੋਂ ਨਹੀਂ ਲਿਖਿਆ। ਉਸਨੇ ਸਿਰਫ਼ ਅੰਗਰੇਜ਼ ਅਧਿਕਾਰੀਆਂ ਦੇ ਕਹਿਣ 'ਤੇ ਉਨ੍ਹਾਂ ਦੀ ਇੱਛਾ ਅਨੁਸਾਰ ਅਤੇ ਇਸ ਲਿਖਤ ਦੇ ਪੈਸੇ ਲੈ ਕੇ ਲਿਖਿਆ ਹੈ।''[96] ਇਸ ਤਰ੍ਹਾਂ ਇਹ ਨਾ ਤਾਂ ਕੋਈ ਖੋਜ ਪੁਸਤਕ ਹੈ ਅਤੇ ਨਾ ਹੀ ਇਹ ਜਜ਼ਬਾਤੀ ਕਿਸਮ ਦੀ ਹੈ। ਇਹ ਇਕ ਪਾਠ ਪੁਸਤਕ ਹੈ, ਜਿਹੜੀ ਸਿਰਫ਼ ਅੰਗਰੇਜ਼ ਅਧਿਕਾਰੀਆਂ ਵੱਲੋਂ ਪੰਜਾਬੀ ਦਾ ਜ਼ਰੂਰੀ ਪੇਪਰ ਪਾਸ ਕਰਨ ਲਈ ਇਕ ਸਿਲੇਬਸ ਦੇ ਅਨੁਸਾਰ ਲਿਖਵਾਈ ਗਈ ਸੀ।[97] ਜਿੱਥੇ ਇਹ ਕਿਤਾਬ ਗੰਭੀਰ ਗ਼ਲਤੀਆਂ ਨਾਲ ਭਰੀ ਪਈ ਹੈ ਉੱਥੇ ਹੀ ਇਸ ਕਿਤਾਬ ਦੇ ਕੁਝ ਤੱਥ ਵਿਚਾਰਨਯੋਗ ਅਤੇ ਸਿੱਖ ਧਰਮ ਬਾਰੇ ਜਾਣਕਾਰੀ ਮੁਹੱਈਆ ਵੀ ਕਰਦੇ ਹਨ। ਜੇਕਰ ਗੰਭੀਰ ਗ਼ਲਤੀਆਂ ਦੀ ਗੱਲ ਕਰੀਏ ਤਾਂ ਇਸ ਵਿਚ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਅੰਗਦ ਦੇਵ ਜੀ ਪ੍ਰਤੀ ਕੁਝ ਐਸੇ ਵੇਰਵੇ ਹਨ ਜਿਹੜੇ ਇਤਿਹਾਸਕ ਤੌਰ 'ਤੇ ਤਾਂ ਗ਼ਲਤ ਸਨ, ਸਗੋਂ ਉਹ ਇਖ਼ਲਾਕੀ ਰੂਪ ਵਿਚ ਵੀ ਦੇਣ ਯੋਗ ਨਹੀਂ ਸਨ।[98] ਡਾ. ਸੁਖਦਿਆਲ ਸਿੰਘ ਅਨੁਸਾਰ ਗੁਰੂ ਸਾਹਿਬਾਨ ਦੇ ਸੰਬੰਧ ਵਿਚ ਸ਼ਰਧਾ ਰਾਮ ਫਿਲੌਰੀ ਵਲੋਂ ਦਿੱਤੀਆਂ ਕੁਝ ਗੱਲਾਂ ਬੜੀਆਂ ਹੀ ਮਹੱਤਵਪੂਰਨ ਹਨ ਜਿਵੇਂ ਕਿ ਗੁਰੂ ਨਾਨਕ ਦੇਵ ਜੀ ਦਾ ਜਨਮ ਕੱਤਕ ਸੁਦੀ ਪੂਰਨਮਾਸ਼ੀ ਨੂੰ ਹੋਇਆ ਦੱਸਿਆ ਗਿਆ ਹੈ। ਭਾਈ ਮਰਦਾਨੇ ਦੇ ਨਾਲ ਭਾਈ ਬਾਲੇ ਨੂੰ ਵੀ ਗੁਰੂ ਜੀ ਦਾ ਸਾਥੀ ਦੱਸਿਆ ਹੈ। ਗੁਰੂ ਅੰਗਦ ਦੇਵ ਜੀ ਵਲੋਂ ਗੁਰਮੁਖੀ ਅੱਖਰਾਂ ਦੀ ਕਾਢ ਕੱਢੀ ਗਈ ਹੈ।[99] ਵੈਸੇ ਗੁਰੂ ਗੋਬਿੰਦ ਜੀ ਦੇ ਬਿਰਤਾਂਤ ਨੂੰ ਪੰਡਿਤ ਸ਼ਰਧਾ ਰਾਮ ਸਹੀ ਤਰੀਕੇ ਨਾਲ ਤਰਤੀਬਵਾਰ ਅਤੇ ਇਤਿਹਾਸਿਕ ਰੂਪ ਵਿਚ ਨਹੀਂ ਦੇ ਸਕਿਆ। ਸਾਰਾ ਵਰਣਨ ਬਿਨਾਂ ਕਿਸੇ ਤਰਤੀਬ ਤੋਂ ਅਤੇ ਕਲਪਿਤ ਸਾਖੀਆਂ ਨਾਲ ਭਰਪੂਰ ਹੈ। ਕਲਪਿਤ

---

95 ਡਾ. ਬਲਬੀਰ ਸਿੰਘ, ਸ੍ਰੀ ਚਰਣ ਹਰਿ ਵਿਸਥਾਰ, ਭਾਗ ਦੂਜਾ, ਪੰਨਾ 61.

96 ਡਾ. ਸੁਖਦਿਆਲ ਸਿੰਘ, 'ਸਿੱਖਾਂ ਦੇ ਰਾਜ ਦੀ ਵਿਥਿਆ : ਇਤਿਹਾਸਿਕ ਵਿਸ਼ਲੇਸ਼ਣ, ਪੰਜਾਬ ਹਿਸਟਰੀ ਕਾਨਫਰੰਸ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਮਾਰਚ 2006, ਪੰਨਾ 847.

97 ਉਹੀ, ਪੰਨਾ 847.

98 ਡਾ. ਸੁਖਦਿਆਲ ਸਿੰਘ, 'ਸਿੱਖਾਂ ਦੇ ਰਾਜ ਦੀ ਵਿਥਿਆ : ਇਤਿਹਾਸਿਕ ਵਿਸ਼ਲੇਸ਼ਣ, ਪੰਨਾ 849.

99 ਉਹੀ, ਪੰਨਾ 850.

ਵੀ ਇਤਨੀਆਂ ਕਿ ਜਿਹੜੀਆਂ ਅਸਲੀਅਤ ਦੇ ਨੇੜੇ-ਤੇੜੇ ਵੀ ਨਹੀਂ ਢੁੱਕ ਸਕਦੀਆਂ।[100] ਬੰਦਾ ਸਿੰਘ ਬਹਾਦਰ ਬਾਰੇ ਸਪੱਸ਼ਟ ਰੂਪ ਵਿਚ ਲਿਖਿਆ ਹੈ ਕਿ ਉਸ ਨੇ ਗੁਰੂ ਗੋਬਿੰਦ ਸਿੰਘ ਜੀ ਕੋਲੋਂ ਅੰਮ੍ਰਿਤ ਛਕਿਆ ਸੀ। ਇਸ ਕਿਤਾਬ ਵਿਚ ਬਹੁਤ ਕੁਝ ਸਿੱਖ ਆਸ਼ੇ ਅਨੁਸਾਰ ਵੀ ਸੀ ਤੇ ਵਿਰੋਧੀ ਵੀ। ਇਸ ਤਰ੍ਹਾਂ ਬਹੁਤ ਸਾਰੇ ਪੱਖਾਂ ਤੋਂ ਇਹ ਕਿਤਾਬ ਸਿੱਖਾਂ ਲਈ ਮਹੱਤਵਪੂਰਨ ਹੈ ਤੇ ਸਿੱਖਾਂ ਨੂੰ ਵਾਰਤਕ ਵਿਚ ਲਿਖਣ ਲਈ ਇਸ ਪੁਸਤਕ ਨੇ ਜਿੱਥੇ ਉਤਸ਼ਾਹ ਦਿੱਤਾ, ਉੱਥੇ ਹੀ ਸਿੱਖ ਇਸ ਕਿਤਾਬ ਵਿਚਲੇ ਗ਼ਲਤ ਤੱਥਾਂ ਤੋਂ ਸਹੀ ਇਤਿਹਾਸ ਪੇਸ਼ ਕਰਨ ਲਈ ਜਾਗਰੂਕ ਵੀ ਹੋਏ ਸਨ। ਇਸ ਕਿਤਾਬ ਦੇ ਆਉਣ ਨਾਲ ਸਿੱਖ ਅਧਿਐਨ ਵਿਚ ਸੁਚੇਤ ਰੂਪ ਵਿਚ ਇਤਿਹਾਸ ਲਿਖਣ ਦਾ ਚਲਣ ਤੁਰਿਆ, ਜੋ ਸਿੰਘ ਸਭਾ ਲਹਿਰ ਨੇ ਸ਼ੁਰੂ ਕੀਤਾ।

ਸਿੰਘ ਸਭਾਵਾਂ ਕਾਇਮ ਹੋਣ ਨਾਲ ਇਨ੍ਹਾਂ ਸਭਾਵਾਂ ਵਿਚਕਾਰ ਵੀ ਵਾਦ-ਪ੍ਰਤੀਵਾਦ ਸ਼ੁਰੂ ਹੋ ਗਿਆ। ਇਹ ਵਿਵਾਦ ਸਿੰਘ ਸਭਾ ਅੰਮ੍ਰਿਤਸਰ ਅਤੇ ਸਿੰਘ ਸਭਾ ਲਾਹੌਰ ਵਿਚਕਾਰ ਸੀ। ਅੰਮ੍ਰਿਤਸਰ ਖ਼ਾਲਸਾ ਦੀਵਾਨ ਸਨਾਤਨਵਾਦੀ ਵਿਚਾਰਾਂ ਵਾਲੇ ਸਿੰਘ ਸਭੀਆ ਦਾ ਧੜ੍ਹਾ ਸੀ, ਜਿਸ ਦੇ ਆਗੂ ਬਾਬਾ ਖੇਮ ਸਿੰਘ ਬੇਦੀ, ਮਹਾਰਾਜਾ ਬਿਕਰਮ ਸਿੰਘ ਫ਼ਰੀਦਕੋਟ, ਭਾਈ ਸੁਮੇਰ ਸਿੰਘ ਪਟਨਾ ਸਾਹਿਬ, ਪੰਡਤ ਤਾਰਾ ਸਿੰਘ ਨਰੋਤਮ ਅਤੇ ਗਿਆਨੀ ਗਿਆਨ ਸਿੰਘ ਸਨ। ਇਸ ਧੜ੍ਹੇ ਨੇ ਜਾਗੀਰਦਾਰੀ ਹਿੱਤਾਂ ਦੀ ਸੁਰੱਖਿਆ ਅਤੇ ਪੂਜਾ ਪਾਠ ਉੱਤੇ ਜ਼ੋਰ ਦਿੱਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਆਖਿਆ ਵੇਦਾਂਤੀ ਅਤੇ ਪੁਰਾਣੇ ਢੰਗ ਨਾਲ ਕੀਤੀ। ਅੰਮ੍ਰਿਤਸਰੀ ਦੀਵਾਨ ਵਲੋਂ ਗੁਰਬਾਣੀ ਵਿਆਖਿਆ ਵਧੇਰੇ ਬ੍ਰਜ ਭਾਸ਼ਾ ਵਿਚ ਹੁੰਦੀ ਸੀ ਅਤੇ ਗੁਰ ਇਤਿਹਾਸ ਵੀ ਬ੍ਰਜ ਭਾਸ਼ਾ ਵਿਚ ਲਿਖਦੇ ਸਨ। ਭਾਈ ਅਵਤਾਰ ਸਿੰਘ ਵਹੀਰੀਏ ਦੁਆਰਾ ਲਿਖੀਆਂ ਗਈਆਂ ਤਿੰਨ ਪੁਸਤਕਾਂ, ਖ਼ਾਲਸਾ ਸੁਧਾਰ ਤਾਰੂ, ਖ਼ਾਲਸਾ ਧਰਮ ਸ਼ਾਸਤ੍ਰ ਅਤੇ ਗੁਰੂ ਦਰਸ਼ਨ ਸ਼ਾਸ਼ਤ੍ਰ ਨੇ ਸਿੰਘ ਸਭਾ ਦੇ ਆਗੂਆਂ ਅਤੇ ਸਮੁੱਚੀ ਕੌਮ ਵਿਚ ਇਕ ਨਵੇਂ ਵਿਵਾਦ ਨੂੰ ਜਨਮ ਦਿੱਤਾ, ਜਿਹੜਾ ਵੀਹਵੀਂ ਸਦੀ ਦੇ ਆਰੰਭ ਤੱਕ ਜਾਰੀ ਰਿਹਾ। ਉਪਰੋਕਤ ਪੁਸਤਕਾਂ ਵਿਚ ਭਾਈ ਅਵਤਾਰ ਸਿੰਘ ਵਹੀਰੀਏ ਨੇ ਇਹੀ ਪੱਖ ਪੇਸ਼ ਕੀਤਾ ਕਿ 'ਸਿੱਖ ਹਿੰਦੂ ਹੀ ਹਨ, ਵੱਖਰੀ ਕੌਮ ਨਹੀਂ'। ਗੁਰੂਆਂ ਨੇ ਦੇਵੀ-ਦੇਵਤਿਆਂ ਨੂੰ ਧਿਆਇਆ, ਜਾਤ-ਪਾਤ ਤੇ ਛੂਤ-ਛਾਤ ਦੇ ਤੰਦ ਨੂੰ ਮਿਟਾਉਣਾ ਉਚਿਤ ਨਹੀਂ ਅਤੇ ਮੁਸਲਮਾਨਾਂ ਨੂੰ ਸਿੱਖੀ ਵਿਚ ਲਿਆਉਣਾ ਯੋਗ ਨਹੀਂ।[101] ਹਿੰਦੂ ਗ੍ਰੰਥਾਂ ਵਾਂਗ ਗੁਰੂ

---

[100] ਉਹੀ, ਪੰਨਾ 850.

[101] Teja Singh, 'Singh Sabha Movement', *Punjab Past and Present,* April, 1973, p. 35.

ਗ੍ਰੰਥ ਸਾਹਿਬ ਦੇ ਪਾਠਾਂ ਦਾ ਫਲ ਦੱਸਿਆ ਜਾਣ ਲੱਗਾ। ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਸਿੰਘ ਸਭਾ ਲਹਿਰ ਬਣਨ ਤੋਂ ਪਹਿਲਾਂ ਤੇ ਬਾਅਦ ਦੇ ਕਰਮਕਾਂਡੀ ਕਿਤਾਬਾਂ ਛਪਣ 'ਤੇ ਜ਼ੋਰ ਰਿਹਾ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਾਪੇ ਦੀ ਬੀੜ ਪਹਿਲੀ ਵਾਰ ਸੰਨ 1864 ਈ. ਵਿਚ ਕੋਹਿਨੂਰ ਛਾਪੇਖਾਨੇ ਤੋਂ ਛਪੀ।[102]

ਡਾ. ਬਲਬੀਰ ਸਿੰਘ ਅਨੁਸਾਰ, ''ਇਸ ਲਿਖਤੀ ਬੀੜ ਦੀ ਸੰਪੂਰਨਤਾ ਫਗਣ ਵਦੀ ਪੰਜ, ਫਗਣੋਂ ਦਿਨ 9 ; 1918 ਬਿ: (ਸੰਨ 1861 ਈ.) ਨੂੰ ਹੋਈ। ਬਾਬੇ (ਬਾਬਾ ਕਾਹਨ ਸਿੰਘ) ਨੇ ਬੜਾ ਭਾਰੀ ਜੱਗ ਕੀਤਾ। ਉਸ ਦੇ ਸਾਰੇ ਮੇਲੀ, ਇਸ ਉਤਸਵ ਲਈ ਇਕੱਠੇ ਹੋਏ। ਗੁਰਮੁਖ ਸਿੰਘ ਨਾਮ ਦੇ ਕਵੀ ਨੇ ਉਸਤਤ ਅਸਤੋਤ੍ਰ ਸ੍ਰੀ ਗੁਰੂ ਗ੍ਰੰਥ ਸਾਹਿਬ ਲਿਖਕੇ ਆਂਦਾ ਸੀ, ਸੋ ਪੜ੍ਹਿਆ। ਇਸ ਸਤੋਤ੍ਰ ਵਿਚ ਭਗਤਿ ਭਾਵ ਨੂੰ ਦ੍ਰਿੜ ਕਰਨ ਦੀ ਆਸਾ ਸੀ, ਜੋ ਗੱਲ ਕਿ ਹੋਰਨਾਂ ਸਤੋਤ੍ਰਾਂ ਵਿਚ ਨਹੀਂ।[103] ਇਸ ਤੋਂ ਬਾਅਦ ਹਿੰਦੂਆਂ ਦੀ ਨਕਲ ਉੱਪਰ ਸਿੱਖ ਧਰਮ ਪੁਸਤਕਾਂ ਤੋਂ ਵੀ ਕਰਮ ਕਾਂਡੀ ਫਲਾਂ ਦੀ ਮੰਗ ਹੋਣ ਲਗ ਪਈ। ਭਾਈ ਤਾਰਾ ਸਿੰਘ ਦਾ ਲਿਖਿਆ ਹੋਇਆ ਅਬ ਉਸਤਤਿ ਗ੍ਰੰਥ ਸਾਹਿਬ ਲਿਖਯਤੇ ਅਸਤੋਤ੍ਰ ਉਸ ਜਮਾਨੇ ਦੀ ਮੰਗ ਦਾ ਸਬੂਤ ਹੈ। ਭਾਈ ਤਾਰਾ ਸਿੰਘ ਲਿਖਦਾ ਹੈ:

ਇਕ ਨੇ ਮੁਝ ਕੋ ਆਨਕੇ ਕਹਾ ਗੀਤਾ ਮਹਾਤਮ ਆਹਿ।।
ਗ੍ਰੰਥ ਬੀਚ ਸ੍ਰੀ ਸਤਿਗੁਰੂ ਕਿਉਂ ਲਿਖੇ ਮਹਾਤਮ ਨਾਹਿ।।[104]

ਜੇਕਰ ਲੇਖਕ ਪ੍ਰਸ਼ਨ ਕਰਤਾ ਨੂੰ ਗੁਰੂ ਗ੍ਰੰਥ ਸਾਹਿਬ ਵਿਚੋਂ ਹਵਾਲੇ ਦੇ ਕੇ ਉਸਦਾ ਮਹਾਤਮ ਵਾਲਾ ਭਰਮ ਦੂਰ ਕਰਦਾ ਤਾਂ ਵਧੀਆ ਸੀ ਪਰ ਲੇਖਕ ਨੇ ਅੱਗਿਉਂ ਪ੍ਰਸ਼ਨ ਕਰਤਾ ਨੂੰ ਕਿਹਾ ਕਿ:

ਉਡਗ ਮ੍ਰਿਗਿੰਦ ਤਿਸ ਕੋ ਕਹਾ ਸੁਨ ਸਾਧੂ ਤੂ ਜਾਨ।।
ਇਕ ਇਕ ਅੱਛਰ ਗ੍ਰੰਥ ਕਾ ਕੋਟ ਮਹਾਤਮ ਮਾਨ।।[105]

---

102 ਡਾ. ਬਲਬੀਰ ਸਿੰਘ, ਸ੍ਰੀ ਚਰਣ ਹਰਿ ਵਿਸਥਾਰ, ਭਾਗ ਦੂਜਾ, ਪੰਨਾ 15.
103 ਉਹੀ, ਪੰਨਾ 15.
104 ਉਹੀ, ਪੰਨਾ 19
105 ਉਹੀ

ਤਾਰਾ ਸਿੰਘ ਨੇ ਇਕ-ਇਕ ਰਾਗ ਦੇ ਪਾਠ ਦਾ ਮਹਾਤਮ ਗਿਣਕੇ ਦੱਸਿਆ। ਸਵਾ-ਲੱਖ ਜਾਪ ਨਾਲ ਪੁਤ੍ਰ ਦੀ ਪ੍ਰਾਪਤੀ ਦੱਸੀ।[106] ਇਸ ਤਰ੍ਹਾਂ ਬਹੁਤ ਸਾਰੇ ਪਾਠਾਂ ਤੇ ਰਾਗਾਂ ਦੇ ਅਲੱਗ-ਅਲੱਗ ਮਹਾਤਮ ਦੱਸੇ ਹਨ। ਬਹੁਤ ਸਾਰੇ ਪਾਠਕਾਂ ਦੇ ਧਿਆਨ ਵਿਚ ਇਹ ਗੱਲ ਹੋਣੀ ਹੈ ਕਿ ਭਾਈ ਬੰਨੋ ਵਾਲੀ ਬੀੜ ਦੇ ਅਖ਼ੀਰ ਵਿਚ ਜੋ ਸਿਆਹੀ ਬਨਾਉਣ ਦਾ ਨੁਸਖ਼ਾ 'ਸਿਆਹੀ ਕੀ ਬਿਧਿ' ਹੈ, ਉਸ ਨਾਲ ਕੀ ਹੋਣਾ ਹੈ? ਪਰ ਤਾਰਾ ਸਿੰਘ ਨੇ ਸਭ ਤੋਂ ਵੱਡਾ ਮਹਾਤਮ ਮੁਕਤਿ ਤੇ ਭੁਗਤਿ ਦੋਨੋਂ ਇਸ 'ਸਿਆਹੀ ਕੀ ਬਿਧਿ' ਦੇ ਪਾਠ ਨਾਲ ਦੱਸੀਆਂ ਹਨ।[107] ਇਸ ਸਮੇਂ ਦੀ ਟੀਕਾਕਾਰੀ ਵਿਚ ਸਿੰਘ ਸਭਾ ਅੰਮ੍ਰਿਤਸਰ ਵਲੋਂ ਫ਼ਰੀਦਕੋਟੀ ਟੀਕਾ ਇਸ ਲਹਿਰ ਦਾ ਸਿਖ਼ਰ ਹੈ। ਉਸ ਦੇ ਮੂਲ ਲੇਖਕ ਗਿਆਨੀ ਬਦਨ ਸਿੰਘ ਸੇਖਵਾਂ ਵਾਲੇ ਸਨ, ਜਿਨ੍ਹਾਂ ਨੇ ਇਹ ਮਹਾਨ ਕਾਰਜ ਸੰਨ 1877 ਈ. ਵਿਚ ਸ਼ੁਰੂ ਕਰਕੇ ਸੰਨ 1883 ਈ. ਵਿਚ ਨੇਪਰੇ ਚੜਾਇਆ ਸੀ। ਉਸ ਦੇ ਸੋਧਕ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਵਿਦਵਾਨ ਮਹੰਤ ਬਾਵਾ ਸੁਮੇਰ ਸਿੰਘ ਅਤੇ ਉਨ੍ਹਾਂ ਦੀ ਅੱਠ ਮੈਂਬਰੀ ਕਮੇਟੀ ਸੀ।[108] ਇਹ ਟੀਕਾ ਸੀਨੇ-ਬਸੀਨੇ ਚਲੀ ਆਉਂਦੀ ਸਨਾਤਨ ਸੰਪਰਦਾਇ ਦੁਆਰਾ ਕੀਤੇ ਅਰਥਾਂ ਦੀ ਪਰੰਪਰਾ ਹੀ ਸੀ। ਸਿੰਘ ਸਭਾ ਵੇਲੇ ਪ੍ਰਕਾਸ਼ਿਤ ਹੋਏ ਟੀਕਿਆਂ ਵਿਚ ਭਾਈ ਲੱਧਾ ਸਿੰਘ ਦਾ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਬਾਣੀ ਦਾ ਟੀਕਾ, ਗਿਆਨੀ ਹਜ਼ਾਰਾ ਸਿੰਘ ਦਾ ਗੁਰੂ ਗ੍ਰੰਥ ਕੋਸ਼, ਤੇ ਗਿ. ਸਰਦੂਲ ਸਿੰਘ ਰਚਿਤ ਗੁਰਬਾਣੀ ਦੇ ਟੀਕੇ, ਵਿਸ਼ੇਸ਼ ਤੌਰ ਤੇ ਵਰਨਣਯੋਗ ਹਨ। ਕਿਉਂ ਜੋ ਇਹ ਸਨਾਤਨੀ ਅਰਥ ਵਿਆਖਿਆ ਤੋਂ ਮੁਕਤ ਸਨ। ਭਾਈ ਵੀਰ ਸਿੰਘ ਜੀ ਨੇ 'ਖ਼ਾਲਸਾ ਟਰੈਕਟ ਸੁਸਾਇਟੀ' ਰਾਹੀਂ ਕੁਝ ਬਾਣੀਆਂ ਦੇ ਟੀਕੇ ਪ੍ਰਕਾਸ਼ਿਤ ਕੀਤੇ ਜਿਵੇਂ, ਟੀਕਾ ਬਾਰਹ-ਮਾਹਾ ਮਾਝ ਤੇ ਤੁਖਾਰੀ (ਟਰੈਕਟ ਨੰ. 54) ਟੀਕਾ ਜੈਤਸਰੀ ਦੀ ਵਾਰ (ਟਰੈਕਟ ਨੰ. 63), ਸਵੈਯੇ ਪਾਤਸ਼ਾਹੀ 10ਵੀਂ (ਟਰੈਕਟ ਨੰ. 74) ਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਇਕ ਪੋਥੀ (ਟਰੈਕਟ ਨੰ. 71) ਵਰਨਣਯੋਗ ਹਨ।[109] ਸਿੰਘ ਸਭਾ ਲਹਿਰ ਨੇ ਸਿੱਖ ਇਤਿਹਾਸ ਲਿਖਣ ਵੱਲ ਵੀ ਧਿਆਨ ਦਿੱਤਾ ਸੀ। ਖ਼ਾਲਸਾ ਟ੍ਰੈਕਟ ਸੁਸਾਇਟੀ ਅਤੇ ਗਿਆਨੀ ਦਿੱਤ ਸਿੰਘ ਦੀ ਦੇਣ ਵਿਸ਼ੇਸ਼ ਤੌਰ ਤੇ ਵਰਨਣਯੋਗ ਹੈ। ਖ਼ਾਲਸਾ ਟ੍ਰੈਕਟ ਸੁਸਾਇਟੀ ਦੇ ਅਜਿਹੇ ਟ੍ਰੈਕਟ ਆਮ ਤੌਰ 'ਤੇ ਗੁਰਪੁਰਬਾਂ ਦੇ ਮੌਕਿਆਂ 'ਤੇ ਛਾਪੇ ਤੇ ਵੰਡੇ ਜਾਂਦੇ

---

106 ਉਹੀ, ਪੰਨਾ 20.

107 ਉਹੀ

108 ਹਰਨਾਮ ਸਿੰਘ ਸ਼ਾਨ, ਗੁਰੂ ਗ੍ਰੰਥ ਸਾਹਿਬ ਦੀ ਕੋਸ਼ਕਾਰੀ, ਭਾਸ਼ਾ ਵਿਭਾਗ, ਪੰਜਾਬ, 1994, ਪੰਨਾ, 87.

109 ਪਰਮਿੰਦਰ ਸਿੰਘ, ਸਿੰਘ ਸਭਾ ਲਹਿਰ ਦੀ ਪੰਜਾਬੀ ਸਾਹਿਤ ਨੂੰ ਦੇਣ, ਪੰਨਾ 194.

ਸਨ। ਉਦਹਾਰਨ ਲਈ ਸ੍ਰੀ ਗੁਰੂ ਤੇਗ ਬਹਾਦਰ ਜੀ (ਟ੍ਰੈਕਟ ਨੰ. 9), ਗੁਰੂ ਗੋਬਿੰਦ ਸਿੰਘ ਜੀ (ਟਰੈਕਟ ਨੰ. 10), ਗੁਰੂ ਹਰਿ ਰਾਇ ਜੀ (ਟਰੈਕਟ ਨੰ. 16) ਆਦਿਕ ਉਨ੍ਹੀਵੀਂ ਸਦੀ ਦੇ ਵਰਨਣਯੋਗ ਟ੍ਰੈਕਟ ਹਨ। ਗਿਆਨੀ ਦਿੱਤ ਸਿੰਘ ਨੇ ਸਿੱਖ ਗੁਰੂ ਸਾਹਿਬਾਨ ਦੀ ਜੀਵਨੀ ਤੋਂ ਉਪਰੰਤ ਤਾਰਾ ਸਿੰਘ ਵਾਂਈਏ ਦੀ ਸ਼ਹੀਦੀ, ਸ਼ੁਬੇਗ ਸਿੰਘ ਦੀ ਸ਼ਹੀਦੀ, ਭਾਈ ਤਾਰੂ ਸਿੰਘ ਦੀ ਸ਼ਹੀਦੀ, ਭਾਈ ਬੋਤਾ ਸਿੰਘ ਦੀ ਸ਼ਹੀਦੀ ਆਦਿ ਪੁਸਤਕਾਂ ਲਿਖੀਆਂ। ਜਨਮਸਾਖੀ ਗੁਰੂ ਤੇਗ ਬਹਾਦਰ ਜੀ (ਭਾਈ ਨਾਰਾਇਣ ਸਿੰਘ), ਜਨਮਸਾਖੀ ਗੁਰੂ ਅੰਗਦ ਦੇਵ ਜੀ (ਭਾਈ ਸਰਦੂਲ ਸਿੰਘ), ਜੀਵਨ ਚਰਿਤਰ ਗੁਰੂ ਅਰਜਨ ਦੇਵ, (ਭਾਈ ਲਹਿਣਾ ਸਿੰਘ), ਸ੍ਰੀ ਗੁਰੂ ਨਾਨਕ ਜੀ ਦਾ ਜੀਵਨ ਬਿਰਤਾਂਤ (ਭਾਈ ਤਾਰਾ ਸਿੰਘ) ਆਦਿਕ ਸਿੰਘ ਸਭਾ ਲਹਿਰ ਵੇਲੇ ਦਾ ਸਿੱਖ ਅਧਿਐਨ ਹੈ।[110] ਇਨ੍ਹਾਂ ਟ੍ਰੈਕਟਾਂ ਤੇ ਸੰਖੇਪ ਜੀਵਨੀਆਂ ਨੇ ਵੀਹਵੀਂ ਸਦੀ ਲਈ ਸਿੱਖ ਇਤਿਹਾਸਕਾਰੀ ਦਾ ਮੁੱਢ ਬੰਨ ਦਿੱਤਾ ਅਤੇ ਇਤਿਹਾਸ ਦੀ ਖੋਜ ਲਈ ਉਤਸਾਹਿਤ ਕੀਤਾ।

ਸਿੰਘ ਸਭਾ ਲਹਿਰ ਵੇਲੇ ਰਚਿਤ ਕਵਿਤਾ ਬ੍ਰਜ ਝੁਕਾਅ ਵਾਲੀ ਜ਼ਿਆਦਾ ਮਿਲਦੀ ਹੈ। ਆਮ ਹਿੰਦੂ ਸਿੱਖ ਵਿਦਵਾਨਾਂ ਦੀ ਰੁਚੀ ਪਹਿਲੇ ਦੋ ਤਿੰਨ ਦਹਾਕਿਆਂ ਵਿਚ ਬ੍ਰਜ ਭਾਸ਼ਾ ਵਿਚ ਲਿਖਣ ਦੀ ਰਹੀ। ਦਰਬਾਰ ਸਾਹਿਬ ਦੀ ਪ੍ਰਕਰਮਾਂ ਵਿਚ ਹੀ ਬਹੁਤੀ ਵਾਰੀ ਇਨ੍ਹਾਂ ਵਿਦਵਾਨਾਂ ਦਾ ਇਕੱਠ ਹੁੰਦਾ ਤੇ ਉੱਥੇ ਹੀ ਬ੍ਰਜ ਕਵਿਤਾ ਪੜ੍ਹ ਕੇ ਸੁਣਾਈ ਜਾਂਦੀ। ਡਾ. ਚਰਨ ਸਿੰਘ ਦੀ ਸੰਪਾਦਤ ਕਾਵਿ ਸੰਗ੍ਰਹਿ ਅੰਮ੍ਰਿਤ ਲਹਿਰੀ ਇਸ ਦੀ ਉੱਘੀ ਉਦਹਾਰਨ ਹੈ। ਇਸ ਸਮੇਂ ਵਿੱਚ ਗਿਆਨੀ ਗਿਆਨ ਸਿੰਘ, ਭਾਈ ਈਸ਼ਰ ਸਿੰਘ, ਬਾਵਾ ਜੈਮਲ ਸਿੰਘ, ਬਾਵਾ ਸੁਮੇਰ ਸਿੰਘ, ਪੰਡਤ ਸੰਤੋਖ ਸਿੰਘ ਤੇ ਡਾ. ਚਰਨ ਸਿੰਘ ਦੀਆਂ ਕਵਿਤਾਵਾਂ ਸ਼ਾਮਿਲ ਸਨ।[111] ਇਹ ਦੌਰ ਕਾਵਿ ਦੀ ਉਸਾਰੀ ਦਾ ਮੁਢਲਾ ਪੜਾਅ ਸੀ। ਇਸ ਵਿਚ ਸਿੱਖ ਧਰਮ ਤੇ ਸਮਾਜ ਸੁਧਾਰ ਨਾਲ ਸੰਬੰਧਤ ਕਵਿਤਾ ਲਿਖੀ ਗਈ, ਜਿਸ ਨੇ 20ਵੀਂ ਸਦੀ ਦੀ ਨਵੀਂ ਕਵਿਤਾ ਲਈ ਧਰਾਤਲ ਤਿਆਰ ਕੀਤਾ।

ਸਿੰਘ ਸਭਾ ਲਹਿਰ ਵੇਲੇ ਈਸਾਈ, ਹਿੰਦੂ ਤੇ ਮੁਸਲਿਮ ਵਰਗ ਨੇ ਆਪਣੇ ਬੱਚਿਆਂ ਨੂੰ ਚੰਗੀ ਸਿਖਿਆ ਦੇਣੀ ਸ਼ੁਰੂ ਕਰ ਦਿਤੀ। ਸਿੱਖ ਆਪਣੇ ਬੱਚਿਆਂ ਦੀ ਸਿੱਖਿਆ ਪ੍ਰਤੀ ਕੁਝ ਚਿੰਤਤ ਹੋਣ ਲੱਗ ਪਏ ਸਨ। ਜਦੋਂ 1879 ਈ. ਵਿਚ ਸਿੰਘ ਸਭਾ ਲਾਹੌਰ ਬਣੀ ਸੀ ਤਾਂ

---

110 ਉਹੀ, ਪੰਨਾ 193.

111 ਉਹੀ, ਪੰਨਾ 197.

ਸਿੰਘ ਸਭਾ ਲਾਹੌਰ ਤੇ ਅੰਮ੍ਰਿਤਸਰ ਵਿਖੇ ਇਕ ਸਾਂਝਾ ਬੋਰਡ ਬਣਾ ਦਿੱਤਾ ਗਿਆ। ਲਾਹੌਰ ਸਭਾ ਇਸ ਦਾ ਇਕ ਅੰਗ ਬਣ ਗਈ।[112] 1883 ਈ. ਵਿਚ ਅੰਮ੍ਰਿਤਸਰ ਵਿਖੇ ਲਾਲਾ ਸੰਤ ਰਾਮ ਦੀ ਕੋਠੀ ਵਿਚ ਜਰਨਲ ਸਭਾ ਦੀ ਇਕ ਮੀਟਿੰਗ ਹੋਈ ਅਤੇ ਖ਼ਾਲਸਾ ਕਾਲਜ ਖੋਲ੍ਹਣ ਸੰਬੰਧੀ ਇਕ ਮਤਾ ਪਾਸ ਕੀਤਾ ਗਿਆ।[113] ਇਸ ਤੋਂ ਬਾਅਦ ਕਾਲਜ ਬਾਰੇ ਗੱਲਬਾਤ ਚਲਦੀ ਰਹੀ। ਫਰਵਰੀ 1890 ਈ. ਵਿਚ ਸਰਦਾਰ ਅਤਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਖ਼ਾਲਸਾ ਦੀਵਾਨ ਲਾਹੌਰ ਦੀ ਇਕ ਮੀਟਿੰਗ ਵਿਚ ਖ਼ਾਲਸਾ ਕਾਲਜ ਦਾ ਕੰਮ 'ਖ਼ਾਲਸਾ ਕਾਲਜ ਸੰਸਥਾਪਨ ਕਮੇਟੀ' ਨਾਂ ਦੀ ਇਕ ਸਭਾ ਬਣਾ ਕੇ ਇਸ ਦੇ ਸਪੁਰਦ ਕਰਨ ਦਾ ਫ਼ੈਸਲਾ ਲਿਆ ਗਿਆ। ਇਸ ਕਮੇਟੀ ਨੇ ਆਪਣੀ ਪਹਿਲੀ ਮੀਟਿੰਗ 22 ਫਰਵਰੀ 1890 ਨੂੰ ਬੁਲਾਈ ਤੇ ਉਪਰੋਕਤ ਜ਼ਿੰਮੇਵਾਰੀ ਨਿਭਾਉਣ ਦੀ ਸਹਿਮਤੀ ਦੇ ਦਿਤੀ।[114] ਕਾਲਜ ਲਈ ਪਿੰਡ ਕੋਟ ਸੈਦ ਮਹਿਦੂਦ ਜਿਸ ਨੂੰ ਅੱਜ ਕਲ ਕੋਟ ਖ਼ਾਲਸਾ ਕਹਿੰਦੇ ਹਨ, ਵਿਖੇ 101 ਏਕੜ ਜ਼ਮੀਨ ਦਸ ਹਜ਼ਾਰ ਰੁਪਏ ਵਿਚ ਖ਼ਰੀਦ ਲਈ ਗਈ। ਕਾਲਜ ਦਾ ਨੀਂਹ ਪੱਥਰ ਰੱਖਣ ਲਈ ਬਸੰਤ ਪੰਚਮੀ ਦਾ ਦਿਨ ਨਿਯਤ ਕੀਤਾ ਗਿਆ। ਪ੍ਰੰਤੂ ਹਿਜ਼ ਆੱਨਰ ਸਰ ਜ਼ੇਮਜ਼ ਲਾਇਲ ਲੈਂਫਟੀਨੈਂਟ ਗਵਰਨਰ ਪੰਜਾਬ ਜਿਸ ਨੂੰ ਇਹ ਰਸਮ ਅਦਾ ਕਰਨ ਲਈ ਬੇਨਤੀ ਕੀਤੀ ਸੀ, ਦੇ ਇਸ ਦਿਨ ਰੁੱਝੇ ਹੋਣ ਕਾਰਨ ਇਹ ਰਸਮ ਅੱਗੇ ਪਉਣੀ ਪਈ।[115] 5 ਮਾਰਚ 1892 ਨੂੰ ਕਾਲਜ ਦਾ ਨੀਂਹ ਪੱਥਰ ਰੱਖਿਆ। ਖ਼ਾਲਸਾ ਕਾਲਜ ਅੰਮ੍ਰਿਤਸਰ ਨੂੰ 14 ਅਪ੍ਰੈਲ 1892 ਵਾਲੇ ਦਿਨ ਇਕ ਸਭਾ ਵਜੋਂ 1860 ਈ. ਦੇ ਐਕਟ XXI ਅਧੀਨ ਦਰਜ ਕੀਤਾ ਗਿਆ।[116] 22 ਅਕਤੂਬਰ 1893 ਈ. ਨੂੰ ਮਿਡਲ ਸਕੂਲ ਸ਼ੁਰੂ ਕੀਤਾ ਗਿਆ। ਤਿੰਨ ਸਾਲ ਬਾਅਦ ਹਾਈ ਸਕੂਲ ਬਣਾਇਆ ਗਿਆ। 1899 ਈ. ਵਿਚ ਬੀ.ਏ. ਦੀਆਂ ਕਲਾਸਾਂ ਸ਼ੁਰੂ ਕੀਤੀਆਂ। 1916 ਈ. ਵਿਚ ਐਮ.ਏ. ਸ਼ੁਰੂ ਕੀਤੀ ਗਈ ਸੀ।[117] ਇਸ ਕਾਲਜ ਦੇ ਖੁੱਲ੍ਹਣ ਨਾਲ ਸਿੱਖ ਅਧਿਐਨ ਅਕਾਦਮਿਕ ਖੇਤਰ ਵਿਚ ਦਾਖਲ ਹੋ ਗਿਆ।

---

[112] ਗੁਰਸ਼ਰਨ ਸਿੰਘ, 'ਖ਼ਾਲਸਾ ਕਾਲਜ ਅੰਮ੍ਰਿਤਸਰਃ ਸਥਾਪਨਾ ਦਾ ਪਿਛੋਕੜ', ਪੰਜਾਬ ਹਿਸਟਰੀ ਕਾਨਫਰੰਸ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਮਾਰਚ 1996, ਪੰਨਾ, 214.

[113] ਉਹੀ।

[114] ਉਹੀ, ਪੰਨਾ 215.

[115] ਉਹੀ, ਪੰਨਾ 216.

[116] ਉਹੀ, ਪੰਨਾ 217.

[117] Teja Singh, 'Khalsa College Amritsar', *The Singh Sabha and other Socio-Religious Movements in the Punjab*, (Ed.) Ganda Singh, Punjabi University Patiala, 1997, pp. 79-80.

ਉਨ੍ਹੀਵੀਂ ਸਦੀ ਦੇ ਅੰਤ ਦਾ ਸਭ ਤੋਂ ਵੱਧ ਮਹੱਤਵਪੂਰਨ ਮਸਲਾ ਸਿੱਖ-ਪਛਾਣ ਨਾਲ ਜੁੜਿਆ ਹੋਇਆ ਹੈ। ਸਿੱਖ ਹਿੰਦੂ ਹਨ ਦਾ ਮਸਲਾ ਜ਼ਿਆਦਾਤਰ ਆਰੀਆ ਸਮਾਜੀਆਂ ਨੇ ਉਠਾਇਆ ਸੀ। ਆਰੀਆ ਸਮਾਜੀਆਂ ਦੁਆਰਾ ਵੱਡੇ ਪੱਧਰ ਤੇ ਸਿੱਖ ਹਿੰਦੂ ਹਨ, ਬਾਰੇ ਸਾਹਿਤ ਰਚਿਆ ਗਿਆ। 1898 ਈ. ਤੋਂ 1900 ਈ. ਤੱਕ ਅਖਬਾਰਾਂ ਤੇ ਟ੍ਰੈਕਟਾਂ ਰਾਹੀਂ ਇਹ ਚਰਚਾ ਜ਼ੋਰਾਂ ਤੇ ਚਲ ਪਈ ਕਿ ਸਿੱਖ ਹਿੰਦੂ ਹਨ। ਆਰੀਆ ਸਮਾਜ ਦਾ ਇਕ ਸਿੱਖ ਮੈਂਬਰ ਭਾਈ ਜਗਤ ਸਿੰਘ ਪੁਰਾਣੀਆਂ ਦਲੀਲਾਂ ਨੂੰ ਲੈ ਕੇ ਹੀ ਆਪਣੇ ਟ੍ਰੈਕਟ ਰਸਾਲਾ ਸਤ ਪ੍ਰਕਾਸ਼ ਵਿਚ ਸਾਬਤ ਕਰਨ ਲੱਗਾ ਕਿ ਸਿੱਖ ਹਿੰਦੂ ਹਨ। ਪੰਡਤ ਜੈ ਚੰਦ ਸ਼ਰਮਾ ਨੇ ਪੁਸਤਕ ਸਿੱਖ ਹਿੰਦੂ ਹਨ ਤੇ ਮੂਰਤੀ ਪੂਜਕ ਹਨ ਲਿਖੀ। ਲਾਲਾ ਠਾਕੁਰ ਦਾਸ ਤੇ ਬਾਵਾ ਨਰੈਣ ਸਿੰਘ ਨੇ ਏਸੇ ਦੀ ਪੁਸ਼ਟੀ ਲਈ ਸਿੱਖ ਹਿੰਦੂ ਹਨ ਨਾਂ ਦਾ ਪੈਫ਼ਲਿਟ ਛਾਪਿਆ। 'ਆਰੀਆ ਮੈਸੰਜਰ' ਤੇ ਆਰੀਆ ਪਤ੍ਰਿਕਾ ਨੇ ਵੀ ਏਸੇ ਭਾਵ ਦੇ ਲੇਖ ਛਾਪੇ ਸਨ।[118] 'ਸਿੱਖ ਹਿੰਦੂ ਨਹੀਂ ਹਨ ਬਾਰੇ ਸਭ ਤੋਂ ਅਹਿਮ ਭੂਮਿਕਾ ਭਾਈ ਕਾਨ੍ਹ ਸਿੰਘ ਨਾਭਾ ਨੇ ਨਿਭਾਈ ਸੀ।

ਭਾਈ ਕਾਨ੍ਹ ਸਿੰਘ ਨਾਭਾ ਦਾ ਜਨਮ 30 ਅਗਸਤ 1861 ਈ. ਨੂੰ ਨਾਨਕੇ ਪਿੰਡ ਸਉਜੇ-ਬਨੇਰੇ ਵਿਚ ਹੋਇਆ।[119] ਪਰ ਆਪ ਦਾ ਪਿਛੋਕੜ ਮਾਲਵੇ ਜੰਗਲ ਦੇ ਪਿੰਡ ਪਿਥੋ ਦਾ ਸੀ। ਉਨ੍ਹੀਵੀਂ ਸਦੀ ਦੇ ਅੰਤ ਵਿਚ ਕਾਨ੍ਹ ਸਿੰਘ ਨਾਭਾ ਵਲੋਂ ਲਿਖੀ ਗਈ ਕਿਤਾਬ ਹਮ ਹਿੰਦੂ ਨਹੀਂ ਨੇ ਸਿੱਖ ਧਰਮ ਤੇ ਹਿੰਦੂ ਧਰਮ ਵਿਚ ਇਕ ਲਕੀਰ ਖਿੱਚ ਦਿੱਤੀ ਸੀ। ਪ੍ਰੋ. ਪ੍ਰੀਤਮ ਸਿੰਘ ਅਨੁਸਾਰ, ''ਇਸ ਕਿਤਾਬ ਦਾ ਪਹਿਲਾ ਸੰਸਕਰਣ ਸੰਨ 429 ਨਾਨਕ ਸ਼ਾਹੀ (1898 ਈ.) ਵਿਚ ਛਪਿਆ। ਕਿਤਾਬ ਦੇ ਸਿਰਲੇਖ ਵਿਚ ਬੇਦਾਵੇ ਦਾ ਸਿੱਧਾ ਏਲਾਨ ਮੌਜੂਦ ਸੀ।''[120] ਇਸ ਕਿਤਾਬ ਤੋਂ ਵਿਵਾਦ ਖੜ੍ਹਾ ਹੋਣਾ ਕੁਦਰਤੀ ਸੀ। ਇਸ ਕਰਕੇ ਭਾਈ ਕਾਨ੍ਹ ਸਿੰਘ ਨਾਭਾ ਨੂੰ ਰਿਆਸਤ ਦੀ ਨੌਕਰੀ ਤੋਂ ਹੱਥ ਧੋਣੇ ਪਏ ਸਨ। ਪਰ ਵਿਵਾਦ ਹਮੇਸ਼ਾਂ ਵਿਕਰੀ ਦੇ ਵਾਧੇ ਦਾ ਕਾਰਨ ਬਣਦਾ ਰਿਹਾ। ਇਸ ਲਈ ਹਮ ਹਿੰਦੂ ਨਹੀਂ ਦੇ ਕਈ ਸੰਸਕਰਣ ਛਪੇ। ਕਿਤਾਬ ਪ੍ਰਸ਼ਨੋਤਰੀ ਦੀ ਰੀਤਿ ਉੱਤੇ ਲਿਖੀ ਗਈ ਸੀ। ਪਹਿਲਾ ਸਵਾਲ ਇਕ ਹਿੰਦੂ ਕਰਦਾ ਹੈ, ਜਿਸ

---

118 ਪਰਮਿੰਦਰ ਸਿੰਘ, ਸਿੰਘ ਸਭਾ ਲਹਿਰ ਦੀ ਪੰਜਾਬੀ ਸਾਹਿਤ ਨੂੰ ਦੇਣ, ਪੰਨਾ 119.

119 ਦੇਵਿੰਦਰ ਸਿੰਘ ਵਿਦਿਆਰਥੀ, ਭਾਈ ਕਾਨ੍ਹ ਸਿੰਘ ਨਾਭਾ ਜੀਵਨ ਤੇ ਰਚਨਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1987, ਪੰਨਾ 14.

120 ਪ੍ਰੋ. ਪ੍ਰੀਤਮ ਸਿੰਘ, ਭਾਈ ਕਾਨ੍ਹ ਸਿੰਘ ਨਾਭਾ ਪਿਛੋਕੜ, ਰਚਨਾ ਤੇ ਮੁਲੰਕਣ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1989, ਪੰਨਾ 63.

ਦਾ ਉਤਰ ਸਿੱਖ ਦਿੰਦਾ ਹੈ। ਇਸ ਤਰ੍ਹਾਂ ਸਿੱਖ ਹਿੰਦੂ ਬਹਿਸ ਵਿਚ ਸਿੱਖ ਆਪਣੇ ਆਪ ਨੂੰ ਹਿੰਦੂਆਂ ਤੋਂ ਅਲੱਗ ਸਾਬਿਤ ਕਰਦਾ ਹੈ। ਪਙੰਤਰ ਸਫ਼ਿਆਂ ਦੀ ਪਹਿਲੀ ਛਾਪ ਚੌਥੀ ਛਾਪ ਤੱਕ ਪਹੁੰਚਦਿਆਂ 248 ਸਫ਼ਿਆਂ ਦਾ ਗ੍ਰੰਥ ਬਣ ਗਈ।[121] ਇਸ ਕਿਤਾਬ ਵਿਚ 14 ਸਿਰਲੇਖਾਂ ਹੇਠ ਵੇਰਵਾ ਦਿੱਤਾ ਗਿਆ ਹੈ। ਇਹ ਕਿਤਾਬ ਭਾਈ ਕਾਨ੍ਹ ਸਿੰਘ ਨਾਭਾ ਦੀ ਕਿਸੇ ਹਿੰਦੂ ਵਿਦਵਾਨ ਨਾਲ ਬਹਿਸ ਵਿਚੋਂ ਨਹੀਂ ਨਿਕਲੀ ਲੱਗਦੀ, ਸਗੋਂ ਲੇਖਕ ਨੇ ਆਪ ਹੀ ਸਵਾਲ ਤੇ ਜਵਾਬ ਲਿਖੇ ਹਨ, ਪਰ ਉਹ ਸੁਆਲ ਉਸ ਸਮੇਂ ਹਿੰਦੂ ਸਮਾਜ ਵਲੋਂ ਸਿੱਖ ਸਮਾਜ ਉੱਪਰ ਕੀਤੇ ਜ਼ਰੂਰ ਜਾ ਰਹੇ ਸਨ। ਪ੍ਰੋ. ਪ੍ਰੀਤਮ ਸਿੰਘ ਅਨੁਸਾਰ, ''ਕਿਤਾਬ ਦਾ ਬੇਨਾਮ ਹਿੰਦੂ, ਜੋ ਕਾਫ਼ੀ ਅਸ਼ੀਲ ਕਿਸਮ ਦਾ ਹੈ, ਨਾ ਤਾਂ ਬਹੁਤ ਔਖੇ ਕਰਨ ਵਾਲੇ ਸਵਾਲ ਪੁਛਦਾ ਹੈ ਤੇ ਨਾ ਹੀ ਉਤਰ ਪੱਖ ਦਾ ਅਨੁਸਾਰੀ ਬਣਨ ਵਿਚ ਦੇਰ ਲਾਉਂਦਾ ਹੈ।''[122]

ਭਾਈ ਕਾਨ੍ਹ ਸਿੰਘ ਨਾਭਾ ਇਸ ਕਿਤਾਬ ਦੇ ਅੰਤ ਵਿਚ ਜਿੱਥੇ ਸਿੱਖ ਹਿੰਦੂ ਨਹੀਂ ਹਨ ਦਾ ਸੰਦੇਸ਼ ਦਿੰਦੇ ਹਨ, ਉੱਥੇ ਹੀ ਸਾਰੇ ਦੇਸ਼ ਭਾਈਆਂ ਨੂੰ ਆਪਣਾ ਅੰਗ ਸਮਝਣ ਦੀ ਬੇਨਤੀ ਵੀ ਕਰਦੇ ਹਨ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, ''ਸ੍ਰੀ ਗੁਰੂ ਨਾਨਕ ਪੰਥੀ ਮੇਰੇ ਪ੍ਰੇਮੀ ਭਾਈਓ! ਮੈਨੂੰ ਪੂਰਾ ਭਰੋਸਾ ਹੈ ਕਿ ਆਪ ਉੱਪਰ ਲਿਖੀ ਚਰਚਾ ਪੜ੍ਹ ਕੇ ਆਪਣੇ ਆਪ ਨੂੰ ਸਿੱਖ ਕੌਮ ਮੰਨੋਗੇ, ਔਰ ਨਿਰਸੰਦੇਹ ਜਾਣੋਗੇ ਕਿ ਹਮ ਹਿੰਦੂ ਨਹੀਂ ਅਰ ਇਸ ਦੇ ਨਾਲ ਹੀ ਸਭ ਦੇਸ਼ ਭਾਈਆਂ ਨਾਲ ਪਿਆਰ ਵਧਾਉਂਦੇ ਹੋਏ ਸਾਰੇ ਭਾਰਤ ਨਿਵਾਸੀਆਂ ਨੂੰ ਆਪਣਾ ਅੰਗ ਸਮਝੋਗੇ।''[123] ਇਸ ਕਿਤਾਬ ਦੀ ਰਚਨਾ ਪਿੱਛੇ ਕਈ ਤਰ੍ਹਾਂ ਦੇ ਕਾਰਨ ਤੇ ਕਈ ਵਿਦਵਾਨਾਂ ਦਾ ਹੱਥ ਮੰਨਿਆ ਜਾਂਦਾ ਹੈ। ਲਾਲ ਸਿੰਘ ਸੰਗਰੂਰ ਲਿਖਦੇ ਹਨ ਕਿ ''ਸਿੰਘ ਸਭਾ ਭਸੌੜ ਨੇ ਸ੍ਰੀ ਮਾਨ ਸ੍ਰ: ਕਾਨ੍ਹ ਸਿੰਘ ਨਾਭਾ ਪਾਸੋਂ ਹਮ ਹਿੰਦੂ ਨਹੀਂ ਗ੍ਰੰਥ ਲਿਖਵਾਇਆ।[124] ਡਾ. ਤੇਜਵੰਤ ਮਾਨ ਅਨੁਸਾਰ, ''ਕੁਝ ਲੋਕਾਂ ਦਾ ਖ਼ਿਆਲ ਸੀ ਕਿ ਭਾਈ ਕਾਨ੍ਹ ਸਿੰਘ ਨੇ ਅੰਗਰੇਜ਼ਾਂ ਦੇ ਕਹਿਣ ਤੇ ਹਿੰਦੂ-ਸਿੱਖ ਪੁਆੜਾ ਪਾਉਣ ਲਈ ਇਹ ਪੁਸਤਕ ਲਿਖੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਇਸ ਪੁਸਤਕ ਦੇ ਛਪਣ ਤੋਂ ਬਾਅਦ ਦੇ ਪ੍ਰਤੀਕਰਮਾਂ ਦਾ ਅੰਗਰੇਜ਼ਾਂ ਨੇ ਅਸਿੱਧੇ ਤੌਰ

---

[121] ਉਹੀ, ਪੰਨਾ 64.

[122] ਉਹੀ, ਪੰਨਾ 66.

[123] ਭਾਈ ਕਾਨ੍ਹ ਸਿੰਘ ਨਾਭਾ, ਹਮ ਹਿੰਦੂ ਨਹੀਂ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2000, ਪੰਨਾ, 128.

[124] ਉਧਰਿਤ, ਤੇਜਵੰਤ ਸਿੰਘ ਗਿੱਲ, ਭਾਈ ਕਾਨ੍ਹ ਸਿੰਘ ਨਾਭਾ ਜੀਵਨ ਤੇ ਰਚਨਾ, ਮੰਗਲ ਪ੍ਰਕਾਸ਼ਨ, ਅੰਮ੍ਰਿਤਸਰ, 1996, ਪੰਨਾ, 66.

'ਤੇ ਫਾਇਦਾ ਉਠਾਇਆ ਅਤੇ ਇਸ ਗੱਲ ਨੂੰ ਉਛਾਲਿਆ। ਪਰ ਇਹ ਠੀਕ ਨਹੀਂ ਕਿ ਇਸ ਪੁਸਤਕ ਦੇ ਰਚਨ ਦਾ ਕਾਰਨ ਇਹੀ ਸੀ। ਉਸ ਸਮੇਂ ਦੇ ਸੰਪਰਦਾਇਕ ਹਾਲਤਾਂ ਨੂੰ ਪਰਖਣ ਲੱਗਿਆ ਇਹ ਸਾਫ਼ ਹੈ ਕਿ ਆਪਸੀ ਵੈਰ-ਵਿਰੋਧ ਏਨਾ ਸੀ ਕਿ ਇਕ ਦੂਜੇ ਦੇ ਮੁਕਾਬਲੇ ਆਪਣੀ ਹੋਂਦ ਨੂੰ ਕਾਇਮ ਰੱਖਣ ਦਾ ਸਵਾਲ ਮੁੱਖ ਸੀ।''[125] ਇਸ ਕਿਤਾਬ ਦੀ ਤਿਆਰੀ ਵਿਚ ਸਿੱਖ ਸਰੋਤਾਂ ਵਿਚੋਂ ਲਏ ਹਵਾਲੇ ਵੇਖੀਏ ਤਾਂ ਉਸ ਵਿਚ ਭਾਈ ਗੁਰਦਾਸ ਜੀ ਦੀ ਰਚਨਾ, ਜਨਮਸਾਖੀਆਂ, ਤੇਤੀ ਸਵੱਈਏ, ਰਹਿਤਨਾਮਾ ਚੌਪਾ ਸਿੰਘ, ਦਇਆ ਸਿੰਘ, ਭਗਤ ਰਤਨਾਵਲੀ, ਪੰਥ ਪ੍ਰਕਾਸ਼ ਤੇ ਗੁਰਪ੍ਰਤਾਪ ਸੂਰਜ ਗ੍ਰੰਥ ਆਦਿਕ ਗ੍ਰੰਥਾਂ ਦੀ ਸਹਾਇਤਾ ਲਈ ਗਈ ਹੈ। ਇਸ ਤੋਂ ਇਕ ਗੱਲ ਸਾਫ਼ ਹੈ ਕਿ ਸਿੱਖ ਪਛਾਣ ਦਾ ਮਸਲਾ ਸਿੱਖ ਧਰਮ ਦੇ ਸ਼ੁਰੂਆਤੀ ਪੜ੍ਹਾਅ ਤੋਂ ਹੀ ਭੱਖਦਾ ਆ ਰਿਹਾ ਸੀ, ਜਿਸ ਦੇ ਸੰਕੇਤ ਉਪਰੋਕਤ ਗ੍ਰੰਥਾਂ ਵਿਚ ਦਰਜ ਹਨ।

ਇਸ ਮਸਲੇ ਦਾ ਪ੍ਰਭਾਵ 1947 ਈ. ਦੀ ਵੰਡ ਵੇਲੇ ਵੀ ਵੇਖਣ ਨੂੰ ਮਿਲਿਆ ਤੇ ਵਰਤਮਾਨ ਸਮੇਂ ਤੱਕ ਵੀ ਇਹ ਮਸਲਾ ਬਹਿਸ ਗੋਚਰਾ ਬਣਿਆ ਹੋਇਆ ਹੈ। ਜਦ ਇਸ ਮਸਲੇ ਨੇ ਉਨ੍ਹੀਵੀਂ ਸਦੀ ਤੋਂ ਵੀਹਵੀਂ ਸਦੀ ਵਿਚ ਪ੍ਰਵੇਸ਼ ਕੀਤਾ ਤਾਂ ਇਸ ਨਾਲ ਸਿੱਖ ਅਧਿਐਨ ਵਿਚ ਸਿੱਖ ਪਛਾਣ ਸੰਬੰਧੀ ਬਹੁਤ ਵੱਡਾ ਰੁਝਾਨ ਜੁੜ ਜਾਂਦਾ ਹੈ।

ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ 1849 ਈ. ਵਿਚ ਪੰਜਾਬ ਉੱਪਰ ਬ੍ਰਿਟਿਸ਼ ਹਕੂਮਤ ਦਾ ਕਬਜਾ ਹੋਣ ਤੋਂ ਬਾਅਦ ਪੰਜਾਬ ਦੇ ਇਤਿਹਾਸ ਵਿਚ ਨਵਾਂ ਅਧਿਆਇ ਸ਼ੁਰੂ ਹੁੰਦਾ ਹੈ। 1849 ਈ. ਤੋਂ ਪੂਰਵ ਜਿੱਥੇ ਸਿੱਖਾਂ ਦੀ ਗਿਣਤੀ ਬਹੁਤਾਤ ਵਿਚ ਸੀ, ਉਹ ਗਿਣਤੀ ਹੁਣ ਬੜੀ ਰਫਤਾਰ ਨਾਲ ਹੇਠਾਂ ਆਉਣ ਲੱਗੀ। ਇਸ ਸਮੇਂ ਨਿਰੰਕਾਰੀ ਲਹਿਰ ਸਿੱਖਾਂ ਵਿਚ ਧਰਮ ਪ੍ਰਤੀ ਜਾਗਰੂਕਤਾ ਫੈਲਾਉਣ ਲਈ ਉੱਠੀ। ਇਸ ਲਹਿਰ ਨੇ ਸਿੱਖਾਂ ਵਿਚ ਆ ਚੁੱਕੀਆਂ ਕੁਰੀਤੀਆਂ ਵਿਰੁੱਧ ਅਵਾਜ਼ ਉਠਾਈ ਅਤੇ ਪਾਖੰਡ, ਕਰਮ-ਕਾਡਾਂ ਵਿਰੁੱਧ ਸਿੰਘ ਸਭਾ ਲਹਿਰ ਲਈ ਧਰਾਤਲ ਪੈਦਾ ਕੀਤਾ। ਇਸ ਦੀ ਹੀ ਸਮਕਾਲੀ ਲਹਿਰ ਨਾਮਧਾਰੀ ਲਹਿਰ ਸੀ। ਜਿਸ ਨੂੰ ਬਾਬਾ ਰਾਮ ਸਿੰਘ ਨਾਮਧਾਰੀ ਨੇ ਪੰਜਾਬੀਆਂ ਨੂੰ ਸਿੱਖ ਧਰਮ ਨਾਲ ਜੋੜਨ ਲਈ ਅਤੇ ਅੰਗਰੇਜ਼ਾਂ ਵਿਰੁੱਧ ਪ੍ਰਚਾਰ ਲਈ ਅੱਗੇ ਤੋਰਿਆ। ਇਸ ਲਹਿਰ ਨੇ ਸਿੱਖ ਧਰਮ ਨੂੰ ਵੇਦਾਂਤ ਵੱਲ ਜਾਣ ਤੋਂ ਮੋੜਿਆ ਅਤੇ ਅੰਗਰੇਜ਼ਾਂ ਦੀ ਗ਼ੁਲਾਮੀ ਵਿਰੁੱਧ ਲੋਕਾਂ ਨੂੰ ਸੁਚੇਤ ਕੀਤਾ। ਅੰਗਰੇਜ਼ਾਂ ਦੇ ਆਉਣ ਨਾਲ ਪੈਦਾ ਹੋਏ ਤਣਾਉ ਵਿਚੋਂ ਜੋ ਲਹਿਰਾਂ ਉਠੀਆਂ, ਸਿੰਘ ਸਭਾ ਲਹਿਰ ਵੀ ਉਨ੍ਹਾਂ

[125] ਉਹੀ, ਪੰਨਾ 67.

ਵਿਚੋਂ ਇਕ ਸੀ। ਸਿੰਘ ਸਭਾ ਲਹਿਰ ਨੇ ਇਤਿਹਾਸਕਾਰੀ ਅਤੇ ਗੁਰਬਾਣੀ ਵਿਆਖਿਆਕਾਰੀ ਨੂੰ ਪੱਛਮੀ ਪ੍ਰਭਾਵ ਅਧੀਨ ਪਰੰਪਰਾ ਤੋਂ ਤੋੜ ਕੇ ਨਵੀਨ ਵਿਆਖਿਆਕਾਰੀ ਦਿਤੀ। ਇਸ ਲਹਿਰ ਨੇ ਸਿੱਖ ਸਿਧਾਂਤਾਂ ਨੂੰ ਪੁਨਰ-ਪਰਭਾਸ਼ਿਤ ਕੀਤਾ। ਇਸ ਨਾਲ ਸੰਪ੍ਰਦਾਈ ਵਿਦਵਾਨਾਂ ਤੇ ਸਿੰਘ ਸਭਾਈ ਵਿਦਵਾਨਾਂ ਵਿਚਕਾਰ ਸੰਵਾਦ ਸ਼ੁਰੂ ਹੋਇਆ। ਸਿੰਘ ਸਭਾ ਲਹਿਰ ਨੇ ਆਰੀਆ ਸਮਾਜ, ਬ੍ਰਹਮੋ ਸਮਾਜ, ਅਹਿਮਦੀਆ ਲਹਿਰ ਅਤੇ ਈਸਾਈ ਲਹਿਰ ਨਾਲ ਵੀ ਸੰਵਾਦ ਰਚਾਇਆ। ਦੂਸਰੀਆਂ ਲਹਿਰਾਂ ਨਾਲ ਸੰਵਾਦ ਵਿਚੋਂ ਵੱਖਰੀ ਪਛਾਣ ਪ੍ਰਤੀ ਝੁਕਾਅ ਪੈਦਾ ਹੋਇਆ। ਸਿੰਘ ਸਭਾ ਲਹਿਰ ਨੇ ਬ੍ਰਜ ਭਾਸ਼ਾ ਦੀ ਥਾਂ ਤੇ ਪੰਜਾਬੀ ਭਾਸ਼ਾ ਵਿਚ ਲਿਖਣ ਦਾ ਰੁਝਾਨ ਪੈਦਾ ਕੀਤਾ। ਇਸ ਨਾਲ ਪੰਜਾਬੀ ਭਾਸ਼ਾ ਸੰਕਟ ਵਿਚੋਂ ਬਾਹਰ ਆਉਣ ਲੱਗ ਪਈ। ਸਿੰਘ ਸਭਾ ਲਹਿਰ ਨੇ ਅੰਗਰੇਜ਼ੀ ਵਿਦਿਆ ਪ੍ਰਤੀ ਜਾਗਰੁਕਤਾ ਦਾ ਰੁਝਾਨ ਪੈਦਾ ਕੀਤਾ। ਇਸ ਰੁਝਾਨ ਵਿਚੋਂ ਹੀ ਖ਼ਾਲਸਾ ਕਾਲਜ ਅੰਮ੍ਰਿਤਸਰ ਹੋਂਦ ਵਿਚ ਆਇਆ। ਇਸ ਸਮੇਂ ਦੀਆਂ ਪ੍ਰਸਥਿਤੀਆਂ ਵਿਚੋਂ ਸਿੱਖਾਂ ਨੇ ਸੰਪਰਦਾਇਕ ਪੱਖ ਤੋਂ, ਰਖਿਆਤਮਿਕ ਪੱਖ ਤੋਂ, ਪ੍ਰਤੀਕਿਰਿਆਤਮਕ ਪੱਖ ਤੋਂ ਅਤੇ ਆਲੋਚਨਾਤਮਕ ਪੱਖ ਤੋਂ ਸਾਹਿਤ ਹੋਂਦ ਵਿਚ ਲਿਆਂਦਾਂ। ਇਸ ਸਾਹਿਤ ਨੇ ਵੀਹਵੀਂ ਸਦੀ ਦੇ ਸਿੱਖ ਅਧਿਐਨ ਲਈ ਧਰਾਤਲ ਕਾਇਮ ਕੀਤਾ, ਜਿਸ ਨਾਲ ਬਾਅਦ ਵਿਚ ਸੰਪਰਦਾਇਕ, ਰਖਿਆਤਮਿਕ, ਪ੍ਰਤੀ-ਕਿਰਿਆਤਮਕ ਅਤੇ ਅਕਾਦਮਿਕ ਰੁਝਾਨ ਪੈਦਾ ਹੋਏ ਸਨ।

# ਅਧਿਆਇ ਦੂਜਾ
# ਗ਼ੈਰ ਸਿੱਖ ਵਿਦਵਾਨਾਂ ਦੀਆਂ ਸਿੱਖ ਲਿਖਤਾਂ

ਵੀਹਵੀਂ ਸਦੀ ਵਿਚ ਗ਼ੈਰ-ਸਿੱਖਾਂ ਵੱਲੋਂ ਕੀਤੇ ਗਏ ਸਿੱਖ ਅਧਿਐਨ ਵਿਚ ਯੂਰਪੀਅਨ/ਪੱਛਮੀ ਲੇਖਕ, ਹਿੰਦੂ ਲੇਖਕ, ਮੁਸਲਿਮ ਲੇਖਕ ਸ਼ਾਮਿਲ ਕੀਤੇ ਜਾ ਸਕਦੇ ਹਨ। ਇਨ੍ਹਾਂ ਗ਼ੈਰ-ਸਿੱਖ ਲੇਖਕਾਂ ਨੇ ਸਿੱਖ ਧਰਮ ਬਾਰੇ ਸੰਪਰਦਾਈ ਪੱਖ ਅਤੇ ਹਮਦਰਦੀ ਪੂਰਵਕ ਦੋਹਾਂ ਪੱਖਾਂ ਤੋਂ ਹੀ ਲਿਖਿਆ ਹੈ। ਇਸ ਅਧਿਆਇ ਵਿੱਚ ਪਹਿਲਾਂ ਪੱਛਮੀ/ਯੂਰਪੀਅਨ ਲੇਖਕਾਂ ਵੱਲੋਂ ਕੀਤਾ ਗਿਆ ਸਿੱਖ ਅਧਿਐਨ ਵਿਸ਼ਲੇਸ਼ਣ ਲਈ ਆਧਾਰ ਬਣਾਇਆ ਜਾਵੇਗਾ।

ਅੰਗਰੇਜ਼ਾਂ ਦਾ ਸਿੱਖਾਂ ਨਾਲ ਪਹਿਲੀ ਵਾਰ ਸਾਹਮਣਾ ਇਕ ਧਾਰਮਿਕ ਕੌਮ ਵਜੋਂ ਨਹੀਂ, ਸਗੋਂ ਰਾਜਨੀਤਿਕ ਸ਼ਕਤੀ ਵਜੋਂ ਹੋਇਆ ਸੀ। ਅਠਾਰਵੀਂ ਸਦੀ ਦੇ ਅੰਤਲੇ ਦੋ ਦਹਾਕਿਆਂ ਵਿਚ ਸਿੱਖਾਂ ਦਾ ਭਾਰਤ ਦੀ ਉਤਰ-ਪੱਛਮੀ ਸਰਹੱਦ ਉੱਪਰ ਅੰਗਰੇਜ਼ਾਂ ਨਾਲ ਸਾਹਮਣਾ ਹੋਇਆ। ਇੱਥੋਂ ਹੀ ਪਹਿਲੀ ਵਾਰ ਅੰਗਰੇਜ਼ਾਂ ਨੇ ਸਿੱਖਾਂ ਬਾਰੇ ਜਾਨਣਾ ਚਾਹਿਆ ਸੀ।[1] ਪੱਛਮੀ ਲੇਖਕਾਂ ਦੁਆਰਾ ਕੀਤੇ ਗਏ ਸਿੱਖ ਅਧਿਐਨ ਨੂੰ ਤਿੰਨ ਸ਼੍ਰੇਣੀਆਂ ਵਿਚ ਵੰਡਿਆ ਜਾ ਸਕਦਾ ਹੈ। ਪਹਿਲੀ ਸ਼੍ਰੇਣੀ ਵਿਚ ਸਿੱਖ ਧਰਮ ਬਾਰੇ ਆਮ ਸਰਵੇਖਣ ਮਿਲਦੇ ਹਨ। ਇਸ ਵਿਚ ਛੋਟੇ ਪੇਪਰ, ਆਰਟੀਕਲ, ਖਰੜੇ ਤੇ ਕੁਝ ਵਿਸਥਾਰਪੂਰਵਕ ਸਿੱਖ ਇਤਿਹਾਸ ਨੂੰ ਸ਼ਾਮਿਲ ਕੀਤਾ ਜਾ ਸਕਦਾ ਹੈ। ਇਹਨਾਂ ਲੇਖਕਾਂ ਵਿੱਚ ਏ.ਐੱਲ.ਐੱਚ. ਪੋਲਿਅਰ (A.L.H. Polier), ਜੇਮਸ ਬ੍ਰਾਊਨ (James Brown), ਜਾਰਜ ਫਾਰਸਟਰ (George Forster), ਜਾਹਨ ਮੈਲਕਮ (John Malcolm), ਹੈਨਰੀ ਸਟੇਨਬਚ (Henry Steinbach), ਐਮ.ਗਰੈਗਰ (M'Gregor), ਕੁਨਿੰਘਮ (Cunniguham) ਆਦਿਕ ਹਨ। ਦੂਜੀ ਸ਼੍ਰੇਣੀ ਉਹਨਾਂ ਲੇਖਕਾਂ ਦੀ ਹੈ ਜਿਹਨਾਂ ਨੇ ਸਿੱਖ ਧਰਮ ਨੂੰ ਭਾਰਤੀ ਇਤਿਹਾਸ ਵਿਚ ਸ਼ਾਮਿਲ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਹਨਾਂ ਲੇਖਕਾਂ ਨੇ ਸਿੱਖ ਧਰਮ ਨੂੰ ਭਾਰਤ ਦੇ ਮੱਧਕਾਲ ਦੇ ਇਤਿਹਾਸ ਵਿਚ ਇੱਕ ਸੁਧਾਰਕ ਲਹਿਰ ਵਜੋਂ ਬਿਆਨ ਕੀਤਾ ਹੈ। ਲੇਖਕਾਂ ਦੀ ਜਾਣਕਾਰੀ ਦਾ ਆਧਾਰ ਗੌਣ (Secondary) ਸਰੋਤ ਸਨ ਅਤੇ ਇਹ ਮੁਢਲੇ (Primary) ਸਰੋਤਾਂ ਤੋਂ ਨਾਵਾਕਿਫ਼ ਸਨ। ਇਹਨਾਂ ਲੇਖਕਾਂ ਨੇ ਸਿੱਖ ਧਰਮ ਨੂੰ ਭਾਰਤੀ ਪਰੰਪਰਾ ਦਾ ਇਕ ਹਿੱਸਾ ਮੰਨ ਕੇ ਇਸ ਬਾਰੇ ਗੱਲ ਕੀਤੀ ਹੈ। ਇਸ ਸ਼੍ਰੇਣੀ ਵਿਚ ਵਿਲੀਅਮ ਵਾਰਡ (William

---

[1] Darshan Singh (Dr.), *Western Perspective on the Sikh Religion,* Singh Borthers, Amritsar, 2004, p. 16.

Ward), ਐੱਚ.ਐੱਚ ਵਿਲਸਨ (H.H. Wilson), ਆਰ.ਐੱਨ. ਕਸਟ (R.N. Cust), ਫਰੈਡਰਿਕ ਪਿਨਕੋਟ (Frederic Pincott), ਜਾਹਨ ਕੈਮਪਲ ਓਮਨ (John Cambell Oman), ਨਿਕੋਲ ਮੈਨੀਕੋਲ (Nicol Mainicol), ਜੇ.ਬੀ. ਪਰੈਟ (J.B. Pratt), ਐੱਚ.ਏ. ਰੋਜ਼ (H.A. Rose), ਜੇ.ਈ. ਕਾਰਪੈਨਟਰ (J.E. Carpenter), ਜੇ.ਐੱਨ. ਫਾਰਕੁਰ (J.N. Farquhar) ਆਦਿ ਲੇਖਕ ਸ਼ਾਮਿਲ ਹਨ। ਤੀਜੀ ਸ਼੍ਰੇਣੀ ਵਿਚ ਸਿੱਖ ਧਰਮ ਨੂੰ ਮੁਢਲੇ ਸਰੋਤਾਂ ਦੇ ਆਧਾਰ 'ਤੇ ਵਿਸਥਾਰ ਪੂਰਵਕ ਵਿਆਖਿਆ ਕਰਨ ਵਾਲੇ ਲੇਖਕ ਆਉਂਦੇ ਹਨ। ਇਹਨਾਂ ਵਿਚ ਵਿਲਕਿਨਜ਼ (Wilkins), ਅਰਨਸਟ ਟਰੰਪ (Ernest Trumpp), ਐਮ.ਏ. ਮੈਕਾਲਿਫ਼ (M.A. Macauliffe), ਸੀ.ਐਚ. ਲੋਹਲਿਨ (C.H. Loehelin), ਡੰਕਨ ਗਰੀਨਲੀਜ਼ (Duncan Green Lees), ਡਬਲਯੂ.ਓ. ਕੋਲ (W.O. Cole), ਡਬਲਯੂ.ਐਚ. ਮੈਕਲੋਡ (W.H. Mcleod) ਆਦਿਕ ਲੇਖਕ ਹਨ।[2] ਪੱਛਮੀ ਲਿਖਾਰੀਆਂ ਵੱਲੋਂ ਕੀਤਾ ਗਿਆ ਕੁਝ ਸਿੱਖ ਅਧਿਐਨ ਪੂਰਬਵਾਦੀ ਦ੍ਰਿਸ਼ਟੀ ਅਧੀਨ ਆਉਂਦਾ ਹੈ।

ਪੱਛਮ ਵਲੋਂ 'ਪੂਰਬਵਾਦ' (Orientalism) ਨਾਮ ਹੇਠ ਏਜੰਸੀ ਹੋਂਦ ਵਿਚ ਆਈ ਜਿਸ ਨੇ ਆਪਣਾ ਕਾਰਜ ਖੇਤਰ ਪੁਰਾਤਨ (Classical) ਸਮਾਂ ਅਤੇ ਲਿਖਤਾਂ ਨੂੰ ਚੁਣਿਆ। ਪੂਰਬ ਇਕ ਭੂਗੋਲਿਕ ਖਿੱਤਾ ਹੀ ਨਹੀਂ, ਸਗੋਂ ਇਕ ਸਭਿਆਚਾਰਕ ਸਿਰਜਣਾ ਵੀ ਹੈ। ਪੂਰਬਵਾਦ ਦਾ ਵਿਚਾਰ ਉਹਨਾਂ ਵਪਾਰੀਆਂ ਨੇ ਲਿਆਂਦਾ ਜੋ ਪੱਛਮ ਤੋਂ ਪੂਰਬ ਵੱਲ ਵਪਾਰ ਦੇ ਸਿਲਸਿਲੇ ਵਿਚ ਆਏ ਸਨ। ਡਾ. ਯਾਦਵਿੰਦਰ ਸਿੰਘ ਅਨੁਸਾਰ ''ਪੂਰਬਵਾਦ ਦਾ ਸਰੂਪ ਮੂਲ ਰੂਪ ਵਿਚ ਦੋ ਇੱਛਾਵਾਂ ਉੱਤੇ ਆਧਾਰਿਤ ਮੰਨਿਆ ਜਾ ਸਕਦਾ ਹੈ। ਪਹਿਲੀ ਇੱਛਾ ਦਾ ਸੰਬੰਧ ਵਿਅਕਤੀਗਤ ਕਾਰਨਾਂ ਨਾਲ ਹੈ, ਜਿਸ ਵਿਚ ਪੱਛਮੀ ਪੁਰਖ ਦੀ ਅਦਭੁਤ ਅਤੇ ਕਾਮੁਕ ਨੂੰ ਹਾਸਿਲ ਕਰਨ ਦੀ ਇੱਛਾ ਛੁਪੀ ਹੋਈ ਹੈ। ਦੂਜਾ ਸਮੂਹਿਕ ਕਾਰਨ ਹੈ, ਜਿਸਦਾ ਮੰਤਵ ਆਰਥਿਕ ਅਤੇ ਰਾਜਨੀਤਿਕ ਤੌਰ ਤੇ ਪੂਰਬ ਉੱਤੇ ਕਾਬਜ ਹੋਣਾ, ਇਸਨੂੰ ਵਿਸਥਾਰਨਾ ਅਤੇ ਆਪਣੇ ਹਿਸਾਬ ਨਾਲ ਢਾਲਣਾ ਹੈ।''[3] ਇਕ ਅਕਾਦਮਿਕ ਅਨੁਸ਼ਾਸਨ ਵਜੋਂ ਪੂਰਬਵਾਦ ਨੂੰ ਏਸ਼ੀਆ ਦੀਆਂ ਸੱਭਿਆਤਾਵਾਂ ਭਾਰਤ, ਚੀਨ ਅਤੇ ਇਸਲਾਮ ਨੂੰ ਸਮਝਣ ਅਤੇ ਇਨ੍ਹਾਂ ਦੀ ਵਿਆਖਿਆ ਕਰਨ ਲਈ ਉਸਾਰਿਆ ਗਿਆ। ਪਰ ਇਹ ਵਿਆਖਿਆ ਪੂਰਨ ਤੌਰ 'ਤੇ ਪੱਛਮੀ ਦਰਸ਼ਨ ਅਤੇ

---

2 Darshan Singh (Dr.), *Western Perspective on the Sikh Religion,* ਪੰਨਾ 160.

3 ਯਾਦਵਿੰਦਰ ਸਿੰਘ (ਡਾ.) ਪੂਰਬਵਾਦ ਸਿਧਾਂਤ ਅਤੇ ਵਿਹਾਰ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 2010, ਪੰਨਾ 22.

ਸਭਿਆਚਾਰ ਦੀਆਂ ਪਰੰਪਰਾਵਾਂ ਉੱਤੇ ਆਧਾਰਿਤ ਸੀ। ਇਸਦਾ ਮੁੱਖ ਮੰਤਵ ਰੱਬ, ਮਨੁੱਖ, ਕੁਦਰਤ, ਵਿਗਿਆਨ ਅਤੇ ਇਤਿਹਾਸ ਆਦਿ ਦੇ ਤੁਲਨਾਤਮਕ ਅਧਿਐਨ ਰਾਹੀਂ ਪੱਛਮ ਨੂੰ ਬਿਹਤਰ ਅਤੇ ਪੂਰਬ ਨੂੰ ਘਟੀਆ ਸਿੱਧ ਕਰਨਾ ਸੀ।[4] ਇਸ ਤਰ੍ਹਾਂ ਪੂਰਬਵਾਦ ਪੱਛਮੀ ਕੌਮਾਂ ਅਤੇ ਸਭਿਆਚਾਰਾਂ ਨੂੰ ਪੱਛਮੀ ਸੋਚ ਅਨੁਸਾਰ ਅਨੁਸ਼ਾਸਿਤ ਕਰਨ ਵਾਲਾ ਪ੍ਰਵਚਨ ਹੋ ਨਿਬੜਿਆ ਹੈ।

ਵੀਹਵੀਂ ਸਦੀ ਸ਼ੁਰੂ ਹੋਣ 'ਤੇ 1901 ਈ. ਵਿਚ ਸਿੱਖ ਅਧਿਐਨ ਦਾ ਕੰਮ Sir Lepel Griffin ਦੇ ਛਪੇ ਆਰਟੀਕਲ 'Sikhism and the Sikhs' ਤੋਂ ਹੁੰਦਾ ਹੈ।[5] Griffin ਤੋਂ ਬਾਅਦ John, H. Gordon ਨੇ 1904 ਈ. ਵਿਚ *The Sikhs* ਨਾਮ ਹੇਠ ਕਿਤਾਬ ਪ੍ਰਕਾਸ਼ਿਤ ਕਰਵਾਈ। ਇਹ ਛੋਟੇ ਆਕਾਰ ਦੀ ਕਿਤਾਬ ਸੀ ਜੋ ਸਿੱਖਾਂ ਦੀ ਹਿਮਾਇਤ ਵਿਚ ਲਿਖੀ ਗਈ ਸੀ। ਇਸ ਵਿਚ ਸਿੱਖ ਗੁਰੂਆਂ ਦਾ ਇਤਿਹਾਸ ਅਤੇ ਸਿੱਖਿਆਵਾਂ ਸ਼ਾਮਿਲ ਕੀਤੀਆਂ ਗਈਆਂ ਸਨ। ਇਸ ਕਿਤਾਬ ਵਿਚ ਦੋ ਮਹੱਤਵਪੂਰਨ ਅਧਿਆਇ, 'Guru Granth and Sikh Religious Observances' ਅਤੇ 'Sikhs under the British Crown' ਹੈ।[6] ਲੇਖਕ ਨੇ 'The Sikhs under the British Crown' ਵਾਲੇ ਹਿੱਸੇ ਵਿਚ ਦੱਸਿਆ ਹੈ ਕਿ 1903 ਈ. ਵਿਚ ਦਿੱਲੀ (ਗੁ. ਸੀਸ ਗੰਜ ਵਿਖੇ) ਦਰਬਾਰ ਲਗਾਇਆ ਗਿਆ ਜਿੱਥੇ King Edward VII ਨੂੰ ਸੁਣਨ ਵਾਲੇ ਸਭ ਨਸਲਾਂ, ਜਾਤੀਆਂ ਦੇ ਲੋਕ ਇਕੱਠੇ ਹੋਏ। ਇੱਥੇ ਮਹਾਰਾਜਾ ਨਾਭਾ ਵੀ ਹਾਜ਼ਿਰ ਸੀ। ਲੇਖਕ ਦੱਸਦਾ ਹੈ ਕਿ ਇਸ ਦਿਨ ਸਿੱਖਾਂ ਨੇ ਮਹਿਸੂਸ ਕੀਤਾ ਕਿ ਅੱਜ ਤੋਂ 228 ਸਾਲ ਪਹਿਲਾਂ ਸਿੱਖਾਂ ਦੇ ਨੌਵੇਂ ਗੁਰੂ ਨੇ ਸ਼ਹੀਦ ਹੋਣ ਤੋਂ ਪਹਿਲਾਂ ਜੋ ਭਵਿਖਬਾਣੀ ਕੀਤੀ ਸੀ ਕਿ ਭਵਿੱਖ ਵਿਚ ਸਿੱਖ ਬ੍ਰਿਟਿਸ਼ ਰਾਜ ਦੇ ਅਧੀਨ ਆਪਣੀ ਧਾਰਮਿਕ ਅਤੇ ਨਿੱਜੀ ਖੁਸ਼ਹਾਲ, ਜਿੰਦਗੀ ਮਾਨਣਗੇ। ਉਹ ਅੱਜ ਸੱਚ ਹੋ ਗਈ ਹੈ।[7] ਡਾ. ਦਰਸ਼ਨ ਸਿੰਘ ਅਨੁਸਾਰ ਇਹ ਕਾਰਜ ਉਸ ਸਮੇਂ ਦੀ ਸਮਕਾਲੀ ਸੋਚ ਨੂੰ ਪੇਸ਼ ਕਰਦਾ ਹੈ ਅਤੇ ਲੇਖਕ ਦਾ ਪ੍ਰਯੋਜਨ ਇਕੋ ਸਮੇਂ ਬ੍ਰਿਟਿਸ਼-ਪੱਖੀ ਅਤੇ ਸਿੱਖ ਪੱਖੀ ਦੋਨੋਂ ਹੀ ਹੋਣਾ ਹੈ।[8] ਵੀਹਵੀਂ ਸਦੀ ਦੇ ਪਹਿਲੇ ਦਹਾਕੇ ਵਿਚ ਮੈਕਸ ਆਰਥਰ ਮੈਕਾਲਿਫ਼ ਦਾ ਕੰਮ ਆਉਣ ਨਾਲ ਅੰਗਰੇਜ਼ਾਂ ਵੱਲੋਂ ਹੋਏ ਸਿੱਖ ਅਧਿਐਨ ਵਿਚ ਨਵਾਂ

---

4 ਉਹੀ, ਪੰਨਾ 23.

5 Darshan Singh (Dr.), *Western Perspective on the Sikh Religion,* p. 56.

6 *Ibid.,* p. 61.

7 Sir John J.H. Gordon, *The Sikhs,* Language Department, Punjab, 1988, pp.228-229.

8 Darshan Singh (Dr.), *Western Perspective on the Sikh Religion,* p. 56.

ਝੁਕਾਅ ਆਇਆ। ਇਸ ਝੁਕਾਅ ਅਨੁਸਾਰ ਸਿੱਖਾਂ ਨਾਲ ਵਾਰਤਾਲਾਪ ਰਾਹੀਂ ਸਿਧਾਂਤ, ਇਤਿਹਾਸ ਤੇ ਵਿਆਖਿਆਕਾਰੀ ਨੂੰ ਸਮਝਿਆ ਜਾਣ ਲੱਗਾ। ਮੈਕਸ ਆਰਥਰ ਮੈਕਾਲਿਫ਼ ਦੀ ਕਿਤਾਬ *The Sikh Religion: Its Gurus, Sacred Writings and Authors* ਛੇ ਜਿਲਦਾਂ ਵਿਚ 1909 ਈ. ਵਿਚ ਛਪੀ। ਇਹ ਕਿਤਾਬ ਲੇਖਕ ਨੇ ਸਿੱਖ ਧਰਮ ਦੇ ਸੰਪਰਦਾਈ ਗਿਆਨੀਆਂ, ਸਿੰਘ ਸਭਾ ਲਹਿਰ ਦੇ ਵਿਦਵਾਨਾਂ, ਸੰਪਰਦਾਵਾਂ ਆਦਿਕ ਦੀ ਮਦਦ ਲੈ ਕੇ ਤਿਆਰ ਕੀਤੀ ਸੀ। ਮੈਕਾਲਿਫ਼ ਆਪਣੀ ਰਚਨਾ ਦਾ ਕਾਰਨ ਦੱਸਦਾ ਹੈ ਕਿ, ''ਕੁਝ ਸਾਲ ਹੋਏ ਇੰਡੀਆ ਆਫ਼ਿਸ ਲੰਡਨ ਨੇ ਇਕ ਜਰਮਨੀ ਈਸਾਈ ਮਿਸ਼ਨਰੀ ਕੋਲੋਂ ਗੁਰੂ ਗ੍ਰੰਥ ਸਾਹਿਬ ਦੇ ਕੁਝ ਹਿੱਸੇ ਦਾ ਉਲੱਥਾ ਕਰਵਾਇਆ ਸੀ। ਪਰ ਇਹ ਕੰਮ ਨਾ ਕੇਵਲ ਬਹੁਤ ਜ਼ਿਆਦਾ ਗ਼ਲਤ ਸੀ, ਇਸ ਤੋਂ ਵਧੇਰੇ ਇਹ ਕਿ ਇਸ ਨਾਲ ਸਿੱਖਾਂ ਨੂੰ ਭਾਰੀ ਚੋਟ ਲੱਗੀ ਕਿਉਂਕਿ ਇਸ ਵਿਚ ਧਰਮ ਬਾਰੇ ਨਫ਼ਰਤ ਘੁਸੋੜ ਦਿੱਤੀ ਗਈ ਸੀ। ਜਦੋਂ ਵੀ ਉਸ ਨੂੰ ਸਿੱਖ ਗੁਰੂਆਂ, ਸਿੱਖਾਂ ਦੇ ਧਰਮ ਅਤੇ ਸਿੱਖਾਂ ਦੀ ਪਵਿੱਤਰ ਰਚਨਾ ਨੂੰ ਬਦਨਾਮ ਕਰਨ ਦਾ ਅਵਸਰ ਮਿਲਿਆ ਉਸ ਨੇ ਬੜੀ ਤੀਬਰਤਾ ਨਾਲ ਉਸ ਤੋਂ ਲਾਭ ਉਠਾਇਆ। ਹੱਥਲੇ ਕੰਮ ਦਾ ਮਨੋਰਥ ਉਸ ਵਲੋਂ ਸਿੱਖ ਗੁਰੂਆਂ ਅਤੇ ਸਿੱਖ ਧਰਮ ਦੀ ਕੀਤੀ ਗਈ ਨਿਰਾਦਰੀ ਨੂੰ ਕਿਸੇ ਹੱਦ ਤੱਕ ਦੂਰ ਕਰਨਾ ਹੈ। ਇਸ ਤੋਂ ਇਲਾਵਾ ਮੈਂ ਆਸ ਕਰਦਾ ਹਾਂ ਕਿ ਇਸ ਤੋਂ ਹੋਰ ਵੀ ਕਈ ਲਾਭ ਹੋਣਗੇ ਜਿਹੜੇ ਕਿ ਪਾਠਕ ਸਮਝ ਜਾਣਗੇ।''[9] ਮੈਕਾਲਿਫ ਦੇ ਕੰਮ ਨੇ ਵਿਸ਼ਵ ਭਰ ਵਿਚ ਸਿੱਖ ਧਰਮ ਬਾਰੇ ਬਹੁਤ ਵਧੀਆ ਜਾਣਕਾਰੀ ਪੇਸ਼ ਕੀਤੀ ਸੀ। ਮੈਕਾਲਿਫ਼ ਦੇ ਕੰਮ ਨੂੰ Dorthy Field ਨਾਮ ਦੀ ਲੇਖਿਕਾ ਨੇ ਅੱਗੇ ਤੋਰਿਆ। ਉਸ ਦੀ ਕਿਤਾਬ *The Religion of the Sikhs* 1914 ਈ. ਵਿਚ ਪ੍ਰਕਾਸ਼ਿਤ ਹੋਈ। ਇਸ ਕਿਤਾਬ ਵਿਚ ਸਿੱਖ ਇਤਿਹਾਸ ਦੇ ਨਾਲ ਗੁਰੂ ਗ੍ਰੰਥ ਸਾਹਿਬ ਦੇ ਕੁਝ ਹਿੱਸੇ ਦਾ ਅਨੁਵਾਦ ਵੀ ਸ਼ਾਮਿਲ ਸੀ। ਇਹ ਕੰਮ ਮੈਕਾਲਿਫ਼ ਦੇ ਕੰਮ ਦੇ ਆਧਾਰ 'ਤੇ ਹੀ ਸੀ। Dorthy Field ਸਿੱਖ ਧਰਮ ਨੂੰ ਦੁਨੀਆ ਵਿਚ ਨਵੇਂ ਧਰਮ ਵਜੋਂ ਪੇਸ਼ ਕਰਦੀ ਹੈ। ਉਸ ਅਨੁਸਾਰ ਸਿੱਖ ਧਰਮ ਇੱਕ ਅਜਿਹਾ ਧਰਮ ਹੈ, ਜੋ ਪੱਛਮੀ ਲੋਕਾਂ ਦੇ ਮਨਾਂ ਨੂੰ ਆਪਣੇ ਵੱਲ ਖਿੱਚਣ ਦੀ ਯੋਗਤਾ ਰੱਖਦਾ ਹੈ। ਇਹ ਇਕ ਕਿਰਿਆਤਮਿਕ (Practical) ਧਰਮ ਹੈ। ਜੇ ਇਸਨੂੰ ਯਥਾਰਥ ਅਤੇ ਅਮਲੀ ਪੱਧਰ ਤੋਂ ਦੇਖੀਏ ਤਾਂ ਇਹ ਸੰਸਾਰ ਪੱਧਰ ਤੇ ਪਹਿਲੇ ਨੰਬਰ

---

[9] ਮੈਕਸ ਆਰਥਰ ਮੈਕਾਲਿਫ਼, ਸਿੱਖ ਧਰਮ, ਗੁਰੂ ਸਾਹਿਬਾਨ, ਪਵਿਤਰ ਰਚਨਾਵਾਂ, ਅਤੇ ਰਚਨਾਕਾਰ, (ਅਨੁ.) ਡਾ. ਕਿਰਪਾਲ ਸਿੰਘ, ਜਿਲਦ ਪਹਿਲੀ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1992, ਪੰਨਾ Viii.

ਦੀ ਪ੍ਰਾਪਤੀ ਦਾ ਹੱਕਦਾਰ ਹੋਵੇਗਾ। ਵਿਸ਼ਵ ਦੇ ਹੋਰ ਧਰਮਾਂ ਬਾਰੇ ਇਹ ਨਹੀਂ ਕਿਹਾ ਜਾ ਸਕਦਾ ਕਿ ਕਿਸੇ ਨੇ ਇਨ੍ਹੇ ਥੋੜੇ ਸਮੇਂ ਵਿੱਚ ਇੱਕ ਕੌਮ ਉਸਾਰ ਦਿੱਤੀ ਹੈ।[10]

ਲੇਖਿਕਾ ਨੇ ਸਿੱਖ ਧਰਮ ਨੂੰ ਹਿੰਦੂ ਧਰਮ ਦਾ ਫਿਰਕਾ ਕਹਿਣ ਦੇ ਰੁਝਾਨ ਨੂੰ ਭਾਰਤੀ ਲੋਕਾਂ ਦੁਆਰਾ ਵਿਵਾਦਤ ਮਸਲਾ ਬਣਾਇਆ ਜਾ ਰਿਹਾ ਕਿਹਾ ਹੈ। ਉਹ ਸਿੱਖ ਧਰਮ ਨੂੰ ਸ਼ੁੱਧ ਤੇ ਉੱਚਾ ਇੱਕ-ਈਸ਼ਵਰਵਾਦ (Pure, Lofty Monotheism) ਧਰਮ ਕਹਿੰਦੀ ਹੈ।[11] ਲੇਖਿਕਾ ਨੇ ਸਿੱਖ ਧਰਮ ਨੂੰ ਹਿੰਦੂ ਧਰਮ ਦਾ ਸੁਧਾਰਵਾਦੀ ਫਿਰਕਾ ਕਹਿਣ ਵਾਲਿਆਂ ਨੂੰ ਇਹ ਜਵਾਬ ਦਿੱਤਾ ਹੈ ਕਿ ''ਸ਼ਬਦ ਹਿੰਦੂਵਾਦ ਬਿਨ੍ਹਾਂ ਸ਼ੱਕ ਬਹੁਤ ਵਿਸ਼ਾਲ ਅਰਥਾਂ ਵਿਚ ਵਰਤੋਂ ਯੋਗ ਹੈ, ਪਰ ਇਸਦੇ ਇਹ ਵਿਸ਼ਾਲ ਅਰਥ (ਜੋ ਸਿੱਖ ਧਰਮ ਨੂੰ ਆਪਣੇ ਘੇਰੇ ਵਿਚ ਲੈਂਦੇ ਹਨ। ਪ੍ਰਸ਼ਨ ਦੇ ਘੇਰੇ ਵਿੱਚ ਆਉਂਦੇ ਹਨ, ਜਦੋਂ ਇਹ ਵੇਖਦੇ ਹਾਂ ਕਿ ਗੁਰੂ ਸਾਹਿਬਾਨ ਦੀਆਂ ਲਿਖਤਾਂ ਵਿਚ ਹਿੰਦੂ ਧਰਮ ਦੇ ਤਿੰਨ ਪ੍ਰਮੁਖ ਸਿਧਾਂਤਾਂ, ਪੁਜਾਰੀਵਾਦ, ਜਾਤ-ਪਾਤ ਅਤੇ ਵੇਦਾਂ ਬਾਰੇ ਆਲੋਚਨਾਤਮਿਕ ਵਿਚਾਰ ਦਰਜ ਕੀਤੇ ਮਿਲਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਰੀ ਬਾਣੀ ਪੜ੍ਹਨ ਤੋਂ ਬਾਅਦ ਕੁਝ ਮਜਬੂਤ ਸੰਕੇਤ ਮਿਲਦੇ ਹਨ ਕਿ ਸਿੱਖ ਧਰਮ ਇਕ ਨਵਾਂ ਤੇ ਵੱਖਰਾ ਵਿਸ਼ਵ ਧਰਮ ਹੈ ਨਾ ਕਿ ਹਿੰਦੂ ਧਰਮ ਦਾ ਸੁਧਾਰਵਾਦੀ ਫਿਰਕਾ।''[12]

ਡੋਰਥੀ ਫੀਲਡ ਨੇ ਜਿੱਥੇ ਸਿੱਖ ਧਰਮ ਨੂੰ ਸਿੱਖ ਆਸ਼ੇ ਤੋਂ ਸਮਝਿਆ ਉੱਥੇ ਹੀ ਉਸ ਸਮੇਂ ਦੇ ਧਾਰਮਿਕ ਸਵਾਲਾਂ ਦਾ ਸਾਹਮਣਾ ਕਰ ਰਹੇ ਇਸ ਧਰਮ ਨੂੰ ਉਪਰੋਕਤ ਜਵਾਬਾਂ ਰਾਹੀ ਸਿਖਾਂ ਨੂੰ ਸੇਧਾਂ ਦਿੱਤੀਆਂ । ਉੱਥੇ ਹੀ ਸਿੱਖ ਧਰਮ ਨੂੰ ਵਿਸ਼ਵ ਪੱਧਰ ਤੇ ਅਲੱਗ ਪਛਾਣ ਦਿਵਾਉਣ ਦੇ ਮੁਢਲੇ ਯਤਨ ਵਜੋਂ ਵੀ ਦੇਖਿਆ ਜਾ ਸਕਦਾ ਹੈ।

ਡੋਰਥੀ ਫੀਲਡ ਤੋਂ ਬਾਅਦ ਗ਼ੈਰ-ਸਿੱਖ ਲੇਖਕਾਂ ਦੁਆਰਾ ਵੀਹਵੀਂ ਸਦੀ ਦੇ ਤੀਜੇ ਦਹਾਕੇ ਦੇ ਸ਼ੁਰੂ ਵਿਚ ਸਿੱਖ ਧਰਮ ਬਾਰੇ ਵੱਖ-ਵੱਖ Encyclopedeas ਵਿਚ ਲੇਖ ਛਪੇ। ਇਸ ਤਰ੍ਹਾਂ ਦੇ ਕੰਮ ਵਿਚ ਮੌਲਕਿਤਾ ਦੀ ਘਾਟ ਰਹੀ ਅਤੇ ਇਹ ਅਧਿਐਨ ਜ਼ਿਆਦਾਤਰ ਗੌਣ (secondary) ਸਰੋਤਾਂ 'ਤੇ ਆਧਾਰਿਤ ਸੀ। ਡਾ. ਦਰਸ਼ਨ ਸਿੰਘ ਇਸ ਸ਼੍ਰੇਣੀ ਵਿਚ John Campbell, J.E. Carpentar, H.A. Rose, A.H. Bingley, C.H. Payne, R.E. Parry ਅਤੇ G.G. Scott

10 Dorthy Field, *The Religion of the Sikhs,* ESS Publications, Delhi, 1976, p. 34.
11 *Ibid.*, p. 10.
12 *Ibid.*

ਆਦਿਕ ਨੂੰ ਰੱਖਦਾ ਹੈ।[13] ਵੀਹਵੀਂ ਸਦੀ ਦਾ ਚੌਥੇ ਦਹਾਕੇ ਵਿਚ Yale ਯੂਨੀਵਰਸਿਟੀ ਤੋਂ John Clark Archer ਨਾਮ ਦੇ ਗੰਭੀਰ ਪੱਛਮੀ ਵਿਦਵਾਨ ਸਿੱਖ ਅਧਿਐਨ ਵੱਲ ਰੁਚਿਤ ਹੋਇਆ। ਇਹ 1937 ਈ. ਵਿਚ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਖੇ ਪ੍ਰਸਿੱਧ ਧਰਮ ਸ਼ਾਸ਼ਤਰੀ ਭਾਈ ਜੋਧ ਸਿੰਘ ਕੋਲ ਰੁਕਿਆ।[14] ਇਸ ਲੇਖਕ ਨੇ *The Sikhs in relation to Hindus, Moslems, Christians and Ahmadiyyas: A Study in Comparative Religions* ਨਾਮ ਦੀ ਪੁਸਤਕ 1946 ਈ. ਵਿਚ ਪ੍ਰਿਨਸਟਨ ਯੂਨੀਵਰਸਿਟੀ ਤੋਂ ਛਪਵਾਈ। ਡਾ. ਦਰਸ਼ਨ ਸਿੰਘ ਇਸ ਕਿਤਾਬ ਦੀ ਮਹੱਤਤਾ ਬਾਰੇ ਲਿਖਦੇ ਹਨ ਕਿ, "Thus the author wants to accomplish so many things in this book. Firstly, it is a study in comparative religions, Secondly, it is the study of the development of the Sikh faith and tradition in relation to other religious traditions. Thirdly it aims at studying the process of interaction in the development of reconciliatory movement and soon".[15] ਇਸ ਕਿਤਾਬ ਨਾਲ ਵੀਹਵੀਂ ਸਦੀ ਵਿਚ ਸਿੱਖ ਧਰਮ ਨੂੰ ਤੁਲਨਾਤਮਿਕ ਪੱਖ ਤੋਂ ਪੇਸ਼ ਕਰਨ ਦਾ ਰੁਝਾਨ ਸ਼ੁਰੂ ਹੋਇਆ। J.C. Archer ਤੋਂ ਬਾਅਦ C.H. Loehlin ਸਿੱਖ ਅਧਿਐਨ ਵਿਚ ਪ੍ਰਵੇਸ਼ ਕਰਦਾ ਅਗਲਾ ਲੇਖਕ ਹੈ। 21 ਨਵੰਬਰ 1946 ਈ. ਨੂੰ J.C. Archer ਅਤੇ ਭਾਈ ਜੋਧ ਸਿੰਘ ਕਰਤਾਰਪੁਰ ਵਿਖੇ ਆਦਿ ਗ੍ਰੰਥ ਦੀ ਬੀੜ ਵੇਖਣ ਗਏ ਸਨ ਤਾਂ ਉਹਨਾਂ ਨਾਲ C.H. Loehlin ਵੀ ਸੀ।[16] ਇਸਦਾ ਪੂਰਾ ਨਾਮ Clinton Herbert Loehlin ਸੀ ਜੋ 1920 ਈ. ਵਿਚ ਪੰਜਾਬ ਆਇਆ।[17] ਇਸ ਨੇ ਬੇਰਿੰਗ ਯੂਨੀਅਨ ਕਿਰਿਸਚੀਅਨ ਕਾਲਜ ਬਟਾਲਾ ਵਿਖੇ ਪੜ੍ਹਾਇਆ ਵੀ ਸੀ। 1957 ਈ. ਵਿਚ ਇਸਨੇ ਦਸਮ ਗ੍ਰੰਥ ਉੱਪਰ *The Granth of The Tenth Guru Gobind Singh and the Khalsa Brotherhood* ਨਾਂ ਹੇਠ ਖੋਜ ਪ੍ਰਬੰਧ ਲਿਖਕੇ ਪੀਐੱਚ.ਡੀ. ਦੀ ਡਿਗਰੀ ਹਾਸਿਲ ਕੀਤੀ ਇਸਦਾ ਪਹਿਲਾ ਪ੍ਰਕਾਸ਼ਿਤ ਕੰਮ *The Sikhs and their Scriptures* ਸੀ। ਦੂਸਰੀ ਕਿਤਾਬ ਪ੍ਰਕਾਸ਼ਿਤ ਖੋਜ ਪ੍ਰਬੰਧ ਸੀ। ਲੇਖਕ ਨੇ ਥੀਸਿਸ ਰਾਹੀਂ ਇਹ ਦੱਸਣ ਦੀ ਕੋਸ਼ਿਸ਼ ਕੀਤੀ ਸੀ ਕਿ ਸਿੱਖ ਧਰਮ ਇਸਲਾਮ ਦਾ ਵਿਰੋਧੀ ਧਰਮ ਨਹੀਂ ਹੈ। C.H. Loehlin ਅਨੁਸਾਰ ''ਗੁਰੂ ਜੀ ਦੇ ਬਹੁਤ ਸਾਰੇ ਮੁਸਲਿਮ ਦੋਸਤ ਦੱਸੇ ਜਾ ਸਕਦੇ ਹਨ ਜੋ ਉਸ ਸਮੇਂ ਦੀ ਮੁਸਲਿਮ ਫੌਜ

---

13 Darshan Singh (Dr.), *Western Perspective on the Sikh Religion,* p. 63.
14 *Ibid.,* p. 64
15 *Ibid.,* p. 66.
16 *Ibid.,* p. 69
17 *Ibid.*

ਵਿਚ ਸਨ ਅਤੇ ਜਿਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਚਮਕੌਰ ਦੀ ਜੰਗ ਵਿਚ ਬਾਹਰ ਨਿਕਲਣ ਵਿਚ ਮਦਦ ਦਿੱਤੀ ਸੀ। ਇੱਥੋਂ ਤੱਕ ਵੀ ਕਿ ਔਰੰਗਜ਼ੇਬ ਦਾ ਪੁੱਤਰ ਬਾਦਸ਼ਾਹ ਬਹਾਦਰ ਸ਼ਾਹ ਵੀ ਗੁਰੂ ਜੀ ਦਾ ਦੋਸਤ ਰਿਹਾ ਸੀ। ਗੁਰੂ ਜੀ ਔਰੰਗਜ਼ੇਬ ਤੇ ਉਸਦੇ ਪਿੱਠੂਆਂ ਵਿਰੁੱਧ ਇਸ ਕਰਕੇ ਨਹੀਂ ਲੜ ਰਹੇ ਸਨ ਕਿ ਉਹ ਮੁਸਲਮਾਨ ਹਨ, ਪਰ ਇਸ ਕਰਕੇ ਉਹ ਪਾਖੰਡੀ (hypocrites) ਅਤੇ ਤਅੱਸੁਬੀ (Fanatics) ਸਨ।''[18] ਇਸ ਸਮੇਂ ਹੀ 1966 ਈ. ਵਿਚ Norman Gerald Barrier ਨੇ *Punjab and Disturbances of 1907* ਵਿਸ਼ੇ ਉੱਪਰ Ph.D ਦੀ ਡਿਗਰੀ ਹਾਸਿਲ ਕੀਤੀ। ਉਹ U.S.A ਵਿਚ Missouri Columbia ਯੂਨੀਵਰਸਿਟੀ ਵਿਚ ਇਤਿਹਾਸ ਦਾ ਪ੍ਰੋਫ਼ੈਸਰ ਰਿਹਾ।[19] ਇਸ ਲੇਖਕ ਨੇ *The Sikhs and their literture* ਅਤੇ *Banned literature* ਨਾਮ ਹੇਠ ਦੋ ਕਿਤਾਬਾਂ ਪ੍ਰਕਾਸ਼ਿਤ ਕਰਵਾਈਆਂ। ਇਹ ਕੰਮ ਬਿਬਲੀਉਗਰਾਫਿਕਲ ਪੱਖ ਤੋਂ ਸੀ। ਇਸ ਕੰਮ ਨਾਲ ਬਿਬਲਿਉਗਰਾਫੀ ਸਾਹਿਤ ਦੀ ਰੁਚੀ ਜ਼ੋਰ ਫੜਨ ਲੱਗੀ। William Owen Cole ਇਕ ਪੱਛਮੀ ਲੇਖਕ ਜੋ Bishop Otter College Chichester ਤੋਂ ਰਿਟਾਇਰਡ ਅਧਿਆਪਕ ਸੀ।[20] ਇਹ ਸਿੱਖ ਅਧਿਐਨ ਵਿਚ ਲਗਪਗ 1968 ਈ. ਵਿੱਚ ਆਇਆ, ਜਿਸ ਸਮੇਂ ਸਿੱਖ ਗੁਰੂ ਨਾਨਕ ਸਾਹਿਬ ਦਾ 400 ਸਾਲਾ ਪ੍ਰਕਾਸ਼ ਉਤਸਵ ਮਨਾ ਰਹੇ ਸਨ। W.O. Cole ਨੇ ਐੱਮ.ਫਿਲ. ਤੇ ਪੀਐੱਚ.ਡੀ. ਸਿੱਖ ਧਰਮ ਨਾਲ ਸੰਬੰਧਤ ਵਿਸ਼ੇ ਉੱਪਰ ਕੀਤੀ ਸੀ। Cole ਨੇ *The Guru in Sikhism* ਨਾਂ ਦਾ ਖੋਜ ਨਿਬੰਧ ਐੱਮ.ਫਿਲ. ਲਈ ਅਤੇ *Indian Religious Beliefs and Practices* ਪੀਐੱਚ.ਡੀ. ਲਈ ਖੋਜ ਪ੍ਰਬੰਧ ਲਿਖਿਆ। *The Guru in Sikhism* ਪਹਿਲਾ ਵਿਸਥਾਰ ਪੂਰਵਕ ਕੰਮ ਸੀ ਜੋ ਕਿਸੇ ਗ਼ੈਰ ਸਿੱਖ ਵੱਲੋਂ ਸਿੱਖਾਂ ਦੇ ਕੇਂਦਰਿਤ ਗੁਰੂ ਸਿਧਾਂਤ/ਸੰਸਥਾ (institution) ਉੱਪਰ ਕੀਤਾ ਗਿਆ ਸੀ। ਇਸ ਵਿਚ ਗੁਰੂ ਸੰਸਥਾ ਦਾ ਵੱਖ-ਵੱਖ ਇਤਿਹਾਸਿਕ ਅਤੇ ਸਿਧਾਂਤਕ ਰੂਪਾਂ ਤੋਂ ਅਧਿਐਨ ਕੀਤਾ ਗਿਆ ਸੀ। ਲੇਖਕ ਨੇ ਪਹਿਲੇ ਅਧਿਆਇ ਵਿੱਚ ਭਾਰਤੀ ਪਰੰਪਰਾ ਵਿੱਚ ਗੁਰੂ ਦੇ ਸੰਕਲਪ ਨੂੰ ਪੇਸ਼ ਕੀਤਾ ਹੈ। ਉਸ ਅਨੁਸਾਰ ਭਾਰਤ ਵਿੱਚ ਸਿੱਖ ਧਰਮ ਤੋਂ ਪਹਿਲਾਂ ਦੇ ਬਣੇ ਗੁਰੂਆਂ/ਆਗੂਆਂ ਦੁਆਰਾ ਬਹੁਤ ਸੰਪਰਦਾਵਾਂ (Cults) ਸ਼ੁਰੂ ਕਰਨ ਦਾ ਲੰਮਾ ਇਤਿਹਾਸ ਹੈ। ਬਹੁਤ ਸਾਰੀਆਂ ਸੰਪਰਦਾਵਾਂ ਉਨ੍ਹਾਂ ਦੇ ਗੁਰੂ ਦੀ ਮੌਤ ਤੋਂ ਬਾਅਦ ਖਤਮ ਹੋ ਗਈਆਂ ਅਤੇ ਉਸ ਸੰਪਰਦਾ ਦੇ ਅਨੁਯਾਈ

---

18 C.H. Loehlin, *The Granth of Guru Gobind Singh and the Khalsa Brotherhood,* Lucknow Publishing House, 1971, p. 79.

19 Darshan Singh (Dr.), *Western Perspective on the Sikh Religion,* p. 75.

20 *Ibid*., p. 67.

ਫਿਰ ਤੋਂ ਮੁਖ ਧਾਰਾ ਵਿੱਚ ਹੀ ਸ਼ਾਮਿਲ ਹੋ ਗਏ। ਪਰ ਉਹ ਗੁਰੂ ਆਪਣੀਆਂ ਕੁਝ ਯਾਦਾਂ, ਸਮਾਧੀਆਂ, ਮਕਬਰੇ (Tombs) ਅਤੇ ਕੁਝ ਪਵਿੱਤਰ ਰਚਨਾਵਾਂ ਅਗਲੀਆਂ ਪੀੜ੍ਹੀਆਂ ਲਈ ਛੱਡ ਜਾਂਦੇ ਹਨ।[21] ਲੇਖਕ ਗੁਰੂ ਗ੍ਰੰਥ ਸਾਹਿਬ ਵਿੱਚ ਭੱਟਾਂ ਦੁਆਰਾ ਕੀਤੀ ਗੁਰੂ ਮਹਿਮਾਂ ਨੂੰ ਮੁਢਲੇ ਸਿੱਖਾਂ ਦੀ ਗੁਰੂ ਪ੍ਰਤੀ ਧਾਰਨਾ ਦੀ ਤਰਜਮਾਨੀ ਕਰਦੇ ਕਹਿੰਦਾ ਹੈ। ''How ever it is possible that from the very begining of the Sikh movement there were disciples who made no distinction between the message and its human deliverer. Passages already considered show clearly that by the time of Guru Arjun Dev the court bards were making extra vagant claims which must have eachoed popular belief.''[22]

ਲੇਖਕ ਅਨੁਸਾਰ ਗੁਰੂ ਦਾ ਸਿਧਾਂਤ ਸਿੱਖ ਧਰਮ ਦਾ ਦਿਲ ਹੈ। ਇਸਨੂੰ ਧਰਮ ਬਣਾਉਣ ਵਿੱਚ ਦਸ ਗੁਰੂ ਸਾਹਿਬ ਦੇ ਸਰੀਰ, ਗੁਰੂ ਪੰਥ ਅਤੇ ਅੰਤ ਗੁਰੂ ਗ੍ਰੰਥ ਸਾਹਿਬ ਜੀ ਪ੍ਰਮੁੱਖ ਰਹੇ ਹਨ।[23]

ਵੀਹਵੀਂ ਸਦੀ ਵਿਚ ਵਿਵਾਦਤ ਤੇ ਮਹੱਤਵਪੂਰਨ ਪੱਛਮੀ ਲੇਖਕ W.H. Mcleod ਰਿਹਾ ਹੈ। ਉਹ ਨਿਊਜ਼ੀਲੈਂਡ ਵਿਚ 2 ਅਗਸਤ 1932 ਨੂੰ ਪੈਦਾ ਹੋਇਆ। ਉਹ ਆਪਣੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ Student Christain Movement ਵਿਚ ਰਿਹਾ ਅਤੇ ਪੰਜਾਬ ਵਿਚ ਅਧਿਆਪਕ ਵਜੋਂ ਆਇਆ। ਉਸਨੇ ਖਰੜ ਜ਼ਿਲ੍ਹਾ ਰੋਪੜ ਵਿਚ ਪੰਜ ਸਾਲ ਸੈਕੰਡਰੀ ਸਕੂਲ ਵਿਚ ਪੜ੍ਹਾਇਆ। 1965 ਈ. ਵਿਚ ਲੰਡਨ ਤੋਂ *Life and Doctrine of Guru Nanak* ਵਿਸ਼ੇ ਉੱਪਰ ਪੀਐਚ.ਡੀ. ਦੀ ਡਿਗਰੀ ਹਾਸਿਲ ਕੀਤੀ। ਇਹ ਥੀਸਿਸ 1968 ਈ. ਵਿਚ *Guru Nanak and the Sikh Religion* ਨਾਮ ਹੇਠ ਪ੍ਰਕਾਸ਼ਿਤ ਹੋਇਆ।[24] ਇਸ ਥੀਸਿਸ ਵਿਚ ਲੇਖਕ ਨੇ ਜਨਮਸਾਖੀ ਸਾਹਿਤ ਉੱਪਰ ਚਰਚਾ ਕਰਦਿਆਂ ਸਾਖੀਆਂ ਨੂੰ ਪੰਜ ਕਿਸਮਾਂ ਵਿਚ ਵੰਡ ਕੇ ਸਾਖੀ ਸਾਹਿਤ ਦੀ ਪ੍ਰਮਾਣਿਕਤਾ ਉੱਪਰ ਉਂਗਲ ਉਠਾ ਦਿਤੀ ਸੀ।[25] ਲੇਖਕ ਨੇ ਕੁਝ ਸਾਖੀਆਂ ਦੀ ਪ੍ਰਮਾਣਿਕਤਾ ਮੰਨਣ ਤੋਂ ਵੀ ਬਿਲਕੁਲ ਇਨਕਾਰ ਕਰ ਦਿੱਤਾ ਸੀ। ਜਿਸ ਵਿਚ ਪੰਜਾ ਸਾਹਿਬ ਵਾਲੀ ਸਾਖੀ, ਮੱਕੇ ਦੀ ਯਾਤਰਾ ਤੇ ਬੱਦਲਾਂ ਦਾ ਉਡਣਾ ਆਦਿਕ ਸੀ। ਉਸ ਅਨੁਸਾਰ

---

21 W. Owen Cole, *The Guru in Sikhism,* Longman and Todd Ltd. Darton London, 1982, pp.1-2.
22 *Ibid.*, p.55.
23 *Ibid.,* p. 100.
24 Pashaura Singh, N.G. Barrier, (Ed.) *Sikhism and History,* Oxford University Press, New Delhi, 2004, pp.5-6.
25 W.H. Mcleod, *Guru Nanak and the Sikh Religion,* Oxford University Press, 1968, p. 68.

"The following may be rejected on the grounds that they are miracle stories without any features which suggest a substratum of truth."[26] ਮੈਕਲੋਡ ਦੀ ਦੂਸਰੀ ਕਿਤਾਬ *The Evolution of the Sikh Community* ਸੀ ਜਿਸ ਵਿਚ ਸਿੱਖ ਧਰਮ ਦੇ ਬੁਨਿਆਦੀ ਸਿਧਾਂਤਾਂ ਉੱਪਰ ਚੋਟ ਕੀਤੀ ਗਈ ਸੀ। ਡਾ. ਮੈਕਲੋਡ ਅਨੁਸਾਰ, ''ਦਸ ਗੁਰੂ ਸਾਹਿਬਾਨ ਜਾਤ ਪੱਖੋ ਖੱਤਰੀ ਸਨ। ਦੂਜੇ ਸ਼ਬਦਾਂ ਵਿਚ ਉਹ ਸਾਰੇ ਵਪਾਰਕ ਜਾਤੀ ਨਾਲ ਸੰਬੰਧਤ ਸਨ। ਉਹ (ਜਿਵੇਂ ਇਸ ਨਾਮ ਤੋਂ ਹੀ ਪਤਾ ਲਗਦਾ ਹੈ) ਖੱਤਰੀਆਂ ਦੀ ਉੱਚੀ ਪਦਵੀ ਦਾ ਦਾਅਵਾ ਕਰਦੇ ਸਨ ਤੇ ਪੰਜਾਬੀ ਸਮਾਜ ਵਿਚ ਵੱਡੇ ਪਦ ਦੀ ਪ੍ਰਤੀਨਿਧਤਾ ਕਰਦੇ ਸਨ। ਇਹ ਵੱਡੇ ਪੱਧਰ ਤੇ ਸਿੱਖ ਸਮਾਜ ਵਿਚ ਤਰਸ ਵਾਲੀ ਗੱਲ ਹੈ ਬਹੁ ਗਿਣਤੀ ਵਿਚ ਇਸ ਖਿੱਤੇ ਦੇ ਪ੍ਰਭਾਵਸ਼ਾਲੀ ਜੱਟ ਆਮ ਵਿਰਲਾਪ ਕਰਦੇ ਸਨ ਕਿ ਉਨ੍ਹਾਂ ਵਿਚੋਂ ਇਕ ਵੀ ਜੱਟ ਗੁਰੂ ਨਹੀਂ ਹੋਇਆ।"[27] ਮੈਕਲੋਡ ਨੇ ਤਾਂ ਗੁਰੂ ਸਾਹਿਬਾਨ ਦੇ ਵਿਆਹਾਂ ਤੇ ਉਨ੍ਹਾਂ ਦੇ ਬੱਚਿਆਂ ਦੇ ਵਿਆਹਾਂ ਬਾਰੇ ਪ੍ਰਸ਼ਨ ਉਠਾਏ। ਉਸ ਅਨੁਸਾਰ, ''ਸਾਰੇ ਖੱਤਰੀ ਗੁਰੂ ਸਾਹਿਬਾਨ ਨੇ ਖੱਤਰੀ ਜਾਤੀ ਦੀਆਂ ਪਤਨੀਆਂ ਨਾਲ ਹੀ ਵਿਆਹ ਕਰਵਾਏ ਅਤੇ ਉਨ੍ਹਾਂ ਦੇ ਆਲੋਚਕ ਉਨ੍ਹਾਂ ਦੀ ਸੁਹਿਦਰਤਾ ਪ੍ਰਤੀ ਇਹ ਪੈਮਾਨਾ ਲਾਉਂਦੇ ਹਨ ਕਿ ਕਿਵੇਂ ਜਾਤ-ਪਾਤ ਪ੍ਰਤੀ ਹੁਕਮ ਲਾਗੂ ਕਰਨ ਵਾਲਾ ਹੀ ਜਾਤ-ਪਾਤ ਪ੍ਰਤੀ ਨਜ਼ਰ-ਅੰਦਾਜ਼ੀ ਕਰ ਸਕਦਾ ਹੈ।"[28] ਮੈਕਲੋਡ ਨੇ ਇਸ ਤੋਂ ਬਾਅਦ ਗੁਰੂ ਸਾਹਿਬਾਨ ਵੇਲੇ ਦੀ ਲੀਡਰਸ਼ਿਪ ਨੂੰ ਵੀ ਉੱਚੀ ਜਾਤੀ ਵਿਚੋਂ ਦੱਸਿਆ।''[29] ਮੈਕਲੋਡ ਨੇ ਸਿੱਖ ਧਰਮ ਨਾਲ ਸੰਬੰਧਤ ਸੰਸਥਾਵਾਂ, ਸਿਧਾਂਤਾਂ ਦੇ ਨਾਲ-ਨਾਲ ਸਿੱਖ ਗੁਰਦੁਆਰਿਆਂ, ਸਿੱਖ ਸਿਮਰਤੀਆਂ ਉੱਪਰ ਵੀ ਸਵਾਲ ਚੁੱਕੇ। ਉਸਨੇ ਗੁਰੂ ਅਮਰਦਾਸ ਜੀ ਵੱਲੋਂ ਬਣਾਈ ਗਈ ਬਾਉਲੀ ਨੂੰ ਗੁਰੂ ਨਾਨਕ ਸਾਹਿਬ ਜੀ ਦੀ ਤੀਰਥਾਂ ਬਾਰੇ ਦਿੱਤੀ ਸਿੱਖਿਆ ਦੇ ਵਿਰੋਧ ਵਿਚ ਕਿਹਾ। ਡਾ. ਮੈਕਲੋਡ ਅਨੁਸਾਰ ''ਗੁਰੂ ਅਮਰਦਾਸ ਜੀ ਦਾ ਮਨੋਰਥ ਇਸ ਬਉਲੀ ਨੂੰ ਸਿੱਖ ਤੀਰਥ ਅਸਥਾਨ ਬਣਾਉਣਾ ਸੀ ਜਾਂ ਫਿਰ ਯਾਤਰਾ ਲਈ ਸੈਂਟਰ। ਨਿਸ਼ਚਤ ਤੌਰ 'ਤੇ ਇਸ ਖੂਹ ਦੀਆਂ 84 ਪਾਉੜੀਆਂ ਦਾ ਮਕਸਦ ਇਸ ਖੂਹ ਵਿਚ ਪੀਣ ਲਈ ਪਾਣੀ ਕੱਢਣ ਤੋਂ ਇਲਾਵਾ ਕੁਝ ਵੱਖਰੇ ਸੰਕੇਤ ਵੀ ਕਰਦਾ ਹੈ। ਜੇ ਅਸੀਂ ਇਸ ਖੂਹ ਨੂੰ ਗੁਰੂ ਨਾਨਕ ਸਾਹਿਬ ਜੀ ਦੀਆਂ ਤੀਰਥਾਂ ਬਾਰੇ ਦਿੱਤੀਆਂ ਸਿੱਖਿਆਵਾਂ ਵਿਰੁੱਧ ਰੱਖਦੇ ਹਾਂ ਤਾਂ ਸਾਨੂੰ ਸਪੱਸ਼ਟ ਵਿਵਾਦ ਲੱਭਦਾ ਹੈ।"[30] ਮੈਕਲੋਡ ਵੱਲੋਂ ਉਠਾਏ ਗਏ

---

26 *Ibid.,* p. 77.
27 W.H. Mcleod, *Evolution of Sikh Community,* Oxford University Press, New York, 1976, p.88.
28 *Ibid.,* p. 88
29 W.H. Mcleod, *Who is Sikh,* Oxford University Press, 1989, p. 20.
30 W.H. Mcleod, *Evolution of Sikh Community,* p.8.

ਸਵਾਲ ਈਸਾਈ ਮਿਸ਼ਨਰੀ ਅਤੇ ਈਸਾਈ ਤਰਬੀਅਤ ਵੱਲੋਂ ਉਠਾਏ ਗਏ ਸਵਾਲ ਸਨ। ਇਨ੍ਹਾਂ ਸਵਾਲਾਂ ਦੇ ਜਵਾਬ ਸਿੱਖ ਵਿਦਵਾਨਾਂ ਨੇ ਵੱਖ-ਵੱਖ ਸਮਿਆਂ ਵਿਚ ਦਿਤੇ ਹਨ।

ਸਿੱਖਾਂ ਨਾਲ ਹਮਦਰਦੀ ਰੱਖਣ ਵਾਲਾ ਵੀਹਵੀਂ ਸਦੀ ਦਾ ਆਖਰੀ ਪੱਛਮੀ ਲੇਖਕ Noel Q. King ਸੀ। ਇਸ ਵਿਦਵਾਨ ਨੇ ਸਿੱਖ ਧਰਮ ਦੀ ਵਿਸ਼ਵ ਦੇ ਧਰਮਾਂ ਵਿਚ ਸਹੀ ਰੂਪ ਵਿਚ ਪੇਸ਼ਕਾਰੀ ਕੀਤੀ। ਇਹ ਸਿੱਖਾਂ ਦਾ ਹਮਦਰਦ ਬਣ ਕੇ ਸਿੱਖ ਵਿਦਵਾਨਾਂ ਵਿਚ ਪ੍ਰਵਾਨਿਤ ਹੋਇਆ। ਸਿੱਖ ਧਰਮ ਬਾਰੇ ਉਸ ਅਨੁਸਾਰ, "However our Present focus for discussion must be on the 'western', 'Modern 'Scientific', world that Sikhism has so dramatically entered. Here Judaism and Christianity seem to be undergoing the same purgation and refunding of selfhood which Sikhism went through from the 1840s to 1940s."[31]

ਇਸ ਤਰ੍ਹਾਂ ਵੀਹਵੀਂ ਸਦੀ ਵਿਚ ਪੱਛਮੀ ਲੇਖਕਾਂ ਦੀਆਂ ਲਿਖਤਾਂ ਨੇ ਸਿੱਖ ਸਾਹਿਤ ਉੱਪਰ ਕਈ ਤਰ੍ਹਾਂ ਦੇ ਸਵਾਲ ਉਠਾ ਕੇ ਅਕਾਦਮਿਕ ਅਤੇ ਗ਼ੈਰ-ਅਕਾਦਮਿਕ ਸਿੱਖ ਲੇਖਕਾਂ ਨੂੰ ਜਿੱਥੇ ਜਵਾਬ ਲੱਭਣ ਲਈ ਪ੍ਰੇਰਿਤ ਕੀਤਾ ਉੱਥੇ ਹੀ ਇਸ ਸਾਹਿਤ ਨੇ ਪਰੰਪਰਿਕ ਕਿਸਮ ਦੇ ਸਾਹਿਤ ਲਿਖਣ ਦੇ ਢੰਗ ਨੂੰ ਛੱਡ ਕੇ ਨਵੇਂ ਅਨੁਸ਼ਾਸਨਾਂ ਅਨੁਸਾਰ ਲਿਖਤਾਂ ਲਿਖਣ ਦਾ ਰੁਝਾਨ ਆਰੰਭ ਕੀਤਾ।

ਵੀਹਵੀਂ ਸਦੀ ਦੇ ਸ਼ੁਰੂ ਵਿਚ ਹਿੰਦੂਆਂ ਵੱਲੋਂ ਹੋਏ ਸਿੱਖ ਅਧਿਐਨ ਦੀ ਗੱਲ ਕਰੀਏ ਤਾਂ ਆਰੀਆ ਸਮਾਜੀ ਲੇਖਕਾਂ ਨਾਲ ਇਹ ਸ਼ੁਰੂਆਤ ਹੁੰਦੀ ਹੈ। ਸਿੱਖ ਧਰਮ ਬਾਰੇ ਆਰੀਆ ਸਮਾਜ ਨੇ ਉੱਨੀਵੀਂ ਸਦੀ ਦੇ ਅੱਠਵੇਂ-ਨੌਵੇਂ ਦਹਾਕੇ ਤੋਂ ਹੀ ਲਿਖਣਾ ਸ਼ੁਰੂ ਕਰ ਦਿੱਤਾ ਸੀ। ਆਰੀਆ ਸਮਾਜ ਦੇ ਮੋਢੀ ਸਵਾਮੀ ਦਯਾਨੰਦ ਸਨ। ਸਵਾਮੀ ਦਯਾਨੰਦ ਨੇ 1 ਮਾਰਚ 1875 ਈ. ਨੂੰ ਬੰਬਈ ਵਿਖੇ ਆਰੀਆ ਸਮਾਜ ਦੀ ਨੀਂਹ ਰੱਖੀ ਸੀ। 1877 ਈ. ਵਿਚ ਉਹ ਪੰਜਾਬ ਆਇਆ ਤੇ ਇੱਥੇ ਆਰੀਆ ਸਮਾਜ ਦੀ ਲਾਹੌਰ ਵਿਚ ਸ਼ਾਖਾ ਸਥਾਪਤ ਕੀਤੀ।[32] ਪਹਿਲਾਂ ਤਾਂ ਆਰੀਆ ਸਮਾਜ ਨੇ ਸਿੱਖਾਂ ਨਾਲ ਮਿਲ ਕੇ ਕੰਮ ਸ਼ੁਰੂ ਕੀਤਾ ਸੀ, ਪਰ ਬਾਅਦ ਵਿਚ ਸਵਾਮੀ ਦਯਾਨੰਦ ਸਿੱਖਾਂ ਖਿਲਾਫ਼ ਬੋਲਣ ਲੱਗ ਪਿਆ। ਇਸ ਦੀ ਗਿਆਨੀ ਦਿੱਤ ਸਿੰਘ ਨਾਲ ਤਿੰਨ ਵਾਰ ਬਹਿਸ ਹੋਈ ਤੇ ਗਿਆਨੀ ਜੀ ਨੇ ਤਿੰਨ ਵਾਰ ਹੀ ਇਸਨੂੰ ਬਹਿਸ ਵਿਚ ਹਰਾਇਆ ਸੀ।

---

31 Noel G. King, 'An Incomparable Liturgy: Sacred Net-Nem', *Recent Researches in Sikhism,* (Ed.) Jasbir Singh Mann, Kharak Singh, Punjabi University Patiala, 2002, p.11.

32 ਇੰਦਰਜੀਤ ਸਿੰਘ ਗੋਗੋਆਣੀ, ਗਿਆਨੀ ਦਿੱਤ ਸਿੰਘ : ਜੀਵਨ, ਰਚਨਾ ਤੇ ਸਿੱਖ ਪੰਥ ਨੂੰ ਦੇਣ, ਭਾਈ ਚਤਰ ਸਿੰਘ ਜੀਵਨ ਸਿੰਘ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, 2010, ਪੰਨੇ 29-30.

ਇਹ ਬਹਿਸ 1877 ਈ. ਵਿਚ ਹੋਈ ਸੀ।[33] ਸਵਾਮੀ ਦਯਾਨੰਦ ਨੇ 1884 ਈ. ਵਿਚ ਛਪੀ ਆਪਣੀ ਕਿਤਾਬ ਸਤਿਆਰਥ ਪ੍ਰਕਾਸ਼ ਵਿਚ ਸਿੱਖ ਧਰਮ ਬਾਰੇ, ਇਸ ਦੇ ਸੰਸਥਾਪਕਾਂ ਬਾਰੇ ਬੜੀ ਕਰੜੀ ਭਾਸ਼ਾ ਵਿਚ ਨਿੰਦਾ ਕੀਤੀ ਸੀ। ਉਹ ਗੁਰੂ ਨਾਨਕ ਦੇਵ ਜੀ ਬਾਰੇ ਲਿਖਦਾ ਹੈ ਕਿ ਨਾਨਕ ਜੀ ਕਾ ਆਸਯ ਤੌਂ ਅੱਛਾ ਥਾ ਪਰੰਤੂ ਵਿਦਿਆ ਕੁਛ ਭੀ ਨਹੀਂ ਥੀ। ਭਾਸ਼ਾ ਉਸ ਦੇਸ਼ ਕੀ ਜੋ ਕਿ ਗਰਾਮੋਂ ਕੀ ਹੈ, ਉਸੇ ਜਾਨਤੇ ਥੇ। ਵੇਦਾਂ, ਸ਼ਾਸ਼ਤਰ ਔਰ ਸੰਸਕ੍ਰਿਤ ਕੁਝ ਭੀ ਨਹੀਂ ਜਾਨਤੇ ਥੇ। ਜੋ ਜਾਨਤੇ ਹੋਤੇ ਤੋ ਨਿਰਭੈ ਸ਼ਬਦ ਕੋ ਨਿਰਭਉ ਕਿਉਂ ਲਿਖਤੇ?''[34] ਇਹ ਆਰੀਆ ਸਮਾਜ ਵੱਲੋਂ ਪਹਿਲੀ ਲਿਖਤ ਸੀ ਜਿਸ ਵਿਚ ਸਿੱਖ ਧਰਮ ਵਿਰੁੱਧ ਬਹੁਤ ਕੁਝ ਲਿਖਿਆ ਗਿਆ। ਸਵਾਮੀ ਦਯਾਨੰਦ ਸਰਸਵਤੀ ਦੀ ਮੌਤ ਤੋਂ ਬਾਅਦ ਸਿੱਖ ਧਰਮ ਬਾਰੇ ਆਰੀਆ ਸਮਾਜੀਆਂ ਵੱਲੋਂ ਲਿਖਣ ਦਾ ਰੁਝਾਨ ਸ਼ੁਰੂ ਹੋਇਆ। ਵੀਹਵੀਂ ਸਦੀ ਦੇ ਸ਼ੁਰੂ ਤੱਕ ਆਰੀਆ ਸਮਾਜੀ ਲੇਖਕਾਂ ਨੇ ਸਿੱਖ ਧਰਮ ਦੀ ਪਹਿਲਾਂ ਵਰਗੀ ਵਿਰੋਧਤਾ ਆਪਣੀ ਲਿਖਤਾਂ ਵਿਚ ਘੱਟ ਕਰ ਦਿੱਤੀ ਅਤੇ ਸਿੱਖ ਧਰਮ ਨੂੰ ਨਰਮਾਈ ਅਤੇ ਅਕਲਮੰਦੀ ਨਾਲ ਹਿੰਦੂ ਧਰਮ ਦੀ ਇਕ ਸ਼ਾਖਾ ਵਜੋਂ ਪੇਸ਼ ਕਰਨਾ ਸ਼ੁਰੂ ਕਰ ਦਿੱਤਾ।

ਸਵਾਮੀ ਦਇਆਨੰਦ ਸਰਸਵਤੀ ਦੀ ਵਿਚਾਰਧਾਰਾ ਨੂੰ ਵੀਹਵੀਂ ਸਦੀ ਦੇ ਸ਼ੁਰੂ ਵਿਚ ਲਾਲਾ ਦੌਲਤ ਰਾਏ ਨੇ ਅੱਗੇ ਤੋਰਿਆ। ਉਸਨੇ 1901 ਈ. ਵਿਚ ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ ਸਿਰਲੇਖ ਹੇਠ ਉਰਦੂ ਵਿਚ ਇਕ ਕਿਤਾਬ ਲਿਖੀ। ਆਰੀਆ ਸਮਾਜ ਮੂਰਤੀ ਪੂਜਾ ਅਵਤਾਰਵਾਦ ਦਾ ਵਿਰੋਧੀ ਹੈ ਅਤੇ ਵੇਦਾਂ ਨੂੰ ਹੀ ਹਿੰਦੂ ਧਰਮ ਦਾ ਮੂਲ ਅਤੇ ਮੁਖ ਗ੍ਰੰਥ ਮੰਨਦਾ ਹੈ। ਇਸ ਕਰਕੇ ਲਾਲਾ ਦੌਲਤ ਰਾਏ ਵੀ ਹਿੰਦੂ ਧਰਮ ਦੀਆਂ ਉਪਰੋਕਤ ਸਿਧਾਂਤਾਂ, ਕਰਮਕਾਂਡਾਂ ਤੇ ਰਹੁਰੀਤਾਂ ਦਾ ਵਿਰੋਧੀ ਸੀ। ਇਸ ਸਭ ਦਾ ਜ਼ਿਕਰ ਲੇਖਕ ਕਿਤਾਬ ਵਿਚ ਬਹੁਤ ਥਾਵਾਂ 'ਤੇ ਕਰਦਾ ਹੈ ਜਿਵੇਂ ਹਿੰਦੂਆਂ ਦੀ ਹਾਲਤ ਇਹ ਸੀ ਕਿ ਇਕ ਪਰਿਵਾਰ ਵਿਚ ਹੀ ਦਰਜਨਾਂ ਵੱਖ-ਵੱਖ ਮੱਤ ਸਨ। ਕੋਈ ਗਣੇਸ਼ ਦਾ ਪੁਜਾਰੀ, ਕੋਈ ਸੂਰਜ ਦਾ, ਸ਼ਿਵ ਦਾ, ਵਿਸ਼ਨੂੰ ਦਾ, ਰਾਮ ਦਾ, ਭੈਰੋ ਦਾ ਤੇ ਕੋਈ ਕ੍ਰਿਸ਼ਨ ਆਦਿਕ ਦਾ ਪੁਜਾਰੀ ਸੀ। ਇਸੇ ਤਰ੍ਹਾਂ ਕੋਈ ਸੰਨਿਆਸੀ, ਕੋਈ ਵੈਸ਼ਨਵੀ ਅਤੇ ਕੋਈ ਵੇਦਾਂਤੀ ਸੀ।[35] ਲੇਖਕ ਗੁਰੂ ਨਾਨਕ ਜੀ ਨੂੰ

---

33 ਪ੍ਰਿੰ. ਪਾਖਰ ਸਿੰਘ, ਸੰਬਾਦ (ਗਿਆਨੀ ਦਿੱਤ ਸਿੰਘ ਜੀ ਅਤੇ ਸਾਧੂ ਦਯਾ ਨੰਦ), ਸੁੰਦਰ ਬੁੱਕ ਡੀਪੂ, ਜਲੰਧਰ, 2017, ਪੰਨਾ 60.

34 महर्षि दयानन्द सरस्वती, सत्यार्थ प्रकाश, आषे साहित्य प्रचार ट्रस्ट, 2012, पृ. 213.

35 ਲਾਲਾ ਦੌਲਤ ਰਾਏ, ਮਹਾਂਬਲੀ ਗੁਰੂ ਗੋਬਿੰਦ ਸਿੰਘ ਜੀ ਸਵਾਨੇ ਉਮਰੀ, ਭਾ. ਚਤਰ ਸਿੰਘ ਜੀਵਨ ਸਿੰਘ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, 2012, ਪੰਨਾ 57.

ਹਿੰਦੂ ਧਰਮ ਦੇ ਸੁਧਾਰਕ ਦੇ ਤੌਰ 'ਤੇ ਵੇਖਦਾ ਹੈ। ਉਸ ਅਨੁਸਾਰ ਗੁਰੂ ਨਾਨਕ ਜੀ ਨੇ ਹਿੰਦੂਆਂ ਦੀਆਂ ਤੁਰੱਟੀਆਂ, ਤਰੇੜਾਂ ਅਤੇ ਧਰਮ ਦੀ ਪਵਿਤਰਤਾ ਨੂੰ ਪੁਣ-ਛਾਣ ਕੇ ਕਿਸੇ ਹੱਦ ਤੱਕ ਸਾਫ ਕਰ ਦਿੱਤਾ ਸੀ।[36]

ਲਾਲਾ ਦੌਲਤ ਰਾਏ ਦੀ ਇਹ ਕਿਤਾਬ ਗੁਰੂ ਗੋਬਿੰਦ ਸਿੰਘ ਜੀ ਬਾਰੇ ਹੈ। ਲੇਖਕ ਨੇ ਗੁਰੂ ਗੋਬਿੰਦ ਸਿੰਘ ਨੂੰ ਇਸਲਾਮ ਵਿਰੋਧੀ ਵਜੋਂ ਪੇਸ਼ ਕੀਤਾ ਹੈ। ਉਸ ਅਨੁਸਾਰ ਗੁਰੂ ਜੀ ਅੱਗੇ ਸਭ ਤੋਂ ਵੱਡਾ ਸਵਾਲ ਭਾਰਤ ਵਰਸ਼ ਵਿਚੋਂ ਇਸਲਾਮੀ ਹਕੂਮਤ ਦੀ ਜੜ੍ਹ ਪੁੱਟਣਾ ਸੀ।[37] ਲੇਖਕ ਦੁਆਰਾ ਇਸ ਲਿਖਤ ਵਿਚ ਦੇਵੀ ਪੂਜਾ, ਅਵਤਾਰਵਾਦ ਦਾ ਵਿਰੋਧ ਕੀਤਾ ਹੋਣ ਕਰਕੇ ਬਹੁਤ ਸਾਰੇ ਪਾਠਕਾਂ ਨੂੰ ਇਹ ਕਿਤਾਬ ਹਿੰਦੂਵਾਦ ਦੇ ਵਿਰੁੱਧ ਅਤੇ ਸਿੱਖ ਧਰਮ ਦੇ ਹੱਕ ਵਿਚ ਲੱਗੀ ਸੀ। ਪਰ ਲੇਖਕ ਆਰੀਆ ਸਮਾਜੀ ਹੋਣ ਕਰਕੇ ਸਿਰਫ ਵੇਦਾਂ ਨੂੰ ਹੀ ਮੰਨਦਾ ਹੈ ਅਤੇ ਅੰਤ ਵਿਚ ਗੁਰਬਾਣੀ ਨੂੰ ਵੇਦਾਂ ਅਨੁਸਾਰ ਦੱਸਦਾ ਹੈ। ਉਸ ਅਨੁਸਾਰ, ''ਸ੍ਰੀ ਮੁਖਵਾਕ ਸਵੱਈਏ ਇਸ ਵਿਚ ਪੁਰਾਨ ਤੇ ਕੁਰਾਨ ਦੀ ਤਾਲੀਮ ਨਾਲੋਂ ਭਿੰਨਤਾ ਵਿਖਾਈ ਗਈ ਹੈ। ਵੇਦਾਂ ਦੀ ਸਿੱਖਿਆ ਤੇ ਵੀ ਕਿਸੇ ਹੱਦ ਤੱਕ ਪੜਚੋਲ ਕੀਤੀ ਗਈ ਹੈ। ਇੱਥੇ ਵੇਦਾਂ ਦੇ ਉਹ ਨਮੂਨੇ ਦਿੱਤੇ ਗਏ ਹਨ ਜੋ ਕਿ ਆਰੀਆ ਲੋਕਾਂ ਦੀ ਬੁਨਿਆਦ ਤੇ ਨਿਰਭਰ ਹਨ।''[38] ਇਸ ਕਿਤਾਬ ਵਿਚ ਲਾਲਾ ਦੌਲਤ ਰਾਏ ਨੇ ਸਿੱਖ ਧਰਮ ਨੂੰ ਹਿੰਦੂ ਧਰਮ ਦਾ ਸੁਧਰਿਆ ਹੋਇਆ ਰੂਪ ਸਿੱਖ, ਗੁਰੂਆਂ ਨੂੰ ਸਿਰਫ ਦੇਸ਼ ਭਗਤ ਯੋਧੇ, ਅਤੇ ਹਿੰਦੂ ਧਰਮ ਦੇ ਰੱਖਿਅਕ ਵਜੋਂ ਪੇਸ਼ ਕੀਤਾ ਹੈ। ਇਸ ਲਿਖਤ ਤੋਂ ਬਾਅਦ ਗੁਰੂ ਸਾਹਿਬਾਨ ਨੂੰ ਹਿੰਦੂ ਸੁਧਾਰਵਾਦੀ, ਰਾਸ਼ਟਰਵਾਦੀ ਲਿਖਣ ਦਾ ਰੁਝਾਨ ਸ਼ੁਰੂ ਹੋ ਗਿਆ। ਇਸ ਰੁਝਾਨ ਨੂੰ ਗੋਕਲ ਚੰਦ ਨਾਰੰਗ, ਹੰਸ ਰਾਜ ਰਹਿਬਰ ਅਤੇ ਸਵਾਮੀ ਰਾਮ ਤੀਰਥ ਦੰਡੀ ਸੰਨਿਆਸੀ ਨੇ ਅੱਗੇ ਤੋਰਿਆ।

ਗੋਕਲ ਚੰਦ ਨਾਰੰਗ ਡੀ.ਏ.ਵੀ. ਕਾਲਜ ਲਾਹੌਰ ਵਿਚ ਲੈਕਚਰਰ ਸੀ। ਇੱਥੇ ਹੀ ਇਸ ਦਾ ਮਿਲਾਪ ਆਰੀਆ ਸਮਾਜੀਆਂ ਨਾਲ ਹੋਇਆ। ਆਰੀਆ ਸਮਾਜੀ ਮਹਾਤਮਾ ਹੰਸਰਾਜ ਦਾ ਇਸ ਉੱਪਰ ਬਹੁਤ ਅਸਰ ਹੋਇਆ। ਲੇਖਕ ਨੇ ਸਵਿਟਜ਼ਰਲੈਂਡ ਦੀ Bern ਯੂਨੀਵਰਸਿਟੀ ਵਿਖੇ *Transformation of Sikhism* ਨਾਮ ਦਾ ਥੀਸਿਸ ਲਿਖ ਕੇ ਪੀਐੱਚ.ਡੀ. ਦੀ ਡਿਗਰੀ ਹਾਸਿਲ

---

36 ਲਾਲਾ ਦੌਲਤ ਰਾਏ, ਮਹਾਂਬਲੀ ਗੁਰੂ ਗੋਬਿੰਦ ਸਿੰਘ ਜੀ ਸਵਾਨੇ ਉਮਰੀ, ਪੰਨਾ 30

37 ਉਹੀ, ਪੰਨਾ 54

38 ਉਹੀ, ਪੰਨਾ 191

ਕੀਤੀ।[39] ਇਹ ਕਿਤਾਬ 1912 ਈ. ਵਿਚ ਪ੍ਰਕਾਸ਼ਿਤ ਹੋਈ। ਇਸ ਕਿਤਾਬ ਦੀ ਆਖਰੀ ਐਡੀਸ਼ਨ ਤੱਕ ਇਹ ਗੁਰੂ ਨਾਨਕ ਸਾਹਿਬ ਜੀ ਤੋਂ ਲੈ ਕੇ 1955 ਤੱਕ ਪੰਜਾਬੀ ਸੂਬੇ ਮੋਰਚੇ ਤੱਕ ਦੇ ਸਿੱਖ ਇਤਿਹਾਸ ਨੂੰ ਲੈਂਦਾ ਹੈ। ਲੇਖਕ ਸਿੱਖ ਧਰਮ ਬਾਰੇ ਲਿਖਦੇ ਸਮੇਂ ਹਿੰਦੂ ਧਰਮ ਦੀ ਸ਼ੁੱਧਤਾ ਬਰਕਰਾਰ ਰੱਖਣ ਦਾ ਯਤਨ ਕਰਦਾ ਹੈ। ਉਹ ਹਿੰਦੂ ਧਰਮ ਵਿਚ ਅਵਤਾਰ ਵਾਦ ਤੇ ਮੂਰਤੀ ਪੂਜਾ ਨੂੰ ਦੂਸਰੇ ਧਰਮਾਂ ਦੇ ਸਿਰ ਮੜ੍ਹ ਦਿੰਦਾ ਹੈ। ਨਾਰੰਗ ਅਨੁਸਾਰ ਹਿੰਦੂ ਧਰਮ ਬੁੱਧ ਮਤ ਤੇ ਜੈਨ ਮਤ ਤੋਂ ਵਿਰਾਸਤ ਵਿਚ ਪ੍ਰਾਪਤ ਹੋਣ ਵਾਲੀਆਂ ਕੁਰੀਤੀਆਂ ਨੂੰ ਛੱਡ ਨਹੀਂ ਸਕਿਆ ਸੀ। ਹਿੰਦੂ ਧਰਮ ਇਸਲਾਮ ਦੇ ਆਗਮਨ ਤੋਂ ਪਹਿਲਾਂ ਇਹ ਬੁੱਤ ਪ੍ਰਸਤ ਬਣ ਗਿਆ ਸੀ। ਜੈਨ ਧਰਮ ਤੋਂ ਇਸ ਨੇ ਅਵਤਾਰਵਾਦ ਦਾ ਸਿਧਾਂਤ ਗ੍ਰਹਿਣ ਕਰ ਲਿਆ ਸੀ।[40] ਗੁਰੂ ਨਾਨਕ ਸਾਹਿਬ ਨੂੰ ਹਿੰਦੂ ਰਾਸ਼ਟਰ ਨਾਲ ਜੋੜਨ ਲਈ ਲੇਖਕ ਲਿਖਦਾ ਹੈ ਕਿ ਗੁਰੂ ਨਾਨਕ ਜੀ ਨੇ ਰਾਸ਼ਟਰ ਦੀ ਸੇਵਾ ਕਰਨ ਅਤੇ ਲੋਕਾਂ ਨੂੰ ਪ੍ਰਾਚੀਨ ਪੂਰਵਜ਼ਾਂ ਦੀ ਸ਼ੁੱਧ ਪੂਜਾ ਵੱਲ ਲਾਉਣ ਲਈ ਆਪਣੇ ਆਪ ਨੂੰ ਸਮਰਪਿਤ ਕਰ ਦਿੱਤਾ ਸੀ। ਗੁਰੂ ਜੀ ਨੇ ਉਨ੍ਹਾਂ ਨੂੰ ਰਾਸ਼ਟਰ ਦੇ ਤੌਰ 'ਤੇ ਖੜ੍ਹਾ ਕਰਨ ਦਾ ਨਿਸ਼ਚਾ ਕਰ ਲਿਆ।[41] ਉਸ ਅਨੁਸਾਰ ਗੁਰੂ ਨਾਨਕ ਦੇਵ ਜੀ ਆਪਣੇ ਆਪ ਨੂੰ ਹਿੰਦੂ ਜਾਤੀ ਤੋਂ ਅਲੱਗ ਕਰਨ ਦੇ ਇਛੁੱਕ ਨਹੀਂ ਸਨ। ਨਾਰੰਗ ਨੇ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਨੂੰ ਇਸਲਾਮ ਦੇ ਵਿਰੁੱਧ ਵਰਤਣ ਦਾ ਯਤਨ ਕੀਤਾ ਹੈ। ਉਸ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਨੇ ਰਾਸ਼ਟਰਵਾਦ ਨੂੰ ਧਰਮ ਵਜੋਂ ਪੇਸ਼ ਕੀਤਾ ਹੈ। ਜਿਵੇਂ: ''ਉਨ੍ਹਾਂ ਨੂੰ ਇਕ ਰਾਸ਼ਟਰ ਵਿਚ ਢਾਲਣ ਦਾ ਇੱਕੋ ਇੱਕ ਢੰਗ ਰਾਸ਼ਟਰਵਾਦ ਨੂੰ ਹੀ ਧਰਮ ਬਣਾਉਣਾ ਰਹਿ ਗਿਆ ਸੀ।''[42] ਲੇਖਕ 1947 ਈ. ਤੋਂ ਬਾਅਦ ਦੇ ਸਿੱਖ ਇਤਿਹਾਸ, ਪੰਜਾਬੀ ਸੂਬਾ ਮੋਰਚਾ, ਪੰਜਾਬੀ ਭਾਸ਼ਾ ਲਈ ਅੰਦੋਲਨ ਅਤੇ ਸੰਘਰਸ਼ ਨੂੰ ਹਿੰਦੂ ਵਿਰੋਧੀ ਮੰਨਦਾ ਹੈ। ਗੋਕਲ ਚੰਦ ਨਾਰੰਗ ਸਿੱਖ ਧਰਮ ਬਾਰੇ ਤਿੰਨ ਧਾਰਨਾਵਾਂ ਪੇਸ਼ ਕਰਦਾ ਹੈ। ਸਭ ਤੋਂ ਪਹਿਲਾਂ ਇਹ ਕਿ ਸਿੱਖ ਧਰਮ ਇਕ ਹਿੰਦੂ ਲਹਿਰ ਹੈ। ਦੂਸਰਾ, ਸਿੱਖ ਧਰਮ ਧਾਰਮਿਕ ਮਤ (Sectrarian) ਦੀ ਥਾਂ ਰਾਸ਼ਟਰਵਾਦੀ (Nationalistic) ਹੈ। ਤੀਸਰਾ, ਨਾਰੰਗ ਇਹ ਮਤ ਪੇਸ਼ ਕਰਦਾ ਹੈ ਕਿ ਮੱਧਕਾਲ ਸਮੇਂ ਦੀਆਂ ਬਾਕੀ ਹਿੰਦੂ ਸੰਪਰਦਾਵਾਂ ਤੋਂ ਜ਼ਿਆਦਾ ਸਿੱਖ ਧਰਮ

---

39 Krishan Lal Sachedeva, 'Life and Works of Dr. Gokul Chand Narang (1878-1969)', *Punjab History Conference,* Punjabi University Patiala, 2007, p. 436.

40 ਗੋਕਲ ਚੰਦ ਨਾਰੰਗ, ਸਿੱਖ ਮਤ ਦਾ ਪਰਿਵਰਤਨ, (ਅਨੁ.) ਗੁਰਚਰਨ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 3

41 ਉਹੀ, ਪੰਨਾ 8

42 ਉਹੀ, ਪੰਨਾ 74

ਪ੍ਰਸੰਸਾ ਯੋਗ ਹੈ ਪਰ ਨਾਰੰਗ ਸਿੱਖ ਧਰਮ ਨੂੰ ਆਰੀਆ ਸਮਾਜ ਦੇ ਮੂਲ ਰੂਪ (Prototype) ਵਜੋਂ ਵੇਖਦਾ ਹੈ।[43] ਇਸ ਤਰ੍ਹਾਂ ਆਰੀਆ ਸਮਾਜੀ ਵਿਚਾਰਧਾਰਾ ਵਿਚ ਗੋਕਲ ਚੰਦ ਨਾਰੰਗ ਦਾ ਇਹ ਥੀਸਿਸ ਜਿੱਥੇ ਸਿੱਖ ਧਰਮ ਉੱਪਰ ਪਹਿਲੀ ਡਾਕਟਰੇਟ ਡਿਗਰੀ ਹੈ ਉੱਥੇ ਹੀ ਬਾਅਦ ਦੇ ਆਰੀਆ ਸਮਾਜੀ ਅਤੇ ਹੋਰ ਲੇਖਕਾਂ ਲਈ ਵੀ ਆਧਾਰ ਬਣਦਾ ਹੈ। ਇਹ ਕਿਤਾਬ ਲਾਲਾ ਦੌਲਤ ਰਾਏ ਦੀ ਸਿੱਖ ਧਰਮ ਪ੍ਰਤੀ ਆਰੀਆ ਸਮਾਜੀ ਦ੍ਰਿਸ਼ਟੀ ਨੂੰ ਹੋਰ ਵਿਸਥਾਰ ਦਿੰਦੀ ਹੈ। ਇਸ ਨਾਲ ਹਿੰਦੂ ਰਾਸ਼ਟਰਵਾਦੀ ਰੁਝਾਨ ਸ਼ੁਰੂ ਹੋ ਜਾਂਦੇ ਹਨ। ਗੁਰੂ ਨਾਨਕ ਸਾਹਿਬ ਜੀ ਨੂੰ ਸਮਾਜ ਸੁਧਾਰਕ ਦੇ ਤੌਰ 'ਤੇ ਦੇਖਣ ਦਾ ਰੁਝਾਨ ਅਤੇ ਬਾਣੀ ਨੂੰ ਵੇਦਾਂ ਦੇ ਅਨੁਸਾਰੀ ਮਨਾਉਣ ਦਾ ਰੁਝਾਨ ਸ਼ੁਰੂ ਹੁੰਦਾ ਹੈ।

ਵੀਹਵੀਂ ਸਦੀ ਵਿਚ ਰਾਮ ਤੀਰਥ ਦੰਡੀ ਸੰਨਿਆਸੀ ਆਰੀਆ ਸਮਾਜ ਦੀ ਸੋਚ ਨੂੰ ਅੱਗੇ ਤੋਰਦਾ ਹੈ। ਉਸ ਨੇ ਸਰਵੋਤਮ ਧਰਮ ਗ੍ਰੰਥ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸਰਵੋਤਮ ਧਰਮ ਖ਼ਾਲਸਾ ਪੰਥ ਨਾਮ ਦੀ ਪੁਸਤਕ ਲਿਖੀ। ਲੇਖਕ ਕਿਤਾਬ ਦੇ ਸ਼ੁਰੂ ਵਿਚ ਹਿੰਦੂ ਧਰਮ ਦੀਆਂ ਸਿਮਰਤੀਆਂ ਤੇ ਪੌਰਾਣਿਕ ਹਿੰਦੂ ਸਾਹਿਤ ਨੂੰ ਭੰਡਦਾ ਹੈ। ਫਿਰ ਗ੍ਰੰਥਾਂ ਦੀ ਤੁਲਨਾ ਕਰਦੇ ਸਮੇਂ ਆਪਣਾ ਮੁਖ ਮਕਸਦ ਵੇਦਾਂ ਦੀ ਉੱਚਤਾ ਦਰਸਾਉਂਦਿਆਂ ਲਿਖਦਾ ਹੈ ਕਿ ਵੇਦਾਂ ਵਿਚ ਸਚਿਦਾਨੰਦ ਸਰੂਪ ਬ੍ਰਹਮ ਦਾ ਮੁਖ ਨਾਂ ਓਅੰਕਾਰ ਹੀ ਹੈ।[44] ਲੇਖਕ ਵੈਦਿਕ ਗ੍ਰੰਥਾਂ ਦੀ ਥਾਂ ਬ੍ਰਾਹਮਣ ਗ੍ਰੰਥਾਂ ਦਾ ਵਿਰੋਧ ਕਰਦਾ ਹੈ। ਲੇਖਕ ਇਕ ਓਅੰਕਾਰ ਦੇ ਅਰਥ ਕਰਦਿਆਂ ਲਿਖਦਾ ਹੈ ਕਿ ਵੇਦ ਆਦਿ ਧਰਮ ਗ੍ਰੰਥਾਂ ਵਿਚ ਵੀ 'ਓਿ' ਨੂੰ ਪ੍ਰਭੂ ਦਾ ਪ੍ਰਧਾਨ ਨਾਉਂ ਮੰਨਿਆ ਗਿਆ ਹੈ। ਲੇਖਕ ਜਪੁ ਬਾਣੀ ਦੀ ਗੁਰਮੁਖਿ ਨਾਦੰ, ਗੁਰਮੁਖਿ ਵੇਦੰ ਪਉੜੀ ਦੇ ਅਰਥ ਕਰਦਿਆਂ ਲਿਖਦਾ ਹੈ ਕਿ ਪਾਰਬ੍ਰਹਮ ਹੀ ਵੇਦਾਂ ਦਾ ਮੁਖ ਵਿਸ਼ਾ ਹੈ ਤੇ ਪਾਰਬ੍ਰਹਮ ਹੀ ਮੁਖ ਰੂਪ ਨਾਲ ਹਰ ਥਾਂ ਸਮਾਇਆ ਹੈ।[45] ਲੇਖਕ ਨੂੰ ਜਪੁ ਦੀ ਇਸ ਤੁਕ 'ਤਿਥੈ ਜੋਧ ਮਹਾਬਲ ਸੂਰਾ' ਦੇ ਅਰਥ ਕਰਦਿਆਂ ਰਿਗਵੇਦ ਵਿਚੋਂ ਗਾਂਧੀ ਦੇ ਪੁੱਤਰ ਵਿਸ਼ਵਾਮਿਤਰ ਰਿਸ਼ੀ ਨੂੰ ਪ੍ਰਭੂ ਕੋਲੋਂ ਬਲ ਮੰਗਦੇ ਦਾ ਮੰਤਰ ਦਰਸਾ ਕੇ ਅਰਥ ਕੀਤੇ ਹਨ ਕਿ ਕਰਮ ਦੇ ਐਸ਼ਵਰਜ ਵਿਚ ਉਹ ਯੁਧਵੀਰ ਹੀ ਫ਼ਤਹਿ ਪਾਉਂਦੇ ਹਨ ਜੋ ਸਰੀਰਕ, ਧਾਰਮਕ, ਵਿਦਿਅਕ ਤੇ ਨੀਤੀਬਲ 'ਚ

---

43 J.S. Grewal, *Historical Writings on the Sikhs (1784-2011),* Manohar Publishers and Distributors, New Delhi, 2012, p. 359.

44 ਸਵਾਮੀ ਰਾਮ ਤੀਰਥ ਦੰਡੀ ਸੰਨਿਆਸੀ, ਸਰਵੋਤਮ ਧਰਮ ਗ੍ਰੰਥ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸਰਵੋਤਮ ਧਰਮ ਖ਼ਾਲਸਾ ਪੰਥ, ਧਰਮ ਪ੍ਰਚਾਰ ਕਮੇਟੀ, ਸ਼੍ਰੋ.ਗੁ.ਪ੍ਰ. ਕਮੇਟੀ, ਸ੍ਰੀ ਅੰਮ੍ਰਿਤਸਰ, 2016, ਪੰਨੇ 78-79

45 ਉਹੀ, ਪੰਨੇ 34-35

ਸ੍ਰੀ ਰਾਮਚੰਦਰ ਦੇ ਸਾਮਾਨ ਹੋਣ।[46] ਇਸ ਤਰ੍ਹਾਂ ਲੇਖਕ ਸਿੱਖ ਸਿਧਾਂਤਾਂ ਤੋਂ ਉਲਟ ਵਿਆਖਿਆ ਪੇਸ਼ ਕਰਦਾ ਹੈ। ਲੇਖਕ ਆਰੀਆ ਸਮਾਜੀ ਹੋਣ ਕਾਰਨ ਵੇਦਾਂ ਦਾ ਹਾਮੀ ਹੈ, ਪਰ ਵੇਦਾਂ ਤੋਂ ਬਾਅਦ ਸ਼ੁਰੂ ਹੋਏ ਬ੍ਰਾਹਮਣ ਧਰਮ ਦਾ ਵਿਰੋਧੀ ਹੈ। ਲੇਖਕ ਨੇ ਬ੍ਰਾਹਮਣ ਧਰਮ ਦੀ ਨਿੰਦਿਆ ਕਰਦਿਆਂ ਸਿੱਖ ਧਰਮ ਨੂੰ ਇਸ ਤਰ੍ਹਾਂ ਵੇਦਾਂ ਅਨੁਸਾਰੀ ਸਿੱਧ ਕੀਤਾ ਹੈ ਕਿ ਆਮ ਪਾਠਕ ਉਸ ਨੂੰ ਸਮਝ ਨਹੀਂ ਪਾਉਂਦਾ ਹੈ। ਇਸ ਕਿਤਾਬ ਨੇ ਵੀਹਵੀਂ ਸਦੀ ਦੇ ਦੂਜੇ ਅੱਧ ਤੋਂ ਬਾਅਦ ਆਰੀਆ ਸਮਾਜੀ ਵਿਚਾਰਧਾਰਾ ਅਨੁਸਾਰ ਸਿੱਖ ਧਰਮ ਦੀ ਵਿਆਖਿਆ ਕਰਨ ਦਾ ਯਤਨ ਕੀਤਾ ਹੈ।

ਇਸ ਰੁਝਾਨ ਨੂੰ ਵੀਹਵੀਂ ਸਦੀ ਦੇ ਅੰਤਲੇ ਦਹਾਕੇ ਤੱਕ ਹੰਸ ਰਾਜ ਰਹਿਬਰ ਨੇ ਪਹੁੰਚਾਇਆ। ਇਸ ਲੇਖਕ ਦੀ ਕਿਤਾਬ ਗੁਰੂ ਗੋਬਿੰਦ ਸਿੰਘ ਰਾਸ਼ਟਰ ਨਾਇਕ ਹੈ। ਕਿਤਾਬ ਦੇ ਨਾਮ ਤੋਂ ਹੀ ਪਤਾ ਚੱਲ ਜਾਂਦਾ ਹੈ ਕਿ ਲੇਖਕ ਗੁਰੂ ਜੀ ਨੂੰ ਦੇਸ਼ ਭਗਤ ਵਜੋਂ ਪੇਸ਼ ਕਰਨਾ ਚਾਹੁੰਦਾ ਹੈ। ਲੇਖਕ ਅਨੁਸਾਰ ਸਿੱਖ ਧਰਮ ਕੋਈ ਵੱਖਰਾ ਧਰਮ ਨਹੀਂ ਹੈ। ਇਹ ਤਾਂ ਭਗਤੀ ਅੰਦੋਲਨ ਦਾ ਅਟੁੱਟ ਅੰਗ ਹੈ। ਲੇਖਕ ਅਨੁਸਾਰ ਭਗਤੀ ਅੰਦੋਲਨ ਤੁਰਕਾਂ ਅਤੇ ਮੁਗ਼ਲਾਂ ਦੇ ਸੰਸਕ੍ਰਿਤਕ ਹਮਲੇ ਦੀ ਪ੍ਰਤੀਕਿਰਿਆ ਸੀ। ਗੁਰੂ ਜੀ ਦਾ ਮੰਤਵ ਭਾਰਤੀ ਸੰਸਕ੍ਰਿਤੀ ਦੀ ਰੱਖਿਆ ਕਰਨਾ ਸੀ। ਇਸ ਕਰਕੇ ਹੀ ਇਸ ਅੰਦੋਲਨ ਨੇ ਵਿਦੇਸ਼ੀ ਤਾਕਤਾਂ ਖਿਲਾਫ਼ ਹਥਿਆਰਬੰਦ ਸੰਘਰਸ਼ ਦਾ ਰੂਪ ਧਾਰਨ ਕੀਤਾ।[47] ਲੇਖਕ ਇਹ ਤਾਂ ਮੰਨਦਾ ਹੈ ਕਿ ਸਿੱਖ ਗੁਰੂਆਂ ਨੇ ਪੰਜਾਬੀ ਭਾਸ਼ਾ ਵਿਚ ਸਾਹਿਤ ਰਚਿਆ ਅਤੇ ਲਿਪੀ ਬਣਾਈ। ਪਰ ਉਹ ਕਹਿੰਦਾ ਹੈ ਕਿ ਇਹਦੇ ਨਾਲ ਹੀ ਪੰਜਾਬੀ ਨੂੰ ਗੁਰਮੁਖੀ ਕਹਿ ਕੇ ਸਿੱਖਾਂ ਦੀ ਬਣਾ ਦੇਣਾ ਗਲਤ ਹੈ।[48] ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਦੇ ਕਾਰਨ ਦੱਸਦਿਆਂ ਲੇਖਕ ਲਿਖਦਾ ਹੈ ਕਿ ਗੁਰੂ ਜੀ ਨੇ ਕਿਹਾ ਸੀ ਕਿ ਇਸ ਸਮੇਂ ਦੇਸ਼ ਤੇ ਧਰਮ ਖ਼ਤਰੇ ਵਿਚ ਹੈ, ਇਹੋ ਜਿਹੇ ਸਮੇਂ ਉਸ ਲਈ ਕਿਸੇ ਮਹਾਂਪੁਰਸ਼ ਦੀ ਕੁਰਬਾਨੀ ਦੀ ਲੋੜ ਹੈ।[49] ਲੇਖਕ ਨੇ ਸਿੱਖ ਧਰਮ ਨੂੰ ਇਸਲਾਮ ਦੇ ਵਿਰੋਧ ਵਿਚੋਂ ਪੈਦਾ ਹੋਇਆ ਲਿਖਿਆ ਹੈ। ਉਸ ਅਨੁਸਾਰ ਮੁਸਲਮਾਨ ਹਮਲਾਵਰਾਂ ਨੇ ਰਾਜਨੀਤਿਕ ਜਿੱਤ ਤੋਂ ਬਾਅਦ ਭਾਰਤ ਰਾਸ਼ਟਰ 'ਤੇ ਸੰਸਕ੍ਰਿਤਕ ਹਮਲਾ ਕੀਤਾ। ਭਗਤੀ ਅੰਦੋਲਨ ਇਸ ਦੀ

---

[46] ਉਹੀ, ਪੰਨਾ 61

[47] ਹੰਸ ਰਾਜ ਰਹਿਬਰ, ਗੁਰੂ ਗੋਬਿੰਦ ਸਿੰਘ ਰਾਸ਼ਟਰ ਨਾਇਕ, ਆਰਸੀ ਪਬਲਿਸ਼ਰਜ਼, ਚਾਂਦਨੀ ਚੌਕ, ਦਿੱਲੀ, 1990, ਪੰਨਾ 7

[48] ਉਹੀ, ਪੰਨਾ 9

[49] ਉਹੀ, ਪੰਨਾ 20

ਪ੍ਰਤੀਕਿਰਿਆ ਸੀ। ਲੇਖਕ ਕਹਿੰਦਾ ਹੈ ਕਿ ਜਦੋਂ ਤੱਕ ਇਸ ਤੱਥ ਨੂੰ ਸਮਝ ਨਾ ਲਿਆ ਜਾਵੇ ਉਦੋਂ ਤੱਕ ਕਬੀਰ, ਨਾਨਕ ਅਤੇ ਤੁਲਸੀ ਦੀ ਸੰਸਕ੍ਰਿਤਕ ਭੂਮਿਕਾ ਅਤੇ ਸ਼ਿਵਾ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਦੀ ਵੀਰਤਾ ਦਾ ਸਹੀ ਮੁਲੰਕਣ ਕਰਨਾ ਸੰਭਵ ਨਹੀਂ ਹੈ।[50] ਇਸ ਤਰ੍ਹਾਂ ਲੇਖਕ ਨੇ ਸਿੱਖ ਧਰਮ ਨੂੰ ਭਗਤੀ ਅੰਦੋਲਨ ਦਾ ਹਿੱਸਾ ਮੰਨਿਆ ਹੈ। ਸਿੱਖ ਧਰਮ ਨੂੰ ਇਸਲਾਮ ਦੇ ਵਿਰੋਧ ਵਿਚੋਂ ਪੈਦਾ ਹੋਇਆ ਕਿਹਾ ਹੈ। ਸਿੱਖ ਗੁਰੂਆਂ ਨੂੰ ਦੇਸ਼ ਭਗਤ ਤੱਕ ਸੀਮਤ ਕਰਕੇ ਉਨ੍ਹਾਂ ਦੀ ਅਧਿਆਤਮਿਕ ਤੇ ਬ੍ਰਹਿਮੰਡੀ ਵਿਚਾਰਧਾਰਾ ਨੂੰ ਸਮਝ ਨਹੀਂ ਸਕਿਆ ਹੈ। ਸਵਾਮੀ ਦਯਾ ਨੰਦ ਵੱਲੋਂ ਸਿੱਖ ਧਰਮ ਨੂੰ ਆਰੀਆ ਸਮਾਜੀ ਨਜ਼ਰੀਏ ਤੋਂ ਦੇਖਣ ਦਾ ਰੁਝਾਨ ਵੀਹਵੀਂ ਸਦੀ ਤੇ ਇਸ ਤੋਂ ਬਾਅਦ ਵਰਤਮਾਨ ਸਮੇਂ ਤੱਕ ਨਿਰੰਤਰ ਜਾਰੀ ਹੈ।

ਸਿੱਖ ਅਧਿਐਨ ਵਿਚ ਜਦੋਂ ਗ਼ੈਰ ਸਿੱਖਾਂ ਦੀ ਗੱਲ ਕਰੀਏ ਤਾਂ ਬੰਗਾਲੀ ਲੇਖਕਾਂ ਵੱਲੋਂ ਕੀਤਾ ਗਿਆ ਸਿੱਖ ਅਧਿਐਨ ਵਿਸ਼ੇਸ਼ ਧਿਆਨ ਖਿੱਚਦਾ ਹੈ। ਹਿੰਦੂਆਂ ਵੱਲੋਂ ਕੀਤੇ ਗਏ ਸਿੱਖ ਅਧਿਐਨ ਦਾ ਮੁੱਢ ਉਨ੍ਹੀਵੀਂ ਸਦੀ ਦੇ ਪਿਛਲੇ ਅੱਧ ਵਿਚ ਭਾਰਤ ਵਿਚ ਉੱਠੀਆਂ ਵੱਖ-ਵੱਖ ਲਹਿਰਾਂ ਵਿਚੋਂ ਨਿਕਲਦਾ ਹੈ। ਬ੍ਰਹਮੋਂ ਸਮਾਜ ਵੱਲ ਵੇਖੀਏ ਤਾਂ ਰਾਜਾ ਰਾਮ ਮੋਹਨ ਰਾਏ, ਦੇਵੇਂਦਰ ਨਾਥ ਟੈਗੋਰ ਆਦਿ ਚਿੰਤਕ ਬੁੱਤ ਪ੍ਰਸਤੀ ਦੇ ਵਿਰੁੱਧ ਸਨ। ਉਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਦੇ ਫ਼ਲਸਫ਼ੇ, ਧਰਮ, ਇਤਿਹਾਸ ਦੇ ਉਦਾਰਵਾਦੀ, ਮਾਨਵਵਾਦੀ ਚਿੰਤਨ ਨੂੰ ਪੁਜਾਰੀਵਾਦ ਦੇ ਵਿਰੋਧੀ ਸੁਰ ਵਜੋਂ ਸਵੀਕਾਰਿਆ। 1849 ਈ. ਵਿਚ ਅੰਗਰੇਜ਼ਾਂ ਦੁਆਰਾ ਪੰਜਾਬ ਉੱਪਰ ਕਬਜ਼ਾ ਕਰਨ ਤੋਂ ਬਾਅਦ ਪੰਜਾਬ ਦੇ ਪ੍ਰਬੰਧਕੀ ਢਾਂਚੇ ਵਿਚ ਬੰਗਾਲੀਆਂ ਦੀ ਸ਼ਮੂਲੀਅਤ ਹੋਈ। ਉਹਨਾਂ ਨੇ ਪੰਜਾਬ ਤੋਂ ਵਾਪਸ ਬੰਗਾਲ ਜਾ ਕੇ ਪੰਜਾਬ ਦੇ ਲੋਕਾਂ, ਉਨ੍ਹਾਂ ਦੇ ਸੁਭਾਅ, ਧਰਮ ਇਤਿਹਾਸ ਤੇ ਸਭਿਆਚਾਰ ਬਾਰੇ ਆਪਣੇ ਲੋਕਾਂ ਨਾਲ ਗੱਲਬਾਤ ਕੀਤੀ। ਇਸ ਤਰ੍ਹਾਂ ਬੰਗਾਲੀ ਸਾਹਿਤਕਾਰਾਂ ਅਤੇ ਇਤਿਹਾਸਕਾਰਾਂ ਦੀ ਰੁਚੀ ਪੰਜਾਬ ਦੇ ਇਤਿਹਾਸ ਤੇ ਸਿੱਖ ਧਰਮ ਨੂੰ ਜਾਨਣ ਵਲ ਵੱਧ ਗਈ। ਉਨ੍ਹਾਂ ਨੇ ਪੰਜਾਬ ਬਾਰੇ ਲਿਖਣਾ ਸ਼ੁਰੂ ਕੀਤਾ।

ਬੰਗਾਲ ਵਿਚ ਸਿੱਖ ਧਰਮ, ਗੁਰਬਾਣੀ ਤੇ ਇਤਿਹਾਸ ਬਾਰੇ ਕਾਰਜ ਨੂੰ ਰਬਿੰਦਰ ਨਾਥ ਟੈਗੋਰ ਅਤੇ ਉਸਦੇ ਪਿਤਾ ਦੇਵੇਂਦਰ ਨਾਥ ਟੈਗੋਰ ਨੇ ਬੜਾ ਉਤਸ਼ਾਹਿਤ ਕੀਤਾ। ਦੇਵੇਂਦਰ ਨਾਥ ਪਹਿਲੀ ਵਾਰ ਫਰਵਰੀ 1857 ਈ. ਵਿਚ ਅੰਮ੍ਰਿਤਸਰ ਆਏ ਤੇ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਗਏ। ਉੱਥੇ ਚਲ ਰਹੇ ਕੀਰਤਨ ਵਿਚ ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ

[50] ਉਹੀ, ਪੰਨਾ 23

ਤਾਰਿਕਾ ਮੰਡਲ ਜਨਕ ਮੋਤੀ।। (ਗੁ. ਗ੍ਰੰਥ ਸਾਹਿਬ ਪੰਨਾ-13) ਵਾਲੀ ਆਰਤੀ ਨੇ ਉਨ੍ਹਾਂ ਨੂੰ ਬਹੁਤ ਪ੍ਰਭਾਵਿਤ ਕੀਤਾ। ਉਸਨੇ ਪੰਜਾਬੀ ਸਿੱਖ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਪੜ੍ਹਨ ਦਾ ਮਨ ਬਣਾ ਲਿਆ।[51] ਉਨ੍ਹੀਵੀਂ ਸਦੀ ਦੇ ਪਿਛਲੇ ਅੱਧ ਵਿਚ ਬ੍ਰਹਮੋ ਸਮਾਜ ਦੁਆਰਾ ਸਿੱਖ ਧਰਮ ਬਾਰੇ ਕਾਫ਼ੀ ਕੁਝ ਲਿਖਿਆ ਗਿਆ। ਬ੍ਰਹਮੋ ਸਮਾਜ ਦੀ ਪ੍ਰਾਰਥਨਾ ਪੁਸਤਕ ਬ੍ਰਹਮ ਸੰਗੀਤ ਵਿਚ ਗੁਰਬਾਣੀ ਦੇ ਅੱਠ ਸ਼ਬਦ ਦਰਜ ਹਨ। 'ਗਗਨ ਮੈ ਥਾਲੁ' ਸ਼ਬਦ ਦਾ ਬੰਗਾਲੀ ਅਨੁਵਾਦ 1874 ਈ. ਵਿਚ ਰਬਿੰਦਰ ਨਾਥ ਟੈਗੋਰ ਨੇ ਪਹਿਲੀ ਵਾਰ 'ਤੱਤਵ ਬੋਧਿਨੀ ਪਤ੍ਰਿਕਾ' ਵਿਚ ਪ੍ਰਕਾਸ਼ਿਤ ਕਰਵਾਇਆ।[52]

ਰਬਿੰਦਰ ਨਾਥ ਟੈਗੋਰ ਦਾ ਜਨਮ 1861 ਈ. ਵਿਚ ਤੇ ਮੌਤ ਅਗਸਤ 1941 ਈ. ਵਿਚ ਹੋਈ। ਟੈਗੋਰ ਨੇ ਆਪਣੇ ਕੁਝ ਨਿਬੰਧਾਂ ਅਤੇ ਕਵਿਤਾਵਾਂ ਵਿਚ ਸਿੱਖ ਇਤਿਹਾਸ ਦੀਆਂ ਕੁਝ ਅਹਿਮ ਘਟਨਾਵਾਂ ਦੀ ਚਰਚਾ ਕੀਤੀ ਹੈ। ਉਸ ਦੀ ਇਕ ਬੰਗਲਾ ਕਵਿਤਾ 'ਨਿਸਿਫਲ ਉਪਹਾਰਾ' (ਜੋ ਬਾਅਦ ਵਿਚ ਅੰਗਰੇਜ਼ੀ ਨਾਮ 'Fruit gathering' ਹੇਠ ਪ੍ਰਕਾਸ਼ਿਤ ਹੋਈ) ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਬਚਪਨ ਦੀ ਇਕ ਸਾਖੀ ਹੈ ਜਿਸ ਵਿਚ ਉਹ ਸੋਨੇ ਦੇ ਕੰਗਣ ਦਰਿਆ ਵਿਚ ਸੁੱਟ ਦਿੰਦੇ ਹਨ। ਟੈਗੋਰ ਦੀ ਇਕ ਹੋਰ ਕਵਿਤਾ 'ਸ਼ੇਸ਼ ਸਿਖਿਆ' ਗੁਰੂ ਗੋਬਿੰਦ ਸਿੰਘ ਜੀ ਦੇ ਨਾਂਦੇੜ ਵਿਖੇ ਗੁਜ਼ਾਰੇ ਅੰਤਿਮ ਦਿਨਾਂ 'ਤੇ ਕੇਂਦ੍ਰਿਤ ਹੈ। ਟੈਗੋਰ ਨੇ ਬੰਦਾ ਸਿੰਘ ਬਹਾਦਰ, ਭਾਈ ਤਾਰੂ ਸਿੰਘ ਦੀ ਸ਼ਹੀਦੀ ਉੱਪਰ ਵੀ ਇਕ-ਇਕ ਨਜ਼ਮ ਲਿਖੀ ਹੈ।[53] ਡਾ. ਕੁਲਵੰਤ ਸਿੰਘ ਰਬਿੰਦਰ ਨਾਥ ਟੈਗੋਰ ਦੇ ਸਿੱਖ ਅਧਿਐਨ ਬਾਰੇ ਲਿਖਦਾ ਹੈ ਕਿ, ''ਸਰ ਜਾਦੂ ਨਾਥ ਸਰਕਾਰ ਨੇ ਇਹਨਾਂ ਹੀ ਸਮਿਆਂ ਵਿਚ ਮੁਗਲ ਕਾਲ ਦੇ ਔਰੰਗਜ਼ੇਬ ਰਾਜਕਾਲ ਦੇ ਸਿੱਖ ਇਤਿਹਾਸ ਬਾਰੇ ਵਿਸ਼ੇਸ਼ ਅਧਿਐਨ ਕਾਰਜ ਕੀਤਾ। ਪਰ, ਸਿੱਖਾਂ ਬਾਰੇ ਜੋ ਟਿੱਪਣੀਆਂ ਉਨ੍ਹਾਂ ਨੇ ਕੀਤੀਆਂ, ਉਹ ਵਧੇਰੇ ਕਰਕੇ ਤੱਥ-ਸਤੀ ਦੀ ਅਣਦੇਖੀ ਸੀ। ਉਨ੍ਹਾਂ ਨੇ ਮਹਾਂਕਵੀ ਟੈਗੋਰ ਨੂੰ ਬਹੁਤ ਗਲਤ ਸੇਧਾਂ ਦਿੱਤੀਆਂ। ਮਹਾਂ-ਕਵੀ ਜੀ ਨੂੰ ਇਸ ਗਲਤ ਪ੍ਰਭਾਵ ਦਾ ਗਿਆਨ ਬਹੁਤ ਪਿੱਛੋਂ ਜਾ ਕੇ ਹੋਇਆ।''[54] ਬੰਗਾਲੀ ਇਤਿਹਾਸਕਾਰਾਂ ਵਿਚ ਐੱਨ.ਕੇ. ਸਿਨਹਾ ਦਾ ਸਿੱਖ

---

51 ਕੁਲਦੀਪ ਸਿੰਘ ਧੀਰ, ਤੁਲਨਾਤਮਿਕ ਸਾਹਿਤ ਸ਼ਾਸ਼ਤਰ, ਪੰਜਾਬੀ ਯੂਨੀਵਰਸਿਟੀ ਪਟਿਆਲਾ, 1990, ਪੰਨੇ 120-121.

52 ਉਹੀ, ਪੰਨਾ 121.

53 ਉਹੀ, ਪੰਨੇ 121.

54 ਕੁਲਵੰਤ ਸਿੰਘ ਗਰੇਵਾਲ, 'ਬੰਗਾਲੀ ਇਤਿਹਾਸ-ਚਿੰਤਨ ਅਤੇ ਸਿੱਖ ਥੀਮ ਉੱਪਰ ਡਾਕਟਰ ਹਿਮਾਦਰੀ ਬੈਨਰਜੀ: ਇਕ ਵਿਸ਼ਲੇਸ਼ਣ', ਪੰਜਾਬ ਹਿਸਟਰੀ ਕਾਨਫਰੰਸ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਮਾਰਚ 2004, ਪੰਨਾ 220.

ਅਧਿਐਨ ਖ਼ਾਸ ਧਿਆਨ ਖਿੱਚਦਾ ਹੈ। ਸਿਨਹਾ ਨੇ ਅਠਾਰਵੀਂ ਸਦੀ ਦੇ ਸਿੱਖ ਸੰਘਰਸ਼ ਬਾਰੇ *Rise of the Sikh Power* ਨਾਮ ਦੀ ਪੁਸਤਕ ਲਿਖੀ। ਸਿਨਹਾ ਦੀ ਇਹ ਕਿਤਾਬ 1936 ਈ. ਵਿਚ ਪ੍ਰਕਾਸ਼ਿਤ ਹੋਈ। ਇਸ ਕਿਤਾਬ ਨੇ ਸਿੱਖ ਇਤਿਹਾਸ ਨੂੰ ਭਾਰਤੀ ਇਤਿਹਾਸ ਦੇ ਧੁੰਦਲੇ ਕੋਨੇ ਵਿਚੋਂ ਬਾਹਰ ਕੱਢ ਲਿਆਦਾਂ ਸੀ। ਸਿਨਹਾ ਨੇ ਇਹ ਕਿਤਾਬ ਜੋਸਫ਼ ਡੇਵਿਡ ਕੁਨਿੰਘਮ ਨੂੰ ਸਮਰਪਿਤ ਕੀਤੀ ਸੀ। ਸਿਨਹਾ ਨੇ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਤੋਂ ਬਾਅਦ 1716 ਈ. ਤੋਂ ਸਿੱਖ ਇਤਿਹਾਸ ਸ਼ੁਰੂ ਕੀਤਾ ਸੀ।[55] ਸਿਨਹਾ ਨੇ ਸਿੱਖ ਇਤਿਹਾਸ ਨੂੰ ਤਿੰਨ ਕਾਲਾਂ ਵਿਚ ਵੰਡਿਆ ਹੈ। ਪਹਿਲਾ ਕਾਲ 1716 ਈ. ਤੋਂ 1752 ਈ. ਤੱਕ ਦੂਜਾ 1752 ਈ. ਤੋਂ 1761 ਈ. ਤੱਕ 'ਤੇ ਤੀਜਾ ਕਾਲ 1762 ਈ. ਤੋਂ 1767 ਈ. ਤੱਕ ਵੰਡਿਆ ਹੈ। ਸਿਨਹਾ ਨੇ ਸਿੱਖ ਇਤਿਹਾਸ, ਗੁਰਮੁਖੀ, ਫ਼ਾਰਸੀ ਤੇ ਅੰਗਰੇਜ਼ੀ ਸਰੋਤਾਂ 'ਤੇ ਆਧਾਰਿਤ ਲਿਖਿਆ ਹੈ। ਇਸਦੀ ਦੂਜੀ ਐਡੀਸ਼ਨ 1946 ਈ. ਵਿਚ ਤੇ ਤੀਜੀ ਐਡੀਸ਼ਨ 1960 ਈ. ਵਿਚ ਆਈ। ਇਸ ਕਿਤਾਬ ਤੋਂ ਪਹਿਲਾਂ ਸਿਨਹਾ ਦੀ ਪਹਿਲੀ ਕਿਤਾਬ ਮਹਾਰਾਜਾ ਰਣਜੀਤ ਸਿੰਘ 1933 ਈ. ਵਿਚ ਪ੍ਰਕਾਸ਼ਿਤ ਹੋਈ ਸੀ। ਸਿਨਹਾ ਯੂਰਪੀਅਨ ਲਿਖਾਰੀਆਂ ਦੀਆਂ ਗਲਤ ਧਾਰਨਾਵਾਂ ਨੂੰ ਨਸ਼ਰ ਕਰਕੇ ਮਹਾਰਾਜਾ ਰਣਜੀਤ ਸਿੰਘ ਦੇ ਇਤਿਹਾਸ ਨੂੰ ਸੁਧਾਰ ਕੇ ਲਿਖਦਾ ਹੈ। ਉਹ ਮਹਾਰਾਜਾ ਰਣਜੀਤ ਸਿੰਘ ਦੀ ਮਾਤਾ ਅਤੇ ਦੀਵਾਨ ਲਖਪਤਿ ਰਾਇ ਨਾਲ ਜੁੜੀਆਂ ਅਫ਼ਵਾਹਾਂ ਨੂੰ ਗਲਤ ਸਾਬਿਤ ਕਰਦਾ ਹੈ। ਸਿਨਹਾ ਅਨੁਸਾਰ ਕੈਪਟਨ ਮੱਰੇ (Murray) ਦਾ ਦਾਅਵਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਨੇ ਦੀਵਾਨ ਦਾ ਫ਼ਸਤਾ ਵੱਢ ਕੇ ਮਾਂ ਨੂੰ ਕਤਲ ਕਰਵਾ ਦਿੱਤਾ ਸੀ। ਕਈ ਯੂਰਪੀਅਨ ਲਿਖਾਰੀਆਂ ਨੇ ਇਸ ਤਰ੍ਹਾਂ ਵੀ ਲਿਖਿਆ ਹੈ ਕਿ ਇਹ ਇੱਕ ਬਦਨਸੀਬ ਪੁੱਤਰ ਦਾ ਆਪਣੀ ਐਯਾਸ਼ ਮਾਂ ਉੱਤੇ ਕਹਿਰ ਸੀ। ਪਰ ਡਾ. ਸਿਨਹਾ ਅਨੁਸਾਰ ਇਹਨਾਂ ਗੱਲਾਂ ਦੀ ਕੋਈ ਸ਼ਹਾਦਤ ਸਾਡੇ ਕੋਲ ਨਹੀਂ ਹੈ। ਊਜਾਂ ਅਤੇ ਅਫਵਾਹਾਂ ਨੂੰ ਇਤਿਹਾਸਕ ਤੱਥਾਂ ਨਾਲ ਗਲਤ-ਮਲਤ ਨਹੀਂ ਕੀਤਾ ਜਾ ਸਕਦਾ। ਇਹ ਦੋਸ਼ ਮਹਾਰਾਜਾ ਰਣਜੀਤ ਸਿੰਘ ਦੇ ਆਮ ਚਿੱਤਰ ਨਾਲ ਮਿਲਦਾ ਵੀ ਨਹੀਂ ਹੈ।[56] ਸਿਨਹਾ ਰਣਜੀਤ ਸਿੰਘ ਦੀ ਕੁਝ ਅਲੋਚਨਾ ਵੀ ਕਰਦਾ ਹੈ। ਸਿਨਹਾ ਭਾਰਤੀ ਰਾਸ਼ਟਰਵਾਦ ਦੇ ਨਜ਼ਰੀਏ ਤੋਂ ਰਣਜੀਤ ਸਿੰਘ ਬਾਰੇ ਗੱਲ ਕਰਦਾ ਹੈ। ਡਾ. ਜੇ.ਐਸ. ਗਰੇਵਾਲ ਅਨੁਸਾਰ, "Sinha speaks as a votary of Indian nationalism. Both his appreciation and his criticism of Ranjit Singh sprang from the same

---

[55] J.S. Grewal, *Historical Writtings on the Sikhs (1784-2011),* p. 326.

[56] ਨਰਿੰਦਰ ਕ੍ਰਿਸ਼ਨ ਸਿਨਹਾ, ਰਣਜੀਤ ਸਿੰਘ, (ਅਨੁ.) ਸੁਰਜੀਤ ਕੌਰ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002, ਪੰਨਾ 2

source."[57] ਡਾ. ਕੁਲਵੰਤ ਸਿੰਘ ਗਰੇਵਾਲ ਅਨੁਸਾਰ, ''ਡਾ. ਐੱਨ.ਕੇ. ਸਿਨਹਾ ਨੇ ਸਰ ਜਾਦੂ ਨਾਥ ਸਰਕਾਰ ਦੇ ਥੀਸਿਸ ਨੂੰ ਕਾਫ਼ੀ ਸਹੀ ਵਿਸ਼ਲੇਸ਼ਣ ਦਿੱਤੇ। ਉਨ੍ਹਾਂ ਨੇ ਜਾਦੂ ਨਾਥ ਦੇ ਨਿਰਾਧਰ ਵਿਸ਼ਲੇਸ਼ਣ ਨੂੰ ਨਕਾਰਿਆ। ਸਿੱਖ ਤਾਂ ਲੁਟੇਰੇ ਅਤੇ ਬਦਮਾਸ਼ ਬਿਰਤੀ ਵਾਲੇ ਲੋਗ ਹੁੰਦੇ ਹਨ, ਦੀ ਮਾਨਸਿਕਤਾ ਅਤੇ ਅਧਿਐਨ ਨੂੰ ਰੱਦ ਕੀਤਾ ਅਤੇ ਵੰਗਾਰਿਆ। ਸਿੱਖਾਂ ਦੇ ਅਕਸ ਨੂੰ ਕੌਮੀ ਅਤੇ ਕੌਮਾਤਰੀ ਪੱਧਰ 'ਤੇ ਸਤਿਕਾਰਵਾਦੀ ਮਹੱਤਵ ਦੇ ਧਾਰਨੀ ਲੋਕ ਸਥਾਪਤ ਕੀਤਾ।''[58]

ਇਸ ਸਮੇਂ ਦਾ ਹੀ ਮਹੱਤਵਪੂਰਨ ਬੰਗਾਲੀ ਲੇਖਕ ਪ੍ਰੋ. ਇੰਦੂ ਭੂਸ਼ਨ ਬੈਨਰਜੀ ਹੈ। ਪ੍ਰੋ. ਬੈਨਰਜੀ ਢਾਕਾ ਜ਼ਿਲ੍ਹੇ ਦੇ ਵਿਕਰਮਪੁਰ ਪਰਗਨਾ ਵਿਚ ਪੜ੍ਹੇ ਲਿਖੇ ਪੰਡਿਤ ਘਰਾਣੇ ਵਿਚੋਂ ਸਨ। ਉਨ੍ਹਾਂ ਦਾ ਜਨਮ ਦਸੰਬਰ 1893 ਈ. ਵਿਚ ਮੈਕਲੀਗੰਜ ਵਿਖੇ ਹੋਇਆ ਜੋ ਉਸ ਵੇਲੇ ਕੱਛ ਬਿਹਾਰ ਦੀ ਰਿਆਸਤ ਵਿਚ ਸੀ ਅਤੇ ਹੁਣ ਪੱਛਮੀ ਬੰਗਾਲ ਦਾ ਜ਼ਿਲ੍ਹਾ ਹੈ।[59] 1939 ਈ. ਵਿਚ ਕਲਕੱਤਾ ਯੂਨੀਵਰਸਿਟੀ ਤੋਂ ਡਾਕਟਰ ਆਫ਼ ਫ਼ਿਲਾਸਫ਼ੀ ਦੀ ਡਿਗਰੀ ਪ੍ਰਾਪਤ ਕੀਤੀ।[60] 1917 ਈ. ਵਿਚ ਕਲਕੱਤਾ ਯੂਨੀਵਰਸਿਟੀ ਵਿਖੇ ਸਰ ਆਸ਼ੂਤੋਸ ਮੁਖਰਜੀ ਨੇ ਆਰਟਸ ਤੇ ਸਾਇੰਸ ਪੋਸਟ ਗ੍ਰੈਜੂਏਟ ਵਿਭਾਗ ਖੋਲਿਆ, ਜਿਸ ਵਿਚ ਵਿਸ਼ੇਸ਼ ਤੌਰ 'ਤੇ ਮਰਾਠਾ ਇਤਿਹਾਸ, ਰਾਜਪੂਤ ਇਤਿਹਾਸ ਅਤੇ ਸਿੱਖ ਇਤਿਹਾਸ ਦੀ ਪੜ੍ਹਾਈ ਸ਼ੁਰੂ ਕੀਤੀ ਗਈ। ਇਸ ਵਿਭਾਗ ਵਿਚ ਇੰਦੂ ਭੂਸ਼ਨ ਬੈਨਰਜੀ 1917 ਈ. ਵਿਚ ਲੈਕਚਰਰ ਵਜੋਂ ਆਇਆ। ਪ੍ਰੋ. ਬੈਨਰਜੀ ਨੇ *Evolution of Khalsa* ਦਾ ਪਹਿਲਾ ਭਾਗ 1936 ਈ. ਵਿਚ ਅਤੇ ਦੂਜਾ ਭਾਗ 1947 ਈ. ਵਿਚ ਪ੍ਰਕਾਸ਼ਿਤ ਕਰਵਾਇਆ। ਪ੍ਰੋ. ਬੈਨਰਜੀ 1955 ਈ. ਵਿਚ ਰਿਟਾਇਰ ਹੋਏ।[61] ਉਨ੍ਹਾਂ ਦਾ ਦੇਹਾਂਤ 13 ਨਵੰਬਰ 1956 ਈ. ਵਿਚ ਹੋਇਆ।[62] ਲੇਖਕ ਦੀ ਦੋ ਭਾਗਾਂ ਵਿਚ ਲਿਖੀ ਗਈ ਕਿਤਾਬ *Evolution of Khalsa* ਇਕ ਮਹੱਤਵਪੂਰਨ ਲਿਖਤ ਹੈ। ਲੇਖਕ ਨੇ ਜਿੱਥੇ ਸਿੱਖ ਇਤਿਹਾਸ ਨੂੰ ਪੰਜਾਬ ਤੋਂ ਬਾਹਰ ਦੇ ਇਤਿਹਾਸ ਤੇ ਧਰਮ ਦੇ ਵਿਭਾਗਾਂ ਦਾ ਹਿੱਸਾ ਬਣਾਇਆ

---

57 J.S. Grewal, *Historical Writings on the Sikhs,* p. 347.

58 ਕੁਲਵੰਤ ਸਿੰਘ ਗਰੇਵਾਲ, 'ਬੰਗਾਲੀ ਇਤਿਹਾਸ-ਚਿੰਤਨ ਅਤੇ ਸਿੱਖ ਥੀਮ ਉੱਪਰ ਡਾਕਟਰ ਹਿਮਾਦਰੀ ਬੈਨਰਜੀ: ਇਕ ਵਿਸ਼ਲੇਸ਼ਣ', ਪੰਜਾਬ ਹਿਸਟਰੀ ਕਾਨਫਰੰਸ, ਪੰਨੇ 220–221.

59 ਇੰਦੂ ਭੂਸ਼ਨ ਬੈਨਰਜੀ, ਖਾਲਸੇ ਦੀ ਉਤਪਤੀ, ਜਿਲਦ ਪਹਿਲੀ, (ਅਨੁ.) ਪ੍ਰੀਤਪਾਲ ਸਿੰਘ ਤੇ ਹੋਰ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2008, ਪੰਨਾ, IX

60 Fauja Singh, (Ed.) *Historians and Historiagraphy of the Sikhs,* Oriental Publishers and Distributors, New Delhi, 1978, p. 239.

61 *Ibid.*, pp. 239–240.

62 ਇੰਦੂ ਭੂਸ਼ਨ ਬੈਨਰਜੀ, ਖਾਲਸੇ ਦੀ ਉਤਪਤੀ, ਜਿਲਦ ਪਹਿਲੀ, ਪੰਨਾ X.

ਉੱਥੇ ਹੀ ਉਸ ਸਮੇਂ ਲੇਖਕ ਦੁਆਰਾ ਉਪਲੱਬਧ ਸਰੋਤਾਂ ਦੇ ਆਧਾਰ 'ਤੇ ਲਿਖਣਾ ਬਹੁਤ ਵਧੀਆ ਯਤਨ ਸੀ। ਬੈਨਰਜੀ ਨੇ ਇਤਿਹਾਸ ਲਿਖਣ ਦੌਰਾਨ ਕੁਝ ਅਜਿਹੀਆਂ ਗੱਲਾਂ ਵੀ ਲਿਖ ਦਿੱਤੀਆਂ ਜੋ ਤੱਥਾਂ 'ਤੇ ਆਧਾਰਿਤ ਨਹੀਂ ਸੀ। ਫੌਜਾ ਸਿੰਘ ਅਨੁਸਾਰ ਲੇਖਕ ਲਿਖਦਾ ਹੈ ਕਿ ਗੁਰੂ ਨਾਨਕ ਜੀ ਨੇ ਜਾਤ-ਪਾਤ ਤੋੜੀ ਨਹੀਂ ਸੀ ਪਰ ਉੱਚੀ ਨੀਵੀਂ ਜਾਤ ਦਾ ਮਾਣ ਕਰਨ ਤੋਂ ਰੋਕਿਆ ਸੀ।[63] ਬੈਨਰਜੀ ਅਨੁਸਾਰ, ''ਪ੍ਰਾਰੰਭ ਵਿਚ ਸਿੱਖ-ਮਤ ਜਾਤ-ਪਾਤ ਦੀ ਸਮਾਪਤੀ ਨਹੀਂ ਚਾਹੁੰਦਾ ਸੀ ਅਤੇ ਜਿਹੜੇ ਪਰਿਵਰਤਨ ਸਾਨੂੰ ਪਿਛਲੇਰੇ ਪੜ੍ਹਾਵਾਂ ਵਿਚ ਮਿਲਦੇ ਹਨ, ਉਹ ਇਤਿਹਾਸਿਕ ਕਾਰਨਾਂ ਕਰਕੇ ਸਨ, ਜਿਹਨਾਂ ਦਾ ਸਿੱਖ ਮਤ ਦੇ ਮੁੱਢਲੇ ਕਥਨਾਂ ਨਾਲ ਕੋਈ ਸੰਬੰਧ ਨਹੀਂ ਹੈ।''[64] ਇਸ ਗੱਲ ਨੂੰ ਵਧਾ-ਚੜਾਅ ਕੇ ਬਾਅਦ ਵਿਚ W.H. Mcleod ਨੇ ਪੇਸ਼ ਕੀਤਾ ਸੀ। ਬੈਨਰਜੀ ਸਿੱਖ ਧਰਮ ਨੂੰ ਹਿੰਦੂ ਧਰਮ ਦੀ ਇਕ ਸ਼ਾਖ਼ਾ ਵਜੋਂ ਹੀ ਲੈਂਦਾ ਹੈ। ਬੈਨਰਜੀ ਖ਼ੁਦ ਬ੍ਰਾਹਮਣ ਪਰਿਵਾਰ ਨਾਲ ਸੰਬੰਧਤ ਹੋਣ ਕਰਕੇ ਸਿੱਖ ਧਰਮ ਦੀ ਵੱਖਰੀ ਹੋਂਦ ਮੰਨਣ ਨੂੰ ਤਿਆਰ ਨਹੀਂ ਹੈ। ਉਸ ਉੱਪਰ ਗੋਕਲ ਚੰਦ ਨਾਰੰਗ ਦੀ ਲਿਖਤ ਦਾ ਪ੍ਰਭਾਵ ਵੀ ਸੀ ਕਿ ਗੁਰੂ ਨਾਨਕ ਸਾਹਿਬ ਸਮਾਜ ਸੁਧਾਰਕ ਸਨ। ਬੈਨਰਜੀ ਅਨੁਸਾਰ ਗੁਰੂ ਜੀ ਪਰੰਪਰਾ ਦੇ ਵਿਰੋਧੀ ਸਨ ਨਾ ਕਿ ਹਿੰਦੂ ਧਰਮ ਦੇ। ਗੁਰੂ ਨਾਨਕ ਜੀ ਦੇ ਹੱਥਾਂ ਵਿਚ ਸਿੱਖ ਧਰਮ ਨਵੇਂ ਧਰਮ ਵਜੋਂ ਨਹੀਂ ਸ਼ੁਰੂ ਹੋਇਆ ਸੀ। ਗੁਰੂ ਨਾਨਕ ਸਮਾਜ ਸੁਧਾਰਕ ਸੀ ਕਿਉਂਕਿ ਉਨ੍ਹਾਂ ਨੇ ਹਿੰਦੂ ਨੂੰ ਸੱਚਾ ਹਿੰਦੂ ਤੇ ਮੁਸਲਮਾਨ ਨੂੰ ਸੱਚਾ ਮੁਸਲਮਾਨ ਬਣਨ ਲਈ ਕਿਹਾ ਸੀ।[65]

ਇੰਦੂ ਭੂਸ਼ਨ ਬੈਨਰਜੀ ਸਿੱਖ ਕੌਮ ਨੂੰ ਸੰਤ ਮਤ ਮੰਨਦਾ ਹੈ। ਉਸ ਅਨੁਸਾਰ, ''ਸਿੱਖ ਮਤ ਨੇ ਸਹਜੇ ਹੀ ਪਲਟਾ ਖਾਧਾ ਅਤੇ ਫ਼ਲਸਰੂਪ ਸੰਤ ਕੌਮ ਨੂੰ ਜਨਮ ਦਿੱਤਾ।[66] ਇਸ ਤਰ੍ਹਾਂ ਹੀ ਬੈਨਰਜੀ ਗੁਰੂ ਹਰਿਗੋਬਿੰਦ ਜੀ ਦੀ ਗੁਰਗੱਦੀ ਦੀ ਰਸਮ ਨੂੰ ਹਥਿਆਰਾਂ ਦੀ ਸ਼ਕਤੀ ਦੇ ਮੁਢ ਵਜੋਂ ਦੇਖਦਾ ਹੈ। ਉਹ ਇਸਨੂੰ ਆਪਣੇ ਪਿਤਾ ਦੀ (ਪੂਰਵ ਅਧਿਕਾਰੀ ਦੀ) ਸ਼ਹੀਦੀ ਦੇ ਵਿਰੋਧੀ ਪ੍ਰਤੀਕਿਰਿਆ ਵਜੋਂ ਦੇਖਦਾ ਹੈ। ਉਸਨੇ ਇਕ ਪਰਿਕਲਪਣਾ ਵੀ ਕੀਤੀ ਕਿ ਜੱਟ ਕੌਮ ਦੁਆਰਾ ਕਾਫ਼ੀ ਗਿਣਤੀ ਵਿਚ ਸਿੱਖ ਧਰਮ ਧਾਰਣ ਕਰਨਾ ਗੁਰੂ ਹਰਿਗੋਬਿੰਦ ਜੀ ਦੀ ਲੋੜ ਸੀ, ਕਿਉਂਕਿ ਉਨ੍ਹਾਂ ਜੱਟਾਂ ਵਿਚ ਜਮਾਂਦਰੂ ਹੀ ਝਗੜਾਲੂ ਬਿਰਤੀਆਂ ਮੌਜੂਦ ਸਨ। ਬੈਨਰਜੀ ਅਨੁਸਾਰ ਜੱਟਾਂ ਦੇ ਸੁਭਾਅ ਵਿਚ ਲੁੱਟਮਾਰ ਦਾ ਤੱਤ ਹੈ ਜਿਹੜਾ ਕਿ ਉਨ੍ਹਾਂ ਨੂੰ ਵੱਸ ਵਿਚ

---

63 Fauja Singh, (Ed.) *Historians and Historiagraphy of the Sikhs,* p. 260.

64 ਇੰਦੂ ਭੂਸ਼ਨ ਬੈਨਰਜੀ, ਖਾਲਸੇ ਦੀ ਉਤਪਤੀ, ਜਿਲਦ ਪਹਿਲੀ, ਪੰਨਾ 194.

65 Fauja Singh, (Ed.) *Historians and Historiagraphy of the Sikhs,* p. 260.

66 ਇੰਦੂ ਭੂਸ਼ਨ ਬੈਨਰਜੀ, ਖਾਲਸੇ ਦੀ ਉਤਪਤੀ, ਜਿਲਦ ਪਹਿਲੀ, ਪੰਨਾ 1.

ਨਹੀਂ ਰਹਿਣ ਦਿੰਦਾ।''[67] ਬੈਨਰਜੀ ਦੇ ਇਸ ਕਥਨ ਨੂੰ ਮੈਕਲੋਡ ਨੇ ਵਿਸਥਾਰ ਦਿੱਤਾ। ਬੈਨਰਜੀ ਦੇ ਇਸ ਕਥਨ ਨਾਲ ਬਹੁਤ ਸਾਰੇ ਲੇਖਕਾਂ ਦੀਆਂ ਲਿਖਤਾਂ ਵਿਚ ਸਿੱਖ ਧਰਮ ਵਿਚ ਜੱਟਾਂ ਦੀ ਆਮਦ ਬਾਰੇ ਵਾਦ-ਵਿਵਾਦ ਦਾ ਰੁਝਾਨ ਸ਼ੁਰੂ ਹੋ ਗਿਆ ਸੀ। ਕਈ ਥਾਂਵਾਂ 'ਤੇ ਬੈਨਰਜੀ ਕਿਸੇ ਗੱਲ ਬਾਰੇ ਹਵਾਲਾ ਪ੍ਰਾਪਤ ਹੁੰਦੇ ਹੋਣ ਦੇ ਬਾਵਜੂਦ ਵੀ ਗੱਲ ਮੰਨਣ ਨੂੰ ਤਿਆਰ ਨਹੀਂ ਹੁੰਦਾ, ਜਿਵੇਂ: ਗੁਰੂ ਅਰਜਨ ਦੇਵ ਜੀ ਦੇ ਕਹਿਣ ਤੇ ਅਕਬਰ ਨੇ ਪੰਜਾਬ ਦੇ ਕਿਸਾਨਾਂ ਦੇ ਮਾਲੀਆ ਵਿਚ 1/10 ਜਾਂ 1/12 ਹਿੱਸਾ ਲਗਾਨ ਘਟਾਉਣ ਦਾ ਹੁਕਮ ਦਿੱਤਾ ਸੀ। ਉਹ ਕਹਿੰਦਾ ਹੈ ਕਿ ਸਿੱਖ ਪਰੰਪਰਾ ਵਿਚ ਇਸ ਦੀ ਕਾਫ਼ੀ ਪੁਸ਼ਟੀ ਹੁੰਦੀ ਹੈ, ਪਰ ਜਿਵੇਂ ਅਸੀਂ ਪਹਿਲਾਂ ਸੰਕੇਤ ਕੀਤਾ ਹੈ ਕਿ ਇਸ ਨੂੰ ਪੂਰਨ ਭਾਂਤ ਸਵੀਕਾਰ ਕਰਨਾ ਔਖਾ ਹੈ।[68] ਇਸ ਤਰ੍ਹਾਂ ਬੈਨਰਜੀ ਨੇ ਪ੍ਰਿੰ. ਤੇਜਾ ਸਿੰਘ ਦੇ ਇਸ ਤੱਥ, ਕਿ ਗੁਰੂ ਨਾਨਕ ਜੀ ਨੇ ਸੋਚ ਸਮਝ ਕੇ ਕੌਮ ਉਸਾਰੀ ਦਾ ਕੰਮ ਕੀਤਾ ਹੈ, ਦਾ ਵਿਰੋਧ ਕੀਤਾ ਹੈ। ਬੈਨਰਜੀ ਅਨੁਸਾਰ, ''ਇਸ ਵਿਸ਼ੇ ਬਾਰੇ ਅਜਿਹਾ ਦ੍ਰਿਸ਼ਟੀਕੋਣ ਅਰਥਾਤ ਸਿੱਖ ਮਤ ਦਾ ਚੇਤੰਨ ਅਤੇ ਸੋਚਿਆ ਸਮਝਿਆ ਵਿਕਾਸ ਪਰਿਕਲਪਿਤ ਕਰਨਾ ਅਤਿ ਸਾਧਾਰਨੀਕਰਨ ਦੇ ਦੋਸ਼ ਤੋਂ ਰਹਿਤ ਨਹੀਂ ਅਤੇ ਇਸ ਨੂੰ ਕਦੇ ਵੀ ਇਤਿਹਾਸਿਕ ਕ੍ਰਮ ਨਹੀਂ ਮੰਨਿਆ ਜਾ ਸਕਦਾ।[69] ਬੈਨਰਜੀ ਜਨੇਊ ਬਾਰੇ ਕਹਿੰਦਾ ਹੈ ਕਿ, ''ਗੁਰੂ ਗੋਬਿੰਦ ਸਿੰਘ ਦੇ ਲਿਆਂਦੇ ਸੁਧਾਰਾਂ ਉਪਰੰਤ ਵੀ ਜਨੇਊ ਦੀ ਰਸਮ ਨੂੰ ਤਿਆਗਿਆ ਨਹੀਂ ਗਿਆ ਸੀ।''[70] ਉਹ ਅੱਗੇ ਲਿਖਦਾ ਹੈ ਕਿ ''ਗੁਰੂ ਨਾਨਕ ਦੇਵ ਜੀ ਨੇ ਇਸ ਦੀ ਉਪਯੋਗਤਾ ਦੇ ਲੱਛਣਾਂ ਤੇ ਹੀ ਬਲ ਦਿੱਤਾ ਸੀ ਅਤੇ ਉਨ੍ਹਾਂ ਵਿਕਾਰਾਂ ਦਾ ਖੰਡਨ ਕੀਤਾ ਸੀ, ਜਿਹੜੇ ਇਸ ਪ੍ਰਥਾ ਨੇ ਹੰਕਾਰੀ ਤੇ ਦੰਭੀ ਮਨਾਂ ਵਿਚ ਉਤਪੰਨ ਕੀਤੇ ਸਨ।''[71] ਇਸਦਾ ਕਾਰਨ ਲੇਖਕ ਦਾ ਬ੍ਰਾਹਮਣ ਪਰਿਵਾਰ ਨਾਲ ਸੰਬੰਧਤ ਹੋਣਾ ਹੋ ਸਕਦਾ ਹੈ। ਬੈਨਰਜੀ ਨੇ ਸਾਕਾਰਤਮਕ ਪੱਖ ਤੋਂ ਬਹੁਤ ਸਾਰੇ ਤੱਥਾਂ ਨੂੰ ਉਜਾਗਰ ਕਰਕੇ ਕਈ ਪਹਿਲਾਂ ਦੇ ਲੇਖਕਾਂ ਦੇ ਜਵਾਬ ਦੇਣ ਦੀ ਕੋਸ਼ਿਸ਼ ਕੀਤੀ ਹੈ। ਜਿਵੇਂ ਟਰੰਪ ਨੇ ਕਿਹਾ ਸੀ ਕਿ ਬਾਣੀ ਵਿਚ ਦੁਹਰਾਉ ਬਹੁਤ ਹੈ। ਬੈਨਰਜੀ ਉਸ ਦੇ ਜਵਾਬ ਵਿਚ ਲਿਖਦਾ ਹੈ ਕਿ ਮਨੁੱਖੀ ਮਨ ਦੀ ਸੰਸਾਰਿਕ ਲੀਨਤਾ ਏਨੀ ਬਹੁਮੁਖੀ ਅਤੇ ਬਹੁਸੰਖਿਅਕ ਹੈ ਕਿ ਇਸ ਉੱਤੇ ਇਸ ਸੰਦੇਸ਼ ਦਾ ਵਾਰ ਵਾਰ ਦ੍ਰਿੜਾਇਆ ਜਾਣਾ ਅਵੱਸ਼ਕ

[67] ਉਹੀ, ਜਿਲਦ ਦੂਜੀ, ਪੰਨਾ 40.
[68] ਉਹੀ, ਪੰਨਾ 151.
[69] ਉਹੀ, ਪੰਨਾ 7.
[70] ਉਹੀ, ਪੰਨਾ 83.
[71] ਉਹੀ, ਪੰਨਾ 84.

ਸੀ।''[72] ਟਰੰਪ ਦੇ ਇਸ ਕਥਨ ਕਿ ਗੁਰੂ ਅੰਗਦ ਸਾਹਿਬ ਬਿਲਕੁਲ ਅਨਪੜ੍ਹ ਸਨ, ਦੇ ਜਵਾਬ ਵਿਚ ਬੈਨਰਜੀ ਲਿਖਦਾ ਹੈ ਕਿ ''ਟਰੰਪ ਦਾ ਇਹ ਉਜਰ ਕਿ ਗੁਰੂ ਅੰਗਦ ਜੀ ਪੜ੍ਹ ਲਿਖ ਨਹੀਂ ਸਕਦੇ ਸਨ, ਉਸ ਪੈਰ੍ਹੇ ਵਿਚੋਂ ਨਹੀਂ ਨਿਕਲਦਾ ਜਿਸ ਉੱਤੇ ਉਹ ਨਿਰਭਰ ਕਰਦਾ ਹੈ।''[73] ਇਸ ਤੋਂ ਇਲਾਵਾ ਬੈਨਰਜੀ ਨੇ ਭਾਈ ਕਾਨ੍ਹ ਸਿੰਘ ਨਾਭਾ ਦੀ ਕਿਤਾਬ ਹਮ ਹਿੰਦੂ ਨਹੀਂ ਦੇ ਵਿਰੋਧ ਵਿਚ ਵੀ ਕਈ ਦਲੀਲਾਂ ਦਿੱਤੀਆਂ ਹਨ, ਜਿਵੇਂ ਗੁਰੂ ਅਮਰਦਾਸ ਜੀ ਨੇ ਕੁਰਖੇਤਰ, ਜਮਨਾ, ਗੰਗਾ ਦੀ ਯਾਤਰਾ ਕੀਤੀ ਸੀ। ਗੁਰੂ ਤੇਗ਼ ਬਹਾਦਰ ਜੀ ਨੇ ਪ੍ਰਯਾਗ ਪੁੰਨ ਦਾਨ ਕੀਤਾ ਸੀ।[74] ਬੈਨਰਜੀ ਲਿਖਦਾ ਹੈ ਕਿ ''ਸਿੱਖ ਮਤ ਦਾ ਆਰੰਭ ਨਿਰਸੰਦੇਹ ਰੋਸ ਵਜੋਂ ਹੋਇਆ ਸੀ। ਪਰ ਇਹ ਰੋਸ ਰੂੜ੍ਹੀਵਾਦ ਵਿਰੁੱਧ ਸੀ ਨਾ ਕਿ ਹਿੰਦੂ ਮਤ ਵਿਰੁੱਧ।''[75] ਇਸ ਤਰ੍ਹਾਂ ਬੈਨਰਜੀ ਦੀ ਲਿਖਤ ਅਨੁਸਾਰ ਸਿੱਖ ਧਰਮ ਹਿੰਦੂ ਧਰਮ ਦਾ ਸੁਧਾਰਕ ਰੂਪ ਹੈ। ਜੱਟਾਂ ਦੇ ਸਿੱਖ ਧਰਮ ਵਿਚ ਪ੍ਰਵੇਸ਼ ਨਾਲ ਸਿੱਖ ਧਰਮ ਵਿਚ ਛੇਵੇਂ ਗੁਰੂ ਵੇਲੇ ਪਰਿਵਰਤਨ ਆਇਆ ਆਦਿਕ ਧਾਰਨਾਵਾਂ ਬਾਅਦ ਵਾਲੇ ਲੇਖਕਾਂ ਦੀਆਂ ਲਿਖਤਾਂ ਵਿਚ ਰੁਝਾਨ ਦੇ ਤੌਰ 'ਤੇ ਸ਼ਾਮਿਲ ਹੋਈਆਂ। ਬੰਗਾਲੀ ਇਤਿਹਾਸਕਾਰਾਂ ਵਿਚੋਂ ਸਿੱਖ ਅਧਿਐਨ ਕਰਨ ਵਾਲੇ ਪ੍ਰੋ. ਅਨਿਲ ਚੰਦਰ ਬੈਨਰਜੀ ਵੀ ਮਹੱਤਵਪੂਰਨ ਹਨ। ਉਸਦਾ ਜਨਮ 1910 ਈ. ਵਿਚ ਹੋਇਆ। ਉਹ 1975 ਈ. ਵਿਚ ਯਾਦਵਪੁਰ ਯੂਨੀਵਰਸਿਟੀ ਦੇ ਇੰਡੀਅਨ ਹਿਸਟਰੀ ਵਿਭਾਗ ਤੋਂ ਸੇਵਾ ਮੁਕਤ ਹੋਇਆ।[76] ਉਸ ਦੀ ਰੁਚੀ ਸਿੱਖ ਧਰਮ ਨਾਲ ਸੰਬੰਧਤ ਇਤਿਹਾਸ ਵਿਚ ਸੀ। ਲੇਖਕ ਦੀ ਪਹਿਲੀ ਕਿਤਾਬ 1949 ਈ. ਵਿਚ *Anglo-Sikh Relations* ਸਿੱਖ ਇਤਿਹਾਸ ਨਾਲ ਸੰਬੰਧਤ ਸੀ। ਫਿਰ ਉਸਨੇ *Guru Nanak and His times, Guru Nanak to Guru Gobind Singh, The Sikh Gurus and the Sikh Religion* ਅਤੇ *The Khalsa Raj* ਕਿਤਾਬਾਂ ਲਿਖੀਆਂ। ਏ. ਸੀ ਬੈਨਰਜੀ ਦੀ ਕਿਤਾਬ *Guru Nanak and His times* 1974 ਈ. ਵਿਚ ਪ੍ਰਕਾਸ਼ਿਤ ਹੋਈ। ਕਿਤਾਬ ਦੇ ਸਿਰਲੇਖ ਤੋਂ ਹੀ ਪਤਾ ਲੱਗਦਾ ਹੈ ਕਿ ਇਹ ਕਿਤਾਬ ਗੁਰੂ ਨਾਨਕ ਸਾਹਿਬ ਤੋਂ ਪਹਿਲਾਂ ਤੇ ਸਮਕਾਲੀ ਸਮੇਂ ਦੀ ਰਾਜਨੀਤਿਕ ਅਵਸਥਾ ਬਾਰੇ ਹੈ। ਇਸ ਕਿਤਾਬ ਦੇ ਛੇ ਅਧਿਆਇ ਹਨ। ਇਹਨਾਂ ਅਧਿਆਇਆਂ ਵਿਚ 'Political background,' 'The Bhakti cult and Sikhism', 'Society and

---

72 ਉਹੀ, ਭਾਗ ਪਹਿਲਾ, ਪੰਨਾ 71.

73 ਉਹੀ, ਪੰਨਾ 108.

74 ਉਹੀ, ਪੰਨੇ 99–99.

75 ਉਹੀ, ਪੰਨਾ 100.

76 Pushpinder Kaur, *Punjab in the Eyes of Bengali Historians,* Unistar Books, Chandigarh, 2015, p. 52.

religion in the Punjab', 'Life of Guru Nanak', 'Teachings of Guru Nanak' ਅਤੇ 'Place of Guru Nanak in Indian History' ਹਨ। ਲੇਖਕ ਨੇ ਆਪਣੇ ਲੇਖ 'Place of Guru Nanak in Indian History' ਵਿਚ ਗੁਰੂ ਨਾਨਕ ਸਾਹਿਬ ਦੀ ਵਿਲੱਖਣਤਾ ਪ੍ਰਗਟ ਕੀਤੀ ਹੈ। "The Story of Guru Nanak's Life and achievement has no parallel in the annual of this ancient land. It is not enough to call him 'The greatest of the sons of the Punjab. He must be counted among the greatest of the sons of India. He was the founder of the last of the great religion of the world."[77] ਲੇਖਕ ਦੀ ਕਿਤਾਬ 'The Sikh Gurus and the Sikh religion' ਵਿਚ ਦਸ ਗੁਰੂ ਸਾਹਿਬਾਨ ਬਾਰੇ ਸੰਖੇਪ ਵਿਚ ਇਤਿਹਾਸ ਦਿੱਤਾ ਗਿਆ ਹੈ। ਇਸ ਕਿਤਾਬ ਦੇ ਦਸ ਅਧਿਆਇ ਹਨ। ਲੇਖਕ ਨੇ ਇਸ ਕਿਤਾਬ ਨੂੰ ਵੀਹਵੀਂ ਸਦੀ ਦੇ ਅੰਤਲਿਆਂ ਦਹਾਕਿਆਂ ਵਿਚ ਸਿੱਖ ਅਧਿਐਨ ਵਿਚ ਪ੍ਰਾਪਤ ਨਵੇਂ ਤੱਥਾਂ, ਵਿਆਖਿਆਵਾਂ ਨੂੰ ਧਿਆਨ ਵਿਚ ਰੱਖਦਿਆਂ ਲਿਖੀ ਹੈ। ਲੇਖਕ ਅਨੁਸਾਰ, "Sikh studies have made considerable progress in recent years, new facts have been brought to light and new interpretations have been offered from different points of view. I have tried in this volume to bring to the reader's notice the salient features of the lives and teachings of the ten gurus."[78]

ਵੀਹਵੀਂ ਸਦੀ ਦੇ ਪਹਿਲੇ ਅੱਧ ਵਿਚ ਗ਼ੈਰ-ਸਿੱਖ ਲੇਖਕਾਂ ਵਿਚ ਸੀਤਾ ਰਾਮ ਕੋਹਲੀ ਦਾ ਨਾਮ ਮਹੱਤਵਪੂਰਨ ਹੈ। ਸੀਤਾ ਰਾਮ ਕੋਹਲੀ ਦਾ ਜਨਮ 28 ਫਰਵਰੀ 1889 ਈ. ਨੂੰ ਭੇਰਾ, ਜ਼ਿਲ੍ਹਾ ਸ਼ਾਹਪੁਰ (ਅੱਜ ਕਲ ਪਾਕਿਸਤਾਨ) ਵਿਚ ਹੋਇਆ।[79] ਉਸ ਦੀ ਮੌਤ ਅਗਸਤ 1862 ਈ. ਵਿਚ ਰੋਹਤਕ ਵਿਖੇ ਹੋਈ।[80] ਸੀਤਾ ਰਾਮ ਕੋਹਲੀ ਦੀ ਪਹਿਲੀ ਕਿਤਾਬ *Cata louge of the Khalsa Darbar records* 1919 ਈ. ਵਿਚ ਛਪੀ। ਇਸ ਤੋਂ ਬਾਅਦ ਉਸਦੇ ਬਹੁਤ ਸਾਰੇ ਪੇਪਰ ਪ੍ਰਕਾਸ਼ਿਤ ਹੋਏ। ਉਸਨੇ ਕੁਝ ਗ੍ਰੰਥ ਜਿਵੇਂ, ਫ਼ਤਹਿਨਾਮਾ ਗੁਰੂ ਖ਼ਾਲਸਾ ਜੀ ਕਾ (1952 ਈ.), ਵਾਰ ਸ਼ਾਹ ਮੁਹੰਮਦ (1936 ਈ.), *A book of Military Paraganas;* ਆਦਿਕ ਪ੍ਰਕਾਸ਼ਿਤ ਕਰਵਾਏ, ਜਿਸ ਨਾਲ ਉਸਨੂੰ ਬਹੁਤ ਪ੍ਰਸਿਧੀ ਮਿਲੀ। ਪਰ ਉਸਦੀ ਸਭ ਤੋਂ

---

77 A.C. Banerjee, *Guru Nanak and his Times,* Publication Bureu Punjabi University Patiala, 2000, p. 206.

78 Anil Chandra Banerjee, *The Sikh Gurus and the Sikh Religion,* Munsiram Manoharlal Publishers, New Delhi, 1983, p. Preface.

79 Fauja Singh, 'Sita Ram Kohli', *Historians and Historigraphy of the Sikhs,* p. 220.

80 *Ibid.*, p. 224.

ਮਹੱਤਵਪੂਰਨ ਕਿਤਾਬ ਮਹਾਰਾਜਾ ਰਣਜੀਤ ਸਿੰਘ ਹੈ। ਲੇਖਕ ਦੀ ਇਸ ਵਿਸ਼ੇ ਨਾਲ ਸੰਬੰਧਤ ਦੂਸਰੀ ਮਹੱਤਵਪੂਰਨ ਕਿਤਾਬ *Sunset of the Sikh Empire* ਹੈ ਜੋ ਉਸਦੀ ਮੌਤ ਤੋਂ ਬਾਅਦ 1967 ਈ. ਵਿਚ ਛਪੀ ਸੀ।[81] ਲੇਖਕ ਨੇ ਮਹਾਰਾਜਾ ਰਣਜੀਤ ਸਿੰਘ ਕਿਤਾਬ ਵਿਚ 20 ਅਧਿਆਇ, ਦੋ ਤਸਵੀਰਾਂ ਮਹਾਰਾਜਾ ਰਣਜੀਤ ਸਿੰਘ ਦੀਆਂ, ਦੋ ਨਕਸ਼ੇ (1800 ਈ. ਦਾ ਪੰਜਾਬ ਤੇ 1839 ਈ. ਦਾ ਪੰਜਾਬ) ਅਤੇ 6 ਅੰਤਿਕਾਵਾਂ ਦਿੱਤੀਆਂ ਹਨ। ਇਕ ਅੰਤਿਕਾ ਵਿਚ ਸਾਰੀਆਂ ਕਿਤਾਬਾਂ ਦੀ ਲਿਸਟ ਦਿਤੀ ਗਈ ਹੈ ਜਿਨ੍ਹਾਂ ਕਿਤਾਬਾਂ ਦੇ ਹਵਾਲੇ ਫੁਟਨੋਟਾਂ ਵਿਚ ਦਿਤੇ ਹਨ। ਡਾ. ਫ਼ੌਜਾ ਸਿੰਘ ਅਨੁਸਾਰ ਸੀਤਾ ਰਾਮ ਕੋਹਲੀ ਦੀ ਇਤਿਹਾਸਿਕ ਪਹੁੰਚ ਬੌਧਿਕ ਈਮਾਨਦਾਰੀ ਵਾਲੀ ਹੈ।[82] ਲੇਖਕ ਇਤਿਹਾਸਿਕ ਤੱਥ ਤਰਕ ਨਾਲ ਦਿੰਦਾ ਹੈ। ਉਸਦੀ ਇਤਿਹਾਸਿਕ ਵਿਆਖਿਆ ਤੱਥਾਂ ਵਿਚੋਂ ਨਿਕਲਦੀ ਹੈ। ਉਸਨੇ ਵਿਵਾਦ ਤੋਂ ਖ਼ੁਦ ਨੂੰ ਦੂਰ ਹੀ ਰੱਖਿਆ, ਪਰ ਜਿੱਥੇ ਵੀ ਉਸਦੇ ਖ਼ਿਆਲ ਕਿਸੇ ਤੋਂ ਵੱਖਰੇ ਸਨ, ਉਹ ਉਸਨੇ ਪ੍ਰਗਟ ਕਰ ਦਿੱਤੇ। ਉਸਦੀ ਮਹਾਰਾਜਾ ਰਣਜੀਤ ਸਿੰਘ ਅਤੇ ਉਸਦੇ ਉਤਰਾ-ਅਧਿਕਾਰੀਆਂ ਪ੍ਰਤੀ ਸਮਝ ਉਸ ਤੋਂ ਪਹਿਲਾਂ ਦੇ ਲਿਖਾਰੀਆਂ, ਗ੍ਰਿਫਨ ਅਤੇ ਮੁਹੰਮਦ ਲਤੀਫ਼ ਤੋਂ ਵੱਖਰੀ ਹੈ। ਪਰ ਜੇ.ਡੀ. ਕੁਨਿੰਘਮ ਦੀ ਲਿਖਤ ਵਿਚੋਂ ਮਹਾਰਾਜਾ ਰਣਜੀਤ ਸਿੰਘ ਤੇ ਉਸਦੇ ਉਤਰਾਧਿਕਾਰੀਆਂ ਨਾਲ ਸੀਤਾ ਰਾਮ ਕੋਹਲੀ ਦੀ ਲਿਖਤ ਕਾਫ਼ੀ ਮਿਲਦੀ ਜੁਲਦੀ ਹੈ। ਸੀਤਾ ਰਾਮ ਕੋਹਲੀ ਦੀ ਇਤਿਹਾਸਿਕ ਦੇਣ ਦੇਖੀਏ ਤਾਂ ਇਹ ਲੇਖਕ ਮਹਾਰਾਜਾ ਰਣਜੀਤ ਸਿੰਘ ਦੇ ਕਾਲ ਉੱਪਰ ਲਿਖਣ ਵਾਲਾ ਮੁਢਲਾ ਲੇਖਕ ਹੈ। ਉਸਨੇ ਖ਼ਾਲਸਾ ਦਰਬਾਰ ਦੇ ਰਿਕਾਰਡ ਦੀ ਮਦਦ ਨਾਲ ਇਸ ਕਾਲ ਉੱਪਰ ਖੋਜ ਕਰਕੇ ਬਾਅਦ ਵਿਚ ਆਉਣ ਵਾਲੇ ਲੇਖਕਾਂ ਲਈ ਖੋਜ ਦੇ ਕਈ ਨਵੇਂ ਰਾਹ ਖੋਲ੍ਹੇ ਹਨ। ਉਸਨੇ ਜ਼ਫ਼ਰਨਾਮਾ ਰਣਜੀਤ ਸਿੰਘ, ਵਾਰ ਸ਼ਾਹ ਮੁਹੰਮਦ, ਫ਼ਤਹਿਨਾਮਾ ਗੁਰੂ ਖ਼ਾਲਸਾ ਜੀ ਕਾ ਆਦਿਕ ਲਿਖਤਾਂ ਸੰਪਾਦਿਤ ਕਰਕੇ ਇਸ ਕਾਲ ਦੇ ਸਮਕਾਲੀ, ਰਾਜਨੀਤਕ ਅਤੇ ਆਰਥਿਕ ਹਾਲਤਾਂ ਉੱਪਰ ਲਿਖਣ ਦਾ ਰੁਝਾਨ ਪੈਦਾ ਕੀਤਾ। ਲੇਖਕ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਬਾਰੇ ਲਿਖਦਾ ਹੈ ਕਿ ''A larger portion of Maharaja Ranjit singh Army was well trained. Like European armies, it was divided into infantary battalion and cavalry regiments and was fully trained in combatant drill."[83] ਇਸ ਰੁਝਾਨ ਨੂੰ ਬਾਅਦ

[81] J.S. Grewal, *Historical Writings on the Sikhs,* pp. 419-420.
[82] Fauja Singh, 'Sita Ram Kohli', *Historians and Historigraphy of the Sikhs,* p. 236.
[83] Sita Ram Kohli, *Maharaja Ranjit Singh,* Guru Nanak Dev University, Amritsar, 2002, pp. 168-169.

ਵਿਚ ਡਾ. ਫੌਜਾ ਸਿੰਘ ਨੇ *Military System of the Sikhs* ਅਤੇ ਡਾ. ਇੰਦੂ ਬਾਂਗਾ ਨੇ *Agrarian System of the Sikhs* ਨਾਲ ਅੱਗੇ ਤੋਰਿਆ।

ਰੂਸੀ ਲਿਖਾਰੀ

ਗੁਰੂ ਨਾਨਕ ਸਾਹਿਬ ਜੀ ਉਦਾਸੀਆਂ ਦੌਰਾਨ ਪੂਰਬ ਤੇ ਪੱਛਮ ਦੇ ਬਹੁਤ ਸਾਰੇ ਥਾਵਾਂ 'ਤੇ ਗਏ ਸਨ। ਕੁਝ ਇਤਿਹਾਸਕਾਰਾਂ ਨੇ ਗੁਰੂ ਜੀ ਦਾ ਰੂਸ ਜਾਣ ਦਾ ਜ਼ਿਕਰ ਵੀ ਕੀਤਾ ਹੈ।[84] ਰੂਸ ਦੇ ਬਹੁਤ ਸਾਰੇ ਲਿਖਾਰੀ ਪਹਿਲੇ ਵਿਸ਼ਵ ਯੁੱਧ ਤੋਂ ਬਾਅਦ ਭਾਰਤ ਦਾ ਇਤਿਹਾਸ ਜਾਨਣ ਵੱਲ ਰੁਚਿਤ ਹੋਏ। ਇਸਦਾ ਕਾਰਨ ਦੱਸਦੇ ਹੋਏ ਬਾ.ਗ. ਗਾਫੂਰੋਵ ਲਿਖਦਾ ਹੈ, ''ਸਭਿਆਚਾਰ ਦੇ ਖੇਤਰ ਵਿਚ ਦੁਨੀਆਂ ਭਰ ਦੇ ਲੋਕਾਂ ਵਿਚਕਾਰ ਦਿਨੋ-ਦਿਨ ਵਧ ਰਹੇ ਸੰਪਰਕਾਂ ਨੂੰ ਸੋਸ਼ਲਿਸਟ ਦੇਸ਼ਾਂ ਵਲੋਂ ਵਿਕਾਸ ਲਈ ਭਾਰੀ ਉਤਸ਼ਾਹ ਮਿਲਿਆ ਕਿਉਂਕਿ ਸ਼ੋਸਲਿਸਟ ਦੇਸ਼ਾਂ ਲਈ ਇਸ ਤਰ੍ਹਾਂ ਦੇ ਸੰਪਰਕ, ਜੋ ਕਿ ਸ਼ਾਂਤਮਈ ਸਹਿਹੋਂਦ ਦੀ ਨੀਤੀ ਦਾ ਅਨਿਖੜ੍ਹਵਾਂ ਅੰਗ ਹਨ, ਬੇਹੱਦ-ਜਾਗਦੀ ਲੋੜ ਹੈ।''[85] ਪਿਛਲੇ ਕੁਝ ਦਹਾਕਿਆਂ ਦੌਰਾਨ (1947 ਈ. ਤੋਂ ਬਾਅਦ) ਸੋਵੀਅਤ ਯੂਨੀਅਨ ਅਤੇ ਭਾਰਤ ਵਿਚਕਾਰ ਸਰਬਪੱਖੀ ਦੋਸਤਾਨਾ ਸੰਬੰਧਾਂ ਦਾ ਸਫ਼ਲ ਵਿਕਾਸ ਸ਼ਾਂਤਮਈ ਸਹਿਹੋਂਦ ਦੀ ਨੀਤੀ ਦੀ ਸਫ਼ਲਤਾ ਦੀ ਰੌਸ਼ਨ ਮਿਸਾਲ ਹੈ। ਸਾਡੇ ਲੋਕਾਂ ਵਿਚਕਾਰ ਸਭਿਆਚਾਰਕ ਸੰਬੰਧਾਂ ਦੇ ਪਾਸਾਰ ਨੇ ਸੋਵੀਅਤ ਯੂਨੀਅਨ ਵਿਚ ਭਾਰਤ ਦੀਆਂ ਵਿਗਿਆਨਕ ਖੋਜਾਂ ਨੂੰ ਉੱਘੀ ਤਰ੍ਹਾਂ ਨਾਲ ਪਸਾਰਨ ਵਿਚ ਹਿੱਸਾ ਪਾਇਆ।[86] ਸਿੱਖ ਧਰਮ ਨੇ ਰੂਸ ਦੇ ਬਹੁਤ ਸਾਰੇ ਵਿਗਿਆਨੀਆਂ, ਸਾਹਿਤਕਾਰਾਂ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ। ਇਨ੍ਹਾਂ ਸੋਵੀਅਤ ਵਿਗਿਆਨੀ ਲਿਖਾਰੀਆਂ ਵਿਚ ਇ.ਮ. ਰੇਈਸਨਰ, ਅ.ਮ. ਦਯਾਕੋਵ, ਨ.ਮ. ਗੋਲਦਬਰਗ, ਨ.ਇ. ਸਿਮੀਓਨੋਵਾ, ਵ.ਇ. ਕੋਚਨੇਵ. ਆਦਿਕ ਸ਼ਾਮਿਲ ਹਨ। ਇ.ਦ. ਸਰਬੀਆਕੋਵ ਅਨੁਸਾਰ ਇਨ੍ਹਾਂ ਦੀਆਂ ਕਿਤਾਬਾਂ ਹੇਠ ਲਿਖੇ ਅਨੁਸਾਰ ਹਨ। ਇ.ਮ. ਰੇਈਸਨਰ, 17ਵੀਂ ਤੇ 18ਵੀਂ ਸਦੀ ਵਿਚ ਭਾਰਤ ਵਿਚ ਲੋਕ ਲਹਿਰਾਂ, ਭਾਰਤ ਵਿਚ ਜਮਾਤੀ ਘੋਲ ਬਾਰੇ ਲੇਖ, (ਮਾਸਕੋ, 1932), ਅ.ਮ. ਦਯਾਕੋਵ, ਭਾਰਤ ਵਿਚ ਕੌਮੀ ਸਵਾਲ ਤੇ ਬਰਤਾਨਵੀ ਸਾਮਰਾਜ,

[84] Surinder Singh Kohli, *Travels of Guru Nanak,* Publication Bureau, Punjab University, Chandigarh, 1997, p. 160.

[85] ਬਾ.ਗ. ਗਾਫੂਰੋਵ, 'ਆਰੰਭਕ ਸ਼ਬਦ', ਗੁਰੂ ਨਾਨਕ ਲੇਖ ਸੰਗ੍ਰਹਿ, (ਅਨੁ.) ਗੁਰਬਖ਼ਸ, ਪੰਜਾਬ ਬੁਕ ਸੈਂਟਰ, ਚੰਡੀਗੜ੍ਹ, 2000, ਪੰਨਾ 5.

[86] ਬਾ.ਗ. ਗਾਫੂਰੋਵ, 'ਆਰੰਭਕ ਸ਼ਬਦ', ਗੁਰੂ ਨਾਨਕ ਲੇਖ ਸੰਗ੍ਰਹਿ, ਪੰਨਾ 5-6.

(ਮਾਸਕੋ, 1948), ਨ.ਮ. ਗੋਲਦਬਰਗ, ਨ.ਇ. ਸਿਮੀਓਨੋਵਾ, ਨਾਮਧਾਰੀ ਲਹਿਰ ਤੇ ਪੰਜਾਬ ਵਿਚ 1872 ਦੀ ਬਗ਼ਾਵਤ, ਪੂਰਬ ਵਿਗਿਆਨ ਦੇ ਮਸਲੇ, (1960), ਸਿਮੀਓਨੋਵਾ, ਨ.ਇ., ਸਿੱਖ ਰਾਜ; ਮਾਸਕੋ, (1958) ਤੇ ਇਸ ਲਿਖਾਰੀ ਦੀ ਹੀ ਕਿਤਾਬ ਭਾਰਤ ਵਿਚ ਸਿੱਖ ਲਹਿਰ ਦਾ ਇਤਿਹਾਸ; (ਮਾਸਕੋ 1963), ਵ.ਇ., ਕੋਚਨੋਵ; ਸਿੱਖ ਰਾਜ ਤੇ ਬਰਤਾਨੀਆ, (ਮਾਸਕੋ, 1968), ਆਦਿਕ ਪ੍ਰਸਿੱਧ ਹਨ।[87] ਰੂਸੀ ਲੇਖਕਾਂ ਵੱਲੋਂ ਸਿੱਖ ਧਰਮ ਉੱਪਰ 1969 ਈ. ਵਿਚ ਗੁਰੂ ਨਾਨਕ ਸਾਹਿਬ ਦੀ ਜਨਮ ਸ਼ਤਾਬਦੀ ਤੋਂ ਸਿੱਧੇ ਤੌਰ 'ਤੇ ਲਿਖਣ ਦਾ ਰੁਝਾਨ ਸ਼ੁਰੂ ਹੋਇਆ। ਕੋਈ ਸੱਤ ਰੂਸੀ ਲੇਖਕਾਂ ਦੁਆਰਾ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਤ ਕਈ ਵਿਸ਼ਿਆਂ ਤੇ ਪੇਪਰ ਲਿਖੇ ਗਏ। ਇਸ ਸੰਗ੍ਰਹਿ ਦੇ ਰੂਪਾਕਾਰ ਵ. ਕਜ਼ਲੋਵ ਸਨ ਤੇ ਇਹ ਪੇਪਰ ਪੰਜਾਬੀ ਵਿਚ ਅਨੁਵਾਦ ਕੀਤੇ। ਇਹ ਪੇਪਰ ਗੁਰੂ ਨਾਨਕ ਲੇਖ ਸੰਗ੍ਰਹਿ ਨਾਮ ਹੇਠ ਛਪੇ। ਇਸ ਕਿਤਾਬ ਦੇ ਆਰੰਭਕ ਸ਼ਬਦ ਬਾ.ਗ. ਗਾਫੂਰੋਵ ਨੇ ਲਿਖੇ ਸਨ।

ਇਸ ਕਿਤਾਬ ਦਾ ਪਹਿਲਾ ਪੇਪਰ ਕ.ਜ. ਅਸ਼ਰਫਿਆਨ ਨੇ 'ਗੁਰੂ ਨਾਨਕ ਤੇ ਉਨ੍ਹਾਂ ਦਾ ਸਮਾਂ' ਨਾਮ ਹੇਠ ਲਿਖਿਆ। ਲੇਖਕ ਅਨੁਸਾਰ, ''ਸਿੱਖ ਮਤ ਪੰਦਰਵੀਂ-ਸੋਲ੍ਹਵੀਂ ਸਦੀ ਦੀਆਂ ਭਗਤੀ ਦੀਆਂ ਬਹੁਤ ਸਾਰੀਆਂ ਧਾਰਮਕ-ਸੁਧਾਰਕ ਲਹਿਰਾਂ ਵਿਚੋਂ ਇਕ ਸੀ ਤੇ ਇਸਦੇ ਬਾਨੀ, ਗੁਰੂ ਨਾਨਕ ਦੀ ਸਿੱਖਿਆ ਉੱਤੇ ਸੂਫ਼ੀ ਵਿਚਾਰਧਾਰਾ 'ਤੇ ਅਮਲ ਦਾ ਭਾਰੀ ਅਸਰ ਪਿਆ।[88] ਲੇਖਕ ਇਹ ਵੀ ਲਿਖਦਾ ਹੈ ਕਿ ਸਿੱਖ ਮਤ ਉੱਪਰ ਕਬੀਰ ਜੀ ਨੇ ਵੀ ਬਹੁਤ ਜ਼ਿਆਦਾ ਪ੍ਰਭਾਵ ਪਾਇਆ ਸੀ।[89] ਲੇਖਕ ਨੇ ਸਿੱਖ ਧਰਮ ਨੂੰ ਸਾਮੰਤ ਵਿਰੋਧੀ ਕਿਸਾਨ ਘੋਲ ਵਿਚੋਂ ਉਗਮਿਆ ਤੇ ਵਧਿਆ-ਫੁਲਿਆ ਕਿਹਾ ਹੈ। ਉਸ ਅਨੁਸਾਰ 'ਵਪਾਰੀ ਦਸਤਕਾਰ ਵਰਗ ਦੇ ਸਮਾਜੀ ਤੌਰ 'ਤੇ ਵਖਰਿਉਂਣ ਦਾ, ਜਿਸ ਦੀਆਂ ਪ੍ਰਤੱਖ ਨਿਸ਼ਾਨੀਆਂ ਸ਼ਾਇਦ 17ਵੀਂ ਸਦੀ 18ਵੀਂ ਸਦੀ ਤੋਂ ਪਹਿਲਾਂ ਪ੍ਰਗਟ ਹੋਈਆਂ, ਇਕ ਅਜਿਹੀ ਥਾਂ ਅੱਪੜ ਗਈਆਂ, ਜਿੱਥੇ 16ਵੀਂ ਸਦੀ ਤੋਂ ਪਿੱਛੋਂ ਭਗਤੀ ਲਹਿਰ ਦੀ ਵਪਾਰੀ-ਦਸਤਕਾਰ ਸਾਂਝੇ ਵਿਰੋਧ ਵਜੋਂ ਨਾ ਰਹੀ। ਭਗਤੀ ਲਹਿਰ ਦੇ ਮੁਹਾਣਾ 'ਸਿੱਖ ਧਰਮ, ਸਤ ਪੰਥ ਅਤੇ ਹੋਰ ਨੇ ਨਵੀਂ ਰੰਗਣ ਪ੍ਰਾਪਤ ਕਰ ਲਈ ਅਤੇ ਉਹ ਸਾਮੰਤ ਵਿਰੋਧੀ ਕਿਸਾਨ ਘੋਲ ਦਾ ਝੰਡਾ ਬਣ ਗਈਆਂ'।[90] ਲੇਖਕ ਲਿਖਦਾ ਹੈ ਕਿ ਗੁਰੂ

---

[87] ਇ.ਦ. ਸਰਬੀਆਕੋਵ, 'ਗੁਰੂ ਨਾਨਕ ਦਾ ਸਾਹਿਤਕ ਵਿਰਸਾ', ਗੁਰੂ ਨਾਨਕ ਲੇਖ ਸੰਗ੍ਰਹਿ, ਪੰਨਾ 96.

[88] ਉਹੀ, ਪੰਨੇ 10-11.

[89] ਉਹੀ, ਪੰਨਾ 42.

[90] ਉਹੀ, ਪੰਨਾ 63.

ਨਾਨਕ ਦੀ ਸਿੱਖਿਆ ਆਪਣੇ ਰੂਪ ਵਿਚ ਧਾਰਮਕ ਰਹੱਸਵਾਦੀ ਪਰ ਆਪਣੇ ਤੱਤ ਵਿਚ ਸਾਮੰਤ ਵਿਰੋਧੀ ਸੀ।[91] ਗੁਰੂ ਨਾਨਕ ਜੀ ਦੀ ਸਿੱਖਿਆ ਨੇ ਦੱਬੀ-ਕੁਚਲੀ ਜਨਤਾ ਨੂੰ ਜਗਾਇਆ ਤੇ ਵਿਰੋਧ ਪੈਦਾ ਹੋਣ ਲੱਗਾ। ਲੇਖਕ ਅਨੁਸਾਰ, ''ਸਿੱਖ ਮਤ ਸ਼ਹਿਰਾਂ ਦੀ ਵਪਾਰੀ-ਦਸਤਕਾਰ ਵਸੋਂ ਦੀ ਵਿਚਾਰਧਾਰਾ ਬਣ ਗਿਆ, ਜੋ ਕਿ ਸਮਾਜਕ ਪੱਖੋਂ (ਬੁਨਿਆਦੀ ਤੌਰ 'ਤੇ) ਸਜਾਤੀ, ਰਾਜਸੀ ਅਧਿਕਾਰਾਂ ਤੋਂ ਖ਼ਾਲੀ ਅਤੇ ਸਮੁੱਚੇ ਤੌਰ 'ਤੇ (ਘੱਟੋ-ਘੱਟ 16ਵੀਂ ਸਦੀ ਤੱਕ) ਲੁੱਟ-ਖਸੁੱਟ ਦਾ ਸ਼ਿਕਾਰ ਸੀ। ਕਿਸਾਨਾਂ ਦੇ ਵਿਸ਼ਾਲ ਸਮੂਹ ਨੇ ਵੀ ਸਿੱਖ ਮਤ ਦੀ ਸਾਮੰਤ ਵਿਰੋਧੀ ਵਿਚਾਰਧਾਰਾ ਨੂੰ ਅਪਣਾ ਲਿਆ।''[92] ਦੂਸਰਾ ਪੇਪਰ ਇ.ਦ. ਸਰਬੀਆਕੋਵ ਦਾ 'ਗੁਰੂ ਨਾਨਕ ਦਾ ਸਾਹਿਤਕ ਵਿਰਸਾ' ਨਾਮ ਹੇਠ ਹੈ। ਇਸ ਪੇਪਰ ਵਿਚ ਲੇਖਕ ਨੇ ਰੂਸੀਆਂ ਦੁਆਰਾ ਜੋ ਸਿੱਖ ਧਰਮ ਬਾਰੇ ਕੰਮ ਕੀਤਾ ਹੈ, ਉਸ ਦਾ ਵੇਰਵਾ ਦਿੱਤਾ ਹੈ। ਲੇਖਕ ਨੇ ਯੂਰਪੀਅਨ ਲਿਖਾਰੀਆਂ ਦੁਆਰਾ ਕੀਤੇ ਗਏ ਸਿੱਖ ਅਧਿਐਨ ਦੀਆਂ ਖ਼ਾਸੀਅਤਾਂ ਅਤੇ ਕਮੀਆਂ ਨੂੰ ਆਪਣੇ ਅਧਿਐਨ ਦਾ ਵਿਸ਼ਾ ਬਣਾਇਆ ਹੈ। ਉਹ ਫਾਰਸਟਰ ਤੋਂ ਸ਼ੁਰੂ ਹੋ ਕੇ ਕਨਿੰਘਮ, ਟਰੰਪ, ਮੈਕਾਲਿਫ਼ ਤੇ ਮੈਕਲੋਡ ਤੱਕ ਦੇ ਕੰਮ ਨੂੰ ਆਲੋਚਨਾਤਮਕ ਨਜ਼ਰੀਏ ਤੋਂ ਵੇਖਦਾ ਹੈ। ਅਗਲਾ ਪੇਪਰ ਵ.ਇ. ਕੋਚਨੇਵ ਦਾ ਹੈ, ਜਿਸਦਾ ਸਿਰਲੇਖ 'ਗੁਰੂ ਨਾਨਕ ਦੇ ਉਤਰਾਧਿਕਾਰੀਆਂ ਦੇ ਸਮੇਂ ਸਿੱਖ ਮਤ ਦਾ ਵਿਕਾਸ' ਹੈ। ਲੇਖਕ ਸਿੱਖ ਮਤ ਨੂੰ ਭਗਤੀ ਲਹਿਰ ਦੀ ਇਕ ਧਾਰਾ ਹੀ ਮੰਨਦਾ ਹੈ। ਲੇਖਕ ਅਨੁਸਾਰ ਗੁਰੂ ਹਰਿਗੋਬਿੰਦ ਸਾਹਿਬ ਜੀ ਸਮੇਂ ਧਰਮ ਸਾਮੰਤ ਵਿਚ ਬਦਲ ਗਿਆ। ਉਸ ਅਨੁਸਾਰ, ''ਗੁਰੂ ਅਰਜਨ ਸਾਹਿਬ ਦੀ ਗੱਦੀ ਉੱਤੇ ਗੁਰੂ ਹਰਿਗੋਬਿੰਦ ਸਾਹਿਬ (1606-1645) ਬੈਠੇ। ਸਿੱਖ ਭਾਈਚਾਰੇ ਵਿਚ ਉਹਨਾਂ ਦੇ ਕਾਲ ਵਿਚ ਵਰਗਾਂ ਵਿਚ ਵੰਡੇ ਜਾਣ ਦਾ ਅਮਲ ਤੇਜ ਹੋ ਗਿਆ, ਜਿਹੜਾ ਉਹਨਾਂ ਦੇ ਪੂਰਵਗਾਮੀਆਂ ਦੇ ਸਮੇਂ ਵਿਚ ਹੀ ਸ਼ੁਰੂ ਹੋ ਚੁੱਕਾ ਸੀ। ਖ਼ੁਦ ਗੁਰੂ ਅਤੇ ਮਸੰਦ, ਜਿਹੜੇ ਇਕੱਠੀਆਂ ਕੀਤੀਆਂ ਭੇਟਾਵਾਂ ਦਾ ਕਾਫੀ ਵੱਡਾ ਹਿੱਸਾ ਆਪਣੇ ਕੋਲ ਰੱਖਦੇ ਸਨ, ਅਸਲ ਵਿਚ ਭਾਰੀ ਸਾਮੰਤ ਵਿਚ ਬਦਲ ਗਏ।''[93] ਇੱਥੇ ਲਿਖਾਰੀ ਸਿੱਖ ਧਰਮ ਦੇ ਵਿਕਾਸ ਨੂੰ ਸਾਮੰਤਸ਼ਾਹੀ ਨਾਲ ਜੋੜ ਕੇ ਗ਼ਲਤ ਰੂਪ ਦੇ ਦਿੰਦਾ ਹੈ।

ਲੇਖਕ ਸਰਬੱਤ ਖ਼ਾਲਸਾ ਬਾਰੇ ਲਿਖਦਾ ਹੈ ਕਿ ''ਅਠਾਰਵੀਂ ਸਦੀ ਦੇ ਅਖ਼ੀਰ ਵਿਚ ਇਹੋ ਜਿਹੀਆਂ ਇਕੱਤਰਤਾਵਾਂ ਲਗਪਗ ਨਹੀਂ ਸਨ ਹੁੰਦੀਆਂ। ਇੱਥੋਂ ਸਿਰਫ਼ ਇਸ ਗੱਲ ਦਾ

[91] ਉਹੀ, ਪੰਨੇ 64-65.

[92] ਉਹੀ, ਪੰਨੇ 64-65.

[93] ਉਹੀ, ਪੰਨਾ 104.

ਪਤਾ ਲਗਦਾ ਹੈ ਕਿ ਸਿੱਖਾਂ ਵਿਚਕਾਰ ਸਾਮੰਤੀਕਰਨ ਦਾ ਅਮਲ ਏਨੀ ਦੂਰ ਤੱਕ ਜਾ ਚੁੱਕਾ ਸੀ ਕਿ ਸਰਦਾਰ ਕਿਸੇ ਵੀ ਅਦਾਰੇ ਦੀ ਹੋਂਦ ਵਿਚ ਬਿਲਕੁਲ ਕੋਈ ਦਿਲਚਸਪੀ ਨਹੀਂ ਸਨ ਰੱਖਦੇ, ਜਿਹੜਾ ਸਾਮੰਤ ਵਿਰੋਧੀ ਜੰਗਾਂ ਦੇ ਸਮੇਂ ਦੇ ਜਮਹੂਰੀ ਖ਼ਾਲਸੇ ਨੂੰ ਕਾਇਮ ਰੱਖਦਾ ਹੋਇਆ ਕਿਸੇ ਵੀ ਹੱਦ ਤੱਕ ਉਨ੍ਹਾਂ ਦੀ ਸਰਗਰਮੀ ਨੂੰ ਕੰਟਰੋਲ ਕਰਦਾ।''[94] ਰੂਸੀ ਲੇਖਕਾਂ ਵਲੋਂ ਕੀਤਾ ਗਿਆ ਸਿੱਖ ਅਧਿਐਨ ਮਾਰਕਸਵਾਦੀ ਨਜ਼ਰੀਏ ਤੋਂ ਸੀ ਤੇ ਉਹ ਸਿੱਖ ਸੰਘਰਸ਼ ਨੂੰ ਜਮਾਤੀ ਘੋਲ ਵਿਰੁੱਧ ਕਿਸਾਨੀ ਸੰਘਰਸ਼ ਵਾਂਗ ਲੈਂਦੇ ਸਨ। ਇਨ੍ਹਾਂ ਲੇਖਕਾਂ ਨੇ ਸਿੱਖ ਧਰਮ ਦੇ ਸਮਾਜਿਕ ਪੱਖ ਨੂੰ ਹੀ ਜ਼ਿਆਦਾ ਅਧਿਐਨ ਦਾ ਵਿਸ਼ਾ ਬਣਾਇਆ ਹੈ।

ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਗ਼ੈਰ-ਸਿੱਖ ਲਿਖਾਰੀਆਂ ਵਿਚ ਯੂਰਪੀਅਨ/ਪੱਛਮੀ ਲੇਖਕਾਂ ਦਾ ਸਿੱਖ ਅਧਿਐਲ ਸਿੱਖ ਵਿਰੋਧੀ ਅਤੇ ਸਿੱਖ ਹਿਮਾਇਤੀ ਹੈ। ਉਨੀਵੀਂ ਸਦੀ ਦੇ ਦੂਸਰੇ ਅੱਧ ਵਿਚ ਅਰਨਸਟ ਟਰੰਪ ਦੁਆਰਾ ਕੀਤੇ ਕੰਮ ਨੇ ਸਿੱਖ ਵਿਦਵਾਨਾਂ ਨੂੰ ਸਿੱਖ ਧਰਮ ਉਪਰ ਉਠਾਏ ਸਵਾਲਾਂ ਦੇ ਜਵਾਬ ਲੱਭਣ ਲਈ ਉਕਸਾਇਆ। ਸਿੱਖਾਂ ਦੁਆਰਾ ਮੈਕਸ ਅਰਥਰ ਮੈਕਾਲਿਫ਼ ਦੀ ਮਦਦ ਨਾਲ ਗੁਰਬਾਣੀ ਵਿਆਖਿਆ ਤੇ ਸਿੱਖ ਇਤਿਹਾਸ ਨੂੰ ਅੰਗਰੇਜ਼ੀ ਭਾਸ਼ਾ ਵਿਚ ਲਿਖਿਆ। ਇਸ ਨਾਲ ਸਿੱਖ ਧਰਮ ਦੀ ਸਹੀ ਵਿਆਖਿਆ ਵਿਸ਼ਵ ਪੱਧਰ ਤੱਕ ਪਹੁੰਚੀ। ਇਸ ਨਾਲ ਸਿੱਖ ਧਰਮ ਦੀ ਸਿੱਖ ਆਸੇ ਅਨੁਸਾਰ ਸਿੱਖ ਵਿਦਵਾਨਾਂ ਤੋਂ ਮਦਦ ਲੈ ਕੇ ਸਿੱਖ ਵਿਆਖਿਆਕਾਰੀ ਤੇ ਇਤਿਹਾਸਕਾਰੀ ਪੇਸ਼ ਕਰਨ ਦਾ ਰੁਝਾਨ ਆਇਆ। ਇਸ ਰੁਝਾਨ ਨੂੰ ਡੰਕਨ ਗਰੀਨ ਲੀਜ਼ ਅਤੇ ਨੋਇਲ ਕਿੰਗ ਨੇ ਅੱਗੇ ਤੋਰਿਆ। ਇਸ ਦੇ ਵਿਪਰੀਤ ਔਵਨ ਕੋਲ, ਅਤੇ ਡਬਲਊ.ਐੱਚ. ਮੈਕਲੋਡ ਨੇ ਅਰਨਸਟ ਟਰੰਪ ਦੇ ਦ੍ਰਿਸ਼ਟੀਕੋਣ ਤੋਂ ਹੀ ਕੰਮ ਕੀਤਾ ਸੀ। ਯੂਰਪੀਅਨਾਂ ਦੇ ਕਾਰਜ ਨੇ ਸਿੱਖ ਅਧਿਐਨ ਵਿਚ ਸੰਭਾਵਨਾਵਾਂ ਪੈਦਾ ਕੀਤੀਆਂ। ਹਿੰਦੂ ਲੇਖਕਾਂ ਵਿਚ ਆਰੀਆ ਸਮਾਜੀ, ਬੰਗਾਲੀ ਅਤੇ ਸੁਤੰਤਰ ਲੇਖਕਾਂ ਨੇ ਕਾਰਜ ਕੀਤੇ। ਇਹ ਕਾਰਜ ਵੀ ਸਿੱਖ ਹਿਮਾਇਤੀ ਅਤੇ ਵਿਰੋਧੀ ਪੱਖ ਤੋਂ ਸਨ। ਆਰੀਆ ਸਮਾਜੀ ਲੇਖਕਾਂ ਨੇ ਸਿੱਖ ਧਰਮ ਨੂੰ ਹਿੰਦੂ ਫਿਰਕਾ ਸਿੱਧ ਕਰਨ ਜ਼ਿਆਦਾ ਅਧਿਐਨ ਕੀਤਾ। ਬੰਗਾਲੀ ਲੇਖਕਾਂ ਨੇ ਸਿੱਖ ਅਧਿਐਨ ਨੂੰ ਅਕਾਦਮਿਕਤਾ ਵਿਚ ਪ੍ਰਵੇਸ਼ ਕਰਵਾਇਆ। ਸੁਤੰਤਰ ਲੇਖਕਾਂ ਨੇ ਸਿੱਖ ਧਰਮ ਨੂੰ ਇਸ ਦੇ ਕੁਦਰਤੀ ਸੁਭਾਅ ਅਨੁਕੂਲ ਪੇਸ਼ ਕੀਤਾ। ਇਹ ਕਾਰਜ ਹੀ ਸਿੱਖ ਅਕਾਦਮਿਕਤਾ ਦਾ ਆਧਾਰ ਬਣਿਆ। ਰੂਸੀ ਲਿਖਾਰੀਆਂ ਨੇ ਮਾਰਕਸਵਾਦੀ ਨਜ਼ਰੀਏ ਤੋਂ ਸਿੱਖ ਅਧਿਐਨ ਪੇਸ਼

94 ਉਹੀ, ਪੰਨਾ 126.

ਕੀਤਾ। ਇਸ ਨਾਲ ਸਿੱਖ ਧਰਮ ਨੂੰ ਫਿਊਡਲ ਵਿਰੋਧੀ ਇਕ ਕਿਸਾਨੀ ਲਹਿਰ ਤੱਥ ਸੀਮਤ ਕਰਨ ਦਾ ਰੁਝਾਨ ਚਲਿਆ। ਉਪਰੋਕਤ ਰੁਝਾਨਾਂ ਨੇ ਸਿੱਖ ਅਧਿਐਨ ਨੂੰ ਕਈ ਸਵਾਲਾਂ ਦੇ ਜਵਾਬ ਲੱਭਣ ਲਈ ਪ੍ਰੇਰਿਤ ਕੀਤਾ।

# ਅਧਿਆਇ ਤੀਜਾ
# ਸਿੱਖਾਂ ਵਲੋਂ ਰਚਿਆ ਸਾਹਿਤ

## ਭਾਗ–ੳ: ਰੱਖਿਆਤਮਿਕ ਸਾਹਿਤ

ਵੀਹਵੀਂ ਸਦੀ ਦੇ ਸ਼ੁਰੂ ਵਿਚ ਸਿੱਖ ਲਿਖਾਰੀਆਂ ਨੇ ਸਿੱਖ ਪਰੰਪਰਾ ਦੀ ਪੂਰਬਵਾਦੀ ਵਿਆਖਿਆ ਦੇ ਉੱਤਰ ਦੇਣੇ ਸ਼ੁਰੂ ਕਰ ਦਿੱਤੇ ਸਨ। ਇਨ੍ਹਾਂ ਸਿੱਖ ਲਿਖਾਰੀਆਂ ਦੇ ਕੋਲ ਸਿੱਖ ਸਰੋਤਾਂ ਬਾਰੇ ਚੰਗੀ ਜਾਣਕਾਰੀ ਸੀ ਤੇ ਉਹ ਪੂਰਬੀ ਵਿਆਖਿਆ ਬਾਰੇ ਵੀ ਬਿਲਕੁਲ ਗ਼ੈਰ-ਆਲੋਚਨਾਤਮਕ ਨਹੀਂ ਸਨ। ਸਿੱਖਾਂ ਦੀਆਂ ਇਹਨਾਂ ਲਿਖਤਾਂ ਨੂੰ ਦੇਖਿਆਂ ਪਤਾ ਚੱਲਦਾ ਹੈ ਕਿ ਇਨ੍ਹਾਂ ਲਿਖਤਾਂ ਨਾਲ ਸਿੱਖ ਅਧਿਐਨ ਦਾ ਯੂਰਪੀ-ਸੰਵਾਦ (European-dialogue) ਪੱਛਮੀ-ਸਿੱਖ ਸੰਵਾਦ (Western-Sikh dialogue) ਵਿਚ ਬਦਲ ਗਿਆ ਸੀ। ਇਸ ਸਮੇਂ ਵਿਚ ਬਹੁਤ ਸਾਰੇ ਪ੍ਰਮੁਖ ਲਿਖਾਰੀ ਹੋਏ ਹਨ ਜਿਨ੍ਹਾਂ ਨੇ ਇਤਿਹਾਸ, ਗੁਰਬਾਣੀ ਅਤੇ ਫ਼ਿਲਾਸਫ਼ੀ ਉੱਪਰ ਸੁਤੰਤਰਤਾ ਮਿਲਣ ਤੱਕ ਤੇ ਇਸ ਤੋਂ ਬਾਅਦ ਵੀ ਅਧਿਐਨ ਜਾਰੀ ਰੱਖਿਆ। 1947 ਈ. ਤੋਂ ਬਾਅਦ ਬਹੁਤ ਸਾਰੇ ਨਵੇਂ ਸਿੱਖ ਲਿਖਾਰੀ ਸਾਹਮਣੇ ਆਏ। ਇਸ ਸੰਬੰਧੀ ਪੂਰੇ 100 ਸਾਲ ਦੇ ਸਾਹਿਤ ਨੂੰ ਇਸ ਅਧਿਆਇ ਦਾ ਵਿਸ਼ਾ ਬਣਾਉਣਾ ਸੰਭਵ ਨਹੀਂ ਹੈ। ਪਰ ਜਿਹਨਾਂ ਲਿਖਤਾਂ ਨਾਲ ਨਵੇਂ ਰੁਝਾਨ ਆਏ ਉਨ੍ਹਾਂ ਨੂੰ ਇਸ ਅਧਿਆਇ ਦਾ ਹਿੱਸਾ ਬਣਾਇਆ ਜਾ ਰਿਹਾ ਹੈ। ਇਹ ਸਾਹਿਤ ਸਿੰਘ ਸਭਾ ਲਹਿਰ ਦੀ ਚੇਤਨਾ ਵਿਚ ਈਸਾਈਆਂ, ਆਰੀਆ ਸਮਾਜੀਆਂ, ਬ੍ਰਹਮੋ ਸਮਾਜੀਆਂ, ਅਹਿਮਦੀਆ ਲਹਿਰ ਆਦਿ ਦੇ ਸਾਹਿਤਕ ਹਮਲੇ ਪਿੱਛੋਂ ਰੱਖਿਆਤਮਿਕ ਪੱਖ ਤੋਂ ਲਿਖਿਆ ਗਿਆ ਹੈ। ਇੱਥੇ ਸਭ ਤੋਂ ਪਹਿਲਾਂ ਅਸੀਂ ਇਤਿਹਾਸ ਲਿਖਣ ਵਾਲੇ ਸਿੱਖ ਲਿਖਾਰੀਆਂ ਦੀਆਂ ਲਿਖਤਾਂ ਦਾ ਅਧਿਐਨ ਕਰਾਂਗੇ ਜਿਨ੍ਹਾਂ ਨੇ ਸਿੱਖ ਇਤਿਹਾਸ ਰੱਖਿਆਤਮਿਕ ਅਤੇ ਸਿਰਜਣਾਤਮਕ ਪੱਖ ਤੋਂ ਲਿਖਿਆ ਹੈ।

ਵੀਹਵੀਂ ਸਦੀ ਦੇ ਸ਼ੁਰੂ ਵਿਚ ਇਤਿਹਾਸ ਲਿਖਣ ਵਾਲੇ ਲੇਖਕਾਂ ਵਿਚ ਸੇਵਾ ਰਾਮ ਸਿੰਘ ਦਾ ਨਾਂ ਪ੍ਰਮੁਖ ਹੈ। ਸੇਵਾ ਰਾਮ ਸਿੰਘ ਨੇ ਕਿਤਾਬ *Divine Master: Guru Nanak Dev Ji* ਲਿਖੀ। ਸੇਵਾ ਰਾਮ ਸਿੰਘ ਤੋਂ ਪਹਿਲਾਂ ਦੇ ਅੰਗਰੇਜ਼ ਲਿਖਾਰੀਆਂ ਨੇ ਸਿੱਖਾਂ ਨੂੰ ਬਹੁਤ ਥੋੜੇ ਸਮੇਂ ਵਿਚ ਰਾਜ-ਭਾਗ ਸੰਭਾਲਦੇ ਦੇਖਿਆ ਸੀ। ਇਸ ਕਰਕੇ *John Malcolm, W.L.M Gregor* ਅਤੇ *J.D. Cunningham* ਨੇ ਸਿੱਖਾਂ ਦਾ ਇਤਿਹਾਸ ਰਾਜਨੀਤਿਕ ਪੱਖ ਤੋਂ ਲਿਖਿਆ। ਇਹਨਾਂ ਲਿਖਾਰੀਆਂ ਨੇ ਮੁਢਲੀ ਸਿੱਖ ਪਰੰਪਰਾ ਨੂੰ ਲਿਖਤਾਂ ਦਾ ਹਿੱਸਾ ਨਹੀਂ ਬਣਾਇਆ ਸੀ। ਇਸ

ਕਰਕੇ ਇਹ ਉਪਰੋਕਤ ਅੰਗਰੇਜ਼ ਲਿਖਾਰੀ ਖ਼ਾਲਸਾ ਸੰਸਥਾ ਦੀ ਉਤਪੱਤੀ ਤੇ ਵਿਕਾਸ ਬਾਰੇ ਗ਼ਲਤ ਸਮਝ ਰੱਖ ਕੇ ਭੁਲੇਖਾ-ਪਾਊ ਲਿਖ ਗਏ। ਇਹ ਸਾਰੇ ਮੁੱਦੇ ਸੇਵਾ ਰਾਮ ਸਿੰਘ ਨੇ ਸਿੱਖ ਪਰੰਪਰਾ ਰਾਹੀਂ ਸੁਲਝਾਉਣ ਦੀ ਕੋਸ਼ਿਸ਼ ਕੀਤੀ ਸੀ। ਸੇਵਾ ਰਾਮ ਸਿੰਘ ਲਿਖਦਾ ਹੈ ਕਿ ਯੂਰਪੀਅਨ ਲੇਖਕ ਜਿਵੇਂ *John Malcolm, W.L.M. Gregor* ਅਤੇ *J.D. Cunningham* ਨੇ ਸਿੱਖਾਂ ਦੀ ਮੁਢਲੀ ਪਰੰਪਰਾ ਤੋਂ ਜ਼ਿਆਦਾ ਸਿੱਖਾਂ ਦੇ ਰਾਜਨੀਤਿਕ ਇਤਿਹਾਸ ਉੱਪਰ ਧਿਆਨ ਦਿੱਤਾ ਹੈ। ਇਨ੍ਹਾਂ ਦਾ ਕੰਮ ਸਿੱਖਾਂ ਦੀ ਮੁੱਢਲੀ ਪਰੰਪਰਾ ਨਾਲ ਸੰਬੰਧਤ ਮੁੱਦਿਆਂ ਬਾਰੇ ਸਾਫ਼ ਨਹੀਂ ਹੈ।[1] ਸੇਵਾ ਰਾਮ ਸਿੰਘ ਕੰਮ ਕਰਨ ਵਿਚ ਆਉਂਦੀਆਂ ਮੁਸ਼ਕਲਾਂ ਤੋਂ ਵੀ ਸੁਚੇਤ ਹੈ। ਉਸਨੂੰ ਗੁਰੂ ਨਾਨਕ ਸਾਹਿਬ ਜੀ ਦੀ ਜੀਵਨੀ ਨਾਲ ਸੰਬੰਧਤ ਮੌਲਿਕ ਸਰੋਤਾਂ ਦੇ ਰਲਗੱਡ ਹੋਣ (chaotic) ਅਤੇ ਗੁਮਰਾਹ ਕਰਨ ਵਾਲਾ (Misleading) ਹੋਣ ਬਾਰੇ ਪਤਾ ਹੈ ਤਾਂ ਹੀ ਉਹ ਜਨਮਸਾਖੀਆਂ ਦੀ ਮੌਲਿਕਤਾ ਉੱਪਰ ਗੰਭੀਰ ਪ੍ਰਸ਼ਨ ਖੜ੍ਹੇ ਕਰਦਾ ਹੈ।[2] ਸੇਵਾ ਰਾਮ ਸਿੰਘ ਨੇ ਆਪਣੀ ਕਿਤਾਬ ਨੂੰ ਅਠਾਰਾਂ ਅਧਿਆਇਆਂ ਵਿਚ ਵੰਡਿਆ ਹੋਇਆ ਹੈ। ਜਿਸ ਵਿਚ ਆਖ਼ਰੀ ਚਾਰ ਅਧਿਆਇ ਗੁਰੂ ਨਾਨਕ ਸਾਹਿਬ ਦੇ 'Creed, Church, method ਅਤੇ personality' ਨਾਲ ਸੰਬੰਧਤ ਹਨ। ਕੁਝ ਯੂਰਪੀਅਨ ਲਿਖਾਰੀਆਂ ਨੇ ਭਗਤ ਕਬੀਰ ਜੀ ਨੂੰ ਗੁਰੂ ਨਾਨਕ ਜੀ ਦਾ ਗੁਰੂ ਲਿਖਿਆ ਹੈ। ਪਰ ਸੇਵਾ ਰਾਮ ਸਿੰਘ ਨੇ ਇਸਦਾ ਜਵਾਬ ਦਿੱਤਾ ਹੈ ਕਿ ਗੁਰੂ ਜੀ ਭਗਤ ਕਬੀਰ ਜੀ ਨੂੰ ਬਨਾਰਸ ਆਪਣੀਆਂ ਯਾਤਰਾਵਾਂ ਦੌਰਾਨ ਮਿਲੇ ਸਨ। ਪਰ ਇਸ ਸਮੇਂ ਤੱਕ ਗੁਰੂ ਜੀ ਆਪਣੇ ਮਿਸ਼ਨ ਵਿਚ ਬਹੁਤ ਅੱਗੇ ਲੰਘ ਚੁੱਕੇ ਸਨ। ਕੋਈ ਵੀ ਸਮਕਾਲੀ ਸਰੋਤ ਤੋਂ ਸਿੱਧ ਨਹੀਂ ਹੁੰਦਾ ਕਿ ਕਬੀਰ ਜੀ ਗੁਰੂ ਨਾਨਕ ਜੀ ਦੇ ਗੁਰੂ ਸਨ।[3] ਲੇਖਕ ਨੇ ਅਰਨਸਟ ਟਰੰਪ ਦੀ ਇਹ ਧਾਰਨਾ ਕਿ ਗੁਰੂ ਨਾਨਕ ਜੀ ਨੇ ਜਾਤ-ਪਾਤ ਸੰਸਥਾ ਦਾ ਸਿੱਧੇ ਤੌਰ 'ਤੇ ਵਿਰੋਧ ਨਹੀਂ ਕੀਤਾ ਦੇ ਜਵਾਬ ਵਿਚ ਲਿਖਦਾ ਹੈ, "The Master Knew that Spiritual and Social Progress Could not be possible under system of privileges, which vested the Monopoly of spiritual evolution and religious sancity in the higher castes, and debarred those of the power castes from these advantages,"[4] ਇਸ ਕਿਤਾਬ ਲਈ ਸੇਵਾ ਰਾਮ ਸਿੰਘ ਨੂੰ ਸਿੱਖਾਂ ਤੇ ਯੂਰਪੀਅਨ ਦੋਹਾਂ ਨੇ ਹੀ ਪ੍ਰਸੰਸਾਮਈ ਚਿੱਠੀਆਂ ਲਿਖੀਆਂ ਸਨ।

---

1 Sewa Ram Singh, *The Divine Master: Life and Teachings of Guru Nanak* (Ed.), Prithipal Singh Kapur, A.B.S. Publications, Jalunder, 1988, pp. IX-X.

2 *Ibid*

3 *Ibid.*, p. 25.

4 *Ibid.*, p. 167.

ਨਾਭਾ ਦੇ ਰਾਜਾ ਹੀਰਾ ਸਿੰਘ ਨੇ ਲੇਖਕ ਨੂੰ ਖ਼ਿਲਤ (Robe of Honour) ਭੇਜੀ ਸੀ। ਕੁਝ ਸਾਲਾਂ ਵਿਚ ਹੀ ਇਹ ਕਿਤਾਬ ਦੀ ਸਾਰੀ ਛਪਵਾਈ ਵਿਕ ਗਈ ਸੀ। 1920 ਈ. ਦੇ ਅੰਤ ਤੱਕ ਸਿੱਖ ਧਰਮ ਬਾਰੇ ਅੰਗਰੇਜ਼ੀ ਵਿਚ ਸਾਹਿਤ ਦੀ ਬਹੁਤ ਮੰਗ ਵੱਧ ਗਈ ਸੀ। ਜਿਸ ਕਾਰਨ ਚੀਫ਼ ਖ਼ਾਲਸਾ ਦੀਵਾਨ ਸੇਵਾ ਰਾਮ ਸਿੰਘ ਦੀ ਇਸ ਕਿਤਾਬ ਨੂੰ ਮੁੜ ਪ੍ਰਕਾਸ਼ਿਤ ਕਰਵਾਉਣਾ ਚਾਹੁੰਦਾ ਸੀ।[5] ਇਸ ਤਰ੍ਹਾਂ *The Divine Master* ਕਿਤਾਬ ਆਉਣ ਨਾਲ ਲਗਪਗ ਪਹਿਲੀ ਵਾਰ ਯੂਰਪੀਅਨ ਲਿਖਾਰੀਆਂ ਵੱਲੋਂ ਪ੍ਰਚੱਲਤ ਗ਼ਲਤ ਧਾਰਨਾਵਾਂ ਦੇ ਜਵਾਬ ਦਿੱਤੇ ਗਏ ਤੇ ਨਵੇਂ ਸਿੱਧਾਂਤ ਸਾਹਮਣੇ ਲਿਆਂਦੇ ਗਏ। ਇਸ ਨਾਲ ਸਿੱਖਾਂ ਵਿਚ ਇਤਿਹਾਸਿਕ ਤੇ ਸਿਧਾਂਤਕ ਪੱਖ ਤੋਂ ਰਖਿਆਤਮਕ ਅਤੇ ਸਿਰਜਣਾਤਮਕ ਅਧਿਐਨ ਕਰਨ ਦਾ ਰੁਝਾਨ ਸ਼ੁਰੂ ਹੋਇਆ। ਇਹ ਗੁਰੂ ਨਾਨਕ ਸਾਹਿਬ ਬਾਰੇ ਕਿਸੇ ਸਿੱਖ ਵੱਲੋਂ ਅੰਗਰੇਜ਼ੀ ਭਾਸ਼ਾ ਵਿਚ ਲਿਖੀ ਗਈ ਪਹਿਲੀ ਜੀਵਨੀ ਮੰਨੀ ਜਾਂਦੀ ਹੈ।

ਭਗਤ ਲਕਸ਼ਮਨ ਸਿੰਘ ਗੁਰੂ ਗੋਬਿੰਦ ਸਿੰਘ ਜੀ ਦੀ ਅੰਗਰੇਜ਼ੀ ਵਿਚ ਜੀਵਨੀ ਲਿਖਣ ਵਾਲਾ ਪਹਿਲਾ ਸਿੱਖ ਜੀਵਨੀਕਾਰ ਹੈ। ਉਹ Goden Mission College ਰਾਵਲਪਿੰਡੀ ਵਿਖੇ ਇਤਿਹਾਸ ਤੇ ਅੰਗਰੇਜ਼ੀ ਸਾਹਿਤ ਦਾ ਅਧਿਆਪਕ ਸੀ।[6] ਉਸਨੇ ਦੇਖਿਆ ਕਿ ਕਿਸੇ ਵੀ ਯੂਰਪੀਅਨ ਲਿਖਾਰੀ ਨੇ ਗੁਰੂ ਗੋਬਿੰਦ ਸਿੰਘ ਜੀ ਦਾ ਮੁਕੰਮਲ ਇਤਿਹਾਸ ਨਹੀਂ ਲਿਖਿਆ ਤੇ ਭਾਰਤੀ ਗ਼ੈਰ-ਸਿੱਖ ਲਿਖਾਰੀਆਂ ਨੇ ਗੁਰੂ ਜੀ ਦੀ ਭੂਮਿਕਾ ਇਕ ਰਾਜਨੀਤਿਕ ਵਜੋਂ ਹੀ ਵਿਖਾਈ ਹੈ। ਭਗਤ ਲਕਸ਼ਮਨ ਸਿੰਘ ਨੇ ਗੁਰੂ ਗੋਬਿੰਦ ਸਿੰਘ ਦੀ ਜੀਵਨੀ ਲਿਖਣ ਪ੍ਰਤੀ ਵਿਵੇਕਸ਼ੀਲ (rational) ਅਤੇ ਮਾਨਵਵਾਦੀ (humanistic) ਪਹੁੰਚ ਵਿਧੀ (approach) ਅਪਨਾਈ ਸੀ। ਲੇਖਕ ਨੇ ਕਰਾਮਾਤੀ ਅੰਸ਼ ਇਸ ਜੀਵਨੀ ਵਿਚ ਸ਼ਾਮਿਲ ਨਹੀਂ ਕੀਤੇ ਹਨ।[7] ਲੇਖਕ ਨੇ ਦੇਵੀ ਪ੍ਰਗਟ ਕਰਨ ਵਾਲੀ ਘਟਨਾ ਦੀ ਤਰਕਪੂਰਨ ਵਿਆਖਿਆ ਦਿਤੀ ਹੈ। ਇਕ ਪੰਡਤ ਦੇ ਕਹਿਣ 'ਤੇ ਦੇਵੀ ਪ੍ਰਗਟ ਕਰਨ ਲਈ ਇਕ ਪਹਾੜੀ ਉੱਪਰ ਸਮੱਗਰੀ ਇਕੱਤਰ ਕਰਕੇ ਪੂਜਾ ਸ਼ੁਰੂ ਹੁੰਦੀ ਹੈ। ਕਈ ਦਿਨਾਂ ਬਾਅਦ ਵੀ ਜਦ ਪੰਡਤ ਕੋਲੋਂ ਦੇਵੀ ਪ੍ਰਗਟ ਨਹੀਂ ਹੁੰਦੀ ਤਾਂ ਇਕ ਰਾਤ ਉਹ ਡਰਦਾ ਭੱਜ ਜਾਂਦਾ ਹੈ। ਗੁਰੂ ਜੀ ਉਸ ਸਮੱਗਰੀ ਨੂੰ ਅੱਗ ਵਿਚ ਸੁੱਟਵਾ ਦਿੰਦੇ

---

5. J.S. Grewal, *Contesting Interpretation of the Sikh Tradition,* Manohar Publishers & Distributers, New Delhi, 1998, p. 60.
6. *Ibid.*, p. 67.
7. Bhagat Lakshman Singh, *A Short Skethch of the Life and Work of Guru Gobind Singh,* Language Department Punjab, 2002, pp.156-160.

ਹਨ ਤਾਂ ਬਹੁਤ ਉੱਚੀ ਅੱਗ ਦੀ ਲਾਟ ਉੱਠਦੀ ਹੈ, ਜਿਸ ਨੂੰ ਲੋਕ ਦੇਵੀ ਪ੍ਰਗਟ ਹੋਈ ਸਮਝ ਬੈਠਦੇ ਹਨ। ਲੇਖਕ ਅਨੁਸਾਰ ਸਿੱਖਾਂ ਕੋਲ ਇਸ ਸਾਰੀ ਘਟਨਾ ਦੀ ਸੱਚਾਈ ਲੋਕਾਂ ਸਾਹਮਣੇ ਪੇਸ਼ ਕਰਨ ਦਾ ਸਮਾਂ ਨਹੀਂ ਸੀ।[8] ਲੇਖਕ ਨੇ ਰਾਸ਼ਟਰਵਾਦ ਬਾਰੇ ਕਿਹਾ ਹੈ ਕਿ ਭਾਰਤੀ ਰਾਸ਼ਟਰਵਾਦ ਭਵਿਖ ਵਿਚ ਨਾ ਹਿੰਦੂ, ਨਾ ਮੁਸਲਿਮ ਅਤੇ ਨਾ ਹੀ ਈਸਾਈ ਰਾਸ਼ਟਰ ਹੋਵੇਗਾ ਪਰ ਇਹ ਸ੍ਰੇਸ਼ਠ (Noblest) ਪਰੰਪਰਾ 'ਤੇ ਆਧਾਰਿਤ ਹੋਵੇਗਾ।[9] ਲੇਖਕ ਅਨੁਸਾਰ ਗੁਰੂ ਜੀ ਦਾ ਧਰਮ ਮਨੁੱਖ ਲਈ ਪਿਆਰ ਤੇ ਪਰਮਾਤਮਾ ਪ੍ਰਤੀ ਭਗਤੀ ਦਾ ਧਰਮ ਹੈ। ਗੁਰੂ ਜੀ ਦੀ ਸਾਰੀ ਉਮਰ ਦੇਸ਼ ਦੀ ਇਕਸਾਰਤਾ ਭਰੇ ਵਿਕਾਸ ਲਈ ਮਿਹਨਤ ਸੀ।[10]

ਸਿੱਖ ਅਧਿਐਨ ਨੂੰ ਨਵਾਂ ਰੂਪ ਤੇ ਵਿਸਥਾਰ ਦੇਣ ਵਾਲਾ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ ਸੀ। ਸਿੰਘ ਸਭਾ ਲਹਿਰ ਦਾ ਇਹ ਪ੍ਰਮੁਖ ਵਿਦਵਾਨ 1930 ਈ. ਵਿਚ ਗੁਰਸ਼ਬਦ ਰਤਨਾਕਰ ਮਹਾਨ ਕੋਸ਼ ਪ੍ਰਕਾਸ਼ਿਤ ਕਰਵਾਉਂਦਾ ਹੈ। ਇਹ ਵਿਸ਼ਾਲ ਕੰਮ ਉਸਨੇ 1912 ਈ. ਵਿਚ ਸ਼ੁਰੂ ਕੀਤਾ ਤੇ 1926 ਈ. ਵਿਚ ਖ਼ਤਮ ਕੀਤਾ ਸੀ। ਇਸ ਗ੍ਰੰਥ ਵਿਚ ਗੁਰੂ ਗ੍ਰੰਥ ਸਾਹਿਬ, ਦਸਮ ਗ੍ਰੰਥ, ਤੇ ਹੋਰ ਦਰਜਨਾਂ ਗ੍ਰੰਥਾਂ ਵਿਚੋਂ ਸ਼ਬਦ ਇਕੱਤਰ ਕਰਕੇ ਸ਼ਾਮਿਲ ਕੀਤੇ ਸਨ ਅਤੇ ਉਹਨਾਂ ਦੀ ਸਿੱਖ ਨਜ਼ਰੀਏ ਤੋਂ ਵਿਆਖਿਆ ਪੇਸ਼ ਕੀਤੀ ਸੀ। ਇਹ ਗ੍ਰੰਥ ਗੁਰਮਤਿ ਪ੍ਰਭਾਕਰ ਅਤੇ ਹਮ ਹਿੰਦੂ ਨਹੀਂ ਦਾ ਸਿਖ਼ਰ ਸੀ। ਇਸ ਕੋਸ਼ ਦੀ ਖ਼ਾਸੀਅਤ ਇਹ ਹੈ ਕਿ ਨਾਭਾ ਜੀ ਨੇ ਧਾਰਨਾਵਾਂ ਨੂੰ ਗੁਰਮਤਿ ਅਨੁਸਾਰ ਸਹੀਂ ਜਾਂ ਗ਼ਲਤ ਦਾ ਫ਼ੈਸਲਾ ਦਿੱਤਾ ਸੀ। ਇਸ ਗ੍ਰੰਥ ਨੇ ਸਿੱਖ ਸਿੱਧਾਂਤਕਾਰੀ ਨੂੰ ਨਵੀਂ ਸੇਧ ਦਿੱਤੀ ਜਿਸ ਨਾਲ ਸਿੱਖ ਸਿੱਧਾਂਤ ਦੀ ਵਿਲੱਖਣਤਾ ਦਾ ਰੁਝਾਨ ਆਇਆ। ਜਿਵੇਂ ਬ੍ਰਹਮ ਸ਼ਬਦ ਬਾਰੇ ਮਹਾਨਕੋਸ਼ ਵਿਚ ਸਿੱਖ ਧਰਮ ਦੇ ਸਿਧਾਂਤਾਂ ਅਨੁਸਾਰ ਸਭ ਤੋਂ ਵਧਿਆ ਹੋਇਆ, ਕਰਤਾਰ, ਜਗਤਨਾਥ, ਵਾਹਗੁਰੂ ਲਿਖਦਾ ਹੈ। ਫਿਰ ਸਿੱਖ ਧਰਮ ਤੇ ਹਿੰਦੂ ਧਰਮ ਦੇ ਬ੍ਰਹਮ ਵਿਚ ਫਰਕ ਦੱਸਣ ਲਈ ਤਿੰਨ ਨੰਬਰ ਇੰਦਰਾਜ ਵਿਚ ਲਿਖਦੇ ਹਨ ਬ੍ਰਾਹਮਣ ਹਿੰਦੂ ਜਾਤਿ ਦਾ ਪਹਿਲਾ ਵਰਣ।[11]

ਭਾਈ ਕਾਨ੍ਹ ਸਿੰਘ ਨਾਭਾ ਤੋਂ ਬਾਅਦ ਸਿੱਖ ਧਰਮ ਦੀ ਵਿਆਖਿਆ ਸੰਬੰਧੀ ਕਾਰਜ ਨੂੰ ਪ੍ਰਿੰ. ਤੇਜਾ ਸਿੰਘ ਨੇ ਅੱਗੇ ਤੋਰਿਆ ਸੀ, ਜੋ ਭਾਈ ਕਾਨ੍ਹ ਸਿੰਘ ਨਾਭਾ ਦੇ ਮਹਾਨ ਕੋਸ਼ ਨੂੰ

---

8 *Ibid.*, pp. 28–29.

9 *Ibid.*, p. 134.

10 *Ibid*, p. 139.

11 ਭਾਈ ਕਾਨ੍ਹ ਸਿੰਘ ਨਾਭਾ, ਗੁਰਸ਼ਬਦ ਰਤਨਾਕਰ ਮਹਾਨਕੋਸ਼, ਨੈਸ਼ਨਲ ਬੁਕ ਸ਼ਾਪ, ਦਿੱਲੀ, 2005, ਪੰਨਾ 896.

ਅੰਤਿਮ ਰੂਪ ਦੇਣ ਵਿਚ ਉਸਦਾ ਸਹਾਇਕ ਵੀ ਸੀ। ਮਹਾਨ ਕੋਸ਼ ਦੀ ਗਰਮਜੋਸ਼ੀ ਪ੍ਰਸੰਸਾ ਵਿਚ ਤੇਜਾ ਸਿੰਘ ਨੇ ਦੋ ਸ਼ਬਦ ਵੀ ਲਿਖੇ ਸਨ। ਡਾ. ਜੇ.ਐੱਸ. ਗਰੇਵਾਲ ਅਨੁਸਾਰ ਪ੍ਰਿੰ. ਤੇਜਾ ਸਿੰਘ, ਗੁਰਦੁਆਰਾ ਸੁਧਾਰ ਲਹਿਰ ਦਾ ਸਰਗਰਮ ਆਗੂ ਸੀ। 1922 ਈ. ਵਿਚ ਉਸਦੀਆਂ ਕਿਤਾਬਾਂ *Gurdawara Reform Movement* ਤੇ *Guru Nanak and His Mission* ਪ੍ਰਕਾਸ਼ਿਤ ਹੋਈਆਂ। 1924 ਈ. ਵਿਚ ਆਸਾ ਦੀ ਵਾਰ ਦਾ ਅੰਗਰੇਜ਼ੀ ਤਰਜਮਾ ਤੇ ਜਪੁ ਬਾਣੀ ਦਾ ਤਰਜਮਾ ਸਾਹਮਣੇ ਆਇਆ। 1937 ਈ. ਵਿਚ ਸੁਖਮਨੀ ਸਾਹਿਬ ਦਾ ਅੰਗਰੇਜ਼ੀ ਤਰਜਮਾ ਆਇਆ।[12] ਪ੍ਰਿੰ. ਤੇਜਾ ਸਿੰਘ ਦੀਆਂ ਲਿਖਤਾਂ ਦਾ ਮੁੱਖ ਮਕਸਦ ਇਕ ਤਾਂ ਸਿੱਖ ਧਰਮ ਦੀ ਇਸਦੇ ਸ਼ੁੱਧ ਸਿੱਧਾਂਤਾਂ ਅਨੁਸਾਰ ਵਿਆਖਿਆ ਕਰਨਾ ਸੀ। ਦੂਸਰਾ ਸਿੱਖ ਧਰਮ ਦੀ ਇਸ ਵਿਆਖਿਆ ਦਾ ਪ੍ਰਚਾਰ ਸਿੱਖਾਂ ਤੇ ਗ਼ੈਰ ਸਿੱਖਾਂ ਦੋਹਾਂ ਵਿਚ ਇਕੋ ਜਿਹਾ ਕਰਨਾ ਸੀ। ਪ੍ਰਿੰ. ਤੇਜਾ ਸਿੰਘ ਦਾ ਬਹੁਤ ਹੀ ਵਿਦਵਤਾ ਭਰਪੂਰ ਕੰਮ ਸ਼ਬਦਾਰਥ ਗੁਰੂ ਗ੍ਰੰਥ ਸਾਹਿਬ ਹੈ। ਡਾ. ਗੁਰਮੇਲ ਸਿੰਘ ਅਨੁਸਾਰ, ''ਇਹ ਪ੍ਰਿੰ. ਤੇਜਾ ਸਿੰਘ ਤੇ ਉਸਦੇ ਸੁਹਿਰਦ ਸਾਥੀਆਂ (ਵਿਸ਼ੇਸ਼ਕਰ ਬਾਵਾ ਕ੍ਰਿਸ਼ਨ ਸਿੰਘ ਤੇ ਪ੍ਰਿੰ. ਨਰਾਇਣ ਸਿੰਘ) ਦੀ ਸਮਰੱਥਾ ਦਾ ਪ੍ਰਕਾਸ਼ਿਤ ਦਸਤਾਵੇਜ਼ ਹੈ ਤੇ ਪੰਜਾਬੀ ਬੋਲੀ (ਜਿਸ ਨੂੰ ਪ੍ਰਿੰ. ਤੇਜਾ ਸਿੰਘ ਤੇ ਉਸਦੇ ਸਾਥੀ ਜਾਤੀ ਤੌਰ 'ਤੇ ਭਾਵਨਾ ਦੀ ਪੱਧਰ ਤੱਕ ਮਾਂ ਕਬੂਲਦੇ ਸਨ) ਵਿਚ ਬਾਣੀ ਅਧਿਐਨ ਦੀ ਸੁਚੇਤ ਚਿੰਤਨ ਪਰੰਪਰਾ ਸਥਾਪਿਤ ਕਰਨ ਦਾ ਸੰਭਵ ਯਤਨ ਹੈ। ਇਸ ਕਾਰਜ ਨੇ ਸਿੱਖ ਆਮ ਦੇ ਅਵਚੇਤਨ ਵਿਚ ਥਾਂ ਬਨਾਉਣ ਦੇ ਨਾਲ-ਨਾਲ ਅਕਾਦਮਿਕ ਜਗਤ ਵਿਚ ਸਥਿਰ ਥਾਂ ਬਣਾਈ ਹੈ।''[13] ਸ਼ਬਦਾਰਥ ਤੋਂ ਪਹਿਲਾਂ ਪ੍ਰਾਪਤ ਕੁਝ ਵਿਆਖਿਆਵਾਂ (ਜਿਵੇਂ, ਉਦਾਸੀ, ਨਿਰਮਲਾ ਜਾਂ ਫਰੀਦਕੋਟੀ ਟੀਕਾ ਆਦਿਕ) ਜਿੱਥੇ ਭਾਸ਼ਾਈ ਪਰੰਪਰਾ ਦੇ ਸ਼ਬਦ-ਖੇਤਰ, ਅਰਥ-ਖੇਤਰ ਵਿਚ ਹੀ ਘਿਰੀਆਂ ਦਿਖਦੀਆਂ ਹਨ ਉੱਥੇ ਸ਼ਬਦਾਰਥ ਭਾਸ਼ਾਈ ਤੇ ਸੰਪ੍ਰਦਾਈ ਖੇਤਰ ਤੋਂ ਪਾਰ ਬਾਣੀ ਖੇਤਰ ਵਿਚ ਅਰਥ ਪ੍ਰਸਤੁਤ ਕਰਦਾ ਹੈ। ਇਸ ਤੋਂ ਇਲਾਵਾ ਪ੍ਰਿੰ. ਤੇਜਾ ਸਿੰਘ ਦੁਆਰਾ ਲਿਖਤ ਸਿੱਖ ਇਤਿਹਾਸ ਤਿੰਨ ਭਾਗਾਂ ਵਿਚ ਛਪਿਆ ਵੀ ਮਹੱਤਵਪੂਰਨ ਕਾਰਜ ਹੈ।

ਸਿੱਖ ਇਤਿਹਾਸ ਅਤੇ ਫ਼ਿਲਾਸਫ਼ੀ 'ਤੇ ਪਹਿਲਾ ਵਿਸਤ੍ਰਿਤ ਕੰਮ ਖ਼ਜ਼ਾਨ ਸਿੰਘ ਵੱਲੋਂ ਪੇਸ਼ ਕੀਤਾ ਗਿਆ ਸੀ। ਖ਼ਜ਼ਾਨ ਸਿੰਘ ਨੇ ਆਪਣੀ ਕਿਤਾਬ *History and Philosophy of Sikhism*

---

[12] J.S. Grewal, *Contesting Interpretation of the Sikh Tradition*, p. 83.

[13] ਗੁਰਮੇਲ ਸਿੰਘ, ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਇਤਿਹਾਸ ਅਤੇ ਮੁਲਾਂਕਣ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2016, ਪੰਨਾ 115.

ਦੋ ਜਿਲਦਾਂ ਵਿਚ 1914 ਈ. ਵਿਚ ਪ੍ਰਕਾਸ਼ਿਤ ਕਰਵਾਈ ਸੀ। ਲੇਖਕ ਇਸ ਗੱਲ ਤੋਂ ਸੁਚੇਤ ਸੀ ਕਿ ਸਿੱਖ ਧਰਮ ਉੱਪਰ ਕਈ ਲਿਖਾਰੀਆਂ ਦਾ ਕੰਮ ਆ ਚੁੱਕਾ ਹੈ ਤੇ ਪਹਿਲਾਂ ਹੋ ਚੁੱਕੇ ਕੰਮ ਦੀਆਂ ਬਹੁਤ ਸਾਰੀਆਂ ਸੀਮਾਵਾਂ ਹਨ। ਲੇਖਕ ਨੇ ਮੂਲ ਸਰੋਤਾਂ ਨੂੰ ਆਲੋਚਨਾਤਮਕ ਪਹੁੰਚ ਨਾਲ ਅਧਿਐਨ ਕਰ ਕੇ ਤੱਥ ਪੇਸ਼ ਕੀਤੇ ਹਨ। ਖ਼ਜਾਨ ਸਿੰਘ ਨੇ ਆਦਿ ਗ੍ਰੰਥ ਤੇ ਵਾਰਾਂ ਭਾਈ ਗੁਰਦਾਸ ਨੂੰ ਮੌਲਿਕ ਤੇ ਸ਼ੁੱਧ ਸਰੋਤ ਮੰਨ ਕੇ ਕੰਮ ਕੀਤਾ ਹੈ। ਖ਼ਜਾਨ ਸਿੰਘ ਨੇ ਇਹ ਤੱਥ ਪੇਸ਼ ਕੀਤਾ ਹੈ ਕਿ ਗੁਰੂ ਨਾਨਕ ਜੀ ਦੇ ਸਾਰੇ ਸ਼ਬਦ ਗੁਰੂ ਅਰਜਨ ਸਾਹਿਬ ਨੇ ਆਦਿ ਗ੍ਰੰਥ ਵਿਚ ਸ਼ਾਮਿਲ ਨਹੀਂ ਕੀਤੇ ਸਨ ਅਤੇ ਜੋ ਉਹ ਉਪਲੱਬਧ ਨਹੀਂ ਸਨ ਉਹ ਜਾਣ ਬੁੱਝ ਕੇ ਛੱਡ ਦਿੱਤੇ।[14] ਖ਼ਜਾਨ ਸਿੰਘ ਸਿੱਖਾਂ ਦੇ ਰਾਜਨੀਤਿਕ ਇਤਿਹਾਸ ਦੀ ਥਾਂ ਤੇ ਮੁਢਲੀ ਸਿੱਖ ਪਰੰਪਰਾ ਨੂੰ ਪੇਸ਼ ਕਰਨ ਵੱਲ ਰੁਚਿਤ ਹੈ। ਇਸ ਵਿਚ ਵੀ ਉਹ ਗੁਰੂ ਨਾਨਕ ਜੀ ਤੇ ਗੁਰੂ ਗੋਬਿੰਦ ਸਿੰਘ ਨੂੰ ਜ਼ਿਆਦਾ ਮਹੱਤਵ ਦਿੰਦਾ ਹੈ। ਖ਼ਜਾਨ ਸਿੰਘ ਨੇ ਗੁਰੂ ਨਾਨਕ ਸਾਹਿਬ ਦੀ ਜਨਮ ਤਾਰੀਖ਼ ਤੇ ਲੰਮੀ ਬਹਿਸ ਕੀਤੀ ਹੈ। ਲੇਖਕ ਨੇ ਕਰਮ ਸਿੰਘ ਹਿਸਟੋਰੀਅਨ ਦੁਆਰਾ ਦਿੱਤੀ ਵੈਸਾਖ ਮਹੀਨੇ ਦੀ ਤਿਥੀ ਦਾ ਵਿਰੋਧ ਕਰਦਿਆਂ ਬਾਲਾ ਜਨਮਸਾਖੀ ਵਿਚ ਦਿੱਤੀ ਕੱਤਕ ਤਾਰੀਖ਼ ਪ੍ਰਮਾਣਿਕ ਮੰਨੀ ਹੈ। ਲੇਖਕ ਦਾ ਵਿਚਾਰ ਹੈ ਕਿ ਬਾਲਾ ਜਨਮਸਾਖੀ ਵਿਚ ਰਲੇ (interpolations) ਹੋ ਸਕਦੇ ਹਨ ਪਰ ਇਹ ਜਨਮਸਾਖੀ ਜਾਅਲੀ (Forgeries) ਨਹੀਂ ਹੈ।[15] ਇਸ ਨਾਲ ਗੁਰੂ ਨਾਨਕ ਸਾਹਿਬ ਦੀ ਜਨਮ ਤਿੱਥ ਉੱਪਰ ਬਹਿਸ ਦਾ ਰੁਝਾਨ ਸ਼ੁਰੂ ਹੋਇਆ ਜੋ ਅੱਜ ਤੱਕ ਜਾਰੀ ਹੈ। ਲੇਖਕ ਅਨੁਸਾਰ, *"There are also some who think that the Janamsakhi termed as Bhai Bala Singh is a Mere Forgery and that no such person ever lived as accompanied the Guru. They assign different reasons for their suspicion and in some cases they support their conjecture by the var of Bhai Gurdas. I have studied most of authorities and have examined them. There seems no reason why such a forgery should have been committed and the reasons they advance to support their views are inadequate."*[16]

ਵੀਹਵੀਂ ਸਦੀ ਦੇ ਤੀਸਰੇ ਦਹਾਕੇ ਵਿਚ ਗੁਰਦੁਆਰਾ ਸੁਧਾਰ ਲਹਿਰ ਨਾਲ ਸੰਬੰਧਤ ਲੇਖਕ ਭਾਈ ਜੋਧ ਸਿੰਘ ਸਾਹਮਣੇ ਆਉਂਦਾ ਹੈ। ਉਸਨੇ 1925 ਈ. ਵਿਚ *Religion and*

---

14 Khazan Singh, *History and Philosophy of Sikhism,* Part-I, (Ed.) Prithipal Singh Kapur, Sativic Media Pvt. Ltd. Amritsar, May 2005, pp. 26-28.

15 *Ibid.,* pp. 211-234.

16 *Ibid.,* p.42.

*Religious life conceived by Guru Nanak* ਪੁਸਤਕ ਲਿਖੀ। 1932 ਈ. ਵਿਚ ਗੁਰਮਤਿ ਨਿਰਣਯ, ਪ੍ਰਕਾਸ਼ਿਤ ਹੋਈ। 1947 ਈ. ਤੋਂ ਬਾਅਦ ਉਸਦੀ ਲਿਖਤ *Some Studies in Sikhism* (1953) ਤੇ *The Japuji,* 1956 ਈ. ਵਿਚ ਆਈ। ਗੁਰੂ ਗ੍ਰੰਥ ਸਾਹਿਬ ਦੀ ਪ੍ਰਮਾਣਿਕਤਾ ਉੱਪਰ ਕਿੰਤੂ ਕਰਨ ਦਾ ਰੁਝਾਨ ਸਿੰਘ ਸਭਾ ਭਸੌੜ ਨੇ ਸ਼ੁਰੂ ਕੀਤਾ ਸੀ ਤਾਂ ਭਾਈ ਜੋਧ ਸਿੰਘ ਨੇ 1947 ਈ. ਵਿਚ ਪ੍ਰਾਚੀਨ ਬੀੜਾਂ ਬਾਰੇ ਭੁੱਲਾਂ ਦੀ ਸੋਧ ਕਿਤਾਬ ਪ੍ਰਕਾਸ਼ਿਤ ਕਰਵਾਈ। ਇਹ ਕਿਤਾਬ ਜੀ.ਬੀ. ਸਿੰਘ ਦੀ ਕਿਤਾਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪ੍ਰਾਚੀਨ ਬੀੜਾਂ (1944) ਦੇ ਜਵਾਬ ਵਿਚ ਲਿਖੀ ਸੀ। ਜਦ ਕਰਤਾਰਪੁਰੀ ਬੀੜ ਦੀ ਪ੍ਰਮਾਣਿਕਤਾ ਉੱਪਰ ਸ਼ੰਕੇ ਉੱਠੇ ਤਾਂ ਭਾਈ ਜੋਧ ਸਿੰਘ ਨੇ 1968 ਈ. ਵਿਚ ਸ੍ਰੀ ਕਰਤਾਰਪੁਰੀ ਬੀੜ ਦੇ ਦਰਸ਼ਨ ਨਾ ਦੀ ਕਿਤਾਬ ਪਬਲਿਸ਼ ਕਰਵਾਈ। ਕਰਤਾਰਪੁਰੀ ਬੀੜ ਦੇ ਦਰਸ਼ਨ ਪੁਸਤਕ ਪ੍ਰਕਾਸ਼ਿਤ ਕਰਨ ਪਿੱਛੇ ਲੇਖਕ ਕਾਰਨ ਦੱਸਦਾ ਹੈ ਕਿ ਕਰਤਾਰਪੁਰ ਵਾਲੀ ਬੀੜ ਬਾਰੇ ਪਏ ਭੁਲੇਖਿਆਂ ਨੂੰ ਦੂਰ ਕਰਨਾ ਹੈ।[17] ਇਸ ਕਿਤਾਬ ਵਿਚ ਲੇਖਕ ਨੇ ਕਰਤਾਰਪੁਰੀ ਬੀੜ ਦੇ ਹਰੇਕ ਪੰਨੇ ਦੇ ਹਰੇਕ ਸ਼ਬਦ ਦਾ ਤਤਕਰਾ ਤਿਆਰ ਕਰਕੇ ਇਸ ਬੀੜ ਨੂੰ ਸ੍ਰੀ ਗੁਰੂ ਅਰਜਨ ਸਾਹਿਬ ਦੀ ਨਿਗਰਾਨੀ ਹੇਠ ਭਾਈ ਗੁਰਦਾਸ ਜੀ ਦੁਆਰਾ ਲਿਖੀ ਗਈ ਸਿੱਧ ਕੀਤਾ ਹੈ। ਭਾਈ ਜੋਧ ਸਿੰਘ ਗੁਰਬਾਣੀ ਦੀ ਵਿਆਖਿਆਕਾਰੀ ਵਿਚ ਬਹੁਤ ਰੁਚਿਤ ਸੀ ਅਤੇ 1930 ਈ. ਤੋਂ ਬਾਅਦ ਇਸ ਖੇਤਰ ਵਿਚ ਉਹ ਇਕ ਪ੍ਰਮਾਣਿਕ ਵਿਦਵਾਨ ਵਜੋਂ ਉਭਰਿਆ।

ਡਾ. ਮਨਜੀਤ ਸਿੰਘ ਨੇ 1901 ਈ. ਤੋਂ 1960 ਈ. ਤੱਕ ਦੇ ਕਾਲ ਖੰਡ ਨੂੰ ਪਰਿਵਰਤਨ ਕਾਲ ਅਤੇ ਨਵੀਨ ਕਾਲ ਦਾ ਨਾਮ ਦਿੱਤਾ ਹੈ।[18] ਇਸ ਪਰਿਵਰਤਨ ਕਾਲ ਵਿਚ ਜੋ ਵਾਰਤਕ ਲਿਖੀ ਗਈ ਉਸ ਵਿਚ ਸਿੱਖ ਇਤਿਹਾਸ ਪ੍ਰਮੁਖ ਵਿਸ਼ਾ ਸੀ। ਇਸ ਸਮੇਂ ਵਿਚ ਭਾਈ ਵੀਰ ਸਿੰਘ (1872–1957), ਕਰਮ ਸਿੰਘ ਹਿਸਟੋਰੀਅਨ (1884–1930) ਅਤੇ ਬਾਵਾ ਪ੍ਰੇਮ ਸਿੰਘ ਹੋਤੀ ਮਰਦਾਨ (1883–1954) ਆਦਿਕ ਵਿਦਵਾਨ ਪ੍ਰਮੁਖ ਹਨ। ਭਾਈ ਵੀਰ ਸਿੰਘ ਦੇ ਯਤਨਾਂ ਵਿਚ ਗੁਰੂ ਨਾਨਕ ਚਮਤਕਾਰ, ਅਸ਼ਟਗੁਰ ਚਮਤਕਾਰ, ਅਤੇ ਕਲਗੀਧਰ ਚਮਤਕਾਰ ਪ੍ਰਮੁਖ ਹਨ। ਇਨ੍ਹਾਂ ਪੁਸਤਕਾਂ ਦੀ ਸਮੱਗਰੀ 1920 ਈ. ਤੱਕ ਟ੍ਰੈਕਟਾਂ ਦੇ ਰੂਪ ਵਿਚ ਪ੍ਰਕਾਸ਼ਿਤ ਹੋ ਚੁੱਕੀ ਸੀ। ਭਾਈ ਵੀਰ ਸਿੰਘ ਨੇ ਗੁਰਪ੍ਰਤਾਪ ਸੂਰਜ ਗ੍ਰੰਥ ਦਾ ਸੰਪਾਦਨ ਕਰਕੇ ਹੱਥ

---

[17] ਜੋਧ ਸਿੰਘ, ਕਰਤਾਰਪੁਰੀ ਬੀੜ ਦੇ ਦਰਸ਼ਨ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2000, ਪੰਨਾ V.

[18] ਮਨਜੀਤ ਸਿੰਘ, '1960 ਤਕ ਦੀ ਪੰਜਾਬੀ ਵਾਰਤਕ: ਪੁਨਰ ਚਿੰਤਨ'; ਵੀਹਵੀਂ ਸਦੀ ਦੇ ਪੰਜਾਬੀ ਸਾਹਿਤ ਦਾ ਮੁਲਾਂਕਣ, (ਸੰਪਾ.) ਓਮ ਪ੍ਰਕਾਸ਼ ਵਸ਼ਿਸ਼ਟ, ਸਾਹਿਤ ਅਕਾਦਮੀ ਦਿੱਲੀ, 2002, ਪੰਨਾ 129.

ਲਿਖਤ ਸਾਹਿਤ ਨੂੰ ਪ੍ਰਕਾਸ਼ਿਤ ਕਰਵਾਉਣ ਦਾ ਰੁਝਾਨ ਪੈਦਾ ਕੀਤਾ। ਭਾਈ ਵੀਰ ਸਿੰਘ ਇਤਿਹਾਸ ਲਿਖਦੇ ਸਮੇਂ ਜਜ਼ਬਾਤ ਵਿਚ ਆ ਕੇ ਕਲਪਨਾ ਦਾ ਸਹਾਰਾ ਲੈਂਦੇ ਅਕਸਰ ਵੇਖੇ ਜਾ ਸਕਦੇ ਹਨ। ਉਨ੍ਹਾਂ ਦਾ ਮੰਤਵ ਸਿਰਫ਼ ਸਿੱਖ ਇਤਿਹਾਸ ਸੰਬੰਧੀ ਵਾਕਫ਼ੀ ਦੇਣਾ ਹੀ ਨਹੀਂ ਸੀ ਸਗੋਂ ਉਹ ਤਾਂ ਪਾਠਕ ਅੰਦਰ ਸਿੱਖ ਧਰਮ ਪ੍ਰਤੀ ਸ਼ਰਧਾ ਪੈਦਾ ਕਰਕੇ ਉਸ ਨੂੰ ਸਿੱਖੀ ਵਿਚ ਪ੍ਰਪੱਕ ਕਰਕੇ ਤੇ ਗ਼ੈਰ ਸਿੱਖ ਨੂੰ ਸਿੱਖ ਧਰਮ ਵਿਚ ਰੂਪਾਂਤਰਿਤ ਕਰ ਰਹੇ ਸਨ। ਭਾਈ ਵੀਰ ਸਿੰਘ ਰਚਿਤ ਸਾਹਿਤ ਨੇ ਕਿੱਸਾ ਲਹਿਰ ਦੀ ਥਾਂ ਲੈ ਲਈ ਸੀ। ਡਾ. ਸੁਤਿੰਦਰ ਸਿੰਘ ਨੂਰ ਅਨੁਸਾਰ, ''ਵੀਹਵੀਂ ਸਦੀ ਦਾ ਪੰਜਾਬੀ ਸਾਹਿਤ ਭਾਈ ਵੀਰ ਸਿੰਘ ਦੇ ਮਹਾਂਕਾਵਿ ਰਾਣਾ ਸੂਰਤ ਸਿੰਘ ਨਾਲ ਆਪਣੀਆਂ ਅੱਖਾਂ ਖੋਲ੍ਹਦਾ ਹੈ। ਇਸ ਮਹਾਂਕਾਵਿ ਦੇ ਸਾਹਮਣੇ ਆਉਣ ਨਾਲ ਹੀ ਕਿੱਸਾ ਲਹਿਰ ਦੇ ਅਸਲ ਸਮਾਪਨ ਦਾ ਐਲਾਨ ਹੁੰਦਾ ਹੈ।''[19] ਮਨਜੀਤ ਸਿੰਘ ਅਨੁਸਾਰ 1920 ਈ. ਤੋਂ 1936 ਈ. ਦੇ ਵਿਚਕਾਰ ਅਤੇ ਇਸ ਕਾਲ ਖੰਡ ਤੋਂ ਮਗਰੋਂ ਵਾਰਤਕ ਕਲਾ ਵਜੋਂ ਵੀ ਵਿਗਸਦੀ ਹੈ ਅਤੇ ਸਾਧਨ ਵਜੋਂ ਵੀ। ਭਾਈ ਵੀਰ ਸਿੰਘ ਹੋਰਾਂ ਦੀ ਇਸ ਦੌਰ ਵਿਚ ਰਚੀ ਗਈ ਵਾਰਤਕ ਇਸ ਪੱਖੋਂ ਸਾਡਾ ਧਿਆਨ ਆਪਣੇ ਵੱਲ ਖਿੱਚਦੀ ਹੈ। ਉਨ੍ਹਾਂ ਨੇ ਆਪਣੀ ਵਾਰਤਕ ਨੂੰ ਇਕ ਨਿਸ਼ਚਤ ਦਿਸ਼ਾ ਵੱਲ ਵਿਗਸਣ ਦਾ ਮੌਕਾ ਪ੍ਰਦਾਨ ਕੀਤਾ ਅਤੇ ਇਸ ਨੂੰ ਸਾਹਿਤਕ ਸੁਹਜ-ਅਨੰਦ ਸਿਰਜਣ ਦੇ ਉਦੇਸ਼ ਨਾਲ ਸੰਬੰਧਿਤ ਕੀਤਾ।[20] ਇਸ ਤਰ੍ਹਾਂ ਭਾਈ ਵੀਰ ਸਿੰਘ ਰਚਿਤ ਸਾਹਿਤ ਨੇ ਜਿੱਥੇ ਕਿੱਸਾ ਕਾਵਿ ਦੇ ਰੁਝਾਨ ਨੂੰ ਠੱਲ ਪਾਈ ਉੱਥੇ ਹੀ ਸਿੱਖ ਸਾਹਿਤ ਵਿਚ ਸਾਹਿਤਕ ਸੁਹਜ-ਅਨੰਦ ਸਿਰਜਣ ਦਾ ਰੁਝਾਨ ਪੈਦਾ ਕੀਤਾ।

ਇਸ ਸਮੇਂ ਹੀ ਇਕ ਹੋਰ ਇਤਿਹਾਸਕਾਰ ਸ. ਕਰਮ ਸਿੰਘ ਹਿਸਟੋਰੀਅਨ ਸੀ ਜਿਸ ਨੇ ਆਲੋਚਨਾਤਮਿਕ ਤੇ ਰੱਖਿਆਤਮਿਕ ਪੱਖ ਤੋਂ ਖੋਜ ਕੀਤੀ। ਉਸ ਦੀ ਪਹਿਲੀ ਲਿਖਤ ਬੰਦਾ ਸਿੰਘ ਬਹਾਦਰ (1907 ਈ.), ਬੀਰ ਬੈਰਾਗੀ ਕਿਤਾਬ ਦੇ ਵਿਰੋਧ ਵਿਚ ਰੱਖਿਆਤਮਿਕ ਪੱਖ ਤੋਂ ਕੀਤੀ ਇਤਿਹਾਸਕ ਖੋਜ ਹੈ। ਉਹ ਲਿਖਦਾ ਹੈ ਕਿ ''ਪਿੱਛੇ ਜਿਹੇ ਹੀ ਇਕ ਕਿਤਾਬ ਉਰਦੂ ਵਿਚ ਅਤੇ ਇਕ ਅੰਗਰੇਜ਼ੀ ਵਿਚ ਸਾਡੇ ਆਰੀਯਾ ਭਾਈਆਂ ਨੇ ਲਿਖੀ ਸੀ; ਪਰ ਉਨ੍ਹਾਂ ਨੇ ਭਾਈ ਗਿਯਾਨ ਸਿੰਘ ਜੀ ਦੀ ਨਕਲ ਕਰ ਕੇ ਉਹ ਸਭ ਭੁੱਲਾਂ ਕੀਤੀਆਂ ਹਨ, ਜੇਹੜੀਆਂ ਕਿ

19 ਸੁਤਿੰਦਰ ਸਿੰਘ ਨੂਰ, 'ਵੀਹਵੀਂ ਸਦੀ ਦਾ ਪੰਜਾਬੀ ਸਾਹਿਤ', ਵੀਹਵੀਂ ਸਦੀ ਦੇ ਪੰਜਾਬੀ ਸਾਹਿਤ ਦਾ ਮੁਲਾਂਕਣ, (ਸੰਪਾ.) ਓਮ ਪ੍ਰਕਾਸ਼, ਵਸ਼ਿਸ਼ਟ, ਪੰਨਾ 16.

20 ਮਨਜੀਤ ਸਿੰਘ, '1960 ਤਕ ਦੀ ਪੰਜਾਬੀ ਵਾਰਤਕ: ਪੁਨਰ ਚਿੰਤਨ', ਵੀਹਵੀਂ ਸਦੀ ਦੇ ਪੰਜਾਬੀ ਸਾਹਿਤ ਦਾ ਮੁਲਾਂਕਣ, (ਸੰਪਾ.) ਓਮ ਪ੍ਰਕਾਸ਼ ਵਸ਼ਿਸ਼ਟ, ਪੰਨਾ 136.

ਭਾਈ ਜੀ ਨੇ ਕੀਤੀਆਂ ਸਨ।''[21] ਇਹ ਪਹਿਲੀ ਇਤਿਹਾਸ ਦੀ ਕਿਤਾਬ ਕਹੀ ਜਾ ਸਕਦੀ ਹੈ ਜਿਸ ਵਿਚ ਗੁਰਮੁਖੀ ਸਰੋਤ, ਫ਼ਾਰਸੀ ਸਰੋਤ, ਅੰਗਰੇਜ਼ੀ ਸਰੋਤ, ਮਹਿਕਮਾ ਬੰਦੋਬਸਤ ਦੀਆਂ ਰਿਪੋਰਟਾਂ, ਬੰਦਾ ਸਿੰਘ ਦੀ ਔਲਾਦ ਪਾਸੋਂ ਪ੍ਰਾਪਤ ਜਾਣਕਾਰੀ ਆਦਿਕ ਨੂੰ ਇਤਿਹਾਸ ਲੇਖਣ ਵਿਚ ਵਰਤਿਆ ਗਿਆ ਸੀ। ਕਰਮ ਸਿੰਘ ਦੁਆਰਾ ਰਚਿਤ ਬਾਬਾ ਆਲਾ ਸਿੰਘ ਕਿਤਾਬ ਨੇ ਜੀਵਨੀਆਂ ਲਿਖਣ ਵਿਚ ਤੇ ਸਿੱਖ ਇਤਿਹਾਸ ਦੀਆਂ ਇਤਿਹਾਸਿਕ ਖੋਜਾਂ ਨੇ ਇਤਿਹਾਸ ਲਿਖਣ ਵਿਚ ਨਵੇਂ ਰੁਝਾਨ ਪੈਦਾ ਕਰ ਦਿੱਤੇ ਸਨ। ਕਰਮ ਸਿੰਘ ਹਿਸਟੋਰੀਅਨ ਦਾ ਸਮਕਾਲੀ ਇਤਿਹਾਸਕਾਰ ਬਾਵਾ ਪ੍ਰੇਮ ਸਿੰਘ ਹੋਤੀ ਮਰਦਾਨ ਹੋਇਆ। ਜਿੱਥੇ ਕਰਮ ਸਿੰਘ ਨੇ ਆਪਣੀ ਖੋਜ ਦਾ ਵਿਸ਼ਾ ਬੰਦਾ ਸਿੰਘ ਬਹਾਦਰ ਤੋਂ ਮਿਸਲ ਕਾਲ ਤੱਕ ਦੇ ਸਮੇਂ ਨੂੰ ਬਣਾਇਆ, ਉੱਥੇ ਹੀ ਬਾਵਾ ਪ੍ਰੇਮ ਸਿੰਘ ਹੋਤੀ ਨੇ ਮਹਾਰਾਜਾ ਰਣਜੀਤ ਸਿੰਘ ਕਾਲ ਨੂੰ ਖੋਜ ਲਈ ਚੁਣਿਆ। ਬਾਵਾ ਪ੍ਰੇਮ ਸਿੰਘ ਹੋਤੀ ਮਰਦਾਨ ਨੇ ਮਹਾਰਾਜਾ ਰਣਜੀਤ ਸਿੰਘ (1919 ਈ.), ਹਰੀ ਸਿੰਘ ਨਲੂਆ (1937 ਈ.), ਸਿੱਖ ਰਾਜ ਦੇ ਉਸਰੱਈਏ ਅਤੇ ਖ਼ਾਲਸਾ ਰਾਜ ਦੇ ਬਿਦੇਸੀ ਕਰਿੰਦੇ (1944 ਈ.), ਅਕਾਲੀ ਫੂਲਾ ਸਿੰਘ (1946 ਈ.), ਮਹਾਰਾਜਾ ਸ਼ੇਰ ਸਿੰਘ (1951 ਈ.) ਅਤੇ ਨਵਾਬ ਕਪੂਰ ਸਿੰਘ (1952 ਈ.) ਆਦਿਕ ਪੁਸਤਕਾਂ ਲਿਖੀਆਂ। ਪ੍ਰੇਮ ਸਿੰਘ ਹੋਤੀ ਮਰਦਾਨ ਨੇ ਇਤਿਹਾਸਿਕ ਸਮੱਗਰੀ ਨੂੰ ਇਸ ਰੂਪ ਵਿਚ ਇਕੱਤਰ ਕਰਨ ਦੀ ਕੋਸ਼ਿਸ਼ ਕੀਤੀ ਕਿ ਉਹ ਸਿੱਖ ਪੰਥ ਦੀਆਂ ਸ਼ਾਨਦਾਰ ਰਵਾਇਤਾਂ ਪ੍ਰਾਪਤੀਆਂ ਅਤੇ ਜੀਵਨੀਆਂ ਨੂੰ ਸਿੱਖ ਪੰਥ ਦੀ ਸ਼ਾਨ ਉਚਿਆਉਣ ਲਈ ਪੇਸ਼ ਕਰ ਸਕਣ। ਉਨ੍ਹਾਂ ਆਪਣੇ ਇਹ ਉਦੇਸ਼ ਅਕਾਲੀ ਫੂਲਾ ਸਿੰਘ ਦੀ ਜੀਵਨੀ ਲਿਖਦੇ ਸਮੇਂ ਸਪੱਸ਼ਟ ਕੀਤਾ ਹੈ ਕਿ ਇਹ ਜੀਵਨੀ ਲਿਖਣ ਪਿੱਛੇ ਮੁੱਖ ਉਦੇਸ਼ 'ਅਕਾਲੀ' ਨਾਮ ਦੇ ਸਤਿਕਾਰ ਨੂੰ ਮੁੜ੍ਹ ਤੋਂ ਕਾਇਮ ਕਰਨਾ ਹੈ। ਲੇਖਕ ਲਿਖਦਾ ਹੈ ਕਿ ''ਜੇ ਮੇਰੀ ਇਸ ਬੇਨਤੀ ਨੂੰ ਪੜ੍ਹ ਸੁਣ ਕੇ ਪੰਥ ਮੁੜ ਅਕਾਲੀ ਨਾਮ ਦੀ ਪਵਿੱਤਤ੍ਰਤਾ ਨੂੰ ਸੁਰਜੀਤ ਕਰ ਦੇਵੇ ਤਾਂ ਮੈਂ ਆਪਣੀ ਇਸ ਤੁੱਛ ਸੇਵਾ ਨੂੰ ਸਫਲ ਸਮਝਕੇ ਕ੍ਰਿਤਗ ਕ੍ਰਿਤਗ ਹੋ ਜਾਵਾਂਗਾ।''[22]

ਸਿੱਖ ਇਤਿਹਾਸ ਦੀ ਲੇਖਣੀ ਵਿਚ ਡਾ. ਗੰਡਾ ਸਿੰਘ, ਕਰਮ ਸਿੰਘ ਹਿਸਟੋਰੀਅਨ ਦਾ ਉਤਰਾਧਿਕਾਰੀ ਬਣਿਆ। ਦੋਵੇਂ ਇਤਿਹਾਸਕਾਰ ਸਿੰਘ ਸਭਾ ਤੋਂ ਪ੍ਰਭਾਵਿਤ ਸਨ। ਡਾ. ਗੰਡਾ

---

21 ਕਰਮ ਸਿੰਘ ਹਿਸਟੋਰੀਅਨ, ਜੀਵਨ ਬ੍ਰਿਤਾਂਤ ਬੰਦਾ ਬਹਾਦਰ, ਸਿੱਖ ਇਤਿਹਾਸ ਰੀਸਰਚ ਬੋਰਡ, ਸ਼੍ਰੋਮਣੀ ਗੁ:ਪ੍ਰ. ਕਮੇਟੀ, ਅੰਮ੍ਰਿਤਸਰ, ਜੂਨ 1982, ਪੰਨਾ 8.

22 ਬਾਬਾ ਪ੍ਰੇਮ ਸਿੰਘ ਹੋਤੀ ਮਰਦਾਨ, ਅਕਾਲੀ ਫੂਲਾ ਸਿੰਘ, ਲਾਹੌਰ ਬੁੱਕ ਸ਼ਾਪ, ਲੁਧਿਆਣਾ, ਮਿਤੀਹੀਣ, ਪੰਨਾ 103

ਸਿੰਘ ਨੇ ਵੀ ਸਿੱਖ ਇਤਿਹਾਸ ਉੱਥੋਂ ਹੀ ਸ਼ੁਰੂ ਕੀਤਾ ਜਿੱਥੋਂ ਕਰਮ ਸਿੰਘ ਹਿਸਟੋਰੀਅਨ ਨੇ ਕੀਤਾ ਸੀ। ਪਰ ਡਾ. ਗੰਡਾ ਸਿੰਘ ਨੇ ਖੇਤਰੀ ਇਤਿਹਾਸ 'ਤੇ ਜ਼ਿਆਦਾ ਕੰਮ ਕੀਤਾ। ਡਾ. ਗੰਡਾ ਸਿੰਘ ਨੇ ਪੰਜਾਬ ਦੇ ਇਤਿਹਾਸ ਵਿਚ ਸਿੱਖਾਂ ਦੇ ਇਤਿਹਾਸ ਨੂੰ ਚੁਣਿਆ ਤੇ ਸਿੱਖ ਜੀਵਨੀਆਂ ਉੱਪਰ ਵਿਸ਼ੇਸ਼ ਤੌਰ 'ਤੇ ਕੰਮ ਕੀਤਾ। ਇਸ ਤੋਂ ਇਲਾਵਾ ਕੁਝ ਵਿਵਾਦਾਂ ਨੂੰ ਸੁਲਝਾਉਣ ਦੀ ਵੀ ਕੋਸ਼ਿਸ਼ ਕੀਤੀ। ਇੱਥੇ ਉਨ੍ਹਾਂ ਦੁਆਰਾ ਸੁਲਝਾਏ ਗਏ ਵਿਵਾਦਾਂ ਵਿਚ ਚਾਰ ਵਿਵਾਦ ਜ਼ਿਕਰਯੋਗ ਹਨ। ਇਸ ਵਿਚ ਪਹਿਲਾਂ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਸੰਬੰਧੀ ਸੀ। ਗੁਰੂ ਅਰਜਨ ਸਾਹਿਬ ਜੀ ਦੀ ਸ਼ਹਾਦਤ ਦੇ ਅਨੇਕ ਕਾਰਨ ਮੰਨੇ ਜਾਂਦੇ ਹਨ ਜਿਨ੍ਹਾਂ ਵਿਚੋਂ ਚੰਦੂ ਸ਼ਾਹ ਦੀ ਦੁਸ਼ਮਣੀ ਵੀ ਇਕ ਹੈ। ਪਰ ਡਾ. ਗੰਡਾ ਸਿੰਘ ਨੇ ਤੁਜ਼ਕਿ ਜਹਾਂਗੀਰੀ ਵਿਚੋਂ ਹਵਾਲੇ ਲੈ ਕੇ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਦਾ ਠੋਸ ਕਾਰਨ ਸਿੱਖ ਧਰਮ ਦੇ ਪ੍ਰਚਾਰ-ਪ੍ਰਸਾਰ ਵਿਚ ਹੋ ਰਿਹਾ ਵਾਧਾ ਦੱਸਿਆ।[23] ਇਸ ਤਰ੍ਹਾਂ ਹੀ ਗੁਰੂ ਤੇਗ਼ ਬਹਾਦਰ ਜੀ ਦੀ ਔਰੰਗਜ਼ੇਬ ਨਾਲ ਮਿਲਣੀ, ਗੁਰੂ ਗੋਬਿੰਦ ਸਿੰਘ ਜੀ ਦੇ ਆਖ਼ਰੀ ਦਿਨ ਅਤੇ ਬੰਦਾ ਸਿੰਘ ਦੇ ਅੰਮ੍ਰਿਤ ਛਕਣ ਬਾਰੇ ਡਾਕਟਰ ਗੰਡਾ ਸਿੰਘ ਦੀ ਖੋਜ ਵਿਲੱਖਣ ਸੀ। ਇਸ ਨਾਲ ਸਰੋਤਾਂ ਨੂੰ ਕਿਵੇਂ ਪਰਖਣਾ ਹੈ, ਇਸ ਦਾ ਰੁਝਾਨ ਸ਼ੁਰੂ ਹੋਇਆ।

1947 ਈ. ਵਿਚ ਸੁਤੰਰਤਾ ਪ੍ਰਾਪਤੀ ਪਿੱਛੋਂ ਤੇ ਦੇਸ਼ ਵੰਡ ਨਾਲ ਸਿੱਖ ਅਧਿਐਨ ਵਿਚ ਨਵਾਂ ਮੋੜ ਆਇਆ। ਇਸ ਨਾਲ ਰਾਸ਼ਟਰਵਾਦੀ ਨਜ਼ਰੀਏ ਤੋਂ ਸਿੱਖ ਅਧਿਐਨ ਸਾਹਮਣੇ ਆਉਣ ਲੱਗਾ। ਸੁਤੰਤਰਤਾ ਤੋਂ ਪਹਿਲਾਂ ਭਾਰਤ ਵਿਚ ਰਾਸ਼ਟਰਵਾਦੀ ਭਾਵਨਾ ਦਾ ਮਤਲਬ ਅਜ਼ਾਦੀ ਪ੍ਰਾਪਤੀ ਲਈ ਦ੍ਰਿੜ੍ਹ ਇਰਾਦਾ ਤੇ ਸਮਰਪਣ ਭਾਵਨਾ ਦਾ ਹੋਣਾ ਸੀ। ਉਸ ਸਮੇਂ ਹਰੇਕ ਉਹ ਵਿਅਕਤੀ, ਧੜਾ, ਜਾਂ ਪਾਰਟੀ ਰਾਸ਼ਟਰਵਾਦੀ ਸਮਝੀ ਜਾਂਦੀ ਸੀ ਜਿਸਦਾ ਸੰਬੰਧ ਸੁਤੰਤਰਤਾ ਸੰਗਰਾਮ ਨਾਲ ਹੋਵੇ। ਆਜ਼ਾਦੀ ਤੋਂ ਬਾਅਦ ਰਾਸ਼ਟਰਵਾਦ ਸੰਬੰਧੀ ਧਾਰਨਾਵਾਂ ਬਦਲ ਗਈਆਂ। ਸੁਰਿੰਦਰਪਾਲ ਸਿੰਘ ਅਨੁਸਾਰ ਰਾਸ਼ਟਰਵਾਦ ਸੰਬੰਧੀ ਧਾਰਨਾਵਾਂ ਨੂੰ ਤਿੰਨ ਕਿਸਮਾਂ ਵਿਚ ਵੰਡਿਆ ਜਾ ਸਕਦਾ ਹੈ :

1. ਸਥਾਪਤ ਸ਼ਾਸ਼ਕ ਸ਼੍ਰੇਣੀ ਨੂੰ ਹਰ ਪ੍ਰਕਾਰ ਦਾ ਸਹਿਯੋਗ ਦੇਣ ਵਾਲੀਆਂ ਸ਼ਕਤੀਆਂ ਨੂੰ ਰਾਸ਼ਟਰਵਾਦੀ ਮੰਨਣ ਵਾਲੀ।

---

23 Ganda Singh, "The Martyrdom of Guru Arjun", *The Punjab Past and Present,* Vol. XII-I, April 1978, p. 168.

2. ਪ੍ਰਗਤੀਵਾਦੀ ਵਿਚਾਰਧਾਰਾ ਦੇ ਪ੍ਰਭਾਵ ਅਧੀਨ ਰਾਸ਼ਟਰਵਾਦੀ ਭਾਵਨਾ ਨੂੰ ਬੁਰਜੁਆਜ਼ੀ ਸ਼ਕਤੀਆਂ ਦਾ ਪ੍ਰਤੀਨਿਧ ਸਮਝਦਿਆਂ ਹੋਇਆਂ ਰਾਸ਼ਟਰਵਾਦੀ ਵਿਚਾਰਧਾਰਾ ਨੂੰ ਤ੍ਰਿਸਕਾਰਨ ਵਾਲੀ।
3. ਫਿਰਕੂ ਅਤੇ ਪਿਛਾਂਹ ਖਿੱਚੂ ਵਿਚਾਰਧਾਰਾ ਦੇ ਧਾਰਨੀਆਂ ਦੇ ਪ੍ਰਭਾਵ ਅਧੀਨ ਸੰਕੀਰਣ ਅਤੇ ਕੱਟੜ ਰਾਸ਼ਟਰਵਾਦੀ ਭਾਵਨਾ ਨੂੰ ਪ੍ਰਗਟਾਉਣ ਵਾਲੀ।[24]

ਪੰਜਾਬ ਵਿਚ ਰਚੇ ਗਏ ਸਿੱਖ ਸਾਹਿਤ ਵਿਚ ਰਾਸ਼ਟਰਵਾਦੀ ਧਾਰਨਾਵਾਂ ਦੋ ਕਿਸਮ ਦੀਆਂ ਮਿਲਦੀਆਂ ਹਨ।

1. ਸ਼ਾਸਕ ਵਰਗ ਦੀਆਂ ਸਮਰਥਕ ਰਾਸ਼ਟਰਵਾਦੀ ਪ੍ਰਵਿਰਤੀ ਵਾਲੀਆਂ ਰਚਨਾਵਾਂ।
2. ਸ਼ਾਸਕ ਵਰਗ ਦੀਆਂ ਕਮਜ਼ੋਰੀਆਂ ਅਤੇ ਗ਼ਲਤ ਨੀਤੀਆਂ ਤੇ ਸਵਾਰਥ ਦੇ ਪ੍ਰਤੀਕਰਮ ਵਜੋਂ ਪੈਦਾ ਹੋਈ ਪਰਵਿਰਤੀ ਵਾਲੀਆਂ ਰਾਸ਼ਟਰਵਾਦੀ ਗ਼ਲਪ ਰਚਨਾਵਾਂ।[25]

ਪਹਿਲੀ ਕਿਸਮ ਦੇ ਦੇਸ਼ ਨਿਰਮਾਣ, ਸੱਤਾਧਾਰੀ ਨੇਤਾਵਾਂ ਦੇ ਚਰਿਤਰ ਚਿਤਰਣ ਅਤੇ ਗਾਂਧੀਵਾਦੀ ਵਿਚਾਰਧਾਰਾ ਅਧੀਨ ਸੋਧਵਾਦੀ, ਸੁਧਾਰਵਾਦੀ ਰੁਝਾਨ ਦਾ ਪ੍ਰਚਲਨ ਕਾਇਮ ਕੀਤਾ। ਦੂਸਰੀ ਕਿਸਮ ਵਿਚ ਸੱਤਾਧਾਰੀ ਧਿਰ ਦੇ ਵਿਰੋਧ ਵਿਚ ਲਿਖਿਆ ਸਿੱਖ ਸਾਹਿਤ ਆਉਂਦਾ ਹੈ। 1947 ਈ. ਸੁਤੰਤਰਤਾ ਤੋਂ ਬਾਅਦ ਸਿੱਖ ਅਧਿਐਨ ਦਾ ਰੁਝਾਨ ਪੰਜਾਬੀ ਭਾਸ਼ਾ ਤੇ ਧਰਮ ਕਾਰਨ ਪੈਦਾ ਹੋਈ ਹਿੰਦੂ ਸਿੱਖ ਖਿਚੋਤਾਣ ਵਿਚੋਂ ਵੀ ਪੈਦਾ ਹੁੰਦਾ ਹੈ। ਅਜ਼ਾਦੀ ਤੋਂ ਬਾਅਦ ਭਾਸ਼ਾ ਦੇ ਆਧਾਰ ਉੱਪਰ ਪੰਜਾਬੀ ਸੂਬੇ ਦੀ ਸਥਾਪਨਾ ਦੇ ਸਵਾਲ ਬਾਰੇ ਪੰਜਾਬ ਦੇ ਹਿੰਦੂਆਂ ਦਾ ਕੁਝ ਹਿੱਸਾ ਪੰਜਾਬੀ ਸੂਬੇ ਦੇ ਵਿਰੋਧ ਵਿਚ ਖੜ ਗਿਆ। ਅਕਾਲੀ ਪਾਰਟੀ ਨੇ ਪੰਜਾਬੀ ਭਾਸ਼ਾ ਤੇ ਪੰਜਾਬੀ ਸੂਬੇ ਦੀ ਗੱਲ ਉਠਾਈ ਜੋ ਧਰਮ ਨਾਲ ਜੋੜ ਕੇ ਵੇਖੀ ਜਾਣ ਲੱਗੀ। ਇਸ ਨਾਲ ਦੋਹਾਂ ਪੱਖਾਂ ਤੋਂ ਸਿੱਖ ਅਧਿਐਨ ਸਾਹਮਣੇ ਆਇਆ। ਪੰਜਾਬੀ ਸਾਹਿਤ ਵਿਚ ਪੰਜਾਬੀ ਸੂਬੇ ਸੰਬੰਧੀ ਨਾਨਕ ਸਿੰਘ ਦਾ ਨਾਵਲ ਪੁਜਾਰੀ, ਗੁਰਬਖਸ਼ ਸਿੰਘ ਦੀ ਰਚਨਾ ਸਰਦਾਰ ਟੈਕਸੀ ਵਾਲਾ ਦੁੱਗਲ ਦੀ ਕ੍ਰਿਤ ਨਹੁੰ ਤੇ ਮਾਸ ਤੇ ਉਸ ਦੀਆਂ ਚੂੜੀਆਂ, ਦਲੀਪ ਕੌਰ ਟਿਵਾਣਾ ਦੀ ਕਹਾਣੀ ਮੇਰਾ ਕਸੂਰ ਕੀ ਏ (ਵੇਦਨਾ), ਤੇ ਨਵਤੇਜ ਦੀ ਲਿਖਤ ਫੇਰ ਅਜਿਹੀ ਕਹਾਣੀ ਨਾ ਲਿਖਣੀ ਪਵੇ (ਚਾਨਣ ਦੇ ਬੀਜ) ਆਦਿ ਸਾਹਮਣੇ ਆਉਂਦੀਆਂ ਹਨ।

---

24 ਸੁਰਿੰਦਰਪਾਲ ਸਿੰਘ, ਪੰਜਾਬੀ ਗਲਪ ਪ੍ਰਵਿਰਤੀਆਂ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1989, ਪੰਨਾ 9.
25 ਉਹੀ, ਪੰਨਾ 9.

ਅੱਸੀਵਿਆਂ ਦੇ ਦਹਾਕੇ ਵਿਚ ਪੰਜਾਬ ਲਈ ਖੇਤਰੀ, ਭਾਸ਼ਾਈ, ਆਰਥਿਕ ਅਤੇ ਰਾਜਨੀਤਿਕ ਮੰਗਾਂ ਨੂੰ ਲੈ ਕੇ ਸੰਘਰਸ਼ ਆਰੰਭ ਹੋਇਆ। ਇਸ ਸੰਘਰਸ਼ ਵਿਚੋਂ ਸਾਕਾ ਨੀਲਾ ਤਾਰਾ, ਦਿੱਲੀ 84 ਸਿੱਖ ਕਤਲੇਆਮ ਤੋਂ ਅਗਲਾ ਇਕ ਦਹਾਕਾ ਪੰਜਾਬ ਵਿਚ ਖਾੜਕੂਵਾਦ ਰਿਹਾ। ਇਸ ਸਮੇਂ ਸਿੱਖ ਅਧਿਐਨ ਉੱਪਰ ਇਸ ਲਹਿਰ ਨੇ ਬੜਾ ਪ੍ਰਭਾਵ ਪਾਇਆ। ਇਸ ਨਾਲ ਕਵਿਤਾ, ਨਾਟਕ, ਨਾਵਲ ਤੇ ਹੋਰ ਸਿੱਖ ਸਾਹਿਤ ਇਸ ਦੌਰ ਨਾਲ ਜੁੜ ਗਿਆ। 1980 ਈ. ਤੋਂ ਬਾਅਦ ਪੰਜਾਬ ਸੰਕਟ ਬਾਰੇ ਸਿੱਖਵਾਦੀ ਨਜ਼ਰੀਏ ਤੇ ਐਂਟੀ ਸਿੱਖ ਨਜ਼ਰੀਏ ਤੋਂ ਲਿਖੀ ਕਵਿਤਾ ਸਾਹਮਣੇ ਆਈ। ਸਿੱਖਵਾਦੀ ਨਜ਼ਰੀਏ ਤੋਂ ਹਰਿਭਜਨ ਸਿੰਘ ਦੀ ਕਵਿਤਾ ਫੌਜਾਂ ਕੌਣ ਦੇਸ ਤੋਂ ਆਈਆਂ ਅਤੇ ਹਰਿੰਦਰ ਸਿੰਘ ਮਹਿਬੂਬ ਦੀ ਲੰਮੀ ਕਵਿਤਾ ਝਨਾਂ ਦੀ ਰਾਤ ਵੇਖੀ ਜਾ ਸਕਦੀ ਹੈ।

ਜਗਬੀਰ ਸਿੰਘ ਅਨੁਸਾਰ ਇਕਬਾਲ ਦੀਪ ਦਾ ਨਾਵਲ ਸੋਚ ਗ੍ਰਹਿਣ ਦਿੱਲੀ ਦੰਗਿਆਂ ਅਤੇ ਖਾੜਕੂ ਹਿੰਸਾ ਵਿਚੋਂ ਉਪਜੇ ਦੁਖਾਂਤ ਨੂੰ ਹਿੰਦੂ-ਸਿੱਖ ਭਾਈਚਾਰੇ ਦੀ ਰਵਾਇਤੀ ਸਾਂਝ ਦੇ ਸੰਦਰਭ ਵਿਚ ਰੱਖ ਕੇ ਪੇਸ਼ ਕਰਦਾ ਹੈ। ਇਸੇ ਤਰ੍ਹਾਂ ਮਿੱਤਰ ਸੈਨ ਮੀਤ ਦੇ ਦੋ ਨਾਵਲ ਤਫ਼ਤੀਸ਼ ਤੇ ਕਟਹਿਰਾ ਪੰਜਾਬੀ ਸਮੱਸਿਆ ਦੇ ਸਿਆਸੀ ਪੱਖ ਦਾ ਵਿਸ਼ਲੇਸ਼ਣ ਪੇਸ਼ ਕਰਦੇ ਹੋਏ ਪੁਲਿਸ ਵਿਵਸਥਾ ਅਤੇ ਨਿਆਂਪਾਲਿਕਾ ਦੇ ਭ੍ਰਿਸ਼ਟ ਹੋ ਰਹੇ ਕਿਰਦਾਰ ਉੱਪਰ ਕਟਾਖਸ਼ ਕਰਦੇ ਹਨ। ਨਿਰੰਜਨ ਤਸਨੀਮ ਦਾ ਨਾਵਲ ਗੁਆਚੇ ਅਰਥ ਵੀ ਪੰਜਾਬ ਸਮੱਸਿਆ ਵਿਚੋਂ ਪੈਦਾ ਹੋਣ ਵਾਲੇ ਮਾਨਵੀ ਦੁਖਾਂਤ ਨੂੰ ਹੀ ਸੰਬੋਧਿਤ ਹੁੰਦਾ ਹੈ। ਦਲੀਪ ਕੌਰ ਟਿਵਾਣਾ ਦਾ ਨਾਵਲ ਜ਼ਿਮੀ ਪੁਛੈ ਅਸਮਾਨ, ਹਰਿੰਦਰ ਸਿੰਘ ਰਾਏ ਦਾ ਯਰਗਮਾਲ ਅਤੇ ਬੀ.ਐੱਸ. ਢਿੱਲੋਂ ਦਾ ਨਾਵਲ ਬਾਜ ਮੁਖ ਤੌਰ 'ਤੇ ਖਾੜਕੂ ਲਹਿਰ ਨਾਲ ਸੰਬੰਧਤ ਘਟਨਾਵਾਂ ਦੁਆਲੇ ਘੁੰਮਦੇ ਹਨ। ਜੇ ਯਰਗਮਾਲ ਭਿੰਨ-ਭਿੰਨ ਖਾੜਕੂ ਜਥੇਬੰਦੀਆਂ ਦੀਆਂ ਤਰਕਹੀਣ ਹਿੰਸਕ ਕਾਰਵਾਈਆਂ ਦਾ ਧਾਰਮਿਕ ਚਿੱਤਰ ਪੇਸ਼ ਕਰਦਾ ਹੈ ਅਤੇ ਇਨ੍ਹਾਂ ਦੇ ਪਿਛੋਕੜ ਵਿਚ ਕਾਰਜ਼ਸੀਲ ਵਿਦੇਸ਼ੀ ਏਜੰਸੀਆਂ ਦੀ ਨਿਸ਼ਾਨਦੇਹੀ ਕਰਦਾ ਹੈ ਤਾਂ ਬਾਜ ਨਾਵਲ ਪੁਲਿਸ ਮੁਕਾਬਲੇ ਦੌਰਾਨ ਜ਼ਖ਼ਮੀ ਹੋਏ ਖਾੜਕੂ ਦੀ ਅੰਤਰ-ਸੋਚ ਨੂੰ ਜ਼ੁਬਾਨ ਦਿੰਦਾ ਹੈ।[26]

ਸਾਕਾ ਨੀਲਾ ਤਾਰਾ 1984 ਵਾਪਰਨ ਤੋਂ ਬਾਅਦ ਇਸ ਬਾਰੇ ਸਿੱਖਾਂ ਵੱਲੋਂ ਰਖਿਆਤਮਿਕ ਕਿਸਮ ਦਾ ਕਾਫ਼ੀ ਵਾਰਤਕ ਸਾਹਿਤ ਲਿਖਿਆ ਗਿਆ। ਇਹ ਸਾਹਿਤ ਸਿੱਖ ਪੱਤਰਕਾਰਾਂ,

---

[26] ਜਗਬੀਰ ਸਿੰਘ, '1960 ਤੋਂ ਪਿੱਛੋਂ ਦੇ ਪੰਜਾਬੀ ਨਾਵਲ ਦਾ ਮੁਲਾਂਕਣ', ਵੀਹਵੀਂ ਸਦੀ ਦੇ ਪੰਜਾਬੀ ਸਾਹਿਤ ਦਾ ਮੁਲਾਂਕਣ, (ਸੰਪਾ.) ਓਮ ਪ੍ਰਕਾਸ਼ ਵਸ਼ਿਸ਼ਟ, ਪੰਨਾ 73.

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਲਾਜ਼ਮਾਂ ਅਤੇ ਸਿੱਖ ਅਕਾਦਮਿਕਤਾ ਨਾਲ ਜੁੜੇ ਵਿਦਵਾਨਾਂ ਵਲੋਂ ਲਿਖਿਆ ਗਿਆ। ਅੱਖੀ ਡਿੱਠੇ ਜੂਨ 1984 ਦੇ ਸਾਕਾ ਨੀਲਾ ਤਾਰਾ ਬਾਰੇ ਗਿ. ਕਿਰਪਾਲ ਸਿੰਘ ਦੀ ਕਿਤਾਬ ਸਾਕਾ ਨੀਲਾ ਤਾਰਾ ਪ੍ਰਮੁਖ ਹੈ। ਇਸ ਕਿਤਾਬ ਦੀ ਵਿਸ਼ੇਸ਼ਤਾ ਇਹ ਹੈ ਕਿ ਕੁਝ ਤੱਥ ਤੇ ਸਚਾਈਆਂ ਇਸ ਕਿਤਾਬ ਵਿਚ ਸ਼ਾਮਿਲ ਕੀਤੀਆਂ ਗਈਆਂ ਹਨ ਜੋ ਪਹਿਲਾਂ ਕਿਸੇ ਪੁਸਤਕ ਵਿਚ ਸ਼ਾਮਿਲ ਨਹੀਂ ਸਨ। ਕਿਤਾਬ ਵਿਚ ਸਾਕਾ ਨੀਲਾ ਤਾਰਾ ਤੋਂ ਇਕ ਦਿਨ ਪਹਿਲਾ ਭਾਈ ਅਮਰੀਕ ਸਿੰਘ ਤੇ ਲੇਖਕ ਵਿਚਕਾਰ ਹੋਈਆਂ ਵੀਚਾਰਾਂ ਨੂੰ ਦਿੱਤਾ ਗਿਆ ਹੈ। ਗਿ. ਕਿਰਪਾਲ ਸਿੰਘ ਉਸ ਸਮੇਂ ਸਿੰਘ ਸਾਹਿਬ ਦੇ ਅਹੁਦੇ 'ਤੇ ਸਨ। ਭਾਈ ਅਮਰੀਕ ਸਿੰਘ ਨੇ ਲੇਖਕ ਨੂੰ ਬਤੌਰ ਜਥੇਦਾਰ ਅਕਾਲ ਤਖ਼ਤ ਹੋਣ ਕਾਰਨ ਫੌਜ ਤੇ ਪੁਲਿਸ ਵਿਚ ਭਰਤੀ ਸਿੱਖਾਂ ਨੂੰ ਅਸਤੀਫੇ ਦੇ ਕੇ ਅਉਣ ਦਾ ਸੱਦਾ ਦੇਣ ਦੀ ਬੇਨਤੀ ਕੀਤੀ ਸੀ। ਸਿੰਘ ਸਾਹਿਬ ਨੇ ਸਾਰੇ ਪੰਥ ਦੀ ਸਲਾਹ ਤੋਂ ਬਿਨ੍ਹਾਂ ਇਹ ਫੈਸਲਾ ਲੈਣ ਤੋਂ ਇਨਕਾਰ ਕਰ ਦਿੱਤਾ ਸੀ।[27] ਲੇਖਕ ਦੁਆਰਾ ਸਾਕੇ ਦੌਰਾਨ ਅੱਖੀ ਡਿੱਠੀਆਂ ਘਟਨਾਵਾਂ ਬਿਆਨ ਕਰਨ ਕਰਕੇ 1984 ਸੰਬੰਧੀ ਲਿਖੇ ਸਾਹਿਤ ਲਈ ਇਹ ਕਿਤਾਬ ਆਧਾਰ ਬਣੀ। 1985 ਈ. ਵਿਚ ਪੱਤਰਕਾਰ ਹਰਬੀਰ ਸਿੰਘ ਭੰਵਰ ਵਲੋਂ ਡਾਇਰੀ ਦੇ ਪੰਨੇ ਕਿਤਾਬ ਲਿਖੀ ਗਈ। ਇਹ ਕਿਤਾਬ ਇਕ ਪੱਤਰਕਾਰ ਵੱਲੋਂ ਹਰ ਰੋਜ਼ ਦੀਆਂ ਘਟਨਾਵਾਂ ਦੀ ਰਿਪੋਰਟਿੰਗ ਕਰਨ ਲਈ ਲਿਖੀ ਡਾਇਰੀ ਵਿਚੋਂ ਨਿਕਲੀ ਹੈ। ਇਸ ਕਿਤਾਬ ਲਿਖਣ ਪਿੱਛੇ ਲੇਖਕ ਕਾਰਨ ਦੱਸਦਾ ਹੈ ਕਿ ਡਾਇਰੀ ਵਿਚ ਮੇਰੇ ਜ਼ਜ਼ਬਾਤ ਉਹਨਾਂ ਦਹਿਸ਼ਤਜ਼ਦਾ ਦਿਨਾਂ ਦੌਰਾਨ ਇਕ ਆਮ ਸਿੱਖ ਦੇ ਜ਼ਜ਼ਬਾਤ ਹਨ, ਜੋ ਸਿੱਖ ਮਾਨਸਿਕ ਪੀੜਾ ਦਰਸਾਉਂਦੇ ਹਨ। ਇਹ ਪੁਸਤਕ ਲਿਖ ਕੇ ਮੈਂ ਸਿੱਖ ਇਤਿਹਾਸ ਵਿਚ ਨਿਗੂਣਾ ਜਿਹਾ ਹਿੱਸਾ ਪਾ ਸਕਿਆਂ ਹਾਂ।[28] ਇਹ ਕਿਤਾਬ ਇਕ ਜੂਨ ਤੋਂ 30 ਜੂਨ 1984 ਤੱਕ ਦੇ ਸਾਕਾ ਨੀਲਾ ਤਾਰਾ ਅੰਮ੍ਰਿਤਸਰ ਉੱਪਰ ਫੌਜ ਦੇ ਹਮਲੇ, ਮੌਤਾਂ ਅਤੇ ਹੋਏ ਨੁਕਸਾਨ ਬਾਰੇ ਜਾਣਕਾਰੀ ਦਿੰਦੀ ਹੈ।

1984 ਈ. ਤੋਂ ਬਾਅਦ ਦੇ ਸੰਘਰਸ਼ ਬਾਰੇ ਡਾ. ਗੁਰਭਗਤ ਸਿੰਘ ਨੇ 1993 ਈ. ਵਿਚ ਕੌਮੀ ਅਜ਼ਾਦੀ ਵੱਲ ਨਾਮ ਹੇਠ ਇਕ ਕਿਤਾਬ ਲਿਖੀ। ਇਹ ਕਿਤਾਬ ਸਿੱਖਾਂ ਬਾਰੇ ਸਿਧਾਂਤਕ ਨਜ਼ਰੀਏ ਤੋਂ ਲਿਖੀ ਗਈ ਕਿਤਾਬ ਹੈ। ਲੇਖਕ ਨੇ ਸਿੱਖਾਂ ਦੀ ਅਜ਼ਾਦੀ ਦੀ ਪਰਿਭਾਸ਼ਾ, ਸਿਧਾਂਤ

---

27 ਗਿ. ਕਿਰਪਾਲ ਸਿੰਘ, ਸਾਕਾ ਨੀਲਾ ਤਾਰਾ, ਭਾ. ਚਤਰ ਸਿੰਘ ਜੀਵਨ ਸਿੰਘ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, 2014, ਪੰਨਾ 11.

28 ਹਰਬੀਰ ਸਿੰਘ ਭੰਵਰ, ਡਾਇਰੀ ਦੇ ਪੰਨੇ, ਸਿੱਖ ਇਤਿਹਾਸ ਰਿਸਰਚ ਬੋਰਡ, ਸ਼੍ਰੋ.ਗੁ.ਪ੍ਰ. ਕਮੇਟੀ, ਅੰਮ੍ਰਿਤਸਰ, 2006, ਪੰਨਾ 21.

ਅਤੇ ਇਤਿਹਾਸ ਉਲੀਕਣ ਦਾ ਯਤਨ ਕੀਤਾ ਹੈ। ਲੇਖਕ ਲਿਖਦਾ ਹੈ ਕਿ ਸਿੱਖ ਗੁਰੂਆਂ ਨੇ ਬ੍ਰਾਹਮਣਵਾਦ ਅਤੇ ਬਾਦਸ਼ਾਹ ਦੁਆਲੇ ਕੇਂਦਰਿਤ ਪ੍ਰਬੰਧ ਦੇ ਚਿੰਨ੍ਹਾਂ ਦੇ ਉਲਟ ਆਪਣੇ ਚਿੰਨ ਉਸਾਰੇ। ਜਿਵੇ: ਸੱਚਾ ਪਾਤਸ਼ਾਹ, ਸੰਗਤ, ਗੁਰਮੁਖ, ਮਨਮੁਖ ਆਦਿਕ।[29] ਲੇਖਕ ਨੇ 1984 ਦੇ ਘੱਲੂਘਾਰੇ ਦੇ ਬਾਅਦ ਦੇ ਸਿੱਖ ਸੰਘਰਸ਼ ਨੂੰ ਇਸ ਤਰ੍ਹਾਂ ਬਿਆਨ ਕੀਤਾ ਹੈ ਕਿ ''ਪੰਜਾਬ ਦੇ ਸਿੱਖ ਨੌਜਵਾਨਾਂ ਦੀ ਕੌਮੀ ਮੁਕਤੀ, ਸਮਤਾ ਅਤੇ ਸਰਬਪੱਖੀ ਵਿਕਾਸ ਲਈ ਸਿੱਖ ਗੁਰੂ ਸਾਹਿਬਾਨ ਦੇ ਮਨੁੱਖਵਾਦੀ ਅਤੇ ਕ੍ਰਾਂਤੀਕਾਰੀ ਮਾਡਲ ਤੋਂ ਪ੍ਰੇਰਤ ਲਹਿਰ ਅੰਤਰ-ਰਾਸ਼ਟਰੀ ਬਹੁਕੌਮੀ ਭਾਈਚਾਰੇ ਨੂੰ ਨਾਲ ਲੈਣ ਤੋਂ ਬਿਨਾਂ ਕੋਈ ਵੱਡੀ ਪ੍ਰਾਪਤੀ ਨਹੀਂ ਕਰ ਸਕਦੀ। ਇਸ ਮੰਤਵ ਲਈ ਸਿਧਾਂਤਕ ਵਿਆਖਿਆ ਅਤੇ ਅਮਲ ਵਿਚ ਜੋ ਤਬਦੀਲੀਆਂ ਕਰਨੀਆਂ ਚਾਹੀਦੀਆਂ ਹਨ, ਉਨ੍ਹਾਂ ਵੱਲ ਧਿਆਨ ਦੇਣ ਦੀ ਲੋੜ ਹੈ।''[30] ਇਸ ਤਰ੍ਹਾਂ ਗੁਰਭਗਤ ਸਿੰਘ ਨੇ ਇਸ ਲਹਿਰ ਨੂੰ ਸਿਧਾਂਤਕ ਪੱਖੋਂ ਸੇਧਾਂ ਦੇਣ ਦੀ ਕੋਸ਼ਿਸ਼ ਕੀਤੀ। ਰੱਖਿਆਤਮਿਕ ਪੱਖ ਤੋਂ 1995 ਤੋਂ ਬਾਅਦ 1984 ਨਾਲ ਸੰਬੰਧਤ ਬਹੁਤ ਸਾਰੀਆਂ ਕਿਤਾਬਾਂ ਪ੍ਰਕਾਸ਼ਿਤ ਹੋਈਆਂ। ਇਹ ਰੁਝਾਨ ਵਰਤਮਾਨ ਸਮੇਂ ਵਿਚ ਵੀ ਜਾਰੀ ਹੈ।

ਜਨਮਸਾਖੀ ਸਾਹਿਤ

ਵੀਹਵੀਂ ਸਦੀ ਦੇ ਸਿੱਖ ਅਧਿਐਨ ਵਿਚ ਜਨਮਸਾਖੀ ਸਾਹਿਤ ਭਖਵੀਂ ਬਹਿਸ ਦਾ ਵਿਸ਼ਾ ਰਿਹਾ ਹੈ। ਇਸ ਸਾਹਿਤ ਉੱਪਰ ਆਲੋਚਨਾਤਮਕ ਪੱਖ ਤੋਂ, ਪ੍ਰਤੀ-ਉਤਰ ਵਜੋਂ, ਅਕਾਦਮਿਕ ਪੱਖ ਤੋਂ ਅਤੇ ਰੱਖਿਆਤਮਿਕ ਪੱਖ ਤੋਂ ਸਾਹਿਤ ਰਚਿਆ ਗਿਆ। ਇਸ ਅਧਿਆਇ ਵਿਚ ਰੱਖਿਆਤਮਿਕ ਪੱਖ ਤੋਂ ਜਨਮਸਾਖੀ ਸਾਹਿਤ ਨਾਲ ਸੰਬੰਧਤ ਅਧਿਐਨ ਨੂੰ ਲਿਆ ਜਾ ਰਿਹਾ ਹੈ। ਜਨਮਸਾਖੀ ਅਧਿਐਨ ਉਨ੍ਹੀਵੀਂ ਸਦੀ ਦੇ ਦੂਜੇ ਅੱਧ ਵਿਚ ਸ਼ੁਰੂ ਹੋਇਆ। ਅਰਨੈਸਟ ਟਰੰਪ ਪਹਿਲਾ ਲਿਖਾਰੀ ਸੀ, ਜਿਸਨੇ ਜਨਮਸਾਖੀ ਸਾਹਿਤ ਬਾਰੇ ਆਪਣੇ ਵਿਚਾਰ ਪ੍ਰਗਟਾਏ। ਟਰੰਪ ਦਾ ਅਧਿਐਨ ਪੱਖਪਾਤੀ ਸੀ। ਉਸਨੇ ਜਨਮਸਾਖੀ ਸਾਹਿਤ ਨੂੰ ਚਮਤਕਾਰਾਂ ਨਾਲ ਭਰਪੂਰ ਸਾਹਿਤ ਦੱਸਿਆ, ਜਿਸਦਾ ਕਾਰਨ ਉਹ ਭਾਰਤੀ ਲੋਕਾਂ ਦੀ ਅਗਿਆਨਤਾ ਦੱਸਦਾ ਹੈ।[31]

ਉਸਦਾ ਇਹ ਵੀ ਮੰਨਣਾ ਸੀ ਕਿ ਇਹ ਇਕ ਜੀਵਨੀ ਹੈ ਜਿਸ ਵਿਚ ਸਾਡੀ ਦਿਲਚਸਪੀ ਖਿੱਚਣ ਲਈ ਸਮੱਗਰੀ ਬਹੁਤ ਥੋੜੀ ਹੈ ਤੇ ਥੋੜੇ ਬਹੁਤ ਫਰਕ ਨਾਲ ਇਹ

---

29 ਗੁਰਭਗਤ ਸਿੰਘ, ਕੌਮੀ ਅਜ਼ਾਦੀ ਵੱਲ, ਵਿਚਾਰ ਪ੍ਰਕਾਸ਼ਨ, ਮਾਰਚ 1993, ਪੰਨਾ 18.

30 ਉਹੀ, ਪੰਨਾ 104.

31 Ernest Trumpp, *The Adi Granth or the Holy Scriptures of the Sikhs,* Munshiram Manoharlal Publishers, New Delhi, 2007, p.i.

ਘਟਨਾਵਾਂ ਹਰ ਹਿੰਦੂ ਫ਼ਕੀਰ ਦੇ ਜੀਵਨ ਉੱਪਰ ਢੁਕਦੀਆਂ ਹਨ।[32] ਟਰੰਪ ਦੇ ਅਧਿਐਨ ਨੇ ਸਿੱਖਾਂ ਨੂੰ ਰੱਖਿਆਤਮਿਕ ਪੱਖ ਤੋਂ ਸੋਚਣ ਲਈ ਸੁਚੇਤ ਕੀਤਾ। ਸਿੱਖਾਂ ਨੇ ਮੈਕਸ ਅਰਥਰ ਮੈਕਾਲਿਫ਼ ਨੂੰ ਸਿੱਖ ਇਤਿਹਾਸ ਲਿਖਣ ਲਈ ਬੇਨਤੀ ਕੀਤੀ। 1885 ਈ. ਵਿਚ ਮੈਕਾਲਿਫ਼ ਨੇ ਆਪਣੇ ਪੱਲਿਉਂ ਪੈਸੇ ਖਰਚ ਕੇ ਪੁਰਾਤਨ ਜਨਮਸਾਖੀ ਨੂੰ ਛਪਵਾਇਆ ਸੀ।[33] ਟਰੰਪ ਤੋਂ ਭਿੰਨ ਮੈਕਾਲਿਫ਼ ਦੀ ਸਿੱਖਾਂ ਪ੍ਰਤੀ ਹਮਦਰਦੀ ਭਰੀ ਪਹੁੰਚ ਸੀ। ਜਨਮਸਾਖੀ ਸਾਹਿਤ ਦਾ ਅਗਲਾ ਪੜਾਅ ਸ. ਕਰਮ ਸਿੰਘ ਹਿਸਟੋਰੀਅਨ ਨਾਲ ਸ਼ੁਰੂ ਹੁੰਦਾ ਹੈ। ਉਸਦੀ ਕਿਤਾਬ ਕਤਕ ਕਿ ਵਿਸਾਖ 1913 ਈ. ਵਿਚ ਪ੍ਰਕਾਸ਼ਿਤ ਹੋਈ। ਇਹ ਕਿਤਾਬ ਆਲੋਚਨਾਤਮਕ ਅਤੇ ਰੱਖਿਆਤਮਿਕ ਦੋਹਾਂ ਪੱਖਾਂ ਤੋਂ ਲਿਖੀ ਗਈ ਸੀ। ਲੇਖਕ ਦਾ ਮੂਲ ਮੰਤਵ ਗੁਰੂ ਨਾਨਕ ਸਾਹਿਬ ਦੀ ਜਨਮ ਮਿਤੀ ਨਿਰਧਾਰਿਤ ਕਰਨਾ ਸੀ। ਸਬਿੰਦਰਜੀਤ ਸਿਘ ਸਾਗਰ ਅਨੁਸਾਰ, ''ਕਰਮ ਸਿੰਘ ਇਸ ਰਚਨਾ ਦੇ ਸਿੱਧਾਂਤਕ ਉਦੇਸ਼ ਤੋਂ ਪਰ੍ਹੇ ਵੇਖਣੋਂ ਅਸਮਰਥ ਸੀ।''[34] ਪਰ ਇਸ ਕਿਤਾਬ ਨੇ ਜਨਮਸਾਖੀ ਸਾਹਿਤ ਬਾਰੇ ਅਧਿਐਨ ਨੂੰ ਅੱਗੇ ਤੋਰਿਆ ਸੀ। ਗੁਰਦੁਆਰਾ ਸੁਧਾਰ ਲਹਿਰ ਆਉਣ ਨਾਲ ਸਿੰਘ ਸਭਾ ਲਹਿਰ ਦੀ ਪੁਨਰਜਾਗਰਣ ਦੀ ਬੌਧਿਕ ਕੋਸ਼ਿਸ਼ ਆਪਣਾ ਰੂਪ ਵਟਾ ਗਈ ਸੀ। ਇਸ ਸਮੇਂ ਭਾਈ ਬਾਲਾ ਜਨਮਸਾਖੀ ਦੀ ਥਾਂ ਤੇ ਪੁਰਾਤਨ ਜਨਮਸਾਖੀ ਥਾਂ ਲੈਣ ਲੱਗ ਪਈ ਪਰ ਮਿਹਰਬਾਨ ਜਨਮਸਾਖੀ ਸਾਹਮਣੇ ਆਉਣ ਨਾਲ ਜਨਮਸਾਖੀਆਂ ਦੇ ਕਾਲ ਉੱਪਰ ਅਧਿਐਨ ਸ਼ੁਰੂ ਹੋ ਗਿਆ। ਇਹ ਅਧਿਐਨ ਜਨਮਸਾਖੀਆਂ ਦੇ ਤੁਲਨਾਤਮਿਕ ਅਤੇ ਭਾਸ਼ਾ ਅਧਿਐਨ ਨਾਲ ਸੰਬੰਧਤ ਸੀ। ਭਾਈ ਵੀਰ ਸਿੰਘ ਨੇ 1926 ਈ. ਵਿਚ ਪੁਰਾਤਨ ਜਨਮਸਾਖੀ ਦੀ ਸੰਪਾਦਨਾ ਕੀਤੀ ਸੀ। ਉਨ੍ਹਾਂ ਨੇ ਜਨਮਸਾਖੀ ਸਾਹਿਤ ਨੂੰ ਉਨਰੀ ਇਤਿਹਾਸ ਦੀ ਸੰਗਯਾ ਦਿੱਤੀ ਹੈ।[35] ਡਾ. ਕਿਰਪਾਲ ਸਿੰਘ ਅਨੁਸਾਰ ਇਤਿਹਾਸ ਵਿਚ ਤਿੰਨ ਰੌਂ ਚੱਲਦੇ ਹਨ, ਇਕ ਸਾਹਿਤਕ, ਦੂਜੇ ਬ੍ਰਿਤਾਂਤਕ, ਤੀਜੇ ਅਧਿਆਤਮਕ। ਉਨਰੀ ਇਤਿਹਾਸ ਵਿਚ ਸਾਹਿਤਕ ਹਿੱਸਾ ਆਪਣੇ ਕਮਾਲ 'ਤੇ ਹੁੰਦਾ ਹੈ। ਬ੍ਰਿਤਾਂਤਕ ਹਿੱਸਾ ਕਾਫ਼ੀ ਹੁੰਦਾ ਹੈ ਪਰ ਇਸ ਦਾ ਕੰਮ ਸਾਹਿਤਕ ਹਿੱਸੇ ਨੂੰ ਜੜਤ ਦਾ ਕੰਮ ਦੇਣ ਦਾ ਹੁੰਦਾ ਹੈ। ਉਪਰੋਕਤ ਦੋਹਾਂ ਦਾ ਕੰਮ ਤੀਸਰੇ ਹਿੱਸੇ (ਅਧਿਆਤਮਿਕ) ਨੂੰ ਮੁਅੱਸਰ (ਅਸਰਦਾਰ) ਬਣਾਉਣ ਦਾ ਹੁੰਦਾ ਹੈ। ਅਰਥਾਤ ਉਨਰੀ

---

[32] *Ibid.*, p.vi.

[33] ਸਬਿੰਦਰਜੀਤ ਸਿੰਘ ਸਾਬਰ, ਜਨਮਸਾਖੀ ਸੰਵਾਦ ਤੇ ਮੁਲੰਕਣ, ਵਾਰਿਸ ਸ਼ਾਹ ਫਾਉਂਡੇਸਨ, ਅੰਮ੍ਰਿਤਸਰ, 2001, ਪੰਨਾ 19.

[34] ਉਹੀ, ਪੰਨਾ 22.

[35] ਕਿਰਪਾਲ ਸਿੰਘ, ਭਾਈ ਵੀਰ ਸਿੰਘ ਦੀ ਇਤਿਹਾਸਿਕ ਰਚਨਾ, ਪੰਜਾਬੀ ਯੂਨੀਵਰਸਿਟੀ ਪਟਿਆਲਾ, 1974, ਪੰਨੇ 18-19.

ਇਤਿਹਾਸ ਦਾ ਕੰਮ ਇਨਸਾਨ ਦੀ ਸਿੱਖਿਆ ਲਈ ਅਧਿਆਤਮਕ ਸੱਚ ਨੂੰ ਪ੍ਰਦੀਪਤ ਕਰਨਾ ਹੁੰਦਾ ਹੈ।[36] ਸੱਠਵਿਆਂ ਵਿਚ ਕਿਰਪਾਲ ਸਿੰਘ ਤੇ ਸ਼ਮਸ਼ੇਰ ਸਿੰਘ ਅਸ਼ੋਕ ਦੁਆਰਾ ਮਿਹਰਬਾਨ ਜਨਮਸਾਖੀ ਦੇ ਸੰਪਾਦਨ ਨਾਲ ਇਸ ਅਧਿਐਨ ਵਿਚ ਨਵਾਂ ਮੋੜ ਆਇਆ। ਇਹ ਸੰਪਾਦਨ 1962 ਈ. ਵਿਚ ਹੋਇਆ। ਕਿਰਪਾਲ ਸਿੰਘ ਦਾ ਵਿਚਾਰ ਹੈ ਕਿ ਮਿਹਰਬਾਨ ਜਨਮਸਾਖੀ ਸਭ ਤੋਂ ਪ੍ਰਾਚੀਨ ਹੈ। ਇਸ ਲਈ ਗੁਰੂ ਨਾਨਕ ਜੀ ਦੇ ਜੀਵਨ ਬਾਰੇ ਇਹ ਸਭ ਤੋਂ ਮਹੱਤਵਪੂਰਨ ਦਸਤਾਵੇਜ਼ ਹੈ।[37]

ਜਨਮਸਾਖੀ ਅਧਿਐਨ ਵਿਚ W.H. Mcleod ਦੇ ਖੋਜ ਪ੍ਰਬੰਧ ਪ੍ਰਕਾਸ਼ਿਤ ਹੋਣ ਨਾਲ ਨਵਾਂ ਰੁਝਾਨ ਸਾਹਮਣੇ ਆਇਆ। ਮੈਕਲੋਡ ਨੇ ਜਨਮਸਾਖੀ ਸਾਹਿਤ ਦੀ ਤਿੱਖੀ ਆਲੋਚਨਾ ਕੀਤੀ। ਇਸ ਥੀਸਿਸ ਨੇ ਉਸ ਨੀਂਹ 'ਤੇ ਸੱਟ ਮਾਰੀ ਸੀ ਜੋ ਗੁਰੂ ਨਾਨਕ ਸਾਹਿਬ ਬਾਰੇ ਇਤਿਹਾਸਿਕ ਸਮੱਗਰੀ ਰੱਖਦਾ ਸੀ। ਮੈਕਲੋਡ ਦੀ ਰਚਨਾ ਦਾ ਸਿੱਖ ਵਿਦਵਾਨਾਂ ਨੇ ਤਿੱਖਾ ਪ੍ਰਤੀਕਰਮ ਦਿੱਤਾ। ਇਸ ਤਰ੍ਹਾਂ ਰੱਖਿਆਤਮਿਕ ਪੱਖ ਤੋਂ ਢੇਰ ਸਾਰਾ ਅਧਿਐਨ ਸਾਹਮਣੇ ਆਇਆ। ਇਹ ਅਧਿਐਨ ਜਨਮਸਾਖੀ ਸਾਹਿਤ ਦੇ ਵੱਖ-ਵੱਖ ਰੂਪਾਂ ਤੇ ਇਤਿਹਾਸ ਨਾਲ ਸੰਬੰਧਤ ਸੀ। 1969 ਈ. ਵਿਚ ਗੁਰੂ ਨਾਨਕ ਸਾਹਿਬ ਬਾਰੇ ਜੋ ਸਾਹਿਤ ਲਿਖਿਆ ਗਿਆ ਉਸ ਵਿਚ ਮੈਕਲੋਡ ਦੀ ਰਚਨਾ ਦਾ ਪ੍ਰਭਾਵ ਦੇਖਿਆ ਜਾ ਸਕਦਾ ਹੈ। ਇਸ ਪ੍ਰਤੀਕਰਮ ਨੇ ਜਨਮਸਾਖੀ ਅਧਿਐਨ ਲਈ ਨਵੀਆਂ ਸੰਭਾਵਨਾਵਾਂ ਤੇ ਸੇਧਾਂ ਪ੍ਰਦਾਨ ਕੀਤੀਆਂ। ਜਿਵੇਂ ਹਰਬੰਸ ਸਿੰਘ ਦੇ ਲਿਖੇ ਖੋਜ ਪੱਤਰ ਤੋਂ ਮਿੱਥ ਬਾਰੇ ਨਵੀਆਂ ਸੇਧਾਂ ਮਿਲੀਆਂ। ਹਰਬੰਸ ਸਿੰਘ ਦਾ ਮਤ ਸੀ ਕਿ ਜਨਮਸਾਖੀ ਸਾਹਿਤ ਦਾ ਰੂਪ ਪ੍ਰਸੰਗਵਾਲਾ (episodic) ਤੇ ਵੇਰਵੇ ਸੰਖੇਪ ਬ੍ਰਿਤਾਂਤਾਂ ਦੇ ਰੂਪ ਵਿਚ ਹਨ। ਉਸ ਅਨੁਸਾਰ ਜਨਮਸਾਖੀ ਆਪਣੀ ਕਹਾਣੀ ਮਿੱਥ ਤੇ ਗਾਥਾ ਦੀ ਭਾਸ਼ਾ ਵਿਚ ਪੇਸ਼ ਕਰਦੀ ਹੈ।[38] ਇਸ ਤਰ੍ਹਾਂ ਹੀ ਡਾ. ਪਿਆਰ ਸਿਘ ਨੇ ਜਨਮਸਾਖੀ ਪਰੰਪਰਾ ਦੀ ਪੁਰਾਤਨਤਾ ਉਜਾਗਰ ਕਰਨ ਲਈ ਇਸ ਨੂੰ ਅਵਦਾਨ ਪਰੰਪਰਾ ਨਾਲ ਤੁਲਨਾਤਮਿਕ ਰੂਪ ਵਿਚ ਪੇਸ਼ ਕੀਤਾ ਹੈ। ਲੇਖਕ ਅਨੁਸਾਰ, ''ਜਨਮਸਾਖੀ ਪਰੰਪਰਾ ਮੂਲ ਰੂਪ ਵਿਚ ਬੁੱਧ ਜੀ ਦੀ ਜੀਵਨੀ ਵਾਲੀ ਪਰੰਪਰਾ ਦੀ ਹੀ ਧਾਰਣੀ ਹੈ। ਬਹੁਤ ਸਾਰੀਆਂ ਸਥਿਤੀਆਂ ਵੀ ਉਹੀ ਹਨ, ਹੋਰ ਤਾਂ

---

36 ਉਹੀ, ਪੰਨਾ 18.

37 ਮਿਹਰਬਾਨ ਸੋਢੀ, ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, (ਸੰਪਾ.) ਕਿਰਪਾਲ ਸਿੰਘ, ਸ਼ਮਸ਼ੇਰ ਸਿੰਘ ਅਸ਼ੋਕ, ਖਾਲਸਾ ਕਾਲਜ, ਅੰਮ੍ਰਿਤਸਰ, 1962, ਪੰਨੇ 83-88.

38 Harbans Singh, 'Guru Nanak as Historical Memory and Continuing Reality', *Perspectives on Guru Nanak,* Punjabi University Patiala, 1975, p. 16.

ਹੋਰ ਉਨ੍ਹਾਂ ਦੀ ਉਠਾਣ, ਨਿਭਾ ਅਤੇ ਪ੍ਰਾਪਤੀ ਵੀ ਉਹੀ ਹੈ। ਪ੍ਰਸੰਗਾਂ ਪਿੱਛੇ ਭਾਵਨਾ ਵੀ ਉਹੀ ਕੰਮ ਕਰਦੀ ਹੈ। ਸਾਰੇ ਦਾ ਸਾਰਾ ਸਾਹਿਤ ਬੁੱਧ ਅਵਦਾਨਾਂ ਦੀ ਤਰਜ਼ ਤੇ ਰਚਿਆ ਗਿਆ ਹੈ। ਸ਼ੈਲੀ ਲਗਪਗ ਉਹੀ ਹੈ।''[39] ਲੇਖਕ ਅਨੁਸਾਰ ਜਨਮਸਾਖੀਆਂ ਵਿਚ ਆਈਆਂ ਘਟਨਾਵਾਂ ਦਾ ਆਧਾਰ ਬਹੁਤ ਥਾਵਾਂ ਤੇ ਗੁਰਬਾਣੀ ਹੈ ਤੇ ਬੁੱਧ ਅਵਦਾਨਾਂ ਦਾ ਆਧਾਰ ਵੀ ਬੋਧ ਧਰਮ-ਗ੍ਰੰਥਾਂ ਦੇ ਸੂਤਰ ਹਨ। ਲੇਖਕ ਦਾ ਮੁਖ ਮਕਸਦ ਇਹ ਦੱਸਣਾ ਸੀ ਕਿ ਜਨਮਸਾਖੀਆਂ ਭਾਰਤੀ ਗੱਦ-ਰਚਨਾ ਦੀ ਅਤਿ ਪੁਰਾਣੀ ਪਰੰਪਰਾ ਦੀ ਪੈਰਵੀ ਕਰਦੀਆਂ ਹਨ। ਜਨਮਸਾਖੀਆਂ ਦਾ ਲੋਕਧਾਰਾਈ ਪੱਖ ਤੋਂ ਅਧਿਐਨ ਵੀ ਸਾਹਮਣੇ ਆਉਂਦਾ ਹੈ। ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ ਨੇ ਸਾਖੀਆਂ ਨੂੰ ਪਰੰਪਰਾਗਤ ਕਥਾਨਕ ਰੂੜ੍ਹੀਆਂ, ਸੰਪਰਦਾਇਕ ਸੰਕਲਪਾਂ ਤੇ ਮਨੌਤਾਂ ਦੇ ਸੰਯੋਗਾਤਮਕ ਪ੍ਰਕਿਰਿਆ ਦੇ ਅੰਤਰਗਤ ਪੁਰਾਣ ਸਿਰਜਨ ਪ੍ਰਵਿਰਤੀ ਦਾ ਸਹਿਜ ਵਿਕਾਸ ਕਿਹਾ ਹੈ। ਲੇਖਕ ਅਨੁਸਾਰ ''ਮੱਧ ਯੁੱਗ ਦੀ ਸਿਰਜਣ ਪ੍ਰਕਿਰਿਆ ਵਸ਼ਿਸ਼ਟ ਪੱਧਰ ਉੱਤੇ ਵੀ ਸੰਯੋਗਾਤਮਕ ਸੀ, ਜਿਸ ਕਰਕੇ ਇਸ ਵਿਚ ਕਈ ਲੋਕ-ਤੱਤਾਂ ਦਾ ਸੁਮੇਲ ਇਕ ਸੁਭਾਵਿਕ ਕਰਮ ਸੀ। ਕੋਈ ਸਾਖੀ ਭਾਵੇਂ ਕਿਸੇ ਇਤਿਹਾਸਕ ਤੱਥ 'ਤੇ ਵੀ ਆਧਾਰਤ ਹੋਵੇ ਤਾਂ ਵੀ ਉਹ ਕਾਲਪਨਿਕ ਤੱਤਾਂ ਤੇ ਲੋਕਧਾਰਾਈ ਅੰਸ਼ਾਂ ਤੋਂ ਮੁਕਤ ਨਹੀਂ ਹੋ ਸਕਦੀ।''[40] ਇਸ ਤਰ੍ਹਾਂ ਵਣਜਾਰਾ ਬੇਦੀ ਨੇ ਜਨਮਸਾਖੀਆਂ ਨੂੰ ਲੋਕਧਾਰਾਈ ਪੱਖ ਤੋਂ ਪੇਸ਼ ਕਰਨ ਦਾ ਯਤਨ ਕੀਤਾ ਹੈ।

ਸਿੱਖ ਧਰਮ ਤੇ ਪੰਜਾਬ ਨਾਲ ਸੰਬੰਧਤ ਕੁਝ ਇਤਿਹਾਸਕ ਮਹੱਤਵ ਵਾਲੀਆਂ ਘਟਨਾਵਾਂ ਵਾਪਰੀਆਂ, ਜਿਨ੍ਹਾਂ ਨੇ ਇਸ ਸਮੇਂ ਦੌਰਾਨ ਰਚੇ ਗਏ ਸਿੱਖ ਸਾਹਿਤ ਨੂੰ ਪ੍ਰਤੱਖ ਜਾਂ ਪਰੋਖ ਰੂਪ ਵਿਚ ਪ੍ਰਭਾਵਿਤ ਕੀਤਾ। ਇਹ ਸਿੱਖ ਅਧਿਐਨ ਦਾ ਸਮਾਂ ਪਰਿਵਰਤਨ ਕਾਲ ਅਤੇ ਨਵੀਨ ਕਾਲ ਦਾ ਸਮਾਂ ਸੀ। ਇਹਨਾਂ ਘਟਨਾਵਾਂ ਨਾਲ ਸਿੱਖ ਅਧਿਐਨ ਵਿਚ ਅਹਿਮ ਰੁਝਾਨ ਆਏ।

### ਅਕਾਲੀ ਲਹਿਰ

ਵੀਹਵੀਂ ਸਦੀ ਵਿਚ ਸਿੱਖ ਧਰਮ ਨਾਲ ਸੰਬੰਧਤ ਕੁਝ ਲਹਿਰਾਂ ਹੋਂਦ ਵਿਚ ਆਈਆਂ। ਇਹਨਾਂ ਲਹਿਰਾਂ ਦੇ ਆਉਣ ਨਾਲ, ਸੰਬੰਧਤ ਸਾਹਿਤ ਹੋਂਦ ਵਿੱਚ ਆਇਆ। ਵੀਹਵੀਂ ਸਦੀ ਦੇ ਦੂਜੇ ਦਹਾਕੇ ਦੇ ਅੰਤ ਵਿਚ ਅਕਾਲੀ ਲਹਿਰ ਹੋਂਦ ਵਿਚ ਆਈ। ਇਸ ਲਹਿਰ ਨੇ ਸਿਰਫ਼ ਗੁਰਦਆਰਾ ਸੁਧਾਰ ਲਹਿਰ ਦੇ ਤੌਰ 'ਤੇ ਹੀ ਕੰਮ ਨਹੀਂ ਕੀਤਾ ਸਗੋਂ ਸਾਹਿਤ ਨੂੰ ਵੀ ਬਹੁਤ

---

[39] ਪਿਆਰ ਸਿੰਘ, 'ਜਨਮਸਾਖੀਆਂ ਅਤੇ ਅਵਦਾਨ ਪਰੰਪਰਾ', ਸਾਖੀ ਸੁਰਤਿ, (ਸੰਪਾ.) ਡਾ. ਹਰਿਭਜਨ ਸਿੰਘ, ਮਨਜੀਤ ਸਿੰਘ, ਫਕੀਰ ਐਂਡ ਸਨਜ, ਅੰਮ੍ਰਿਤਸਰ, 1982, ਪੰਨਾ 43.

[40] ਸੋਹਿੰਦਰ ਸਿੰਘ ਵਣਜਾਰਾ ਬੇਦੀ, 'ਸਾਖੀ', ਸਾਖੀ ਸੁਰਤਿ, ਪੰਨਾ 146.

ਪ੍ਰਫੁਲਤ ਕੀਤਾ। ਇਹ ਸਾਹਿਤ ਸਿਰਜਣਾਤਮਕ ਅਤੇ ਰੱਖਿਆਤਮਿਕ ਪੱਖ ਤੋਂ ਰਚਿਆ ਗਿਆ ਜਿਸ ਵਿਚ ਪੱਤਰਕਾਵਾਂ ਤੇ ਪੁਸਤਕਾਂ ਸ਼ਾਮਲ ਸਨ। *The Akali* ਰੋਜ਼ਾਨਾ ਛਪਣ ਵਾਲੀ ਅਖ਼ਬਾਰ ਇਸੇ ਲਹਿਰ ਦੀ ਦੇਣ ਸੀ। ਅਕਾਲੀ ਲਹਿਰ ਨਾਲ ਸੰਬੰਧਿਤ ਮੁਢਲੀ ਕਿਤਾਬ ਪ੍ਰਿੰ. ਤੇਜਾ ਸਿੰਘ ਦੀ *Gurudawara Reform Movement and Sikh Awakening* 1922 ਈ. ਵਿਚ ਪ੍ਰਕਾਸ਼ਿਤ ਹੋਈ। 1923 ਈ. ਵਿਚ ਸ਼ਿਵ ਨਾਰਾਇਣ ਮਿਸ਼ਰਾ ਦੀ ਪੁਸਤਕ ਅਕਾਲੀ ਦਰਸ਼ਨ ਕਾਨ੍ਹਪੁਰ ਤੋਂ ਛਪੀ ਸੀ।[41] ਇਹਨਾਂ ਪੁਸਤਕਾਂ ਦੇ ਆਉਣ ਨਾਲ ਅਕਾਲੀ ਲਹਿਰ ਤੇ ਸਿੱਖ ਰਾਜਨੀਤੀ ਬਾਰੇ ਲਿਖਣ ਦਾ ਰੁਝਾਨ ਸ਼ੁਰੂ ਹੋ ਗਿਆ। 1927 ਈ. ਵਿਚ ਜੀ.ਆਰ. ਸੇਠੀ ਦੀ ਪੁਸਤਕ *Sikh Struggle for Gurudawara Reformers,* Union Press, Amritsar ਤੋਂ ਛਪੀ। ਇਸ ਲਹਿਰ ਵਿਚ ਭਾਗ ਲੈਣ ਵਾਲੇ ਸਿੱਖਾਂ ਦੁਆਰਾ ਵੀ ਸਾਹਿਤ ਲਿਖਿਆ ਗਿਆ। ਜਿਵੇਂ ਕਰਤਾਰ ਸਿੰਘ ਝੱਬਰ ਨੇ ਅਕਾਲੀ ਮੋਰਚੇ ਤੇ ਝੱਬਰ ਅਤੇ ਸੋਹਨ ਸਿੰਘ ਜੋਸ਼ ਨੇ ਅਕਾਲੀ ਮੋਰਚਿਆ ਦਾ ਇਤਿਹਾਸ ਲਿਖਿਆ। ਇਸ ਲਹਿਰ ਬਾਰੇ ਬੱਝਵੇਂ ਰੂਪ ਵਿਚ 1951 ਈ. ਵਿਚ ਗਿ. ਪ੍ਰਤਾਪ ਸਿੰਘ ਨੇ ਗੁਰਦੁਆਰਾ ਸੁਧਾਰ ਲਹਿਰ ਅਰਥਾਤ ਅਕਾਲੀ ਲਹਿਰ ਕਿਤਾਬ ਲਿਖੀ। ਕੁਝ ਉੱਘੇ ਅਕਾਲੀ ਨੇਤਾਵਾਂ ਦੀਆਂ ਜੀਵਨੀਆਂ ਅਤੇ ਉਨ੍ਹਾਂ ਦੇ ਸਨਮਾਨ ਵਿਚ ਛਪੇ ਗ੍ਰੰਥ ਵੀ ਇਸ ਲਹਿਰ ਬਾਰੇ ਬੜਾ ਕੁਝ ਦੱਸਦੇ ਹਨ। ਸ. ਜਸਵੰਤ ਸਿੰਘ ਦੁਆਰਾ ਲਿਖੀ ਮਾ. ਤਾਰਾ ਸਿੰਘ: ਜੀਵਨ ਸੰਘਰਸ਼ ਤੇ ਉਦੇਸ਼ ਅਤੇ ਸ. ਖੜਕ ਸਿੰਘ ਅਭਿਨੰਦਨ ਗ੍ਰੰਥ 1953 ਈ. ਵੀ ਅਕਾਲੀ ਲਹਿਰ ਉੱਪਰ ਬਹੁਤ ਚਾਨਣਾ ਪਾਉਂਦੇ ਹਨ।[42] ਇਹਨਾਂ ਵਿਚ ਸੋਹਨ ਸਿੰਘ ਜੋਸ਼ ਦੀ ਪੁਸਤਕ ਅਕਾਲੀ ਮੋਰਚਿਆ ਦਾ ਇਤਿਹਾਸ ਬਿਲਕੁਲ ਵੱਖਰੀ ਕਿਸਮ ਦੀ ਪੁਸਤਕ ਹੈ। ਲੇਖਕ ਨੇ ਇਸ ਕਿਤਾਬ ਵਿਚ ਅਕਾਲੀ ਲਹਿਰ ਦੇ ਰਾਜਨੀਤਿਕ ਰੂਪ ਨੂੰ ਉਭਾਰਿਆ ਹੈ। ਲੇਖਕ ਅਨੁਸਾਰ ਉਸ ਨੇ ਪੂਰੀ ਵਾਹ ਲਾ ਕੇ 1919 ਤੋਂ 1927 ਈ. ਤੱਕ ਬ੍ਰਿਟਿਸ਼ ਹਾਕਮਾਂ ਦੀਆਂ ਸਾਰੀਆਂ ਗੁਪਤ ਫਾਈਲਾਂ ਤੇ ਮਿਸਲਾਂ ਦਾ ਅਧਿਐਨ ਕੀਤਾ। ਇਹ ਫਾਈਲਾਂ ਦੇ ਕੋਈ ਅੱਠ ਹਜ਼ਾਰ ਸਫ਼ੇ ਸਨ। ਇਸ ਤੋਂ ਇਲਾਵਾ ਸਰਕਾਰੀ ਕਮਿਸ਼ਨਾਂ ਦੀਆਂ ਰਿਪੋਰਟਾਂ ਤੇ ਬਹੁਤ ਸਾਰੀਆਂ ਕਿਤਾਬਾਂ ਦਾ ਅਧਿਐਨ ਕੀਤਾ। ਲੇਖਕ ਨੇ ਉਸ ਸਮੇਂ ਦੇ ਸਿੱਖਾਂ ਨੂੰ ਵਹਿਮਾਂ-ਭਰਮਾਂ ਵਿਚ ਫਸੇ ਹੋਣ ਕਰਕੇ ਇਸ ਧਰਮ ਦੀ ਸ਼ਕਲ ਵਿਗੜਦੀ ਮੰਨਿਆ ਹੈ। ਲੇਖਕ ਨੇ 1919 ਤੋਂ 1926 ਤੱਕ ਦੇ ਗੁਰਦੁਆਰਿਆਂ ਨੂੰ ਅਜ਼ਾਦ ਕਰਾਉਣ ਦੇ ਇਤਿਹਾਸ ਨੂੰ ਲਿਆ ਹੈ। ਇਸ ਕਿਤਾਬ ਨੇ

[41] ਸ਼ਿਵ ਗਜਰਾਨੀ, 'ਅਕਾਲੀ ਲਹਿਰ ਦੀਆਂ ਕੁਝ ਲਿਖਤਾਂ ਦੀ ਹਿਸਟੋਰੀਉਗਰਾਫੀ', ਪੰਜਾਬ ਹਿਸਟਰੀ ਕਾਨਫਰੰਸ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਮਾਰਚ 2007, ਪੰਨਾ 888.

[42] ਸ਼ਿਵ ਗਜਰਾਨੀ, 'ਅਕਾਲੀ ਲਹਿਰ ਦੀਆਂ ਕੁਝ ਲਿਖਤਾਂ ਦੀ ਹਿਸਟੋਰੀਉਗਰਾਫੀ', ਪੰਨਾ 888.

ਅਕਾਲੀ ਮੋਰਚਿਆਂ ਤੇ ਅਕਾਲੀ ਲਹਿਰ ਦੀ ਇਤਿਹਾਸਕਾਰੀ ਵਿਚ ਨਵਾਂ ਰੁਝਾਨ ਪੈਦਾ ਕਰ ਦਿੱਤਾ ਜਿਸ ਨਾਲ ਸਰਕਾਰੀ ਫਾਇਲਾਂ ਹੋਰ ਦਸਤਾਵੇਜ਼ ਵੀ ਅਕਾਲੀ ਲਹਿਰ ਦੀ ਇਤਿਹਾਸਕਾਰੀ ਦਾ ਹਿੱਸਾ ਬਣੇ।[43] ਇਸ ਕਿਤਾਬ ਨਾਲ ਅਕਾਲੀ ਲਹਿਰ ਦੀ ਸਿੱਧਾਂਤਕਾਰੀ ਦੀ ਸ਼ੁਰੂਆਤ ਹੁੰਦੀ ਹੈ। ਇਹ ਕਿਤਾਬ 1972 ਈ. ਵਿਚ ਪ੍ਰਕਾਸ਼ਿਤ ਹੋਈ ਸੀ।

ਦੇਸ਼ ਅਜ਼ਾਦੀ ਤੋਂ ਬਾਅਦ ਸਿੱਖ ਕੌਮ ਵਿਚ ਸ਼ਤਾਬਦੀਆਂ ਮਨਾਉਣ ਦਾ ਰੁਝਾਨ ਬਹੁਤ ਜ਼ੋਰ ਨਾਲ ਸਾਹਮਣੇ ਆਇਆ। ਇਸ ਵਿਚ ਪਹਿਲੀ ਸ਼ਤਾਬਦੀ 1969 ਈ. ਵਿਚ ਗੁਰੂ ਨਾਨਕ ਸਾਹਿਬ ਦੇ 500 ਸਾਲਾ ਜਨਮ ਦਿਵਸ ਨੂੰ ਸਾਹਮਣੇ ਰੱਖ ਕੇ ਆਈ। ਇਸ ਸ਼ਤਾਬਦੀ ਨੇ ਰੱਖਿਆਤਮਿਕ ਪੱਖ ਤੋਂ ਅਕਾਦਮਿਕਤਾ ਅਤੇ ਸਿੱਖ, ਗ਼ੈਰ ਸਿੱਖਾਂ ਵਿਚ ਸਾਹਿਤ ਰਚਣ ਦਾ ਰੁਝਾਨ ਪੈਦਾ ਕੀਤਾ। ਇਸ ਸ਼ਤਾਬਦੀ ਨੂੰ ਮੁਖ ਰੱਖ ਕੇ ਗੁਰੂ ਨਾਨਕ ਸਾਹਿਬ ਨਾਲ ਸੰਬੰਧਤ ਅਧਿਐਨ ਸਾਹਮਣੇ ਆਉਂਦਾ ਹੈ। ਇਸ ਨਾਲ ਸੰਬੰਧਤ ਪੱਤਰਕਾਵਾਂ ਦੇ ਵਿਸ਼ੇਸ਼ ਅੰਕ, ਸੈਮੀਨਾਰ ਅਤੇ ਕਿਤਾਬਾਂ ਦੇ ਰੂਪ ਵਿਚ ਸਾਹਿਤ ਸਾਹਮਣੇ ਆਇਆ। ਇਸ ਖੋਜ ਪ੍ਰਬੰਧ ਵਿਚ ਯੂਨੀਵਰਸਿਟੀਆਂ ਵਿਚ ਅਕਾਦਮਿਕ ਪੱਧਰ 'ਤੇ ਹੋਏ ਕਾਰਜ ਨੂੰ ਚੌਥੇ ਅਧਿਆਇ ਵਿਚ ਪੇਸ਼ ਕੀਤਾ ਜਾਵੇਗਾ। ਇੱਥੇ ਯੂਨੀਵਰਸਿਟੀਆਂ ਤੋਂ ਬਾਹਰ ਕੋਏ ਕਾਰਜ ਨੂੰ ਲੈ ਰਹੇ ਹਾਂ ਭਾਵੇਂ ਕਿ ਉਹ ਕੰਮ ਯੂਨੀਵਰਸਿਟੀਆਂ ਦੇ ਵਿਦਵਾਨਾਂ ਦੇ ਯੋਗਦਾਨ ਨਾਲ ਹੀ ਹੋਇਆ ਹੈ। ਇਹ ਕੰਮ ਜ਼ਿਆਦਾਤਰ W.H.Mcleod ਦੇ ਥੀਸੀਸ Guru Nanak and Sikh Religion ਦੇ ਵਿਚ ਉੱਠਾਏ ਗਏ ਸਵਾਲਾਂ ਦੇ ਰਖਿਆਤਮਿਕ ਅਤੇ ਆਲੋਚਨਾਤਮਕ ਪੱਖ ਤੋਂ ਜਵਾਬ ਦੇ ਰੂਪ ਵਿਚ ਸਾਹਮਣੇ ਆਇਆ। 1969 ਈ. ਵਿਚ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਵੱਲੋਂ ਪ੍ਰੋ. ਪ੍ਰੀਤਮ ਸਿੰਘ ਦੁਆਰਾ ਕਿਤਾਬ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਸੰਪਾਦਿਤ ਕੀਤੀ ਗਈ। ਇਸ ਕਿਤਾਬ ਵਿਚ ਗੁਰੂ ਨਾਨਕ ਸਾਹਿਬ ਨਾਲ ਸੰਬੰਧਤ ਵੱਖ-ਵੱਖ ਵਿਦਵਾਨਾਂ ਵੱਲੋਂ 33 ਲੇਖ ਲਿਖੇ ਗਏ ਸਨ। ਇਹ ਲੇਖ ਗੁਰੂ ਨਾਨਕ ਸਾਹਿਬ ਦੇ ਜੀਵਨ ਅਤੇ ਬਾਣੀ ਨਾਲ ਸੰਬੰਧਤ ਸਨ। ਇਹਨਾਂ ਲੇਖਾਂ ਦਾ ਵਿਸ਼ਾ, ਗੁਰੂ ਨਾਨਕ ਜੀਵਨ, ਪਿਛੋਕੜ, ਬਾਣੀ, ਭਾਸ਼ਾ, ਸੰਗੀਤ, ਸਮਾਜ ਵਿਗਿਆਨ, ਮਨੋਵਿਗਿਆਨ ਆਦਿਕ ਸੀ। ਇਸ ਨਾਲ ਇਹਨਾਂ ਵਿਸ਼ਿਆਂ ਤੇ ਸੁਤੰਤਰ ਲਿਖਣ ਦਾ ਰੁਝਾਨ ਪੈਦਾ ਹੋਇਆ। ਪੰਜਾਬੀ ਸਾਹਿਤ ਅਕਾਡਮੀ ਵੱਲੋਂ ਇਸੇ ਸਾਲ ਹੀ ਪ੍ਰੋ. ਪ੍ਰੀਤਮ ਸਿੰਘ ਦੁਆਰਾ ਕਲਿ ਤਾਰਕ ਨਾਮ ਹੇਠ ਇਕ ਕਿਤਾਬ ਸੰਪਾਦਿਤ ਕੀਤੀ ਗਈ। ਇਸ

[43] ਸੋਹਨ ਸਿੰਘ ਜੋਸ਼, ਅਕਾਲੀ ਮੋਰਚਿਆਂ ਦਾ ਇਤਿਹਾਸ, ਆਰਸੀ ਪਬਲਿਸ਼ਰਜ਼, ਦਿੱਲੀ, 2000, ਪੰਨੇ 5-7.

ਕਿਤਾਬ ਵਿਚ ਕੁੱਲ 29 ਲੇਖ ਸਨ। ਇਹ ਲੇਖ ਜ਼ਿਆਦਾਤਰ ਨਾਨਕ ਬਾਣੀ ਦੇ ਫ਼ਲਸਫ਼ੇ ਅਤੇ ਗੁਰੂ ਨਾਨਕ ਸਾਹਿਬ ਨਾਲ ਸੰਬੰਧਤ ਸਾਹਿਤ ਉੱਪਰ ਲਿਖੇ ਗਏ। ਪ੍ਰੋ. ਪ੍ਰੀਤਮ ਸਿੰਘ ਨੇ ਰੱਖਿਆਤਮਿਕ ਪੱਖ ਤੋਂ ਪਹਿਲਾ ਲੇਖ 'ਗੁਰੂ ਨਾਨਕ ਸਾਹਿਬ-ਤੱਥ ਤੇ ਮਿੱਥ'[44] ਲਿਖਿਆ। ਪ੍ਰੋ. ਪ੍ਰੀਤਮ ਸਿੰਘ ਨੇ ਜਿੱਥੇ ਡਾ. ਮੈਕਲੋਡ ਦੁਆਰਾ ਉੱਠਾਏ ਇਤਰਾਜ਼ਾਂ ਨੂੰ ਲੇਖ ਦਾ ਵਿਸ਼ਾ ਬਣਾਇਆ, ਉੱਥੇ ਹੀ ਡਾ. ਮੈਕਲੋਡ ਦੀ ਖੋਜ ਵਿਚੋਂ ਨਿਕਲੇ ਸਿੱਟੇ ਵੀ ਦੱਸੇ। ਲੇਖਕ ਅਨੁਸਾਰ, ''ਡਾਕਟਰ ਮਕਲੋਡ ਦੀ ਖੋਜ ਦੇ ਦੋ ਸਪੱਸ਼ਟ ਲਾਭ ਹੋਣ ਦੀ ਆਸ ਹੈ: ਪਹਿਲਾ ਇਹ ਕਿ (ੳ) ਭਵਿਖ ਵਿਚ ਗੁਰੁ-ਜੀਵਨ ਦੇ ਲੇਖਕਾਂ ਨੂੰ ਭਰਮ-ਮੁਕਤ ਤੇ ਬੇਲਾਗ਼ ਹੋ ਕੇ ਮਿੱਥ ਦੀ ਥਾਂ ਤੱਥ, ਪੁਰਾਣ ਦੀ ਥਾਂ ਇਤਿਹਾਸ ਤੇ ਨਿਰੀ ਕਲਪਣਾ ਦੀ ਥਾਂ ਵਾਸਤਵ ਵਾਲੇ ਆਧਾਰਾਂ ਦਾ ਆਸਰਾ ਹੁਣ ਨਾਲੋਂ ਕਿਤੇ ਵਧੇਰੇ ਤਕਾਉਣਾ ਪਵੇਗਾ।(ਅ) ਦੂਜਾ ਇਹ ਕਿ ਇਤਿਹਾਸਿਕ ਜੀਵਨੀ ਦੇ ਅਭਾਵ ਵਾਲੇ ਖੱਪੇ ਨੂੰ ਪੂਰਨ ਲਈ ਵਧੇਰੇ ਸੰਗਠਿਤ ਤੇ ਬਾਕਾਇਦਾ ਪੱਧਰ ਉੱਤੇ ਪ੍ਰਮਾਣਿਕ ਇਤਿਹਾਸਿਕ ਸਾਮਗਰੀ ਦੀ ਵਿਗਿਆਨਿਕ ਭਾਲ ਵੱਲ ਕੰਮ ਸ਼ੁਰੂ ਹੋਵੇਗਾ, ਚਾਹੇ ਇਹ ਯੂਨੀਵਰਸਿਟੀਆਂ ਦੀ ਪੱਧਰ ਉੱਤੇ ਹੋਵੇ, ਚਾਹੇ ਹੋਰ ਸੰਸਥਾਵਾਂ ਦੀ ਪੱਧਰ ਉੱਤੇ।''[45] ਇਸ ਤਰ੍ਹਾਂ ਇਸ ਤੋਂ ਬਾਅਦ ਗੁਰੂ ਨਾਨਕ ਸਾਹਿਬ ਉੱਪਰ ਕਈ ਪ੍ਰਕਾਰ ਦਾ ਕੰਮ ਸਾਹਮਣੇ ਆਇਆ। 1969 ਈ. ਵਿਚ ਹੀ ਗਿ. ਊਧਮ ਸਿੰਘ ਦੀ ਕਿਤਾਬ ਗੁਰੂ ਨਾਨਕ ਜੀਵਨ: ਇਕ ਨਵੀਂ ਖੋਜ ਲਿਖੀ ਗਈ। ਇਹ ਕਿਤਾਬ ਰੱਖਿਆਤਮਿਕ ਪੱਖ ਤੋਂ ਲਿਖੀ ਗਈ। ਲੇਖਕ ਨੇ ਇਸ ਕਿਤਾਬ ਦੇ ਖ਼ਾਸ ਨੁਕਤੇ ਬਾਰੇ ਧਿਆਨ ਦਿਵਾਉਂਦਿਆਂ ਲਿਖਿਆ ਹੈ ਕਿ ''ਇਸ ਪੁਸਤਕ ਵਿਚ ਇਕ ਧਿਆਨ ਯੋਗ ਵਿਸ਼ਾ ਗੁਰੂ ਸਾਹਿਬ ਜੀ ਦੇ ਉਹ ਕੌਤਕ ਵੀ ਹਨ ਜਿਨ੍ਹਾਂ 'ਚੋਂ ਕਿਸੇ ਗ਼ੈਬੀ ਸ਼ਕਤੀ ਅਰਥਾਤ ਕਰਾਮਾਤ ਦੀ ਝਲਕ ਪੈਂਦੀ ਹੈ, ਵਿਸਥਾਰ ਸਹਿਤ ਉਨ੍ਹਾਂ ਸਭ ਘਟਨਾਵਾਂ ਦੀ ਥਾਂ ਪਰ ਥਾਂ ਨਿਰਣਾ ਕਰਨ ਦਾ ਯਤਨ ਕੀਤਾ ਹੈ।''[46] 1969 ਈ. ਵਿਚ ਹੀ ਜੋਗਿੰਦਰ ਸਿੰਘ ਦੀ ਪੁਸਤਕ ਗੁਰੂ ਨਾਨਕ ਦਾ ਸਰੂਪ ਛਪੀ ਸੀ। ਇਹ ਪੁਸਤਕ ਗੁਰੂ ਨਾਨਕ ਸਾਹਿਬ ਦਾ ਸਰੂਪ ਨਿਸ਼ਚਤ ਕਰਕੇ ਸ਼ਰਧਾਲੂਆਂ ਨੂੰ ਅਰਪਣ ਕੀਤੀ ਗਈ ਸੀ। ਇਸ ਪੁਸਤਕ ਵਿਚ ਲੇਖਕ ਦੀ ਕਲਮ ਗੁਰੂ ਸਾਹਿਬ ਦੇ ਕਾਰਨਾਮਿਆਂ ਦਾ ਗੁਰਬਾਣੀ ਦੇ ਅਧਾਰ ਉੱਤੇ ਵਿਸ਼ਲੇਸ਼ਣ ਕਰਦੀ ਹੈ। ਲੋੜ ਅਨੁਸਾਰ, ਗੁਰਬਾਣੀ ਦੀਆਂ ਤੁਕਾਂ, ਅੰਕਿਤ ਕੀਤੀ ਗਈ ਸਮੱਗਰੀ ਦੀ ਪ੍ਰੋੜ੍ਹਤਾ

---

44 ਪ੍ਰੀਤਮ ਸਿੰਘ (ਸੰਪਾ.) ਕਲਿ ਤਾਰਕ, ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ, ਮਿਤੀਹੀਣ, ਪੰਨਾ 1.

45 ਪ੍ਰੀਤਮ ਸਿੰਘ, ਕਲਿ ਤਾਰਕ, ਪੰਨੇ 4-5.

46 ਗਿਆਨੀ, ਊਧਮ ਸਿੰਘ ਗੁਰੂ ਨਾਨਕ ਜੀਵਨ ਇਕ ਨਵੀਂ ਖੋਜ, ਚਤਰ ਸਿੰਘ ਜੀਵਨ ਸਿੰਘ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, 2009, ਪੰਨਾ 29.

ਕਰਨ ਦੀਆਂ ਪ੍ਰਤੀਕ ਹਨ।[47] 1969 ਈ. ਵਿਚ ਹੀ ਸ਼ਮਸ਼ੇਰ ਸਿੰਘ ਅਸ਼ੋਕ ਨੇ ਪੁਰਾਤਨ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ (ਸਚਿਤ੍ਰ) ਸੰਪਾਦਿਤ ਕੀਤੀ। ਭਾਈ ਵੀਰ ਸਿਘ ਦੀ ਸੰਪਾਦਨਾ ਤੋਂ ਬਾਅਦ ਇਸ ਸੰਪਾਦਨਾ ਦੀ ਖ਼ਾਸੀਅਤ ਇਹ ਹੈ ਕਿ ਇਸ ਵਿਚ ਪਾਠਕਾਂ ਤੇ ਖੋਜੀਆਂ ਲਈ ਕੁਝ ਵਿਸ਼ੇ ਵੀ ਛੋਹੇ ਗਏ ਸਨ। ਇਸ ਤੋਂ ਇਲਾਵਾ ਲੇਖਕ ਨੇ 72 ਸਾਖੀਆਂ ਤੇ ਤਿੰਨ ਅੰਤਿਕਾਵਾਂ ਦੀ ਸਹਾਇਤਾ ਰਾਹੀਂ ਵਿਸ਼ਾ-ਵਸਤੂ ਨੂੰ ਵਧੇਰੇ ਖੋਜਮਈ ਬਣਾਇਆ ਹੈ। ਇਸ ਵਿਚ ਗੁਰੂ ਨਾਨਕ ਜੀਵਨ-ਘਟਨਾਵਲੀ, ਪ੍ਰਸਿੱਧ ਨਾਮ ਅਤੇ ਅਸਥਾਨ ਤੇ ਸਹਾਇਕ ਪੁਸਤਕ ਸੂਚੀ ਦੇ ਨਾਲ ਸ਼ਬਦ ਅਨੁਕ੍ਰਮਣਿਕਾ ਵੀ ਦਿੱਤੀ ਹੈ।[48]

ਸੇਵਾ ਸਿੰਘ ਸੇਵਕ ਨੇ 1969 ਈ. ਵਿਚ ਹੀ ਪ੍ਰਾਚੀਨ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਕੀ ਸੰਪਾਦਿਤ ਕੀਤੀ। ਗੁਰਬਚਨ ਸਿੰਘ ਨਈਅਰ ਅਨੁਸਾਰ ''ਹਥਲੀ ਪੁਸਤਕ ਦਾ ਵਿਸ਼ਾ ਵਸਤੂ ਗੁਰੂ ਨਾਨਕ ਦੇਵ ਜੀ ਸੰਬੰਧੀ ਸਾਖੀਆਂ ਦੀ ਦੁਹਰਾਈ ਪਾਠਕਾਂ ਦੀ ਦ੍ਰਿਸ਼ਟੀਗੋਚਰ ਕਰਦਾ ਹੈ। ਇਹ ਸੰਪਾਦਨਾ ਗੁਰੂ ਨਾਨਕ ਦੇਵ ਸੰਬੰਧੀ ਅਹਿਮ ਨੁਕਤਿਆਂ ਉੱਤੇ ਕੋਈ ਲਾਭਦਾਇਕ ਰੋਸ਼ਨੀ ਨਹੀਂ ਪਾਉਂਦੀ ਜੋ ਸੰਪਾਦਕੀ ਰਚਨਾ ਦਾ ਇਕ ਯੋਗ ਤੇ ਲੋੜੀਂਦਾ ਕਰਤੱਵ ਹੈ।[49] ਇਸ ਸਾਲ ਹੀ ਪ੍ਰਿੰਸੀਪਲ ਸਤਿਬੀਰ ਸਿੰਘ ਦੀ ਕਿਤਾਬ ਬਲਿਉ ਚਿਰਾਗ ਜੀਵਨੀ ਗੁਰੂ ਨਾਨਕ ਦੇਵ ਜੀ ਛਪੀ। ਇਸ ਪੁਸਤਕ ਨੂੰ ਲੇਖਕ ਨੇ ਖ਼ੁਦ ਹੀ ਗੁਰੂ ਨਾਨਕ ਦੀ ਸਾਖੀ ਆਖਿਆ ਹੈ। ਇਹ ਪੁਸਤਕ ਰੱਖਿਆਤਮਿਕ ਪੱਖ ਤੋਂ ਲਿਖੀ ਗਈ ਹੈ। ਲੇਖਕ ਨੇ ਮੈਕਲੋਡ ਦੀ ਖੋਜ ਦੇ ਪ੍ਰਤੀਕਰਮ ਵਜੋਂ ਸ਼ਰਧਾਵਸ ਇਹ ਕਿਤਾਬ ਲਿਖੀ। ਲੇਖਕ ਅਨੁਸਾਰ, ''ਭਾਈ ਮਨੀ ਸਿੰਘ ਜੀ ਸਾਨੂੰ ਜੁਗਤ ਸਮਝਾ ਗਏ ਕਿ ਕਿਸ ਤਰ੍ਹਾਂ ਜਨਮਸਾਖੀਆਂ ਜਾਂ ਗੁਰੂ ਇਤਿਹਾਸ ਨੂੰ ਪੜ੍ਹਨਾ ਹੈ। ਪਰ ਕਿਸੇ ਪਾਦਰੀ ਮੈਕਲੋਡ ਨੇ ਹੰਸ ਬਣਨ ਦੀ ਥਾਵੇਂ, ਅਸਲੀਅਤ ਲੱਭਣ ਦੀ ਥਾਂ ਸੱਚ ਨੂੰ ਹੀ ਭੰਨਣਾ ਤੋੜਨਾ ਸ਼ੁਰੂ ਕਰ ਦਿੱਤਾ। ਖੋਜ ਦੀ ਮਰਿਯਾਦਾ ਹੀ ਭੰਨ ਸੁੱਟੀ।''[50] ਇਸ ਤਰ੍ਹਾਂ ਗੁਰੂ ਨਾਨਕ ਸਾਹਿਬ ਦੀ ਜਨਮ ਸ਼ਤਾਬਦੀ 'ਤੇ ਬਹੁਤ ਸਾਰਾ ਰੱਖਿਆਤਮਿਕ ਪੱਖ

---

47 ਗੁਰਬਚਨ ਸਿੰਘ ਨਈਅਰ, ਗੁਰੂ ਨਾਨਕ ਵਿਆਖਿਆਤਮਕ ਪੁਸਤਕ ਮਾਲਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997, ਪੰਨਾ 62.

48 ਉਹੀ, ਪੰਨਾ 63.

49 ਗੁਰਬਚਨ ਸਿੰਘ ਨਈਅਰ, ਗੁਰੂ ਨਾਨਕ ਵਿਆਖਿਆਤਮਕ ਪੁਸਤਕ ਮਾਲਾ, ਪੰਨਾ 66.

50 ਸਤਿਬੀਰ ਸਿੰਘ, ਬਲਿਓ ਚਿਰਾਗ, ਜੀਵਨੀ ਗੁਰੂ ਨਾਨਕ ਦੇਵ ਜੀ, ਨਿਊ ਬੁਕ ਕੰਪਨੀ, ਮਾਈ ਹੀਰਾਂ ਗੇਟ, ਜਲੰਧਰ, 2011, ਪੰਨਾ V.

ਤੋਂ ਸਾਹਿਤ ਹੋਂਦ ਵਿਚ ਆਇਆ ਸੀ। ਪਰ ਇਸ ਅਧਿਆਇ ਦੀ ਸੀਮਾ ਨੂੰ ਧਿਆਨ ਵਿਚ ਰੱਖਦਿਆਂ ਕੁਝ ਪ੍ਰਮੁਖ ਲੇਖਕਾਂ ਨੂੰ ਹੀ ਇਸ ਅਧਿਆਇ ਵਿਚ ਸ਼ਾਮਿਲ ਕੀਤਾ ਗਿਆ ਹੈ।

ਬਾਣੀ ਅਧਿਐਨ

ਬਾਣੀ ਨਾਲ ਸੰਬੰਧਤ ਕਾਰਜ ਜਿੱਥੇ ਕਰੀਬ ਪੰਜ ਸਦੀਆਂ ਤੱਕ ਫੈਲਿਆ ਹੋਇਆ ਹੈ ਉੱਥੇ ਹੀ ਬਾਣੀ ਅਧਿਐਨ ਦੇ ਸੁਚੇਤ ਕਾਰਜ ਦਾ ਸਮਾਂ ਇਕ ਸਦੀ ਤੋਂ ਵੀ ਘੱਟ ਦਾ ਹੈ। ਇਹ ਸੁਚੇਤ ਯਤਨ ਵੀ ਵੀਹਵੀਂ ਸਦੀ ਵਿਚ ਹੀ ਆਰੰਭ ਹੋਏ ਹਨ। ਇਸ ਇਕ ਸਦੀ ਵਿਚ ਗੁਰਬਾਣੀ ਸੰਬੰਧੀ ਵਿਭਿੰਨ ਪ੍ਰਕਾਰ ਦੇ ਪ੍ਰਵਚਨ ਹੋਂਦ ਵਿਚ ਆਏ ਹਨ। ਇਨ੍ਹਾਂ ਪ੍ਰਵਚਨਾਂ ਦਾ ਘੇਰਾ ਸ਼ਰਧਾ ਤੇ ਵਿਸ਼ਵਾਸ ਆਧਾਰਿਤ ਤੋਂ ਲੈ ਕੇ ਚਿਹਨ-ਸ਼ਾਸਤ੍ਰੀ ਅਕਾਦਮਿਕ ਅਧਿਐਨ ਤੇ ਮੁਲਾਂਕਣ ਤਕ ਫੈਲਿਆ ਹੋਇਆ ਹੈ। ਇਸ ਅਧਿਆਇ ਵਿਚ ਗੁਰਬਾਣੀ ਦਾ ਰੱਖਿਆਤਮਿਕ ਪੱਖ ਤੋਂ ਸਾਹਮਣੇ ਆਏ ਕੰਮਾਂ ਦਾ ਅਧਿਐਨ ਲਿਆ ਗਿਆ ਹੈ। ਇਹ ਅਧਿਐਨ 1900 ਈ. ਤੋਂ 2000 ਈ. ਤੱਕ ਦੇ ਹੋਏ ਕਾਰਜਾਂ ਉੱਪਰ ਆਧਾਰਿਤ ਹੈ। ਇਸ ਵਿਚ ਵਿਆਖਿਆਕਾਰੀ, ਵਿਆਕਰਨ ਉਸਾਰੀ ਅਤੇ ਕੋਸ਼ਕਾਰੀ ਨੂੰ ਸ਼ਾਮਿਲ ਕੀਤਾ ਜਾ ਰਿਹਾ ਹੈ।

ਵੀਹਵੀਂ ਸਦੀ ਦੇ ਸ਼ੁਰੂ ਵਿਚ ਭਾਈ ਕਾਨ੍ਹ ਸਿੰਘ ਨਾਭਾ ਨੇ ਗੁਰਮਤੁ ਮਾਰਤੰਡ ਅਤੇ ਗੁਰਮਤੁ ਸੁਧਾਕਰ ਰਾਹੀਂ ਗੁਰਬਾਣੀ ਵਿਆਖਿਆਕਾਰੀ ਦੇ ਆਰੰਭਕ ਯਤਨ ਕੀਤੇ ਸਨ। ਨਾਭਾ ਦੇ ਇਨ੍ਹਾਂ ਯਤਨਾਂ ਵਿਚ ਅਜੋਕੇ ਵਿਸ਼ਰਾਮ ਚਿੰਨ੍ਹਾਂ ਦੀ ਵਰਤੋਂ, ਗੁਰਮਤੁ ਮਾਰਤੰਡ ਵਿਚੋਂ ਦੇਖੀ ਜਾ ਸਕਦੀ ਹੈ। ਉਦਹਾਰਣ ਵਜੋਂ :

ਜਿਨਿ ਜੀਉ ਪਿੰਡੁ ਦਿੱਤਾ ਤਿਸੁ ਚੇਤਹਿ ਨਾਹਿ।।
ਮੜੀ ਮਸਾਣੀ, ਮੂੜੇ ! ਜੋਗੁ ਨਾਹਿ।।੬।।[51]

ਕਾਨ੍ਹ ਸਿੰਘ ਨਾਭਾ ਤੋਂ ਬਾਅਦ ਬਾਵਾ ਬੁੱਧ ਸਿੰਘ ਦੀ ਕਿਤਾਬ ਹੰਸ ਚੋਗ 1913 ਈ. ਵਿਚ ਪ੍ਰਕਾਸ਼ਿਤ ਹੋਈ ਸੀ। ਇਸ ਕਿਤਾਬ ਦੇ 'ਸਤਿਯੁਗੀ ਦਰਬਾਰ' ਵਾਲੇ ਭਾਗ ਵਿਚ ਬਾਣੀ ਵਿਆਖਿਆ ਦਾ ਯਤਨ ਕੀਤਾ ਗਿਆ ਹੈ। ਲੇਖਕ ਦਾ ਮਕਸਦ ਤਤਕਾਲੀਨ ਲੋਕ ਮਾਨਸ ਵਿਚ ਸਥਾਪਿਤ ਗੁਰੂ ਸਾਹਿਬਾਨ ਦੇ ਬਿੰਬ ਨੂੰ ਦ੍ਰਿੜ੍ਹ ਕਰਵਾਉਣਾ ਹੈ। ਉਹ ਲੋਕ-ਰਾਇ ਦੀ ਪੁਸ਼ਟੀ ਲਈ ਬਾਣੀ ਨੂੰ ਉਦਹਾਰਨ ਬਣਾ ਕੇ ਲੋਕ-ਰਾਇ ਨੂੰ ਹੀ ਪਰਪੱਕ ਕਰਦਾ ਹੈ। ਜਿਵੇਂ: ਤਿਲੰਗ

[51] ਭਾਈ ਕਾਨ੍ਹ ਸਿੰਘ ਨਾਭਾ, ਗੁਰਮਤ ਮਾਰਤੰਡ, (ਭਾਗ ਪਹਿਲਾ) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2013, ਪੰਨਾ 8.

ਮ:੧, ਦੇ, ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ।। (ਪੰਨਾ 722) ਦੀ ਵਿਆਖਿਆ ਇਵੇਂ ਕਰਦਾ ਹੈ। ਜੀਕਣ ਇਕ ਵਾਰੀ ਗੁਰੂ ਜੀ ਏਮਨਾਬਾਦ ਭਾਈ ਲਾਲੋ ਪਾਸ ਠਹਿਰੇ ਹੋਏ ਸਨ ਤਾਂ ਰੱਬ ਦੀ ਭਾਸ਼ਾ ਉੱਥੇ ਦੇ ਪਠਾਣ ਹਾਕਮ ਦਾ ਪੁਤ੍ਰ ਢੇਰ ਮਾਦਾ ਹੋ ਗਿਆ, ਦਵਾ ਦਾਰੂ ਕੁਝ ਨਾ ਲੱਗੇ। ਉਸ ਪਠਾਣ ਨੂੰ ਮਲਕ ਭਾਗੋ ਨੇ ਸਲਾਹ ਦਿੱਤੀ ਕਿ ਕਿਸੇ ਫ਼ਕੀਰ ਦੀ ਦੁਆ ਹੋਊ ਤਾਂ ਰਾਜੀ ਹੋਈ। ਖਾਨ ਨੇ ਹੁਕਮ ਦਿੱਤਾ ਕਿ ਸਭ ਫ਼ਕੀਰ ਪਕੜ ਲਿਆਉ, ਸਾਰੇ ਫ਼ਕੀਰ ਆਏ, ਵਿਚ ਬਾਬਾ ਨਾਨਕ ਜੀ ਵੀ। ਭਾਈ ਲਾਲੋ ਨੂੰ ਜਦ ਪਤਾ ਲੱਗਦਾ ਤਾਂ ਉਹ ਦੌੜਿਆ ਆਇਆ, ਅਰਜ਼ ਕੀਤੀ ਗੁਰੂ ਜੀ ! ਏਹ ਕੀ ਭਾਣਾ? ਬਚਨ ਹੋਇਆ ''ਜੋ ਤਿਸ ਭਾਵੇ ਸਾਈ ਭਲੀ ਕਾਰ'' ਗੁਰੂ ਜੀ ਨੇ ਆਖਿਆ – ਹੁਣ ਦਿਨ ਪੁੱਠੇ ਆਏ ਹਨ ਤੇ ਸ਼ਬਦ ਉਚਾਰਿਆ''[52]। ਇਸ ਸਮੇਂ ਤੱਕ ਸਿੱਖ ਕੌਮ ਕੋਲ ਫਰੀਦਕੋਟੀ ਟੀਕਾ ਮੌਜੂਦ ਸੀ। ਪਰ ਇਹ ਟੀਕਾ ਉਨ੍ਹੀਵੀਂ ਸਦੀ ਦੇ ਅਖੀਰਲੇ ਦਹਾਕਿਆਂ ਵਿਚ ਲਿਖਿਆ ਗਿਆ ਸੀ। ਵੀਹਵੀਂ ਸਦੀ ਵਿਚ ਖ਼ਾਲਸਾ ਕਾਲਜ ਅੰਮ੍ਰਿਤਸਰ, ਚੀਫ਼ ਖ਼ਾਲਸਾ ਦੀਵਾਨ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਂਦ ਵਿਚ ਆਉਣ ਨਾਲ ਸਿੱਖ ਜਗਤ ਵਿਚ ਵਿਦਿਅਕ ਪੱਖੋਂ ਜਾਗਰੁਕਤਾ ਆ ਗਈ ਸੀ। ਹੁਣ ਵੀਹਵੀਂ ਸਦੀ ਦੇ ਸਿੱਖ ਲਈ ਨਵੀਨ ਗੁਰਬਾਣੀ ਵਿਆਖਿਆ ਦੀ ਮੰਗ ਸੀ। ਇਸ ਮੰਗ ਨੂੰ ਦੇਖਦਿਆਂ ਗਿ. ਬਿਸ਼ਨ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ ਤਿਆਰ ਕੀਤਾ ਸੀ। ਇਸ ਟੀਕੇ ਦੀ ਅੱਠਵੀਂ ਜਿਲਦ ਜੂਨ 1928 ਈ. ਵਿਚ ਆਈ ਸੀ। ਲੇਖਕ ਨੇ ਟੀਕੇ ਨੂੰ ਸਪਸ਼ਟ ਤੇ ਸੁਖਾਲਾ ਬਣਾਉਣ ਲਈ ਠੇਠ ਪੰਜਾਬੀ ਬੋਲੀ, ਇਕ-ਇਕ ਤੁਕ ਦੇ ਅਰਥ, ਔਖੇ ਪਦਾਂ ਦੇ ਅਰਥ, ਗੁਰਬਾਣੀ ਦੇ ਪ੍ਰਮਾਣ, ਗੁਰਮਤ ਅਨੁਸਾਰ ਸਾਖੀ ਜਾਂ ਉਥਾਨਕਾ ਤੇ ਅਰਥਾਂ ਨੂੰ ਗੁਝਲਾਂ, ਝਗੜਿਆਂ ਵਿਚ ਨਹੀਂ ਪਾਇਆ ਸੀ। ਲੇਖਕ ਨੇ ਪਹਿਲਾਂ ਦੇ ਟੀਕਾਕਾਰਾਂ ਦੇ ਅਰਥਾਂ ਵਿਚਲੀਆਂ ਗ਼ਲਤੀਆਂ ਬਾਰੇ ਵੀ ਸੁਚੇਤ ਕੀਤਾ ਹੈ ਜਿਵੇ:

1. ਉਹ ਸਿੱਖ ਧਰਮ ਨੂੰ ਹਿੰਦੂ ਧਰਮ ਨਾਲ ਰਲਿਆ-ਮਿਲਿਆ ਮੰਨਦੇ ਹਨ।

2. ਦੇਹਧਾਰੀ ਗੁਰੂ ਨੂੰ ਮੰਨਦੇ ਹਨ।

3. ਗੁਰਬਾਣੀ ਵੇਦਾਂ, ਪੁਰਾਣਾਂ ਦੇ ਆਸ਼ੇ ਅਨੁਸਾਰ ਬਣੀ ਹੈ ਇਸ ਗੱਲ ਨੂੰ ਪ੍ਰਗਟ ਕਰਦੇ ਹਨ।[53]

---

[52] ਦੇਵਿੰਦਰ ਸਿੰਘ (ਸੰਪਾ.) ਬਾਵਾ ਬੁੱਧ ਸਿੰਘ ਰਚਨਾਵਲੀ, ਸਾਹਿਤ ਅਕਾਦਮੀ, ਦਿੱਲੀ, 2003, ਪੰਨੇ 78-79.

[53] ਬਿਸ਼ਨ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ, ਜ਼ਿਲਦ ਅੱਠਵੀਂ, ਗੁਰੂ ਖ਼ਾਲਸਾ ਪ੍ਰੈਸ, ਅੰਮ੍ਰਿਤਸਰ, ਜੂਨ 1928, ਪੰਨਾ 3.

ਲੇਖਕ ਨੇ ਭਾਈ ਮਨੀ ਸਿੰਘ ਜੀ ਦੇ ਅਰਥਾਂ ਦੀ ਸੰਪਰਦਾਇ ਤੋਂ ਵਿੱਦਿਆ ਲਈ ਹੋਈ ਸੀ। ਲੇਖਕ ਖ਼ਾਲਸਾ ਕਾਲਜ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਕਰਦਾ ਰਿਹਾ ਸੀ। ਲੇਖਕ ਨੇ ਟੀਕੇ ਦੇ ਸ਼ੁਰੂ ਵਿਚ ਤਤਕਰੇ ਦੇ ਨਾਲ ਭਾਵਾਰਥ ਤਤਕਰਾ ਵੀ ਦਿੱਤਾ ਹੈ। ਜਿਵੇਂ ਤਤਕਰੇ ਵਿਚ ਲਿਖਿਆ ਹੈ 'ਅੰਮ੍ਰਿਤ ਵੇਲੇ ਪ੍ਰਮੇਸਰ ਦਾ ਨਾਮ ਲਈਏ, ਇਸ ਨੂੰ ਟੀਕਾਕਾਰ ਨੇ ''ਵਡੜੇ ਝਾਲਿ ਝਲੁੰਭਲੇ ਨਾਵੜਾ ਲਈਐ ਕਿਸੁ।। ਨਾਉ ਲਈਐ ਪਰਮੇਸਰੈ ਭੰਨਣ ਘੜਣ ਸਮਰਥ''।। (ਪੰਨਾ 62) ਦੇ ਅਰਥਾਂ ਵਿਚ ਇੰਵ ਲਿਖਦਾ ਹੈ।

ਪ੍ਰਸ਼ਨਃ ਕਿਸ ਦਾ ਨਾਮ ਲਈਏ?

ਉਤਰਃ ਜੇਹੜਾ ਪ੍ਰਮੇਸਰ ਭੰਨਣ ਘੜਨ ਵਿਚ ਸਮਰਥ ਹੈ, ਉਹ ਪ੍ਰਮੇਸ਼ਰ ਦਾ ਨਾਮ ਲਈਏ।[54] ਇਸ ਟੀਕੇ ਦੇ ਆਉਣ ਨਾਲ ਗੁਰਬਾਣੀ ਟੀਕਾਕਾਰੀ ਦੇ ਵੇਦਾਂਤ ਅਨੁਸਾਰ ਅਰਥਾਂ ਤੋਂ ਹਟ ਕੇ ਬਾਣੀ ਸਟੀਕ ਵਿਚ ਬਾਣੀ ਤੇ ਗੁਰਮਤ ਸਾਖੀ ਦੇ ਪ੍ਰਮਾਣ ਦੇਣ ਦਾ ਰੁਝਾਨ ਵਧਿਆ। ਇਸ ਟੀਕੇ ਨੇ ਗੁਰਬਾਣੀ ਵਿਆਖਿਆਕਾਰੀ, ਟੀਕਾਕਾਰੀ ਨੂੰ ਅਨਮਤੀ ਅਰਥਾਂ ਤੋਂ ਹਟਾ ਕੇ ਗੁਰਮਤ ਅਨੁਸਾਰ ਟੀਕਾਕਾਰੀ ਦਾ ਰੁਝਾਨ ਪੈਦਾ ਕੀਤਾ। ਇਸ ਸਮੇਂ ਕੁਝ ਸਤਹੀ ਪੱਧਰ ਦੇ ਗੁਰਬਾਣੀ ਅਧਿਐਨ ਦੇ ਕਾਰਜ ਵੀ ਸਾਹਮਣੇ ਆਏ। ਮੌਲਾ ਬਖਸ਼ ਕੁਸ਼ਤਾ ਦੀ ਕਿਤਾਬ ਪੰਜਾਬ ਦੇ ਹੀਰੇ (1932 ਈ.) ਵਿਚ ਬਾਣੀ ਅਧਿਐਨ ਦਾ ਕਾਰਜ ਹੋਇਆ ਹੈ। ਉਹ ਬਾਣੀ ਤੋਂ ਜ਼ਿਆਦਾ ਬਾਣੀਕਾਰ ਦਾ ਵੇਰਵਾ ਦਿੰਦਾ ਹੈ। ਪੰਜਾਬ ਦੇ ਹੀਰੇ ਕਿਤਾਬ ਵਿਚ ਭਗਤ ਫ਼ਰੀਦ ਜੀ ਬਾਰੇ ਲਿਖਦਾ ਹੈ ਕਿ, ''ਆਪ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ ਅਤੇ ਬੜੀ ਸ਼ਰਧਾ ਤੇ ਪ੍ਰੇਮ ਨਾਲ ਪੜ੍ਹੀ ਜਾਂਦੀ ਹੈ। ਆਪ ਦੇ ਸ਼ਲੋਕ ਵੈਰਾਗ ਦੇ ਭਰੇ ਹੋਏ ਹਨ ਅਤੇ ਬਹੁਤ ਕਰਕੇ ਲੋਕਾਂ ਦੀ ਜ਼ੁਬਾਨ 'ਤੇ ਹਨ।''[55] ਡਾ. ਹਰਿਭਜਨ ਸਿੰਘ ਭਾਟੀਆ ਅਨੁਸਾਰ ''ਕੁੱਲ ਮਿਲਾ ਕੇ ਇਹ ਅਵਸਥਾ ਅਧਿਐਨ' ਦੀ ਨਹੀਂ 'ਸ਼ੁੱਧ ਨਮਸਕਾਰ' ਜਾਂ ਅੰਧ ਵਿਸ਼ਵਾਸ਼ ਦੀ ਹੱਦ ਤੱਕ ਅਪੜੀ ਨਿਰੋਲ ਸ਼ਰਧਾ ਦੀ ਹੈ।''[56]

ਸਕੂਲਾਂ ਕਾਲਜਾਂ ਵਿਚ ਪੱਛਮੀ ਵਿੱਦਿਆ ਦੇ ਪ੍ਰਭਾਵ ਅਧੀਨ ਪੜ੍ਹੀ ਲਿਖੀ ਸ਼੍ਰੇਣੀ ਪੈਦਾ ਹੋਣ ਨਾਲ ਸਿੱਖ ਅਧਿਐਨ ਤੇ ਪ੍ਰਭਾਵ ਪੈਣਾ ਲਾਜ਼ਮੀ ਸੀ। ਵਿਗਿਆਨਿਕ ਦਬਾਵਾਂ ਦੇ ਅਧੀਨ ਸਮੁੱਚੀ ਗੁਰਬਾਣੀ ਵਿਆਖਿਆ ਅਤੇ ਸਿੱਧਾਂਤਾਂ ਨੂੰ ਪਰੰਪਰਾ ਦੁਆਰਾ ਸਥਾਪਿਤ ਸਿੱਧਾਂਤਕ ਚੌਖਟੇ

---

[54] ਉਹੀ, ਪੰਨਾ 540.

[55] ਮੌਲਾ ਬਖਸ ਕੁਸਤਾ, ਪੰਜਾਬ ਦੇ ਹੀਰੇ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1950, ਪੰਨਾ 7.

[56] ਹਰਿਭਜਨ ਸਿੰਘ ਭਾਟੀਆ, ਸੰਵਾਦ-ਪੁਨਰ ਸੰਵਾਦ, ਰਵੀ ਸਾਹਿਤ ਪ੍ਰਕਾਸ਼ਨ ਅੰਮ੍ਰਿਤਸਰ, 2012, ਪੰਨਾ 117.

ਦੀ ਸੁਰੱਖਿਆ ਵਿਚੋਂ ਮਜਬੂਰਨ ਬਾਹਰ ਆਉਣਾ ਪਿਆ। ਇਸ ਮਜਬੂਰੀ ਤੇ ਪੱਛਮੀ ਗਿਆਨ ਨਾਲ ਲਬਰੇਜ਼ ਪਾਠਕਾਂ ਦੀ ਵੰਗਾਰ ਦੇ ਅਧੀਨ ਵਿਆਖਿਆਕਾਰੀ ਨੂੰ ਪੁਨਰ-ਚਿਤਵਨ ਦਾ ਵਿਸ਼ਾ ਬਣਾਇਆ ਗਿਆ। ਇਸ ਨਾਲ ਪਾਠ ਤੇ ਅਧਿਐਨ ਦੇ ਰਿਸ਼ਤੇ ਵਿਚ ਜੋ ਤਬਦੀਲੀਆਂ ਆਈਆਂ ਉਹਨਾਂ ਨੇ ਗੁਰਬਾਣੀ ਵਿਆਖਿਆ ਦੇ ਵਿਗਿਆਨਕ ਪ੍ਰਬੰਧ ਤਿਆਰ ਕੀਤੇ। ਇਸ ਵਿਚ ਪੱਛਮੀ ਸਾਹਿਤ ਤੋਂ ਆਏ ਗਿਆਨ ਪ੍ਰਬੰਧ ਨੇ ਗੁਰਬਾਣੀ ਵਿਆਖਿਆਕਾਰੀ ਨੂੰ ਕੁਝ ਖ਼ਾਸ ਸੇਧਾਂ ਪ੍ਰਦਾਨ ਕੀਤੀਆਂ ਹਨ। ਇਸ ਪ੍ਰਬੰਧ ਅਧੀਨ ਪ੍ਰਿੰ. ਜੋਧ ਸਿੰਘ ਆਪਣੀ ਕਿਤਾਬ ਗੁਰਮਤਿ ਨਿਰਣਯ ਵਿਚ ਗੁਰਬਾਣੀ ਵਿਆਖਿਆ ਨੂੰ ਵਿਗਿਆਨਕ ਪ੍ਰਸੰਗ ਵਿਚ ਕਰਨ ਦਾ ਯਤਨ ਕਰਦਾ ਹੈ। ਉਹ ਬਾਣੀ ਨੂੰ ਵਿਗਿਆਨਿਕ ਪ੍ਰਸੰਗਾਂ ਵਿਚ ਵਿਆਖਿਆਉਂਦੇ ਵਿਗਿਆਨ ਉੱਪਰ ਬਾਣੀ ਦੀ ਉਤਮਤਾ ਨੂੰ ਦਰਸਾਉਣ ਤੰਕ ਅੱਪੜ ਜਾਂਦਾ ਹੈ। ਉਸ ਅਨੁਸਾਰ, ''ਮੁੱਕਦੀ ਗੱਲ ਸਾਰੇ ਸਾਇੰਸਵੇਤਾ ਸੰਸਾਰ ਦੀ ਹਸਤੀ ਇੱਕ ਸੱਤਾ ਤੋਂ ਤਾਂ ਹੁਣ ਮੰਨਦੇ ਹੀ ਹਨ। ਪਰ ਇਹਨਾਂ ਤੋਂ ਸਪਸ਼ਟ ਹੈ ਕਿ ਬਾਜੇ ਹੁਣ ਇਸ ਖ਼ਿਆਲ ਵੱਲ ਝੁਕ ਰਹੇ ਹਨ। ਕਿ ਸੰਸਾਰ ਦੀ ਖੇਡ ਦਾ ਆਰੰਭ ਜਿਸ ਇਕ ਹਸਤੀ ਤੋਂ ਹੈ ਉਹ ਚੇਤਨ ਹੈ।''[57] ਡਾ. ਹਰਿਭਜਨ ਸਿੰਘ ਭਾਟੀਆ ਅਨੁਸਾਰ ਉਸ ਦੇ ਇਸ ਯਤਨ ਨਾਲ ਬਾਣੀ ਦੇ ਮੂਲ ਸੰਕਲਪ ਵਿਗਿਆਨਕ ਸੰਕਲਪਾਂ ਦੀ ਵਿਆਖਿਆ ਕਰਦੇ ਦਿਖਾਈ ਦਿੰਦੇ ਹਨ। ਉਸ ਦੀ ਵਿਗਿਆਨ ਅਤੇ ਬਾਣੀ ਦੀ ਤੁਲਨਾ ਉਲਾਰਭਾਵੀ ਬਿਰਤੀ ਕਰਕੇ ਅਨਮੋਲ ਅਤੇ ਅਣਜੋੜ ਪ੍ਰਤੀਤ ਹੁੰਦੀ ਹੈ।[58]

ਇਸ ਸਮੇਂ ਹੀ ਪ੍ਰੋ. ਪੂਰਨ ਸਿੰਘ ਦੀ ਗੁਰਬਾਣੀ ਵਿਆਖਿਆ ਸਾਹਮਣੇ ਆਉਂਦੀ ਹੈ। ਪ੍ਰੋ. ਪੂਰਨ ਸਿੰਘ ਨੇ ਵਿਆਖਿਆਕਾਰੀ ਦਾ ਕੰਮ ਕਾਵਿ ਅਤੇ ਵਾਰਤਕ ਦੋਹਾਂ ਵਿਚ ਕੀਤਾ। ਉਨ੍ਹਾਂ ਦੀ ਵਿਆਖਿਆਕਾਰੀ ਨਾਲ ਰਹੱਸਵਾਦੀ ਵਿਆਖਿਆ ਦਾ ਰੁਝਾਨ ਪ੍ਰਪੱਕ ਹੁੰਦਾ ਹੈ। ਜਿਵੇਂ: ''ਜਦ ਤਕ ਹਰ ਰੋਜ਼ ਆਤਮ ਚੁੱਭੀ ਮਾਰ ਅਸੀਂ ਆਤਮ ਮੰਡਲੀ ਦੇ ਠੰਢੇ ਪ੍ਰਭਾਵਾਂ, ਛਾਵਾਂ ਹੇਠ ਬੈਠ ਸਤਿਗੁਰੂ ਦੀ ਮਿਹਰਾਂ ਜਿਨ੍ਹਾਂ ਨਾਲ ਸਾਡਾ ਇਤਿਹਾਸ ਭਰਿਆ ਪਿਆ ਹੈ, ਸਿਮਰਨ ਨਾਂ ਕਰਾਂਗੇ। ਫੇਰਿ ਕਿ ਅਗੈ ਰਖੀਐ ਜਿਤੁ ਦਿਸੈ ਦਰਬਾਰੁ।। ਮੁਹੌ ਕਿ ਬੋਲਣ ਬੋਲੀਐ ਜਿਤੁ ਸੁਣਿ ਧਰੇ ਪਿਆਰੁ।। ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ।।''[59]

---

[57] ਜੋਧ ਸਿੰਘ, ਗੁਰਮਤਿ ਨਿਰਣਯ, ਭਾਈ ਚਤਰ ਸਿੰਘ ਜੀਵਨ ਸਿੰਘ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, 2003, ਪੰਨਾ 37.

[58] ਹਰਿਭਜਨ ਸਿੰਘ ਭਾਟੀਆ, ਸੰਵਾਦ : ਪੁਨਰ ਸੰਵਾਦ, ਪੰਨਾ 123.

[59] ਜਸਵਿੰਦਰ ਸਿੰਘ (ਸੰਪਾ.), ਪ੍ਰੋ. ਪੂਰਨ ਸਿੰਘ ਰਤਨਾਵਲੀ, ਜਿਲਦ ੧, ਨਾਦ ਪ੍ਰਗਾਮ, ਸ੍ਰੀ ਅੰਮ੍ਰਿਤਸਰ 2013, ਪੰਨਾ 492.

ਵੀਹਵੀਂ ਸਦੀ ਵਿਚ ਰੱਖਿਆਤਮਿਕ ਸਾਹਿਤ ਵਿਚ ਸਥਾਪਿਤ ਵਿਆਖਿਆਕਾਰ ਪ੍ਰੋ. ਸਾਹਿਬ ਸਿੰਘ ਹੈ। ਉਸ ਦੀ ਵਿਆਖਿਆਕਾਰੀ ਇਕ ਪਾਸੇ ਵਿਆਕਰਨ ਪੱਖ ਤੋਂ ਹੈ ਅਤੇ ਦੂਜੇ ਪਾਸੇ ਹੀ ਭਗਤ ਬਾਣੀ ਦਾ ਟੀਕਾ ਕਰਦਿਆਂ ਭਸੌੜ ਸਿੰਘ ਸਭਾ ਦੇ ਅਸਿੱਧੇ ਤੌਰ ਤੇ ਜਵਾਬ ਵੀ ਦਿੰਦਾ ਹੈ। ਪ੍ਰੋ. ਸਾਹਿਬ ਸਿੰਘ ਨੇ ਗੁਰਬਾਣੀ ਵਿਆਖਿਆ ਨੂੰ ਵਿਆਕਰਨ ਦੇ ਅਨੁਸਾਰ ਕਰਨ ਦਾ ਰੁਝਾਨ ਸ਼ੁਰੂ ਕੀਤਾ। ਉਹ ਗੁਰਬਾਣੀ ਵਿਚ ਇਕ ਸ਼ਬਦ ਦੇ ਕੋਈ ਸ਼ਬਦ-ਜੋੜਾਂ ਨੂੰ ਦੇਖ ਕੇ ਉਹਨਾਂ ਦੀ ਘੋਖ ਕਰਨ ਲੱਗੇ। ਉਨ੍ਹਾਂ ਨੂੰ ਸੰਸਕ੍ਰਿਤ ਦਾ ਚੰਗਾ ਗਿਆਨ ਸੀ ਪਰ ਅਰਬੀ, ਫ਼ਾਰਸੀ ਦਾ ਗਿਆਨ ਆਮ ਸੂਝ-ਬੂਝ ਦੇ ਨੇੜੇ-ਤੇੜੇ ਹੀ ਸੀ। ਉਹ ਪੱਛਮੀ ਵਿਦਿਆ ਪ੍ਰਣਾਲੀ ਤੋਂ ਵੀ ਵਾਕਿਫ਼ ਸੀ। ਅਵਤਾਰ ਸਿੰਘ ਲਿਖਦੇ ਹਨ ਕਿ ''ਉਨ੍ਹਾਂ ਦੇ ਸਮਕਾਲੀਆਂ ਦੀਆਂ ਲਿਖਤਾਂ ਤੋਂ ਜ਼ਾਹਿਰ ਹੁੰਦਾ ਹੈ ਕਿ ਪ੍ਰੋ. ਸਾਹਿਬ ਸਿੰਘ ਦੀ ਮਨੋਬਿਰਤੀ 'ਤੇ ਮਾਰਕਸੀ ਵਿਚਾਰਾਂ ਦਾ ਪ੍ਰਭਾਵ ਵੀ ਸੀ।''[60] ਪ੍ਰੋ. ਸਾਹਿਬ ਸਿੰਘ ਕਿਸੇ ਰਵਾਇਤ ਨੂੰ ਸੁੱਤੇ ਸਿੱਧ ਨਹੀਂ ਕਬੂਲਦੇ ਸਨ। ਜਿਹੜੀ ਰਵਾਇਤ ਉਨ੍ਹਾਂ ਦੀ ਤਰਕ ਕਸਵੱਟੀ ਤੇ ਪੂਰੀ ਨਹੀਂ ਉਤਰਦੀ ਸੀ, ਉਸਨੂੰ ਉਹ ਰੱਦ ਕਰ ਦਿੰਦੇ ਸਨ। ਉਨ੍ਹਾਂ ਲਈ ਕੋਈ ਵੀ ਤੱਥ ਇਲਾਹੀ ਜਾਂ ਰੱਬੀ ਨਹੀਂ ਸੀ। ਅਵਤਾਰ ਸਿੰਘ ਅਨੁਸਾਰ, ''ਉਨ੍ਹਾਂ ਹਰ ਤੱਥ ਨੂੰ ਇਨਸਾਨੀ ਮੰਨ ਕੇ ਉਸਦਾ ਇਨਸਾਨੀ ਨੁਕਤੇ ਤੋਂ ਹੀ ਮੁਤਾਲਿਆ ਅਤੇ ਵਿਸ਼ਲੇਸ਼ਣ ਕੀਤਾ। ਜਿੱਥੇ ਕਿਤੇ ਵੀ ਉਨ੍ਹਾਂ ਨੂੰ ਕਿਸੇ ਕਰਾਮਾਤ ਜਹੀ ਸ਼ੈ ਦੀ ਭਿਣਕ ਪਈ ਉਹ ਮੁੱਢੋਂ ਸੁੱਢੋਂ ਰੱਦ ਕਰ ਦਿਤੀ।''[61] ਪ੍ਰੋ. ਸਾਹਿਬ ਸਿੰਘ ਦੇ ਸਮੁੱਚੇ ਕਾਰਜ ਦੀ ਪ੍ਰਮੁਖ ਵਿਸ਼ੇਸ਼ਤਾ ਇਹ ਹੈ ਕਿ ਉਹਨਾਂ ਨੇ ਸਾਰੀ ਬਾਣੀ ਦੇ ਵਿਆਕਰਨ ਅਨੁਸਾਰ ਇਕ ਅਤੇ ਕੇਵਲ ਇਕ ਅਰਥ ਕਰਨ ਉੱਤੇ ਜ਼ੋਰ ਦਿੱਤਾ। ਪ੍ਰੋ. ਸਾਹਿਬ ਸਿੰਘ ਦੀ ਟੀਕਾਕਾਰੀ ਵਿਧੀ ਨੂੰ ਸਿੱਖ ਮਿਸ਼ਨਰੀ ਕਾਲਜਾਂ ਨੇ ਭਰਵਾਂ ਹੁੰਗਾਰਾ ਦਿੱਤਾ। ਪ੍ਰੋ. ਸਾਹਿਬ ਸਿੰਘ ਦੀ ਵਿਆਖਿਆਕਾਰੀ ਨਾਲ ਗੁਰਬਾਣੀ ਨੂੰ ਵਿਆਕਰਨ ਦ੍ਰਿਸ਼ਟੀ ਨਾਲ ਘੋਖਣ ਦਾ ਰੁਝਾਨ ਪੈਦਾ ਹੋਇਆ। ਜਿਸ ਨਾਲ ਗੁਰਬਾਣੀ ਵਿਆਖਿਆ ਵਿਚੋਂ ਪ੍ਰਕਰਣ, ਉਥਾਨਕਾ, ਅਤੇ ਸਾਖੀਆਂ ਨੂੰ ਬਾਹਰ ਕੱਢ ਦਿੱਤਾ ਗਿਆ। ਗੁਰਮਤਿ ਦੇ ਹਰ ਪ੍ਰਕਰਣ ਨੂੰ ਅਕਾਲ ਪੁਰਖ ਦੇ ਨਿਰਗੁਣ ਸਰੂਪ ਤੱਕ ਸੰਕੋਚ ਦਿੱਤਾ ਗਿਆ। ਪ੍ਰੋ. ਸਾਹਿਬ ਸਿੰਘ ਨੇ ਗੁਰਬਾਣੀ ਵਿਆਕਰਣ ਵਿਚ ਇਹ ਮਤ ਪ੍ਰਸਤੁਤ ਕੀਤਾ ਕਿ ਗੁਰਬਾਣੀ, ਗੁਰਮੁਖੀ/ਪੰਜਾਬੀ ਤੋਂ ਸੁਤੰਤਰ ਵਿਆਕਰਨ ਅਪਨਾਉਂਦੀ ਹੈ।[62]

---

[60] ਅਵਤਾਰ ਸਿੰਘ, ਸਿੱਖ ਸੈਨਤਾਂ, ਬਿਬੇਕ ਪ੍ਰਕਾਸ਼ਨ, ਚੌਂਕ ਕਟੜਾ ਆਹਲੂਵਾਲੀਆ, ਸ੍ਰੀ ਅੰਮ੍ਰਿਤਸਰ, 2012, ਪੰਨਾ 29.

[61] ਉਹੀ

[62] ਸਾਹਿਬ ਸਿੰਘ (ਪ੍ਰੋ.) ਗੁਰਬਾਣੀ ਵਿਆਕਰਣ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2004, ਪੰਨਾ 31

ਵਰਤਮਾਨ ਸਮੇਂ ਗੁਰਬਾਣੀ ਨਾਲ ਸੰਬੰਧਤ ਕਈ ਵਿਆਕਰਨ ਤਿਆਰ ਹੋ ਚੁੱਕੇ ਹਨ। ਇਨ੍ਹਾਂ ਮੌਜੂਦ ਵਿਆਕਰਨਾਂ ਵਿਚੋਂ ਕਿਸੇ ਇਕ ਨੂੰ ਵੀ ਢੁੱਕਵੀਂ ਨਹੀਂ ਮੰਨਿਆ ਜਾ ਸਕਦਾ। ਡਾ. ਗੁਰਸ਼ਰਨਜੀਤ ਸਿੰਘ ਅਨੁਸਾਰ, ''ਸਿੱਖ ਵਿਦਵਾਨ ਇਸ ਪ੍ਰਸ਼ਨ ਉੱਪਰ ਇਕ ਮਤ ਨਹੀਂ ਹਨ ਕਿ ਗੁਰਬਾਣੀ ਕਿਹੜੇ ਵਿਆਕਰਣਿਕ ਨਿਯਮਾਂ ਨੂੰ ਅਪਨਾਉਂਦੀ ਹੈ।''[63] ਪ੍ਰੋ. ਸਾਹਿਬ ਸਿੰਘ ਨੇ ਗੁਰਬਾਣੀ ਵਿਆਖਿਆ ਦਾ ਜੋ ਨਿਯਮ ਘੜਿਆ ਸੀ (ਜਿਸ ਅਨੁਸਾਰ ਗੁਰਬਾਣੀ ਦਾ ਇਕ ਹੀ ਅਰਥ ਹੋ ਸਕਦਾ ਹੈ) ਗੁਰਬਾਣੀ ਨੂੰ ਸੀਮਤ ਕਰਨ ਕਰਕੇ ਦੋਸ਼-ਪੂਰਣ ਹੈ। ਗੁਰਬਾਣੀ ਸਮੇਤ ਸਾਰੇ ਧਰਮ ਗ੍ਰੰਥਾਂ ਦੀ ਵਿਆਖਿਆ ਬਦਲਦੀ ਰਹਿੰਦੀ ਹੈ।[64] ਇਸ ਤਰ੍ਹਾਂ ਪ੍ਰੋ. ਸਾਹਿਬ ਸਿੰਘ ਦੀ ਟੀਕਾਕਾਰੀ ਨਾਲ ਗੁਰਬਾਣੀ ਦੀ ਆਪਣੀ ਸੁਤੰਤਰ ਵਿਆਕਰਨ ਅਤੇ ਇਕ ਤੁੱਕ ਦੇ ਇਕ ਅਰਥ ਹੀ ਹੋ ਸਕਦੇ ਹਨ ਆਦਿਕ ਰੁਝਾਨ ਹੋਂਦ ਵਿਚ ਆਏ। ਸਿੱਖ ਮਿਸ਼ਨਰੀ ਕਾਲਜਾਂ ਨੇ ਇਸ ਰੁਝਾਨ ਨੂੰ ਅੱਗੇ ਤੋਰਿਆ।

ਗੁਰਬਾਣੀ ਵਿਆਖਿਆਕਾਰੀ ਵਿਚ ਸਿਰਦਾਰ ਕਪੂਰ ਸਿੰਘ ਦਾ ਵਿਸ਼ੇਸ਼ ਯੋਗਦਾਨ ਹੈ। ਸਿਰਦਾਰ ਕਪੂਰ ਸਿੰਘ ਨੇ ਸਿੱਧੇ ਤੌਰ 'ਤੇ ਗੁਰਬਾਣੀ ਵਿਆਖਿਆ ਤਾਂ ਨਹੀਂ ਕੀਤੀ ਹੈ ਪਰ ਅਸਿੱਧੇ ਤੌਰ ਉੱਪਰ ਉਹਨਾਂ ਦੀ ਗੁਰਬਾਣੀ ਪ੍ਰਤੀ ਸਮਝ ਉਹਨਾਂ ਦੇ ਲੇਖਾਂ ਵਿਚ ਮਿਲ ਜਾਂਦੀ ਹੈ। ਗੁਰਤੇਜ ਸਿੰਘ ਅਨੁਸਾਰ ਸਿਰਦਾਰ ਕਪੂਰ ਸਿੰਘ ਨੇ ਗੁਰਬਾਣੀ ਵਿਆਖਿਆ ਦਾ ਯਤਨ ਕੀਤਾ ਸੀ। ਉਸ ਅਨੁਸਾਰ, ''ਗੁਰੂ ਗ੍ਰੰਥ ਸਾਹਿਬ ਦਾ ਅੰਗਰੇਜ਼ੀ ਅਨੁਵਾਦ (ਚਾਹੇ ਕਿਸੇ ਨਾਅ ਹੇਠ ਛਪਿਆ) ਗੁਰਬਾਣੀ ਅਤੇ ਸਿੱਖ ਸਮਾਜ ਦੇ ਸਿੱਧਾਂਤਾਂ ਦੀ ਵਿਆਖਿਆ ਉਹਨਾਂ ਦੀ ਸੂਝ ਬੂਝ ਦੇ ਕ੍ਰਿਸ਼ਮੇਂ ਸਨ।''[65] ਸਿਰਦਾਰ ਕਪੂਰ ਸਿੰਘ ਸਿੱਖ ਰਾਜਨੀਤੀ ਦਾ ਮਾਹਿਰ ਸੀ। ਉਸਦੀਆਂ ਜ਼ਿਆਦਾਤਰ ਲਿਖਤਾਂ ਸਿੱਖ ਰਾਜਨੀਤੀ ਦੁਆਲੇ ਹੀ ਘੁੰਮਦੀਆਂ ਹਨ। ਉਸਦੀ ਗੁਰਬਾਣੀ ਵਿਆਖਿਆ ਵਿਚ ਰਾਜਨੀਤਿਕ ਵਿਆਖਿਆ ਜ਼ਿਆਦਾ ਮਿਲਦੀ ਹੈ। ਉਦਹਾਰਨ ਦੇ ਤੌਰ ਤੇ ''ਨਾ ਸਮਾਜ ਵਿਚ ਜੋੜ ਮੇਲੇ ਦੀ ਲੋੜ ਹੈ, ਨਾ ਰਾਜਸੀ ਗ਼ੁਲਾਮੀ ਜਾਂ ਅਧੋਗਤੀ ਵਿਰੁੱਧ ਜਹਾਦ ਕਰਨ ਦੀ। ਪਰ ਗੁਰੂ ਨਾਨਕ ਦੇ ਮਤ ਵਿਚ ਅਜਿਹਾ ਨਹੀਂ।....ਇਸੇ ਲਈ

---

63 ਗੁਰਸ਼ਰਨਜੀਤ ਸਿੰਘ (ਡਾ.), ਗੁਰੂ ਗ੍ਰੰਥ ਸਾਹਿਬ : ਪਰੰਪਰਾ ਅਤੇ ਇਤਿਹਾਸ, ਗੁਰਸਿੱਖ ਪ੍ਰਕਾਸ਼, ਮਾਡਰਨ ਕਲੋਨੀ, ਛੇਹਰਟਾ, (ਅੰਮ੍ਰਿਤਸਰ) 2005, ਪੰਨਾ 119.

64 ਉਹੀ, ਪੰਨਾ 59.

65 ਗੁਰਤੇਜ ਸਿੰਘ, ਸਿੰਘ ਨਾਦ, ਸਿੰਘ ਬ੍ਰਦਰਜ, ਅੰਮ੍ਰਿਤਸਰ, 2011, ਪੰਨਾ 74.

ਸਮਾਜੀ ਸੇਵਾ ਤੇ ਰਾਜਸੀ ਜਦੋ-ਜਹਿਦ ਗੁਰੂ ਨਾਨਕ ਦੇ ਧਰਮ ਦਾ ਅੰਗ ਬਣ ਗਏ।''[66] ਗੁਰਸ਼ਰਨਜੀਤ ਸਿੰਘ ਅਨੁਸਾਰ ''ਕਪੂਰ ਸਿੰਘ ਸਿੱਖ ਮਤ ਦਾ ਰਾਜਸੀਕਰਨ ਕਰ ਦਿੰਦਾ ਹੈ। ਸਿਰਦਾਰ ਕਪੂਰ ਸਿੰਘ ਨੇ ਜਿਸ ਵਿਚਾਰਧਾਰਾ ਨੂੰ ਅਪਨਾਇਆ ਉਸਨੇ ਪੰਜਾਬ ਵਿਚ ਇਕ ਦਹਾਕੇ (1980-1990ਈ.) ਤੀਕ ਇਤਿਹਾਸਿਕ ਪ੍ਰਭਾਵ ਪਾਇਆ। ਪਰ ਅਜੋਕੀਆਂ ਸਥਾਪਿਤ ਧਿਰਾਂ ਉਸਦੀ ਵਿਚਾਰਧਾਰਾ ਨੂੰ ਪ੍ਰਚਾਰਨ ਤੋਂ ਪਿਛੇ ਹੱਟ ਚੁੱਕੀਆਂ ਹਨ।''[67] ਸਿਰਦਾਰ ਕਪੂਰ ਸਿੰਘ ਨੇ ਗੁਰੂ ਗ੍ਰੰਥ ਸਾਹਿਬ ਵਿਚੋਂ ਸਿੱਖ ਰਾਜਨੀਤੀ ਨੂੰ ਸੇਧ ਦੇਣ ਦੀ ਕੋਸ਼ਿਸ਼ ਕੀਤੀ। ਇਸ ਵਿਚੋਂ ਹੀ ਰਾਜਨੀਤੀ ਦੇ ਸਿੱਖ ਸੰਕਲਪ ਦਾ ਰੁਝਾਨ ਹੋਂਦ ਵਿਚ ਆਇਆ। ਇਸ ਰੁਝਾਨ ਨੇ ਕਈ ਸਿੱਖ ਲੇਖਕਾਂ ਨੂੰ ਇਸ ਪਾਸੇ ਲਿਖਣ ਲਈ ਪ੍ਰੇਰਿਤ ਕੀਤਾ।

ਬਾਣੀ ਅਧਿਐਨ ਵਿਧੀਆਂ ਦੇ ਇਤਿਹਾਸ ਵਿਚ ਗੋਪਾਲ ਸਿੰਘ ਦਰਦੀ ਰਚਿਤ 'ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਹਿਤਕ ਵਿਸ਼ੇਸ਼ਤਾ' ਮਹੱਤਵਪੂਰਨ ਪੁਸਤਕ ਹੈ। ਗੋਪਾਲ ਸਿੰਘ ਦੀ ਵਿਸ਼ੇਸ਼ਤਾ ਇਹ ਹੈ ਕਿ ਉਹ ਅਧਿਐਨ ਕਾਰਜ ਸਮੇਂ ਗੁਰਬਾਣੀ ਦੀਆਂ ਅਨੇਕ ਟੂਕਾਂ ਨੂੰ ਕਾਵਿਕ ਵਾਰਤਕ ਵਿਚ ਉਲਟਾ ਦਿੰਦਾ ਹੈ, ਜਿਸ ਨਾਲ ਪਾਠਕ ਵਿਸਮਾਦੀ ਬਿਰਤੀ ਵਿਚ ਚਲਾ ਜਾਂਦਾ ਹੈ। ਲੇਖਕ ਨੇ ਕਿਤਾਬ ਦੀ ਭੂਮਿਕਾ ਵਿਚ ਇਸ ਅਧਿਐਨ ਨੂੰ 'ਇਕ ਰਸ ਭਿੰਨੀ ਆਤਮਾ ਦਾ ਉਛਾਲਾ' ਕਿਹਾ ਹੈ।[68] ਇਸ ਕਿਤਾਬ ਦਾ ਪ੍ਰਮੁਖ ਅਧਿਆਇ 'ਗੁਰੂ ਗ੍ਰੰਥ ਸਾਹਿਬ ਦਾ ਸਮਾਜਕ ਆਦਰਸ਼' ਹੈ। ਡਾ. ਹਰਿਭਜਨ ਸਿੰਘ ਭਾਟੀਆ ਅਨੁਸਾਰ ਇਸ ਅਧਿਆਇ ਵਿਚ ਲੇਖਕ ਗੁਰਬਾਣੀ ਵਿਚਲੇ ਰਹੱਸ ਮੰਡਲ ਅਧਿਆਤਮਿਕ ਰਮਜ਼ਾਂ, ਚਿਨ੍ਹਾਂ, ਪ੍ਰਤੀਕਾਂ ਨੂੰ ਲਾਂਭੇ ਕਰਕੇ ਉਸ ਥੱਲੇ ਲੁਕੀ ਉਸ ਸਮੇਂ ਦੀ ਸਮਾਜਕ, ਧਾਰਮਿਕ, ਰਾਜਨੀਤਿਕ ਅਤੇ ਸਭਿਆਚਾਰਕ ਤਸਵੀਰ ਨੂੰ ਪਛਾਣਦਾ ਹੈ।''[69] ਗੋਪਾਲ ਸਿੰਘ ਦੇ ਬਾਣੀ ਅਧਿਐਨ ਤੋਂ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਮਾਜਿਕ, ਸਭਿਆਚਾਰਕ ਪੱਖ ਤੋਂ ਵਿਆਖਿਆ ਦਾ ਰੁਝਾਨ ਸ਼ੁਰੂ ਹੋਇਆ।

ਸਿੱਖ ਅਧਿਐਨ ਵਿਚ ਧਰਮ ਸ਼ਾਸ਼ਤਰ ਨਾਲ ਜੁੜੇ ਵਿਦਵਾਨਾਂ ਵਿਚ ਜਸਵੰਤ ਸਿੰਘ ਨੇਕੀ ਦਾ ਗੁਰਬਾਣੀ ਚਿੰਤਨ ਧਿਆਨ ਖਿੱਚਦਾ ਹੈ। ਡਾ. ਨੇਕੀ ਦੀ ਗੁਰਬਾਣੀ ਪ੍ਰਤੀ ਸਮਝ

---

66 ਸਿਰਦਾਰ ਕਪੂਰ ਸਿੰਘ, ਪੁੰਦ੍ਰੀਕ, ਭਾਈ ਚਤਰ ਸਿੰਘ, ਜੀਵਨ ਸਿੰਘ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, 2001, ਪੰਨਾ 29.

67 ਗੁਰਸ਼ਰਨਜੀਤ ਸਿੰਘ (ਡਾ.), ਗੁਰੂ ਗ੍ਰੰਥ ਸਾਹਿਬ : ਪਰੰਪਰਾ ਤੇ ਇਤਿਹਾਸ, ਪੰਨੇ 64-65.

68 ਗੋਪਾਲ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਹਿਤਕ ਵਿਸ਼ੇਸ਼ਤਾ, ਵਰਲਡ ਬੁੱਕ ਸੈਂਟਰ, ਨਵੀਂ ਦਿੱਲੀ, 1987, ਪੰਨਾ 8.

69 ਹਰਿਭਜਨ ਸਿੰਘ ਭਾਟੀਆ, ਸੰਵਾਦ : ਪੁਨਰ ਸੰਵਾਦ, ਪੰਨੇ 122-123.

ਦੈਵੀ ਸਿੱਧਾਂਤ ਅਤੇ ਧਾਰਮਿਕ ਅਕੀਦੇ ਉੱਪਰ ਟਿਕੀ ਹੋਈ ਹੈ। ਨੇਕੀ ਦੀ ਗੁਰਬਾਣੀ ਵਿਆਖਿਆ ਵਿਚ ਆਤਮ-ਸਮਰਪਣ; ਵਿਸ਼ਵਾਸ, ਸ਼ੁਕਰਾਨਾ, ਅਰਦਾਸ, ਰਹੱਸਵਾਦ ਤੇ ਅਧਿਆਤਮਕ ਅਨੁਭਵ ਸ਼ਾਮਿਲ ਹੈ। ਡਾ. ਨੇਕੀ ਆਪਣੀ ਸਵੈ-ਜੀਵਨੀ ਵਿਚ ਲਿਖਦਾ ਹੈ ਕਿ ''ਬਾਣੀ ਸਿਰਫ਼ ਪੜ੍ਹਨ ਦੀ ਹੀ ਨਹੀਂ, ਵਿਚਾਰਨ ਦੀ ਵਸਤ ਹੈ। ਦੂਸਰਾ ਟੀਕਿਆਂ ਵਿਚ ਅੱਖਰੀ ਅਰਥ ਹੁੰਦੇ ਹਨ, ਪਰ ਸਭ ਤੋਂ ਉੱਪਰ ਅਨੁਭਵੀ ਅਰਥ ਹਨ।''[70] ਡਾ. ਨੇਕੀ ਨੇ ਗੁਰਮਤਿ ਵਿਗਿਆਨ [71] ਕਿਤਾਬ ਵਿਚ ਗੁਰਬਾਣੀ ਵਿਚ ਆਏ ਸੰਕਲਪ ਮਨ, ਆਚਾਰ, ਮੁਕਤੀ, ਵਿਸਮਾਦ, ਹਉਮੈ, ਸੁਰਤਿ ਆਦਿਕ ਨੂੰ ਆਪਣੇ ਅਨੁਭਵ ਅਤੇ ਗਿਆਨ ਦੇ ਸਹਾਰੇ ਪਰਿਭਾਸ਼ਿਤ ਕੀਤਾ ਹੈ। ਡਾ. ਨੇਕੀ ਦੇ ਅਧਿਐਨ ਵਿਚ ਗਿਆਨ, ਵਿਗਿਆਨ ਅਤੇ ਅਧਿਆਤਮਵਾਦ ਦਾ ਸੁਮੇਲ ਦਿਖਾਈ ਦਿੰਦਾ ਹੈ। ਡਾ. ਹਰਿਭਜਨ ਸਿੰਘ ਭਾਟੀਆ ਅਨੁਸਾਰ, ''ਅਸਲ ਵਿਚ ਅਧਿਆਤਮਵਾਦ ਹੀ ਉਹ ਕੇਂਦਰੀ ਸੰਦਰਭ ਹੈ ਜਿਸ ਰਾਹੀਂ ਉਹ ਗਿਆਨ, ਵਿਗਿਆਨ ਅਤੇ ਗੁਰਬਾਣੀ ਦੇ ਸੁਨੇਹੇ ਨੂੰ ਇਕ ਵਿਸ਼ਵਾਸੀ ਮਨੁੱਖ ਜਾਂ ਸ਼ਰਧਾਲੂ ਵਾਂਗ ਪਰਿਭਾਸ਼ਤ ਕਰਦਾ ਹੈ।''[72] ਡਾ. ਜਸਵੰਤ ਸਿੰਘ ਨੇਕੀ ਦੀ ਵਿਆਖਿਆ ਨਾਲ ਅਧਿਆਤਮਵਾਦ ਤੇ ਵਿਗਿਆਨ ਦੇ ਸੁਮੇਲ ਵਿਚੋਂ ਵਿਆਖਿਆਕਾਰੀ ਦਾ ਨਵਾਂ ਰੁਝਾਨ ਸ਼ੁਰੂ ਹੁੰਦਾ ਹੈ।

ਵਿਆਕਰਨ ਅਤੇ ਕੋਸ਼ਾਕਾਰੀ

ਸਿੱਖ ਧਰਮ ਅਧਿਐਨ ਵਿਚ ਕੋਸ਼ਕਾਰੀ, ਸਾਹਿਤਕ ਕੋਸ਼ ਅਤੇ ਵਿਸ਼ਵਕੋਸ਼ ਆਦਿਕ ਨੇ ਸਿੱਖ ਅਧਿਐਨ ਨੂੰ ਖੋਜ-ਸੰਦ ਪ੍ਰਦਾਨ ਕੀਤੇ ਹਨ। ਉਨ੍ਹੀਵੀਂ ਸਦੀ ਦੇ ਪਹਿਲੇ ਅੱਧ ਤੋਂ ਅੰਗਰੇਜ਼ਾਂ ਨੇ ਇੱਥੋਂ ਦੇ ਵਸਨੀਕਾਂ ਉੱਪਰ ਲੰਮਾ ਸਮਾਂ ਨਿਯੰਤਰਣ ਰੱਖਣ ਲਈ ਪੰਜਾਬੀ ਵਿਆਕਰਨ ਅਤੇ ਕੋਸ਼ ਰਚੇ। ਈਸਾਈ ਮਿਸ਼ਨਰੀਆਂ ਨੇ ਈਸਾਈ ਧਰਮ ਦੇ ਪ੍ਰਚਾਰ ਪ੍ਰਸਾਰ ਲਈ ਪੰਜਾਬੀ ਕੋਸ਼ਕਾਰੀ ਦੇ ਮੁਢਲੇ ਯਤਨ ਕੀਤੇ। ਭਾਰਤ ਅਜ਼ਾਦ ਹੋਣ 'ਤੇ ਪੰਜਾਬੀ ਭਾਸ਼ਾ ਨੂੰ ਭਾਰਤੀ ਸੰਵਿਧਾਨ ਵਿਚ ਨੈਸ਼ਨਲ ਭਾਸ਼ਾ ਦਾ ਦਰਜਾ ਦਿੱਤਾ ਗਿਆ। ਦਫ਼ਤਰੀ ਭਾਸ਼ਾ ਬਣਨ ਨਾਲ ਤਕਨੀਕੀ ਸ਼ਬਦਾਵਲੀ ਕੋਸ਼ ਹੋਂਦ ਵਿਚ ਆਏ। ਯੂਨੀਵਰਸਿਟੀਆਂ ਬਣਨ ਨਾਲ ਖੋਜ ਸੰਦਾਂ ਦੇ ਰੂਪ ਵਿਚ ਸਿੱਖ ਧਰਮ ਦੀ ਕੋਸ਼ਕਾਰੀ ਦਾ ਨਵਾਂ ਰੁਝਾਨ ਸ਼ੁਰੂ ਹੋਇਆ।

---

70 ਜਸਵੰਤ ਸਿੰਘ ਨੇਕੀ, ਜਿਨ੍ਹਾ ਦਿਸਦੰੜਿਆ ਦੁਰਮਤਿ ਵੰਞੈ, ਨਵਯੁੱਗ ਪਬਲਿਸ਼ਰਜ਼, ਨਵੀਂ ਦਿੱਲੀ, 2013, ਪੰਨਾ 83.

71 ਜਸਵੰਤ ਸਿੰਘ ਨੇਕੀ, ਗੁਰਮਤਿ ਮਨੋਵਿਗਿਆਨ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2016.

72 ਹਰਿਭਜਨ ਸਿੰਘ ਭਾਟੀਆ, ਸੰਵਾਦ : ਪੁਨਰ ਸੰਵਾਦ, ਪੰਨਾ 132.

ਵੀਹਵੀਂ ਸਦੀ ਦੀ ਪਹਿਲੀ ਵਿਆਕਰਨ ਟੀ.ਗ੍ਰਾਹਮ ਬੇਲੀ ਨੇ 1904 ਈ. ਵਿਚ ਲਿਖੀ ਸੀ। ਪੰਜਾਬੀ ਵਿਆਕਰਨ ਅਤੇ ਕੋਸ਼ਕਾਰੀ ਵਿਚ ਯੂਰਪੀਅਨ ਲੇਖਕਾਂ ਨੇ ਬਹੁਤ ਅਹਿਮ ਭੂਮਿਕਾ ਨਿਭਾਈ। ਸਿੰਘ ਸਭਾ ਲਹਿਰ ਦੀ ਚੇਤਨਾ ਨਾਲ ਗੁਰਮੁਖੀ ਭਾਸ਼ਾ ਤੇ ਕੌਮ ਦੀ ਪਛਾਣ ਬਰਕਰਾਰ ਰੱਖਣ ਲਈ ਸਕੂਲਾਂ ਵਿਚ ਪੰਜਾਬੀ ਪੜ੍ਹਾਉਣ ਲਈ ਵਿਆਕਰਨ ਲਿਖੇ ਗਏ। ਪੰਜਾਬੀ ਦਾ ਗੁਰਮੁਖੀ ਅੱਖਰਾਂ ਵਿਚ ਪਹਿਲਾ ਕੋਸ਼ ਨਾਮਮਾਲਾ (ਅਨੇਕਾਰਥੀ ਕੋਸ਼) ਕਵੀ ਨੰਦ ਦਾਸ ਦੁਆਰਾ ਰਚਿਆ ਮਿਲਦਾ ਹੈ।[73] ਭਾਈ ਕਾਹਨ ਸਿੰਘ ਨਾਭਾ ਨੇ ਕਵੀ ਨੰਦ ਦਾਸ ਦੁਆਰਾ ਰਚਿਤ ਅਨੇਕਾਰਥ ਕੋਸ਼ ਪ੍ਰਾਪਤ ਖਰੜਿਆਂ ਦੇ ਆਧਾਰ ਤੇ ਵਾਧਾ ਕਰਕੇ ਪ੍ਰਕਾਸ਼ਿਤ ਕੀਤਾ। ਅਨੇਕਾਰਥ ਕੋਸ਼ ਵਿਚ 148 ਸ਼ਬਦਾਂ ਦੇ ਅਨੇਕਾਰਥ ਦਿੱਤੇ ਗਏ ਹਨ। ਇਸ ਕੋਸ਼ ਦੀ ਵੰਨਗੀ ਇਸ ਤਰ੍ਹਾਂ ਹੈ। ਜਿਵੇਂ : ਵਣ (ਜੰਗਲ) **੨੦੯** ਕਾਨਨ।ਵਿਪਿਨ।ਅਰਨਯ।ਵਨ। ਗਹਨ।ਕੱਛ।ਕਾਂਤਾਰ।ਅਟਵੀ।।[74]

ਰਾਮ ਸਿੰਘ ਨੇ 1924 ਈ. ਵਿਚ ਅਤੇ ਕਰਮ ਸਿੰਘ ਗੰਗਾਵਾਲਾ ਨੇ 1935 ਈ. ਵਿਚ ਵਿਆਕਰਨ ਲਿਖੀ। ਇਹਨਾਂ ਦੋ ਵਿਦਵਾਨਾਂ ਨੇ ਪੰਜਾਬੀ ਵਿਆਕਰਨ ਦੇ ਮੁਢਲੇ ਦੌਰ ਵਿਚ ਅਹਿਮ ਭੂਮਿਕਾ ਨਿਭਾਈ। ਗੁਰਬਾਣੀ ਦੇ ਵਿਆਕਰਨ ਤਿਆਰ ਕਰਨ ਵਿਚ ਪ੍ਰਿੰ. ਤੇਜਾ ਸਿੰਘ ਤੇ ਪ੍ਰੋ. ਸਾਹਿਬ ਸਿੰਘ ਨੇ ਵੀ ਅਹਿਮ ਯੋਗਦਾਨ ਪਾਇਆ। ਪੰਡਤ ਤਾਰਾ ਸਿੰਘ ਨਰੋਤਮ ਨੇ 1895 ਈ. ਵਿਚ ਗੁਰ ਗਿਰਾਰਥ ਕੋਸ਼ ਛਪਵਾਇਆ ਸੀ। ਇਸ ਵਿਚ ਨਰੋਤਮ ਨੇ ਆਦਿ ਗ੍ਰੰਥ ਦੀਆਂ ਬਾਣੀਆਂ ਵਿਚਲੀ ਸ਼ਬਦਾਵਲੀ, ਉਸ ਦੇ ਅਰਥ ਅਤੇ ਵਰਤੋਂ ਦੇ ਪ੍ਰਸੰਗਾਂ ਨੂੰ ਦਰਜ ਕੀਤਾ ਹੈ। ਇਸ ਵਿਚ ਇੰਦਰਾਜ ਦੇ ਵੱਖ-ਵੱਖ ਭਾਸ਼ਾਵਾਂ ਵਿਚ ਅਰਥ, ਉਸ ਦੇ ਪਿਛੋਕੜ ਨੂੰ ਬਿਆਨ ਕੀਤਾ ਹੈ ਉਦਹਾਰਨ ਵਜੋਂ ਜਿਵੇਂ- ''ਸਤਹੁ: ਗੁ. ਸ੍ਰੇਸਟਤਾ ਸੇ ਅਰਥਾਤ ਅਪਨੀ ਅਵਤਾਰਤਾ ਕੇ ਪ੍ਰਤਾਪ ਸੇ-ਯ. ''ਸਤਹੁ ਖੇਤੁ ਜਮਾਇਓ ਸਤਹੁ ਛਾਵਾਣੁ''। ਅਪਨੇ ਜਨਮ ਥਾਨ ਤਲਵੰਡੀ ਨਗਰ ਮੇਂ ਗੁਰੂ ਨਾਨਕ ਜੀ ਨੇ ਸਭ ਸੇ ਹੀ ਮਹਖੀਓਂ ਕਾ ਖਾਯਾ ਖੇਤ ਹਰਾ ਕੀਆ ਪੁਨਾ. ਸਤ ਕੇ ਪ੍ਰਤਾਪ ਸੇ ਹੀ ਖੇਤ ਮੈ ਸਰਪ ਸੇ ਛਾਯਾ ਕਰਾਈ।''[75]

---

73 ਪਰਮਜੀਤ ਸਿੰਘ ਸਿੱਧੂ, ਕੋਸ਼ਕਾਰੀ ਕਲਾ ਅਤੇ ਪੰਜਾਬੀ ਕੋਸ਼ਕਾਰੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ 1995, ਪੰਨਾ 76.

74 ਕਵੀ ਨੰਦ ਦਾਸ, ਨਾਮ ਮਾਲਾ ਕੋਸ਼, ਭਾਸ਼ਾ ਵਿਭਾਗ, ਪੰਜਾਬ, 1996, ਪੰਨਾ 68.

75 ਤਾਰਾ ਸਿੰਘ ਨਰੋਤਮ, ਗੁਰ ਗਿਰਾਰਥ ਕੋਸ਼, (ਸੰਪਾ.) ਬਲਵੰਤ ਸਿੰਘ ਕੋਠਾਗੁਰੂ, ਸ੍ਰੀਮਾਨ 108 ਮਹੰਤ ਬਲਵੰਤ ਸਿੰਘ ਜੀ ਸੈਕਟਰੀ, ਕਨਖਲ, 2012, ਪੰਨਾ 124.

ਤਾਰਾ ਸਿੰਘ ਨਰੋਤਮ ਦੇ ਕੋਸ਼ ਨਾਲ ਗੁਰੂ ਗ੍ਰੰਥ ਸਾਹਿਬ ਦੀ ਕੋਸ਼ਕਾਰੀ ਵਿਚ ਨਵੇਂ ਕਾਰਜ ਆਰੰਭ ਹੋਏ। ਇਸ ਤਰ੍ਹਾਂ ਹੀ ਇਸ ਰੁਝਾਨ ਨੂੰ ਅੱਗੇ ਤੋਰਦਿਆਂ ਭਾਈ ਵੀਰ ਸਿੰਘ ਨੇ 1960 ਈ. ਵਿਚ ਸ੍ਰੀ ਗੁਰੂ ਗ੍ਰੰਥ ਕੋਸ਼ ਛਪਵਾਇਆ। ਇਸ ਵਿਚ ਔਖੇ ਪਦ, ਉਨ੍ਹਾਂ ਦੇ ਅਰਥ, ਵਿਆਕਰਨ, ਵਿਉਂਤਪਤੀ ਅਤੇ ਗੁਰਮਤਿ ਸੰਗੀਤ ਆਦਿ ਦਾ ਸਿੱਧਾਂਤਕ ਨਿਰਣਾ ਕੀਤਾ ਗਿਆ ਹੈ। ਅਸਲ ਵਿਚ ਭਾਈ ਵੀਰ ਸਿੰਘ ਨੇ ਆਪਣੇ ਨਾਨਾ ਗਿ. ਹਜ਼ਾਰਾ ਸਿੰਘ ਦੇ ਕੋਸ਼ ਨੂੰ ਹੀ ਸੋਧਿਆ ਤੇ ਵਿਸਤਾਰਿਆ ਹੈ। ਉਦਹਾਰਨ ਦੇ ਤੌਰ ਤੇ ਸੀਵਨਿ (ਸੰ:) ਸੰਸਕ੍ਰਿਤ, ਸੀਵਨੰ। ਪੰਜਾਬੀ ਸੀਵਣਾ, ਸੀਉਣਾ। 1. ਸੀਉਣ, ਸਿਲਾਈ। 'ਯਥਾ-ਰਾਂਗਨਿ ਰਾਂਗਉ ਸੀਵਨਿ ਸੀਵਉ' ਰੰਗਣ ਰੰਗਾਂ ਤੇ ਸਿਲਾਈ ਸੀਵਾਂ। 1. ਸੀਵ+ਨਿ=ਨਹੀਂ ਸੀਉਂਦਾ।[76] ਇਸ ਕੋਸ਼ ਦੀ ਸ਼ੁਰੂਆਤ ੳ ਦੀ ਥਾਂ ਤੇ ਅ ਤੋਂ ਹੁੰਦੀ ਹੈ। ੳ ਨੂੰ ੲ ਤੋਂ ਬਾਅਦ ਲਿਆਂਦਾ ਗਿਆ ਹੈ। ਇਸ ਦਾ ਕਾਰਨ ਦੱਸਿਆ ਗਿਆ ਹੈ ਕਿ ਇਸ ਕੋਸ਼ ਵਿਚ ਗੁਰਮੁਖੀ ਦੀ ਪੈਂਤੀ ਦਾ ਕ੍ਰਮ ਕੇਵਲ ਵਿਅੰਜਨਾ ਵਿਚ ਹੈ। ਸ੍ਵਰਾ ਵਿਚ ੳ, ਅ, ੲ ਦੀ ਥਾਂ ਅ, ੲ, ੳ ਕੀਤਾ ਗਿਆ ਹੈ।[77]

1981 ਈ. ਵਿਚ C.Shackle ਵੱਲੋਂ *A Guru Nanak Glossary* ਨਾਂ ਦਾ ਕੋਸ਼ ਪ੍ਰਕਾਸ਼ਿਤ ਕਰਵਾਇਆ ਗਿਆ। ਲੇਖਕ ਨੇ ਗੁਰਬਾਣੀ ਦੀ ਅਧਿਆਤਮਕ ਮਹੱਤਤਾ ਅਤੇ ਵਿਦੇਸ਼ਾਂ ਵਿਚ ਵਸਦੇ ਸਿੱਖਾਂ ਦੀ ਨਵੀਂ ਪੀੜ੍ਹੀ ਦੀ ਸਹੂਲਤ ਲਈ ਇਹ ਗਲਾਸਰੀ ਲਿਖੀ ਹੈ। ਇਸ ਗਲਾਸਰੀ ਵਿਚ ਪੰਜਾਬੀ ਸ਼ਬਦ ਦਾ ਲਿਪੀਅੰਤਰਨ ਦੇ ਕੇ ਉਸ ਸ਼ਬਦ ਦੇ ਅਰਥ ਦਿੱਤੇ ਹਨ। ਇਸ ਕੋਸ਼ ਵਿਚ ਤਕਰੀਬਨ 6000 ਇੰਦਰਾਜ ਹਨ। ਇਹ ਕੰਮ ਸਿਰਫ਼ ਗੁਰੂ ਨਾਨਕ ਬਾਣੀ ਉੱਪਰ ਹੀ ਹੈ। ਇਸ ਕੋਸ਼ ਦੇ ਦੋ ਹਿੱਸੇ ਹਨ। ਕੋਸ਼ ਦੇ ਦੂਜੇ ਹਿੱਸੇ ਵਿਚ ਬਾਣੀ ਦੇ ਸ਼ਬਦਾਂ ਨੂੰ ਗੁਰਮੁਖੀ ਕ੍ਰਮ ਅਨੁਸਾਰ ਦਿੱਤਾ ਹੈ। ਹਰੇਕ ਇੰਦਰਾਜ ਦਾ ਮੁਖ ਸ਼ਬਦ ਗੁਰਮੁਖੀ ਕ੍ਰਮ ਅਨੁਸਾਰ ਹੈ। ਸ਼ਬਦ ਦੇ ਵੱਖ-ਵੱਖ ਵਿਆਕਰਨਿਕ ਰੂਪਾਂ ਤੇ ਉਚਾਰਣ ਨੂੰ ਗੋਲ ਬਰੈਕਟਾਂ ਵਿਚ ਅੰਕਿਤ ਕੀਤਾ ਹੈ। ਉਦਾਹਰਨ ਦੇ ਤੌਰ 'ਤੇ, ''ਉਚਰਿ Vccari, V.T. utter pronounce, recite.4 [1641 Uccarati=ocari]"[78]

---

[76] ਭਾਈ ਵੀਰ ਸਿੰਘ ਜੀ, ਸ੍ਰੀ ਗੁਰੂ ਗ੍ਰੰਥ ਕੋਸ਼, ਖ਼ਾਲਸਾ ਟ੍ਰੈਕਟ ਸੁਸਾਇਟੀ, ਅੰਮ੍ਰਿਤਸਰ, ਮਿਤੀਹੀਣ, ਪੰਨਾ 166.

[77] ਉਹੀ, ਪੰਨਾ ਬ।

[78] C. Shackle, *A Guru Nanak Glossary, School of Oriental and African Studies,* University of London, 1981, p.1.

ਗੁਰਬਾਣੀ ਦੀ ਸੰਕਲਪਕ ਕੋਸ਼ਕਾਰੀ ਵਿਚ ਕੁਝ ਕੋਸ਼ ਸਾਹਮਣੇ ਆਉਂਦੇ ਹਨ ਪਹਿਲਾ ਕੋਸ਼ 1928 ਈ. ਵਿਚ ਭਾਈ ਮਹਿਤਾਬ ਸਿੰਘ ਦਾ ਨਾਵਾਂ ਤੇ ਥਾਵਾਂ ਦਾ ਕੋਸ਼[79] ਸਿਰਲੇਖ ਹੇਠ ਮਿਲਦਾ ਹੈ। ਇਸ ਵਿਚ ਗੁਰੂ ਗ੍ਰੰਥ ਸਾਹਿਬ ਵਿਚ ਆਏ ਇਤਿਹਾਸਕ ਨਾਵਾਂ ਥਾਵਾਂ ਦੇ ਇੰਦਰਾਜ ਹਨ। ਹਰੇਕ ਸ਼ਬਦ ਦੀ ਵਿਸਤ੍ਰਿਤ ਜਾਣਕਾਰੀ ਦਿੱਤੀ ਗਈ ਹੈ। 1971 ਈ. ਵਿਚ ਸੇਵਾ ਸਿੰਘ ਨੇ ਗੁਰਬਾਣੀ ਸੰਖਿਆ ਕੋਸ਼ ਪ੍ਰਕਾਸ਼ਿਤ ਕਰਵਾਇਆ ਸੀ। ਇਸ ਵਿਚ ਗੁਰਬਾਣੀ ਦੀਆਂ ਤੁਕਾਂ ਵਿਚ ਆਏ ਗਿਣਤੀ ਦੇ ਅੰਕਾਂ ਲਈ ਵਰਤੀ ਗਈ ਸ਼ਬਦਾਵਲੀ ਦਾ ਵਰਣਨ ਤੇ ਵਿਆਖਿਆ ਹੈ। ਇਤਿਹਾਸਕ ਤੇ ਮਿਥਿਹਾਸਕ ਪਿਛੋਕੜ ਵਾਲੇ ਅੰਕਾਂ ਬਾਰੇ ਵਿਸਤ੍ਰਿਤ ਵੇਰਵੇ ਵੀ ਇੰਦਰਾਜ਼ਾਂ ਵਿਚ ਦਿਤੇ ਗਏ ਹਨ। ਜਿਵੇਂ: ਬਿਆਧਾਂ (ਤਿੰਨ) – (੧) ਆਧਿ (ਮਨ ਦਾ ਦੁੱਖ): ਚਿੰਤਾ, ਫ਼ਿਕਰ ਗਮ (੨) ਬਿਆਧ (ਸੰਤਾਪ ਦੁੱਖ): ਸਗਲ ਬਿਆਧਿ ਮਨ ਤੇ ਕੈ ਨਸੈ'' (ਸੁਖਮਨੀ) (੩) ਉਪਾਧਿ (ਉਪੱਦਰ, ਉਤਪਾਦ)''[80]

ਕੋਸ਼ਕਾਰੀ ਵਿਚ ਅਕਾਲੀ ਕੌਰ ਸਿੰਘ ਨੇ ਗੁਰੂ ਗ੍ਰੰਥ ਸਾਹਿਬ ਦੇ ਤਤਕਰਾ ਕੋਸ਼ ਪ੍ਰਮੁੱਖ ਹੈ। 1963 ਈ. ਵਿਚ ਅਕਾਲੀ ਕੌਰ ਸਿੰਘ ਨੇ ਗੁਰਸ਼ਬਦ ਰਤਨ ਪ੍ਰਕਾਸ਼ ਦੀ ਰਚਨਾ ਕੀਤੀ ਸੀ। ਇਸ ਵਿਚ ਬਾਣੀ ਦੀਆਂ ਤੁਕਾਂ ਨੂੰ ਗੁਰਮੁਖੀ ਅੱਖਰ ਕ੍ਰਮ ਅਨੁਸਾਰ ਤਰਤੀਬ ਦਿੱਤੀ ਗਈ ਹੈ। ਇਸ ਦਾ ਹਰੇਕ ਇੰਦਰਾਜ਼ ਤਿੰਨ ਕਾਲਮਾਂ ਵਿਚ ਹੈ। ਪਹਿਲੇ ਕਾਲਮ ਵਿਚ ਰਾਗ, ਮਹਲਾ ਦਾ ਸੰਕੇਤਕ ਵੇਰਵਾ, ਦੂਜੇ ਵਿਚ ਤੁਕ, ਅਤੇ ਸਤਰ ਅੰਕ ਤੀਜੇ ਵਿਚ ਗੁਰੂ ਗ੍ਰੰਥ ਸਾਹਿਬ ਦਾ ਪੰਨੇ ਦਾ ਅੰਕ ਦਿੱਤਾ ਗਿਆ ਹੈ। ਉਦਹਾਰਨ ਦੇ ਤੌਰ ਤੇ – ਸਾਰੰਗ ੫ – ਅਨਿਕ ਕਾਜ ਅਨਿਕ – **੧-੧੨੧੬**.[81] ਇਸ ਕੋਸ਼ ਦੀ ਸੀਮਾ ਇਹ ਹੈ ਕਿ ਇਸ ਵਿਚ ਬਾਣੀ ਦੀ ਪੂਰੀ ਤੁਕ ਦੀ ਥਾਂ ਤੇ ਅੱਧੀ ਤੁਕ ਦਿੱਤੀ ਗਈ ਸੀ। ਇਸ ਤਤਕਰੇ ਨੇ ਗੁਰਬਾਣੀ ਖੋਜ ਵਿਚ ਕਿਸੇ ਤੁਕ ਨੂੰ ਲੱਭਣਾ ਆਸਾਨ ਬਣਾ ਦਿੱਤਾ। ਇਸ ਤਤਕਰੇ ਨਾਲ ਗੁਰੂ ਗ੍ਰੰਥ ਸਾਹਿਬ ਦੇ ਤਤਕਰਿਆਂ ਦਾ ਰੁਝਾਨ ਸ਼ੁਰੂ ਹੋਇਆ। ਇਸ ਤਤਕਰੇ ਦੀਆਂ ਸੀਮਾਵਾਂ ਨੂੰ ਬਾਅਦ ਵਿਚ ਡਾ. ਅਮਰ ਸਿੰਘ ਨੇ ਪੂਰਿਆਂ ਕੀਤਾ। ਇਸ ਤੋਂ ਬਾਅਦ ਇਕੱਲੇ-ਇਕੱਲੇ ਬਾਣੀਕਾਰਾਂ ਦੀ ਬਾਣੀ ਉੱਪਰ ਤਤਕਰੇ ਬਣਾਉਣ ਦਾ ਰੁਝਾਨ ਪੈਦਾ ਹੋਇਆ। ਜੋ ਅੱਜ-ਕੱਲ੍ਹ ਆਸਾਨੀ ਨਾਲ ਮਿਲ

79 ਮਹਿਤਾਬ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਏ ਇਤਿਹਾਸਕ ਨਾਵਾਂ ਤੇ ਥਾਵਾਂ ਦਾ ਕੋਸ਼, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2010.

80 ਗੁਰਬਖਸ਼ ਸਿੰਘ ਕੇਸਰੀ, ਸੰਖਿਆ ਕੋਸ਼, ਪੰਜਾਬੀ ਸਾਹਿਤ ਅਕਾਡਮੀ, ਪੰਜਾਬੀ ਭਵਨ, ਲੁਧਿਆਣਾ, 2007, ਪੰਨਾ 32.

81 ਅਕਾਲੀ ਕੌਰ ਸਿੰਘ, ਗੁਰੁ ਸ਼ਬਦ ਰਤਨ ਪ੍ਰਕਾਸ਼, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1970, ਪੰਨਾ 19.

ਜਾਂਦੇ ਹਨ। ਇਤਿਹਾਸ ਦੇ ਗ੍ਰੰਥਾਂ ਦੀ ਕੋਸ਼ਕਾਰੀ ਵਿਚ ਵਰਿਆਮ ਸਿੰਘ ਤੇ ਮੋਹਨ ਸਿੰਘ ਵੱਲੋਂ ਪੰਥ ਪ੍ਰਕਾਸ਼ ਦੇ ਪ੍ਰਯਾਇ ਹੇਠ 1959 ਈ. ਦਾ ਕੋਸ਼ ਮਿਲਦਾ ਹੈ। ਕੋਸ਼ ਦੇ ਦੋ ਹਿੱਸੇ ਹਨ। ਦੂਜੇ ਹਿੱਸੇ ਵਿਚ ਪੰਥ ਪ੍ਰਕਾਸ਼ ਦੇ 110 ਅਧਿਆਇਆਂ ਵਿਚ ਆਈ ਸ਼ਬਦਾਵਲੀ ਅਤੇ ਇਹਨਾਂ ਦੇ ਅਰਥ ਅੰਕਿਤ ਕਰਨ ਲਈ ਸਾਮਾਨਅਰਥਕ ਪੰਜਾਬੀ ਸ਼ਬਦਾਂ ਦੀਆਂ ਸੂਚੀਆਂ ਦਰਜ ਕੀਤੀਆਂ ਗਈਆਂ ਹਨ।[82]

ਇਸ ਤਰ੍ਹਾਂ ਇਹ ਰੁਝਾਨ ਅਕਾਦਮਿਕ ਖੇਤਰ ਤੱਕ ਵੀ ਪਹੁੰਚਿਆ ਜਿਸਦਾ ਜ਼ਿਕਰ ਅਸੀਂ ਚੌਥੇ ਅਧਿਆਇ ਵਿਚ ਕਰਾਂਗੇ। ਗੁਰੂ ਗ੍ਰੰਥ ਸਾਹਿਬ ਤੇ ਇਤਿਹਾਸ ਦੀ ਕੋਸ਼ਕਾਰੀ ਦਾ ਕੰਮ ਨਿਰੰਤਰ ਹੋ ਰਿਹਾ ਹੈ।

ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਸਿੱਖਾਂ ਵਲੋਂ ਰਚੇ ਰਖਿਆਤਮਿਕ ਸਾਹਿਤ ਨੇ ਵੀਹਵੀਂ ਸਦੀ ਵਿਚ ਸਿੱਖ ਅਧਿਐਨ ਨੂੰ ਨਵੀਨ ਵਿਆਖਿਆ ਦਿੱਤੀ। ਇਹ ਅਧਿਐਨ ਗ਼ੈਰ-ਸਿੱਖਾਂ ਅਤੇ ਸਿੱਖਾਂ ਵਲੋਂ ਉਠਾਏ ਸਵਾਲਾਂ ਦੇ ਜਵਾਬ ਵਿਚ ਰੱਖਿਆਤਮਿਕ ਪੱਖ ਰਚਿਆ ਗਿਆ। ਵੀਹਵੀਂ ਸਦੀ ਵਿਚ ਸੇਵਾ ਰਾਮ ਸਿੰਘ, ਭਗਤ ਲਕਸ਼ਮਨ ਸਿੰਘ, ਖ਼ਜਾਨ ਸਿੰਘ, ਕਾਨ੍ਹ ਸਿੰਘ ਨਾਭਾ, ਪ੍ਰਿੰ. ਤੇਜਾ ਸਿੰਘ ਆਦਿਕ ਨੇ ਪਰੰਪਰਿਕ ਵਿਆਖਿਆ ਦੀ ਥਾਂ ਨਵੀਨ ਤੇ ਜਵਾਬੀ ਰੂਪ ਵਿਚ ਵਿਆਖਿਆ ਦਿੱਤੀ। ਇਸ ਵਿਆਖਿਆ ਵਿਚ ਸੁਤੰਤਰ ਵਿਚਾਰਧਾਰਾ ਦਾ ਐਲਾਨ ਸੀ। ਇਤਿਹਾਸਕਾਰੀ ਵਿਚ ਕਰਮ ਸਿੰਘ ਹਿਸਟੋਰੀਅਨ, ਭਾ. ਵੀਰ ਸਿੰਘ, ਪ੍ਰੇਮ ਸਿੰਘ ਹੋਤੀ ਮਰਦਾਨ ਅਤੇ ਡਾ. ਗੰਡਾ ਸਿੰਘ ਦੇ ਕਾਰਜ ਨਵੀਨ ਤੇ ਪੱਛਮੀ ਵਿਧੀ ਉਪਰ ਆਧਾਰਿਤ ਸਨ ਜੋ ਅਕਾਦਮਿਕਤਾ ਵਿਚ ਆਧਾਰ ਬਣੇ। ਵਿਆਖਿਆਕਾਰੀ ਵਿਚ ਬਾਵਾ ਬੁੱਧ ਸਿੰਘ ਨੇ ਲੋਕ ਰਾਇ ਵਿਧੀ, ਬਿਸ਼ਨ ਸਿੰਘ ਦੀ ਪ੍ਰਸ਼ਨ-ਉਤਰ ਸ਼ੈਲੀ, ਪ੍ਰਿੰ. ਜੋਧ ਸਿੰਘ ਜੀ ਵਿਗਿਆਨਿਕ ਦ੍ਰਿਸ਼ਟੀ, ਪ੍ਰੋ. ਸਾਹਿਬ ਸਿੰਘ ਦੀ ਵਿਆਕਰਨਿਕ ਵਿਧੀ ਅਤੇ ਜਸਵੰਤ ਸਿੰਘ ਨੇਕੀ ਅਧਿਆਤਮਵਾਦੀ ਵਿਆਖਿਆ ਨੇ ਨਵੇਂ ਰੁਝਾਨ ਚਲਾਏ। ਰਖਿਆਤਮਿਕ ਸਾਹਿਤ ਨੇ ਸਿਰਜਣਾਂ, ਆਲੋਚਨਾ ਅਤੇ ਸਕਾਰਾਤਮਿਕਤਾ ਪੈਦਾ ਕੀਤੀ।

---

[82] ਪਰਮਜੀਤ ਸਿੰਘ ਸਿੱਧੂ (ਡਾ.), ਕੋਸ਼ਕਾਰੀ ਕਲਾ ਅਤੇ ਪੰਜਾਬੀ ਕੋਸ਼ਕਾਰੀ, ਪੰਨਾ 100-101.

## ਭਾਗ-ਅ: ਪ੍ਰਤੀਕਿਰਿਆਤਮਿਕ ਸਾਹਿਤ

ਇਸ ਅਧਿਆਇ ਵਿਚ ਉਸ ਸਾਹਿਤ ਦਾ ਵਿਸ਼ਲੇਸ਼ਣ ਕੀਤਾ ਜਾਵੇਗਾ ਜੋ ਸਿੱਖਾਂ ਦੀ ਮੁੱਖ ਧਾਰਾ ਤੋਂ ਉਲਟ ਲਿਖਿਆ ਗਿਆ ਹੈ। ਫਿਰ ਇਸ ਸਾਹਿਤ ਦੇ ਵਿਰੋਧ ਦੀ ਪ੍ਰਤੀਕਿਰਿਆ ਵਜੋਂ ਹੋਰ ਸਾਹਿਤ ਲਿਖਿਆ ਗਿਆ। ਵੀਹਵੀਂ ਸਦੀ ਦੇ ਸ਼ੁਰੂ ਵਿਚ ਭਾਈ ਕਾਨ੍ਹ ਸਿੰਘ ਨਾਭਾ ਦੀ ਕਿਤਾਬ ਹਮ ਹਿੰਦੂ ਨਹੀਂ ਤੋਂ ਇਸ ਵਿਸ਼ੇ ਬਾਰੇ ਪ੍ਰਤੀਕਿਰਿਆ ਸ਼ੁਰੂ ਹੋ ਜਾਂਦੀ ਹੈ। ਇਹ ਕਿਤਾਬ ਪਹਿਲੀ ਵਾਰ ਹਿੰਦੀ ਭਾਸ਼ਾ ਵਿਚ ਲਿਖੀ ਗਈ ਅਤੇ 1898 ਈ. ਵਿਚ ਪ੍ਰਕਾਸ਼ਿਤ ਹੋਈ। ਇਸ ਕਿਤਾਬ ਦਾ ਖਰੜਾ ਪ੍ਰਕਾਸ਼ਿਤ ਹੋਣ ਤੋਂ ਪਹਿਲਾਂ ਖ਼ਾਲਸਾ ਦੀਵਾਨ ਲਾਹੌਰ, ਤੰਬੂ ਸਾਹਿਬ ਮੁਕਤਸਰ, ਦਮਦਮਾ ਸਾਹਿਬ, ਕੇਸਗੜ੍ਹ ਸਾਹਿਬ ਅਤੇ ਹਜ਼ੂਰ ਸਾਹਿਬ ਤੱਕ ਭੇਜਿਆ ਗਿਆ ਸੀ।[1] ਇਸ ਕਿਤਾਬ ਵਿਚ ਲੇਖਕ ਨੇ ਹਿੰਦੂ ਤੇ ਸਿੱਖ ਵਿਚਾਲੇ ਹਮ ਹਿੰਦੂ ਨਹੀਂ ਦੇ ਸੰਵਾਦ ਨੂੰ ਕਈ ਗ੍ਰੰਥਾਂ ਦੇ ਹਵਾਲਿਆਂ ਨਾਲ ਸਿਖਰ ਤੇ ਪਹੁੰਚਾਇਆ ਸੀ। ਹਮ ਹਿੰਦੂ ਨਹੀਂ ਕਿਤਾਬ ਦੀ ਸ਼ੁਰੂਆਤ ਇਕ ਹਿੰਦੂ ਵੱਲੋਂ ਇਕ ਸਿੱਖ ਨੂੰ ਹੇਠ ਲਿਖੇ ਸਵਾਲਾਂ ਦੇ ਰੂਪ ਵਿਚ ਹੁੰਦੀ ਹੈ:

ੳ. ਸਿੱਖ ਹਿੰਦੂਆਂ ਵਿਚੋਂ ਨਿਕਲੇ ਹਨ

ਅ. ਹਿੰਦੂਆਂ ਨਾਲ ਸਿੱਖਾਂ ਦਾ ਖਾਨ-ਪਾਨ ਹੈ

ੲ. ਹਿੰਦੂਆਂ ਨਾਲ ਸਾਕ-ਨਾਤੇ ਹਨ

ਸ. ਸਿੱਖ ਹਿੰਦੁਸਤਾਨ ਦੇ ਵਸਨੀਕ ਹਨ, ਫੇਰ ਸਿੱਖ ਅਹਿੰਦੂ ਕਿਸ ਤਰ੍ਹਾਂ ਹੋ ਸਕਦੇ ਹਨ?

ਹ. ਹਿੰਦੂ ਲਫਜ਼ ਫ਼ਾਰਸੀ ਦਾ ਨਹੀਂ, ਸੰਸਕ੍ਰਿਤ ਦਾ ਹੈ, ਜਿਸ ਦੇ ਅਰਥ ਦੁਸ਼ਟਾਂ ਨੂੰ ਜਿੱਤਣ ਵਾਲਾ ਔਰ ਬਹਾਦਰ ਹੈ।

ਇਹਨਾਂ ਸਵਾਲਾਂ ਦੇ ਜਵਾਬ ਵਿਚ ਭਾਈ ਕਾਨ੍ਹ ਸਿੰਘ ਨਾਭਾ ਜੀ ਲਿਖਦੇ ਹਨ ਕਿ ''ਅਸੀਂ ਮਨਉਕਤਿ ਨਹੀਂ ਆਖਦੇ, ਸਗੋਂ ਸਤਿਗੁਰਾਂ ਦੀ ਆਗਿਆ ਅਨੁਸਾਰ ਕਹਿੰਦੇ ਔਰ ਮੰਨਦੇ ਹਾਂ।''[2] ਇਸ ਕਿਤਾਬ ਦੇ 14 ਅਧਿਆਇਆਂ ਵਿਚ ਲੇਖਕ ਨੇ ਹਿੰਦੂ ਰਹੁਰੀਤਾਂ ਦਾ ਸਿੱਖ ਧਰਮ ਦੁਆਰਾ ਖੰਡਨ ਕੀਤਾ ਹੈ। ਲੇਖਕ ਨੇ ਕਿਤਾਬ ਵਿਚ ਸਿੱਖ ਧਰਮ ਦੇ ਬਸਤੀਵਾਦ ਤੋਂ ਪਹਿਲਾਂ ਦੇ ਪੁਰਾਤਨ ਗ੍ਰੰਥਾਂ ਦੇ ਹਵਾਲੇ ਦੇ ਕੇ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਸਿੱਖ ਹਿੰਦੂ ਨਹੀਂ ਹਨ। ਇਸ ਕਿਤਾਬ ਦੇ ਆਉਂਣ ਨਾਲ ਸਿੱਖ ਲਿਖਤਾਂ ਵਿਚ ਜਿੱਥੇ ਹਮ ਹਿੰਦੂ ਨਹੀਂ ਦਾ

---

[1] ਭਾਈ ਕਾਨ੍ਹ ਸਿੰਘ ਨਾਭਾ, ਹਮ ਹਿੰਦੂ ਨਹੀਂ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2000, ਪੰਨਾ 16,17,18.

[2] ਉਹੀ, ਪੰਨਾ 26

ਰੁਝਾਨ ਆਉਂਦਾ ਹੈ, ਉੱਥੇ ਹੀ ਇਸ ਦੇ ਪ੍ਰਤੀਕਰਮ ਵਜੋਂ, ਸਿੱਖ ਹਿੰਦੂ ਹਨ ਦੀ ਵਿਚਾਰਧਾਰਾ ਵਾਲਾ ਸਾਹਿਤ ਵੀ ਪੈਦਾ ਹੁੰਦਾ ਹੈ। ਜਿਸ ਦੀ ਉਦਾਹਰਨ ਪ੍ਰਿੰ. ਧਰਮਾਨੰਤ ਸਿੰਘ ਦੀ ਕਿਤਾਬ ਗੁਰਮਤਿ ਵੈਦਿਕ ਹੈ।

ਭਾਈ ਕਾਨ੍ਹ ਸਿੰਘ ਨਾਭਾ ਦੀ ਕਿਤਾਬ ਹਮ ਹਿੰਦੂ ਨਹੀਂ ਦੇ ਪ੍ਰਤੀਕਰਮ ਵਜੋਂ ਕਈ ਲੇਖਕਾਂ ਨੇ ਕਿਤਾਬਾਂ ਲਿਖੀਆਂ। ਇਨ੍ਹਾਂ ਲੇਖਕਾਂ ਵਿਚ ਸਿੱਖ ਅਤੇ ਗੈਰ-ਸਿੱਖ ਦੋਵੇਂ ਸਨ। ਇਸ ਵਿਸ਼ੇ ਉੱਪਰ ਪ੍ਰਿੰਸੀਪਲ ਧਰਮਾਨੰਤ ਸਿੰਘ ਦੀ ਕਿਤਾਬ ਵੈਦਿਕ ਗੁਰਮਤਿ ਬਹੁਤ ਹੀ ਮਹੱਤਵਪੂਰਨ ਕਿਤਾਬ ਹੈ। ਇਹ ਕਿਤਾਬ 1965 ਈ. ਵਿਚ ਪ੍ਰਕਾਸ਼ਿਤ ਹੋਈ। ਲੇਖਕ ਨੇ ਕਿਤਾਬ ਦੀ ਭੂਮਿਕਾ ਵਿਚ ਜ਼ਿਕਰ ਕੀਤਾ ਹੈ ਕਿ ''ਇਹ ਪੁਸਤਕ ਵੈਦਿਕ ਧਰਮ ਦਾ ਪ੍ਰਥਮ ਭਾਗ ਹੈ, ਇਸ ਵਿਚ ਇਤਿਹਾਸਕ ਦ੍ਰਿਸ਼ਟੀਕੋਣ ਤੋਂ ਵੈਦਿਕ ਧਰਮ ਤੇ ਗੁਰਮਤਿ ਨੂੰ ਹਰ ਸਾਧਾਰਣ ਤੇ ਵਿਸ਼ੇਸ਼ ਅੰਸ਼ ਤੋਂ 'ਸਮਾਨ ਰੂਪ' (Identical in Terminological form) ਸਿੱਧ ਕਰਨ ਦਾ ਉਪਰਾਲਾ ਕੀਤਾ ਗਿਆ ਹੈ।''[3] ਲੇਖਕ ਨੇ ਕਿਤਾਬ ਦਾ ਨਾਮ ਵੈਦਿਕ ਗੁਰਮਤਿ ਹਿੰਦੂ-ਸਿੱਖ ਏਕਤਾ ਦਰਪਨ ਰੱਖਿਆ ਹੈ। ਇਸ ਨਾਮ ਤੋਂ ਹੀ ਲੇਖਕ ਦਾ ਪ੍ਰਯੋਜਨ ਪਤਾ ਚਲ ਜਾਂਦਾ ਹੈ। ਇਸ ਕਿਤਾਬ ਦੀ ਭੂਮਿਕਾ ਪਿੰਡੀਦਾਸ ਗਿਆਨੀ ਸਭਾ ਸਦ ਦੀ ਲਿਖੀ ਹੋਈ ਹੈ। ਲੇਖਕ ਨੇ ਭੂਮਿਕਾ ਵਿਚ ਜ਼ਿਕਰ ਕੀਤਾ ਹੈ ਕਿ ''ਅਸੀਂ ਯਤਨ ਕਰਾਂਗੇ ਕਿ ਏਨ੍ਹਾਂ ਦੇ ਸੰਬੰਧ ਵਿਚ ਜੋ ਕੁਝ ਆਦਿ ਗੁਰੂ ਗ੍ਰੰਥ ਸਾਹਿਬ ਆਦਿ ਵਿਚ ਲਿਖਿਆ ਹੈ ਉਹਦਾ ਥੋੜਾ-ਥੋੜਾ ਉਲੇਖ, ਬਗ਼ੈਰ ਕਿਸੇ ਟੀਕਾ-ਟਿੱਪਣੀ ਦੇ ਕਰੀਏ ਤਾਂ ਜੁ ਕੁਝ ਭੁੱਲੜ ਵੀਰਾਂ ਦੇ ਏਸ ਭ੍ਰਮ ਨੂੰ ਕਿ ਸਿੱਖ ਪੰਥ, ਵੈਦਿਕ—ਆਰਯ-ਹਿੰਦੂ ਧਰਮ ਨਾਲੋਂ ਕੋਈ ਵੱਖਰੀ ਵਸਤੂ ਹੈ, ਦੂਰ ਕਰਨ ਦਾ ਯਤਨ ਕਰੀਏ''।[4]

ਕਿਤਾਬ ਦੀ ਭੂਮਿਕਾ ਵਿਚ ਜ਼ਿਕਰ ਹੈ ਕਿ ਅੰਗਰੇਜ਼ ਅਮਲਦਾਰੀ ਨੇ ਜਿੱਥੇ ਸਾਨੂੰ ਕਈ ਭੁੱਲ ਭੁਲਾਈਆਂ ਵਿਚ ਪਾਇਆ, ਉੱਥੇ ਹੀ ਪੰਜਾਬ ਨਿਵਾਸੀ ਆਰੀਆ-ਹਿੰਦੂਆਂ ਦੇ ਅੰਗਾਂ ਨੂੰ ਇਕ ਦੂਸਰੇ ਤੋਂ ਅੱਡੋ-ਅੱਡ ਕਰਨ ਦਾ ਯਤਨ ਵੀ ਆਰੰਭ ਦਿੱਤਾ। ਇਸ ਕੰਮ ਲਈ ਮੈਕਾਲਿਫ ਤੇ ਟ੍ਰੰਪ ਆਦਿ ਕਈ ਅੰਗਰੇਜ਼ ਵਿਦਵਾਨਾਂ ਅਤੇ ਹੋਰ ਉਚ ਪਦਵੀ ਪ੍ਰਾਪਤ ਅੰਗ੍ਰੇਜ਼ਾਂ ਨੇ ਆਪਣੇ

3 ਪ੍ਰਿੰ. ਧਰਮਾਨੰਤ ਸਿੰਘ, ਵੇਦਿਕ ਗੁਰਮਤਿ, ਆਰਯ ਪ੍ਰਾਦੇਸ਼ਿਕ ਪ੍ਰਤੀਨਿਧੀ ਸਭਾ ਪੰਜਾਬ ਜਲੰਧਰ-ਭਾਰਤ, 1965 ਪੰਨਾ ਡ।

4 ਉਹੀ, ਪੰਨਾ III.

ਜੀਵਨ ਅਰਪਣ ਕਰ ਦਿੱਤੇ।[5] ਲੇਖਕ ਦਾ ਮੂਲ ਮਕਸਦ ਹਿੰਦੂ-ਸਿੱਖਾਂ ਵਿਚਕਾਰ ਪੈ ਚੁਕੀ ਤਰੇੜ ਨੂੰ ਖਤਮ ਕਰਕੇ ਹਿੰਦੂ-ਸਿੱਖ ਏਕਤਾ ਨੂੰ ਪ੍ਰਚਲਤ ਕਰਨਾ ਸੀ। ਕਿਤਾਬ ਦੇ ਅਖੀਰ ਵਿਚ ਦਿਤੇ ਸਾਰ ਅਨੁਸਾਰ ''ਸਨਾਤਨ ਵੈਦਿਕ ਧਰਮ ਸਭ ਧਰਮਾਂ ਤੋਂ ਪੁਰਾਣਾ ਤੇ ਪੂਰਨ ਹੈ ਕਿ ਦਸਾਂ ਸਤਿਗੁਰਾਂ ਦਾ ਮਤ ਹਰ ਅਧਿਆਤਮਿਕ ਤੇ ਸੁਗਿਆਨਕ ਦ੍ਰਿਸ਼ਟੀ ਤੋਂ ਇਸ (ਵੈਦਿਕ) ਧਰਮ ਦੇ ਅਨੁਕੂਲ ਹੈ ਕਿ ਏਹਨਾਂ ਦੋਹਾਂ ਮਤਾਂ ਦੇ ਅਨੁਯਾਈ ਅਰਥਾਤ ਹਿੰਦੂ ਤੇ ਸਿੱਖ ਅੱਜ ਤੋਂ ਤਕਰੀਬਨ ਇਕ ਸੌ ਵਰ੍ਹੇ ਪਿਛੇ ਤੱਕ ਆਪਣੇ ਧਾਰਮਿਕ ਤੇ ਸਿਆਸੀ ਮਾਮਲਿਆਂ ਵਿਚ ਕਿਸੇ ਤਰ੍ਹਾਂ ਵੀ ਇੱਕ ਦੂਜੇ ਤੋਂ ਅੱਡ ਤੇ ਵਿਭਿੰਨ ਨਹੀਂ ਸਨ।''[6] ਇਸ ਤਰ੍ਹਾਂ ਭਾਈ ਕਾਨ੍ਹ ਸਿੰਘ ਨਾਭਾ ਦੀ ਇਹ ਕਿਤਾਬ ਹਮ ਹਿੰਦੂ ਨਹੀਂ ਦੇ ਪ੍ਰਤੀਕਰਮ ਵਜੋਂ ਆਈ।

ਵੀਹਵੀਂ ਸਦੀ ਵਿਚ ਉਤਰ ਪ੍ਰਤੀ ਉਤਰ ਰਚਿਤ ਸਾਹਿਤ ਵਿਚ ਗੁਰੂ ਨਾਨਕ ਸਾਹਿਬ ਜੀ ਦੀ ਜਨਮ ਮਿਤੀ ਬਾਰੇ ਵਿਵਾਦ ਪ੍ਰਮੁਖ ਵਿਸ਼ਾ ਰਿਹਾ ਹੈ। ਇਸ ਬਾਰੇ ਸ਼ੁਰੂ ਵਿਚ ਭਾਈ ਗੁਰਮੁਖ ਸਿੰਘ ਓਰੀਐਂਟਲ ਕਾਲਜ ਨੇ ਸੰ: 1941 ਬਿ: (1884 ਈ.) ਦੇ ਸੁਧਾਰਾਰਕ ਨਾਮੇ ਅਖ਼ਬਾਰ ਵਿਚ ਜਨਮ ਕੁੰਡਲੀਆਂ ਅਤੇ ਭਾਈ ਬਾਲੇ ਵਾਲੀ ਜਨਮਸਾਖੀ ਬਾਬਤ ਬਹੁਤ ਲੰਮਾ ਲੇਖ ਲਿਖਿਆ ਸੀ।[7] ਇਸ ਤੋਂ ਬਾਅਦ ਸਿੰਘ ਸਭਾ ਭਸੌੜ ਨੇ 'ਭੁਲੇਮੇ' ਛਾਪੇ ਸਨ ਜਿਸ ਵਿਚ ਭੁਲੇਮਾ ਨੰ. 9 ਵਿਚ ਵੈਸਾਖ ਦੇ ਜਨਮ ਬਾਰੇ ਸੰਮਤੀ ਦਿਤੀ ਸੀ।[8] ਪਰ ਇਸ ਵਿਸ਼ੇ 'ਤੇ 1913 ਈ. ਵਿਚ ਸ. ਕਰਮ ਸਿੰਘ ਹਿਸਟੋਰੀਅਨ ਦੀ ਕਿਤਾਬ ਕੱਤਕ ਕਿ ਵਿਸਾਖ ਛਪੀ। ਇਸ ਕਿਤਾਬ ਨੇ ਗੁਰੂ ਨਾਨਕ ਸਾਹਿਬ ਦਾ ਜਨਮ ਕੱਤਕ ਦੀ ਥਾਂ 'ਤੇ ਵਿਸਾਖ ਸਿੱਧ ਕੀਤਾ ਸੀ। ਇਸ ਨਾਲ ਬਹੁਤ ਸਾਰੇ ਲੇਖਕਾਂ ਵਿਚ ਵਿਸਾਖ ਦਾ ਜਨਮ ਮੰਨਣ ਤੇ ਲਿਖਣ ਦੀ ਲੀਹ ਚਲ ਪਈ। ਲੇਖਕ ਨੇ ਪਹਿਲਾਂ ਸਿੱਖ ਇਤਿਹਾਸ ਸਾਡੀ ਘਾਉਲ ਸਿਰਲੇਖ ਹੇਠ ਬਾਕੀ ਕੌਮਾਂ ਦਾ ਆਪਣੇ-ਆਪਣੇ ਇਤਿਹਾਸ ਨੂੰ ਸ਼ੁੱਧ ਰੂਪ ਵਿਚ ਲਿਖ ਲੈਣ ਦੀ ਜਾਣਕਾਰੀ ਦਿਤੀ ਸੀ ਤੇ ਸਿੱਖ ਕੌਮ ਦਾ ਇਸ ਬਾਰੇ ਅਵੇਸਲਾਪਨ ਦੱਸਿਆ ਸੀ। ਦੂਸਰੇ ਸਿਰਲੇਖ ਭਾਈ ਬਾਲੇ ਵਾਲੀ ਜਨਮਸਾਖੀ ਵਿਚ ਲੇਖਕ ਨੇ ਜਨਮਸਾਖੀ ਵਿਚੋਂ ਕੁਝ ਸਾਖੀਆਂ ਲੈ ਕੇ ਇਹ ਸਿੱਧ ਕੀਤਾ ਸੀ

---

5 ਉਹੀ, ਪੰਨਾ XLii.

6 ਉਹੀ, ਪੰਨਾ 189.

7 ਕਰਮ ਸਿੰਘ ਹਿਸਟੋਰੀਅਨ, ਕੱਤਕ ਕਿ ਵਿਸਾਖ, ਲਾਹੌਰ ਬੁੱਕ ਸ਼ਾਪ, ਲੁਧਿਆਣਾ 2003, ਪੰਨਾ 13.

8 ਉਹੀ।

ਕਿ ਇਹ ਜਨਮਸਾਖੀ ਨਿਰੰਜਨੀ ਸੰਪਰਦਾ ਵਲੋਂ ਲਿਖਵਾਈ ਹੋਈ ਹੈ ਤੇ ਇਸਦੇ ਲਿਖਵਾਉਣ ਵਿਚ ਗੁਰੂ ਅੰਗਦ ਦੇਵ ਜੀ ਦਾ ਕੋਈ ਹੱਥ ਨਹੀਂ।[9]

ਕਰਮ ਸਿੰਘ ਹਿਸਟੋਰੀਅਨ ਨੇ ਅਸੰਭਵ ਗੱਲਾਂ ਨਾਮ ਹੇਠ ਭਾਈ ਬਾਲਾ ਜਨਮਸਾਖੀ ਵਿਚੋਂ ਕੁਝ ਸਾਖੀਆਂ ਚੁਣ ਕੇ ਉਨ੍ਹਾਂ ਨੂੰ ਅਸੰਭਵ ਸਾਖੀਆਂ ਕਿਹਾ ਹੈ। ਜਿਵੇਂ ਹਿਮੰਚਲ ਦੀ ਉਡਾਰੀ, ਮਦੀਨੇ ਦੀ ਸਾਖੀ, ਬਿਸਹਰ ਦੇਸ ਦੀ ਸਾਖੀ, ਮਾਰਫੂਰ ਦੇਸ ਦੀ ਸਾਖੀ, ਆਦਿਕ ਵਿਚ ਕੁਝ ਅਸੰਭਵ ਗੱਲਾਂ ਨੂੰ ਆਧਾਰ ਬਣਾ ਕੇ ਪ੍ਰਸ਼ਨ ਚਿੰਨ ਖੜਾ ਕੀਤਾ ਹੈ। ਇਸ ਤਰ੍ਹਾਂ ਹੀ ਭੂਗੋਲ ਸੰਬੰਧੀ ਭੁੱਲਾਂ, ਖਗੋਲ ਸੰਬੰਧੀ ਭੁੱਲਾਂ, ਅਯੋਗ ਗੱਲਾਂ, ਗੁਰੂ ਆਸ਼ੇ ਵਿਰੁੱਧ ਗੱਲਾਂ, ਹਿਸਾਬ ਸੰਬੰਧੀ ਭੁੱਲਾਂ, ਜੋਤਸ਼ ਸੰਬੰਧੀ ਭੁੱਲਾਂ, ਇਤਿਹਾਸ ਸੰਬੰਧੀ ਭੁਲਾਂ ਆਦਿਕ ਨੂੰ ਸਾਹਮਣੇ ਲਿਆ ਕੇ ਜਨਮਸਾਖੀ ਭਾਈ ਬਾਲਾ ਨੂੰ ਕਪੋਲ ਕਲਪਤ ਗੱਲਾਂ ਕਿਹਾ ਹੈ। ਕਰਮ ਸਿੰਘ ਹਿਸਟੋਰੀਅਨ ਨੇ ਇਸ ਜਨਮਸਾਖੀ ਨੂੰ ਮੁੱਢੋਂ ਹੀ ਰੱਦ ਕਰ ਦਿੱਤਾ ਹੈ। ਉਹ ਲਿਖਦਾ ਹੈ ਕਿ ''ਲੋਕੀਂ ਆਖਦੇ ਹਨ ਕਿ ਇਸ ਜਨਮਸਾਖੀ ਨੂੰ ਵਿਗਾੜਿਆ ਨਿਰੰਜਣੀਆਂ ਨੇ ਹੈ। ਮੈਂ ਕਹਿੰਦਾ ਹਾਂ ਇਸ ਨੂੰ ਬਣਾਇਆ ਹੀ ਨਿਰੰਜਣੀਆਂ ਨੇ ਹੈ, ਇਨ੍ਹਾਂ ਤੋਂ ਬਿਨ੍ਹਾਂ ਹੋਰ ਕੋਈ ਇਸ ਨੂੰ ਲਿਖ ਹੀ ਨਹੀਂ ਸਕਦਾ ਸੀ।''[10] ਇਸ ਤਰ੍ਹਾਂ ਕਰਮ ਸਿੰਘ ਹਿਸਟੋਰੀਅਨ ਨੇ ਬਾਲਾ ਜਨਮਸਾਖੀ ਨੂੰ ਰੱਦ ਕਰਕੇ ਜਿੱਥੇ ਭਾਈ ਬਾਲਾ ਦਾ ਇਤਿਹਾਸਕ ਹੋਂਦ ਨਾ ਹੋਣਾ ਸਿੱਧ ਕੀਤਾ ਉੱਥੇ ਹੀ ਕਤਕ ਦੀ ਥਾਂ ਤੇ ਵਿਸਾਖ ਮਹੀਨੇ ਦਾ ਗੁਰੂ ਨਾਨਕ ਸਾਹਿਬ ਦਾ ਜਨਮ-ਦਿਹਾੜਾ ਨਿਸ਼ਚਤ ਕੀਤਾ। ਇਸ ਨਾਲ ਬਾਅਦ ਵਾਲੇ ਬਹੁਤ ਸਾਰੇ ਲਿਖਾਰੀਆਂ ਨੇ ਜਨਮ-ਦਿਹਾੜਾ ਕਤਕ ਦੀ ਥਾਂ ਤੇ ਵਿਸਾਖ ਮੰਨ ਲਿਆ।

ਕਰਮ ਸਿੰਘ ਹਿਸਟੋਰੀਅਨ ਦੇ ਪ੍ਰਤੀਉਤਰ ਵਿਚ ਈਸ਼ਰ ਸਿੰਘ ਨਾਰਾ ਦੀ ਕਿਤਾਬ ਵਸਾਖ ਨਹੀਂ ਕਤਕ ਸਾਹਮਣੇ ਆਉਂਦੀ ਹੈ। ਨਾਰਾ ਅਨੁਸਾਰ ਸਿੱਖ ਆਪਣੇ ਗੁਰੂ ਦਾ ਜਨਮ ਦਿਨ ਨਿਸ਼ਚਤ ਨਹੀਂ ਕਰ ਸਕੇ। ਕਰਮ ਸਿੰਘ ਹਿਸਟੋਰੀਅਨ ਦੀ ਧਾਰਨਾ ਦੇ ਵਿਰੋਧ ਵਿਚ ਨਾਰਾ ਲਿਖਦਾ ਹੈ ਕਿ ਗੁਰਪੁਰਬ ਤਾਂ 500 ਵੀਂ ਜਨਮਸ਼ਤਾਬਦੀ ਵੇਲੇ ਹਰ ਥਾਂ ਕਤਕ ਪੂਰਨਮਾਸ਼ੀ ਦਾ ਮਨਾਇਆ ਗਿਆ। ਪਰ ਕਿਤਾਬਾਂ ਵਿਚ ਵੈਸਾਖ ਸੁਦੀ ਤੀਜ ਦਾ ਗਲਤ ਲਿਖਿਆ ਤੇ ਪ੍ਰਚਾਰਿਆ ਗਿਆ। ਲੇਖਕ ਨੇ ਵੈਸਾਖ ਦੇ ਮੁਕਾਬਲੇ ਕਤਕ ਦੀ ਪੂਰਨਮਾਸੀ ਸਿੱਧ ਕਰਨ ਲਈ ਬਾਬਾ ਪ੍ਰਤਾਪ ਸਿੰਘ ਬੇਦੀ ਰਚਿਤ ਸ੍ਰੀ ਚੰਦ ਪ੍ਰਕਾਸ਼ ਹੱਥਲਿਖਤ ਸਰੋਤ ਨੂੰ ਆਧਾਰ

---

[9] ਉਹੀ, ਪੰਨਾ 24.

[10] ਉਹੀ, ਪੰਨੇ 105-106.

ਬਣਾਇਆ ਹੈ।[11] ਈਸ਼ਰ ਸਿੰਘ ਨਾਰਾ ਨੇ ਕਰਮ ਸਿੰਘ ਹਿਸਟੋਰੀਅਨ ਦੀਆਂ ਦਲੀਲਾਂ ਦੇ ਵਿਰੋਧ ਵਿਚ ਦਲੀਲ ਦਿੱਤੀ ਹੈ ਕਿ ਕਤਕ ਪੂਰਨਮਾਸ਼ੀ ਦੀ ਥਾਂ ਵਸਾਖ ਸੁਦੀ ਤੀਜ ਦਾ ਜਨਮ ਪਹਿਲੀ ਵਾਰ ਮਿਹਰਬਾਨ ਨੇ ਲਿਖਿਆ। ਮਿਹਰਬਾਨ ਨੇ ਗ੍ਰੰਥ ਤੇ ਤੀਰਥ ਤਾਂ ਬਣਾ ਲਏ ਸਨ ਪਰ ਅੰਮ੍ਰਿਤਸਰ ਦੀ ਵੈਸਾਖੀ ਤੇ ਦੀਪਮਾਲਾ ਦੇ ਮੁਕਾਬਲੇ ਉਸਦਾ ਮੇਲਾ ਭਰਨਾ ਵੀ ਜ਼ਰੂਰੀ ਸੀ। ਇਸ ਲਈ ਉਸਨੇ ਅੰਮ੍ਰਿਤਸਰ ਦੀ ਵਿਸਾਖੀ ਦੇ ਮੁਕਾਬਲੇ ਤੇ ਗੁਰੂ ਨਾਨਕ ਜੀ ਦਾ ਜਨਮ ਦਿਨ ਵੀ ਵੈਸਾਖ ਮੁਕਰਰ ਕਰਨ ਦੀ ਸੋਚੀ। ਜਿੱਥੋਂ ਕਤਕ ਦੀ ਪੂਰਨਮਾਸ਼ੀ ਦੀ ਥਾਂ ਵਸਾਖ ਸੁਦੀ ਤੀਜ ਪ੍ਰਚਲਤ ਕਰ ਦਿੱਤਾ ਗਿਆ।[12] ਪ੍ਰਿਥੀ ਚੰਦ ਦਾ ਜਨਮ ਵੈਸਾਖ ਦਾ ਸੀ, ਜਿਸ ਕਰਕੇ ਮਿਹਰਬਾਨ ਨੇ ਗੁਰੂ ਨਾਨਕ ਸਾਹਿਬ ਦਾ ਜਨਮ ਵੀ ਵੈਸਾਖ ਮਿੱਥ ਲਿਆ। ਮਿਹਰਬਾਨ ਨੇ ਇਸ ਖਿਆਲ ਨਾਲ ਵੈਸਾਖ ਜਨਮ ਲਿਖਿਆ ਕਿ ਸਮਾਂ ਬੀਤ ਜਾਣ ਨਾਲ ਜਿਸ ਦੇ ਜਨਮ ਬਾਬਤ (ਪ੍ਰਿਥੀਚੰਦ ਦੇ) ਉਹ ਐਸਾ ਚਾਹੁੰਦਾ ਹੈ, ਉਹ ਗੁਰੂ ਨਾਨਕ ਦਾ ਅਵਤਾਰ ਮੰਨਿਆ ਜਾਏਗਾ।[13] ਈਸਰ ਸਿੰਘ ਨਾਰਾ ਦੀ ਖੋਜ ਦਾ ਮੁਖ ਸਰੋਤ ਲਖਮੀ ਚੰਦ ਜੀ ਰਚਿਤ ਜਨਮਸਾਖੀ ਹੈ। ਲਖਮੀ ਚੰਦ ਜੀ ਨੇ ਸੰਮਤ 1582 (1535 ਈ.) ਵਿਚ ਇਕ ਜਨਮਸਾਖੀ ਲਿਖੀ ਸੀ, ਜਿਸ ਦਾ ਉਤਾਰਾ ਸੰਮਤ 1775 (1718 ਈ.) ਵਿਚ ਮੇਹਰ ਸਿੰਘ ਸੱਤੋ ਵਾਲੀਏ (ਬੁਤਾਲੇ ਨੇੜੇ) ਨੇ ਕੀਤਾ ਸੀ।[14] ਇਹ ਜਨਮਸਾਖੀ ਕਰਮ ਸਿੰਘ ਹਿਸਟੋਰੀਅਨ ਨੂੰ ਨਹੀਂ ਮਿਲੀ ਸੀ। ਇਸ ਵਿਚ ਜਨਮ ਕੱਤਕ ਪੂਰਨਮਾਸ਼ੀ ਦਾ ਹੈ। ਲੇਖਕ ਅਨੁਸਾਰ ਗੁਰੂ ਅੰਗਦ ਦੇਵ ਜੀ ਨੇ ਜਨਮਸਾਖੀ ਲਿਖਵਾਉਂਦੇ ਸਮੇਂ ਇਸੇ ਜਨਮਸਾਖੀ ਤੋਂ ਮਦਦ ਲਈ ਸੀ। ਭਾਈ ਪੈੜੇ ਮੋਖੇ ਨੇ ਸ੍ਰੀ ਚੰਦ ਜੀ ਵਾਲੀ ਜਨਮਸਾਖੀ ਵਾਲਾ ਸੰਮਤ 1582 ਹੀ ਭੁਲੇਖੇ ਨਾਲ ਬਾਲੇ ਵਾਲੀ ਜਨਮਸਾਖੀ ਤੇ ਉਤਾਰ ਦਿੱਤਾ ਸੀ। ਇਸ ਤੇ ਕਰਮ ਸਿੰਘ ਹਿਸਟੋਰੀਅਨ ਨੇ ਲਿਖ ਦਿੱਤਾ ਕਿ ਇਹ ਪੋਥੀ ਬਨਾਉਟੀ ਹੈ ਤੇ ਇਸਦਾ ਲਿਖਾਰੀ ਉਕਾਈ ਖਾ ਗਿਆ ਹੈ ਤੇ ਗੁਰੂ ਜੀ ਦੇ ਜੋਤੀ-ਜੋਤਿ ਸਮਾਉਣ ਪਿੱਛੋਂ ਦਾ ਸੰਮਤ 1599 ਜਾਂ 98 ਲਿਖਣ ਦੀ ਥਾਂ 1582 ਸੰਮਤ ਲਿਖ ਗਿਆ ਹੈ। ਨਾਰਾ ਅਨੁਸਾਰ ਅਸਲ ਵਿਚ ਇਹ ਜੋਤੀ-ਜੋਤਿ ਸਮਾਉਣ ਦੀ ਸੰਮਤ ਨਹੀਂ ਸਗੋਂ ਲਖਮੀ ਚੰਦ ਜੀ ਵਾਲੀ ਜਨਮਸਾਖੀ ਦੇ ਉਤਾਰਾ ਕਰਦੇ ਸਮੇਂ ਰਚਨਾ ਕਾਲ ਦੀ ਸੰਮਤ ਹੈ। ਕਰਮ

---

11 ਈਸ਼ਰ ਸਿੰਘ ਨਾਰਾ, ਵਸਾਖ ਨਹੀਂ ਕੱਤਕ, ਗਿ. ਈਸ਼ਰ ਸਿੰਘ ਨਾਰਾ, 3287, ਦੇਹਲੀ ਗੇਟ ਬਜਾਰ, ਦਿੱਲੀ, ਅਕਤੂਬਰ 1970, ਪੰਨਾ 5.

12 ਉਹੀ, ਪੰਨਾ 110.

13 ਉਹੀ, ਪੰਨਾ 116.

14 ਉਹੀ, ਪੰਨਾ 22.

ਸਿੰਘ ਹਿਸਟੋਰੀਅਨ ਨੇ ਕਿਹਾ ਸੀ ਕਿ ਵੈਸਾਖ ਤੋਂ ਕੱਤਕ ਗੁਰਪੁਰਬ ਮਨਾਉਣ ਦਾ ਕਾਰਨ ਗਰਮੀ ਅਤੇ ਕਣਕ ਦੀ ਵਢਾਈ ਸੀ। ਨਾਰਾ ਲਿਖਦਾ ਹੈ ਕਿ ਪੰਜਾਬ ਤੋਂ ਬਾਹਰ ਦੀ ਸੰਗਤ ਜਿਵੇਂ ਜੰਮੂ ਕਸ਼ਮੀਰ ਆਦਿਕ ਜਿੱਥੇ ਗਰਮੀ ਅਤੇ ਕਣਕ ਦੋਹਾਂ ਦਾ ਮਸਲਾ ਹੀ ਨਹੀਂ ਹੈ, ਉੱਥੇ ਵਸਾਖ ਦੀ ਬਜਾਏ ਕੱਤਕ ਗੁਰਪੁਰਬ ਮਨਾਉਣਾ ਕਿਉਂ ਮੰਨ ਲਿਆ ਗਿਆ ਸੀ।[15] ਲੇਖਕ ਅਨੁਸਾਰ ਕਿਸ ਜਥੇਬੰਦੀ ਨੇ ਕਿਸ ਸਾਲ ਵੈਸਾਖ ਤੋਂ ਕੱਤਕ ਮਹੀਨੇ ਗੁਰਪੁਰਬ ਮਨਾਉਣ ਦਾ ਫੈਸਲਾ ਕੀਤਾ ਸੀ, ਬਾਰੇ ਇਤਿਹਾਸ ਚੁੱਪ ਹੈ। ਪੁਰਾਤਨ ਜਨਮਸਾਖੀ ਵੀ ਮਿਹਰਬਾਨ ਨੇ ਵੈਸਾਖ ਸੁਦੀ ਤੀਜ ਪ੍ਰਪੱਕ ਕਰਨ ਲਈ ਕਿਸੇ ਲਿਖਾਰੀ ਕੋਲੋ ਲਿਖਵਾਈ ਸੀ। ਵਲਾਇਤ ਵਾਲੀ ਜਨਮਸਾਖੀ ਉਸੇ ਜਨਮ ਸਾਖੀ ਦਾ ਵੱਧ ਘੱਟ ਕੀਤੇ ਉਤਾਰਿਆਂ ਵਿਚੋਂ ਇਕ ਉਤਾਰਾ ਹੈ। ਇਹ ਜਨਮਸਾਖੀ ਗੁਰੂ ਹਰਿ ਗੋਬਿੰਦ ਜੀ ਦੇ ਸਮੇਂ ਮਿਹਰਬਾਨ ਨੇ ਕਿਸੇ ਸੰਤ ਲਿਖਾਰੀ ਤੋਂ ਲਿਖਵਾਈ ਪਰ ਨਾਮ, ਪਤਾ ਨਹੀਂ ਲਿਖਿਆ।[16] ਇਹ ਜਨਮਸਾਖੀ ਵਲਾਇਤ ਕਿਵੇਂ ਪਹੁੰਚੀ ਬਾਰੇ ਲੇਖਕ ਲਿਖਦਾ ਹੈ ਕਿ ਜਦੋਂ 1857 ਈ. ਦਾ ਗ਼ਦਰ ਫੇਲ੍ਹ ਕਰਕੇ ਅੰਗਰੇਜ਼ਾਂ ਜਿੱਤ ਹਾਸਿਲ ਕੀਤੀ ਤਾਂ ਬਹੁਤ ਸਾਰੇ ਲੋਕਾਂ ਨੇ ਅੰਗਰੇਜ਼ਾਂ ਨੂੰ ਜਿੱਤ ਦੀ ਵਧਾਈ ਦਿਤੀ ਤੇ ਤੋਹਫੇ ਜਾਗੀਰਾਂ ਹਾਸਿਲ ਕੀਤੀਆਂ। ਇਸ ਗੱਲ ਦਾ ਪਤਾ ਸੋਢੀ ਮਿਹਰਬਾਨ ਦੀ ਸੰਤਾਨ ਨੂੰ ਲੱਗਾ। ਸੋਢੀਆਂ ਨੇ ਕਿਸੇ ਸੰਤ ਦੀ ਲਿਖੀ ਜਨਮਸਾਖੀ ਦੀ ਨਕਲ ਕਰਾਈ ਜੋ ਉਨ੍ਹਾਂ ਪਾਸ ਪਹਿਲਾਂ ਹੀ ਮੌਜੂਦ ਸੀ। ਇਹ ਜਨਮਸਾਖੀ ਕਾਲਬਰੁਕ ਨਾਮ ਦੇ ਅੰਗਰੇਜ਼ ਅਫ਼ਸਰ ਰਾਹੀਂ ਈਸਟ ਇੰਡੀਆ ਕੰਪਨੀ ਨੂੰ ਭੇਟ ਕੀਤੀ ਗਈ। ਕੰਪਨੀ ਅਫਸਰ ਨੇ ਧੰਨਵਾਦ ਸਹਿਤ ਵਸੂਲ ਕੀਤੀ ਤੇ ਇੰਡੀਆ ਆਫਿਸ ਲਾਇਬ੍ਰੇਰੀ ਲੰਡਨ ਭੇਜ ਦਿਤੀ।[17] ਇਸ ਤਰ੍ਹਾਂ ਲੇਖਕ ਨੇ ਵਲਾਇਤ ਵਾਲੀ ਜਨਮਸਾਖੀ ਨੂੰ ਮਿਹਰਬਾਨ ਜਨਮਸਾਖੀ ਦਾ ਹੀ ਕੁਝ ਭਿੰਨਤਾਵਾਂ ਨਾਲ ਉਤਾਰਾ ਮੰਨਿਆ ਹੈ। ਕਰਮ ਸਿੰਘ ਹਿਸਟੋਰੀਅਨ ਦਾ ਖਿਆਲ ਸੀ ਕਿ ਗੁਰੂ ਅੰਗਦ ਸਾਹਿਬ ਜੀ ਨੇ ਕੋਈ ਜਨਮਸਾਖੀ ਨਹੀਂ ਲਿਖਵਾਈ ਸੀ। ਇਸ ਦੇ ਪ੍ਰਤੀਉਤਰ ਵਿਚ ਨਾਰਾ ਦੀ ਦਲੀਲ ਹੈ ਕਿ ਅਸਲ ਜਨਮਸਾਖੀ ਗੁਰੂ ਰਾਮਦਾਸ ਜੀ ਦੇ ਘਰ ਸੀ। ਉਹ ਗੋਇੰਦਵਾਲ ਵਿਖੇ ਜੋਤੀ ਜੋਤਿ ਸਮਾਏ। ਪਿੱਛੇ ਦਾ ਸਾਰਾ ਸਮਾਨ ਪ੍ਰਿਥੀ ਚੰਦ ਤੇ ਮਿਹਰਬਾਨ ਪਾਸ ਗਿਆ। ਨਾਰਾ ਅਨੁਸਾਰ ਮਿਹਰਬਾਨ ਨੇ ਆਪਣੇ ਮਤਲਬ ਦੀ ਦੂਜੀ ਜਨਮਸਾਖੀ ਲਿਖਵਾਈ ਤੇ ਪਹਿਲੀ ਨੂੰ ਇਸ ਨੇ ਖਤਮ ਕਰ

---

15 ਉਹੀ, ਪੰਨਾ 81.

16 ਉਹੀ, ਪੰਨੇ 153-154.

17 ਉਹੀ, ਪੰਨਾ 156.

ਦਿੱਤਾ।[18] ਨਾਰਾ ਨੇ ਇਸ ਧਾਰਨਾ ਪਿੱਛੇ ਇਤਿਹਾਸਕ ਹਵਾਲਾ ਨਹੀਂ ਦਿੱਤਾ ਸਗੋਂ ਅੰਦਾਜ਼ਾ ਜਿਹਾ ਹੀ ਲਾਇਆ ਹੈ। ਇਸ ਤਰ੍ਹਾਂ ਈਸ਼ਰ ਸਿੰਘ ਨਾਰਾ ਨੇ ਕਰਮ ਸਿੰਘ ਹਿਸਟੋਰੀਅਨ ਦੇ ਪ੍ਰਤੀਉਤਰ ਵਜੋਂ ਸਾਬਿਤ ਕਰਨ ਦੀ ਕੋਸ਼ਿਸ਼ ਕੀਤੀ ਕਿ ਭਾਈ ਬਾਲਾ ਦੀ ਹੋਂਦ ਸੀ। ਗੁਰੂ ਨਾਨਕ ਜੀ ਦਾ ਜਨਮ ਕਤਕ ਮਹੀਨੇ ਦਾ ਹੈ। ਇਸ ਤਰ੍ਹਾਂ ਇਹ ਉਤਰ-ਪ੍ਰਤੀਉਤਰ ਅੱਜ ਵੀ ਚਲ ਰਿਹਾ ਹੈ।

ਵੀਹਵੀਂ ਸਦੀ ਵਿਚ ਗੁਰੂ ਨਾਨਕ ਸਾਹਿਬ ਨਾਲ ਸੰਬੰਧਿਤ ਇਹ ਸਵਾਲ ਉਠਾਇਆ ਗਿਆ ਕੀ ਗੁਰੂ ਨਾਨਕ ਦੇਵ ਜੀ ਕ੍ਰਾਂਤੀਕਾਰੀ ਹਨ? ਸੁਧਾਰਕ ਹਨ? ਜਾਂ ਵਿਦਰੋਹੀ ਹਨ? ਕੁਲਬੀਰ ਸਿੰਘ ਕਾਂਗ ਅਨੁਸਾਰ ਵੀਹਵੀਂ ਸਦੀ ਵਿਚ ਮਾਰਕਸਵਾਦ ਦਾ ਦਵੰਦਵਾਦੀ ਭੌਤਿਕਵਾਦ ਆਉਣ ਨਾਲ ਮਾਰਕਸ ਦੇ ਅਨੁਯਾਈਆਂ ਨੇ ਗੁਰੂ ਨਾਨਕ ਸਾਹਿਬ ਨੂੰ ਵਿਦਰੋਹੀ ਲਿਖ ਦਿੱਤਾ। ਇਹ ਉਨ੍ਹਾਂ ਦੀ ਮਹਾਨਤਾ ਨਾਲ ਬੇਇਨਸਾਫ਼ੀ ਸੀ।[19] ਇਸ ਤਰ੍ਹਾਂ ਹੀ ਸ. ਗੁਰਚਰਨ ਸਿੰਘ ਸਹਿੰਸਰਾ ਨੇ ਆਪਣੀ ਪੁਸਤਕ ਇਤਿਹਾਸਕ ਪਦਾਰਥਵਾਦੀ ਅਲੋਚਨਾ ਦੇ ਲੇਖ ਨਾਨਕ ਧਾਰਾ ਦੀਆਂ ਇਤਿਹਾਸਕ ਕਦਰਾਂ ਕੀਮਤਾਂ ਵਿਚ ਵਿਸ਼ਵ ਭਰ ਵਿਚ ਮੱਧਕਾਲੀ ਸੰਸਾਰ ਦੇ ਸਾਮੰਤਵਾਦੀ ਸਮਾਜ ਵਿਰੁੱਧ ਉੱਠੀਆਂ ਕ੍ਰਾਂਤੀਆਂ ਦਾ ਵਿਸ਼ਲੇਸ਼ਣ ਕਰਕੇ ਕਿਹਾ ਕਿ ਗੁਰੂ ਨਾਨਕ ਜੀ ਵੀ ਉਸੇ ਧਾਰਾ ਨਾਲ ਜੁੜੇ ਸਨ।[20] ਇਸ ਸਭ ਦੀਆਂ ਉਦਾਹਰਨਾਂ ਲੇਖਕ ਨੇ ਬਾਣੀ ਵਿਚੋਂ ਦਿੱਤੀਆਂ ਹਨ। ਅਸਲ ਵਿਚ ਵਿਦਰੋਹੀ, ਸੁਧਾਰਵਾਦੀ ਤੇ ਕ੍ਰਾਂਤੀਕਾਰੀ ਜਾਂ ਇਸ ਤਰ੍ਹਾਂ ਦੇ ਕਈ ਹੋਰ ਅੰਸ਼ ਗੁਰੂ ਸਾਹਿਬ ਵਿਚ ਸੰਮਿਲਿਤ ਹਨ। ਪ੍ਰੋ. ਕਿਸ਼ਨ ਸਿੰਘ ਨੇ ਸਿੱਖ ਇਨਕਲਾਬ ਦਾ ਮੋਢੀ ਗੁਰੂ ਨਾਨਕ ਕਿਤਾਬ ਲਿਖੀ ਸੀ। ਉਹ ਲਿਖਦਾ ਹੈ ਕਿ ਗੁਰੂ ਸਾਹਿਬ ਮਾਇਆ ਵਿਚ ਗਲਤਾਨ ਹੋਇਆਂ ਦੋ ਧੜਿਆਂ ਦੀ ਆਪਸ ਵਿਚ ਭਾਈਬੰਦੀ ਨਹੀਂ ਕਰਵਾ ਰਹੇ, ਉਹ ਫਿਊਡਲਾਂ ਦੇ ਵਿਰੁੱਧ ਲੋਕ ਹਿੱਤ ਦਾ ਪੈਂਤੜਾ ਪੇਸ਼ ਕਰ ਰਹੇ ਹਨ ਅਤੇ ਇਨਕਲਾਬ ਦੀ ਵਿਚਾਰਧਾਰਕ ਤਿਆਰੀ ਕਰ ਰਹੇ ਹਨ। ਇਸ ਤਰ੍ਹਾਂ ਇਹ ਲੇਖਕ ਗੁਰੂ ਨਾਨਕ ਜੀ ਨੂੰ ਇਨਕਲਾਬੀ ਦਰਸਾਉਂਦਾ ਹੈ।[21] ਵਿਸ਼ਵਨਾਥ ਤਿਵਾੜੀ ਨੇ 1969 ਈ. ਵਿਚ ਕਰਾਂਤੀਕਾਰੀ ਗੁਰੂ ਨਾਨਕ ਸਿਰਲੇਖ ਹੇਠ ਕਿਤਾਬ ਲਿਖੀ। ਲੇਖਕ ਨੇ ਗੁਰੂ ਜੀ ਦੀ ਬਾਣੀ ਨੂੰ ਆਧਾਰ ਬਣਾਇਆ

---

[18] ਉਹੀ, ਪੰਨਾ 211.

[19] ਕੁਲਬੀਰ ਸਿੰਘ ਕਾਂਗ, 'ਗੁਰੂ ਨਾਨਕ ਕ੍ਰਾਂਤੀਕਾਰੀ, ਸੁਧਾਰਕ ਕਿ ਵਿਦ੍ਰੋਹੀ?' ਵੀਹਵੀਂ ਸਦੀ ਦੀ ਪੰਜਾਬੀ ਅਲੋਚਨਾ ਦਾ ਸਰੂਪ, (ਸੰਪਾ.), ਹਰਿਭਜਨ ਸਿੰਘ ਭਾਟੀਆ, ਸਾਹਿਤ ਅਕਾਦਮੀ, ਦਿੱਲੀ, 2003, ਪੰਨਾ 337

[20] ਉਹੀ, ਪੰਨਾ 338.

[21] ਪ੍ਰੋ. ਕਿਸ਼ਨ ਸਿੰਘ, ਸਿੱਖ ਇਨਕਲਾਬ ਦਾ ਮੋਢੀ ਗੁਰੂ ਨਾਨਕ, ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ, 1973, ਪੰਨਾ 16

ਸੀ। ਉਸ ਅਨੁਸਾਰ ਗੁਰੂ ਜੀ ਦੀਆਂ ਰਚਨਾਵਾਂ ਵਾਰ ਆਸਾ, ਵਾਰ ਮਲਾਰ, ਵਾਰ ਮਾਝ ਅਤੇ ਬਾਬਰਬਾਣੀ ਵਿਚ ਵਿਦਰੋਹੀ ਵਿਚਾਰ ਮਿਲਦੇ ਹਨ। ਲੇਖਕ ਅਨੁਸਾਰ ਗੁਰੂ ਜੀ ਦੇ ਜੀਵਨ, ਵਿਚਾਰਾਂ ਅਤੇ ਰਚਨਾਵਾਂ ਨੇ ਮਧਕਾਲੀਨ ਸੋਚਣੀ ਅਤੇ ਕਰਨੀ ਵਿਚ ਕ੍ਰਾਂਤੀ ਲਿਆਂਦੀ। ਗੁਰੂ ਨਾਨਕ ਦੇਵ ਜੀ ਕਰਾਂਤੀਕਾਰੀ ਸਨ। ਉਨ੍ਹਾਂ ਨੇ ਤਲਵਾਰ ਨਾਲ ਨਹੀਂ, ਵਿਚਾਰ ਨਾਲ ਕ੍ਰਾਂਤੀ ਲਿਆਂਦੀ।[22] ਪ੍ਰਿੰਸੀਪਲ ਸਤਿਬੀਰ ਸਿੰਘ ਲਿਖਦਾ ਹੈ ਕਿ ਵੀਹਵੀਂ ਸਦੀ ਵਿਚ ਇਹ ਸਵਾਲ ਬੜਾ ਕੀਤਾ ਜਾਂਦਾ ਹੈ ਕਿ ਕੀ ਗੁਰੂ ਨਾਨਕ ਇਕ ਸੁਧਾਰਕ (Reformer) ਸਨ ਜਾਂ ਕ੍ਰਾਂਤੀਕਾਰੀ (Revolutionary)? ਲੇਖਕ ਅਨੁਸਾਰ ਜੋ ਲੋਕ ਗੁਰੂ ਨਾਨਕ ਜੀ ਨੂੰ ਸੁਧਾਰਕ ਕਹਿੰਦੇ ਹਨ, ਉਹ ਇਹ ਸਮਝਦੇ ਹਨ ਕਿ ਗੁਰੂ ਨਾਨਕ ਚੁੱਪ (Quit) ਰਹਿਣ ਵਾਲੇ, ਹਰ ਗੱਲ ਸਹਾਰਨ ਵਾਲੇ ਤੇ ਦਿਨ ਕਟੀ ਕਰਨ ਵਾਲੇ ਸਨ। ਕੁਝ ਵਿਅਕਤੀ ਗੁਰੂ ਜੀ ਨੂੰ ਇਨਕਲਾਬੀ ਇਸ ਲਈ ਨਹੀਂ ਕਹਿੰਦੇ ਕਿਉਂਕਿ ਉਨ੍ਹਾਂ ਕੋਈ ਭੜਕਾਊ ਜਲਸੇ ਨਹੀਂ ਕੀਤੇ, ਖੂਨ ਖਰਾਬੇ ਲਈ ਉਕਸਾਇਆ ਨਹੀਂ ਤੇ ਸਥਾਪਤ ਰਾਜ ਵਿਚ ਤਬਦੀਲੀ ਲਿਆਉਣ ਵਿਚ ਕਾਮਯਾਬ ਨਹੀਂ ਹੋਏ।[23] ਪ੍ਰਿੰ. ਸਤਿਬੀਰ ਸਿੰਘ ਉਪਰੋਕਤ ਸਾਰੇ ਸੰਵਾਦ ਨੂੰ ਅੱਗੇ ਤੋਰਦਿਆਂ ਗੁਰੂ ਨਾਨਕ ਸਾਹਿਬ ਦਾ ਇਨਕਲਾਬੀ ਬਿੰਬ ਖੜ੍ਹਾ ਕਰਦਿਆਂ ਲਿਖਦੇ ਹਨ ਕਿ ਇਸ ਤੋਂ ਵੱਡਾ ਇਨਕਲਾਬ ਕੀ ਹੋ ਸਕਦਾ ਹੈ ਕਿ ਸੁਤੀਆਂ- ਮੁਰਦਾ ਰੂਹਾਂ ਨੂੰ ਝੰਜੋੜ ਕੇ ਜਗਾਇਆ ਤੇ ਆਪਣੇ ਪੈਰਾਂ ਤੇ ਖੜ੍ਹੇ ਹੋਣ ਲਈ ਤਿਆਰ ਕੀਤਾ। ਰਾਜਿਆਂ ਨੂੰ ਬਘਿਆੜ, ਮੁਕੱਦਮਾਂ ਨੂੰ ਕੁੱਤੇ ਅਤੇ ਖੱਤਰੀਆਂ ਨੂੰ ਧਰਮ ਛੱਡ ਗਏ ਕਹਿਣ ਵਾਲਾ ਇਨਕਲਾਬੀ ਹੀ ਹੋ ਸਕਦਾ ਹੈ।[24] ਗੁਰੂ ਜੀ ਨੇ ਰਸਮਾਂ ਦਾ ਜੂਲਾ ਤੋੜਿਆ, ਭਰਮਾਂ ਦਾ ਭਾਂਡਾ ਭੰਨਿਆ ਜਾਤ-ਪਾਤ ਵਿਰੁੱਧ ਬੋਲੇ ਅਤੇ ਬ੍ਰਾਹਮਣਵਾਦ ਦਾ ਖੰਡਨ ਕੀਤਾ। ਇਸ ਤਰ੍ਹਾਂ ਸਤਿਬੀਰ ਸਿੰਘ ਨੇ ਲਿਖਿਆ ਕਿ ਗੁਰੂ ਜੀ ਇਕ ਕ੍ਰਾਂਤੀਕਾਰੀ ਸਨ, ਸੁਧਾਰਕ ਨਹੀਂ। ਇਸ ਵਿਸ਼ੇ ਤੇ ਪ੍ਰਤੀਕਿਰਿਆਤਮਕ ਸਾਹਿਤ ਲਗਾਤਾਰ ਜਾਰੀ ਹੈ।

ਵੀਹਵੀਂ ਸਦੀ ਵਿਚ ਉੱਤਰ-ਪ੍ਰਤੀਉੱਤਰ ਕਰਕੇ ਸਾਹਿਤ ਵਿਚ ਭਗਤ ਬਾਣੀ ਤੇ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਹੱਥ ਲਿਖਤ ਬੀੜਾਂ ਸੰਬੰਧੀ ਬਹੁਤ ਸਾਰਾ ਸਾਹਿਤ ਹੋਂਦ ਵਿਚ ਆਇਆ। ਭਸੌੜ ਸਿੰਘ ਸਭਾ ਨੇ ਭਗਤ ਬਾਣੀ ਉੱਪਰ ਕਈ ਸਵਾਲ ਚੁੱਕੇ। ਉਨ੍ਹਾਂ ਅਨੁਸਾਰ

---

[22] ਵਿਸ਼ਵਨਾਥ ਤਿਵਾੜੀ, ਕਰਾਂਤੀਕਾਰੀ ਗੁਰੂ ਨਾਨਕ, ਪਬਲੀਕੇਸ਼ਨ ਬਿਊਰੋ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1991, ਪੰਨਾ 123

[23] ਸਤਿਬੀਰ ਸਿੰਘ, ਸਾਡਾ ਇਤਿਹਾਸ, ਭਾਗ ਪਹਿਲਾ, ਨਿਊ ਬੁਕ ਕੰਪਨੀ, ਜਲੰਧਰ, 2014, ਪੰਨਾ 145

[24] ਉਹੀ, ਪੰਨਾ 46.

ਭਗਤ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਬਾਅਦ ਵਿਚ ਚੜ੍ਹਾਈ ਗਈ ਹੈ। ਇਸ ਤੋਂ ਭਗਤ ਬਾਣੀ ਗੁਰੂ ਸਾਹਿਬਾਨ ਤੱਕ ਕਿਵੇਂ ਪਹੁੰਚੀ? ਇਹ ਸਵਾਲ ਉੱਠਿਆ। ਇਸ ਵਿਸ਼ੇ ਉੱਪਰ ਪ੍ਰੋ. ਸਾਹਿਬ ਸਿੰਘ ਦੀ ਕਿਤਾਬ ਆਦਿ ਬੀੜ ਬਾਰੇ ਆਉਣ ਨਾਲ ਭਗਤਾਂ ਦੀ ਬਾਣੀ ਗੁਰੂ ਸਾਹਿਬ ਕੋਲ ਪਹਿਲਾਂ ਹੀ ਮੌਜੂਦ ਸੀ, ਦਾ ਵਿਚਾਰ ਸ਼ੁਰੂ ਹੋਇਆ। ਪ੍ਰੋ. ਸਾਹਿਬ ਸਿੰਘ ਦਾ ਮਤ ਹੈ ਕਿ ਭਗਤ ਬਾਣੀ ਸੀਨਾ-ਬਸੀਨਾ ਗੁਰੂ ਨਾਨਕ ਸਾਹਿਬ ਜੀ ਤੋਂ ਗੁਰੂ ਅਰਜਨ ਦੇਵ ਜੀ ਤੱਕ ਪਹੁੰਚੀ ਸੀ, ਜੋ ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਉਦਾਸੀਆਂ ਦੌਰਾਨ ਇਕੱਤਰ ਕੀਤੀ ਸੀ। ਪ੍ਰੋ. ਸਾਹਿਬ ਸਿੰਘ ਨੇ ਬਹੁਤ ਥਾਵਾਂ ਤੇ ਭਗਤ ਬਾਣੀ ਅਤੇ ਗੁਰਬਾਣੀ ਵਿਚਕਾਰ ਕਮਾਲ ਦੀ ਸਮਾਨਤਾ ਦਿਖਾਈ ਹੈ। ਲੇਖਕ ਦਾ ਵਿਚਾਰ ਹੈ ਕਿ ਜਦੋਂ ਗੁਰੂ ਨਾਨਕ ਸਾਹਿਬ ਜੀ ਸਬਦ ਉਚਾਰਨ ਕਰਦੇ ਹਨ ਤਾਂ ਭਗਤ ਫ਼ਰੀਦ ਜੀ ਦਾ ਸਬਦ 'ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ' ਉਨ੍ਹਾਂ ਦੇ ਸਾਹਮਣੇ ਸੀ।[25] ਪ੍ਰੋ. ਸਾਹਿਬ ਸਿੰਘ ਨੇ ਪੂਰਾ ਜੋਰ ਲਾ ਕੇ ਭਗਤ ਬਾਣੀ ਨੂੰ ਗੁਰਬਾਣੀ ਦੇ ਅਨਕੂਲ ਸਿੱਧ ਤਾਂ ਕਰ ਦਿੱਤਾ ਪਰ ਇਸ ਨਾਲ ਇਕ ਨਵੀਂ ਮੁਸ਼ਕਲ ਸਾਹਮਣੇ ਆ ਗਈ ਕਿ ਕੀ ਗੁਰੂ ਸਾਹਿਬਾਨ ਨੇ ਭਗਤ ਬਾਣੀ ਨੂੰ ਸਾਹਮਣੇ ਰੱਖ ਕੇ ਉਸ ਤੋਂ ਆਪਣੀ ਬਾਣੀ ਦੀ ਨਕਲ ਕੀਤੀ ਹੈ? ਇਸ ਨਾਲ ਹੀ ਇਹ ਵਿਦਵਾਨ ਗੁਰਬਾਣੀ ਨੂੰ ਭਗਤ ਬਾਣੀ ਤੋਂ ਪਹਿਲਾਂ ਦੀ ਲਿਖੀ ਹੋਈ ਸਿੱਧ ਕਰਨ ਵਲ ਜ਼ੋਰ ਦੇਣ ਲੱਗੇ। ਇਸ ਵਿਵਾਦ ਵਿਚੋਂ ਹੀ ਗਿ. ਗੁਰਦਿਤ ਸਿੰਘ ਜੀ ਦੀ ਪੁਸਤਕ ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ ਸਾਹਮਣੇ ਆਈ। ਇਸ ਕਿਤਾਬ ਵਿਚ ਗੁਰੂ ਗ੍ਰੰਥ ਸਾਹਿਬ ਵਿਚਲੇ ਭਗਤ ਗੁਰੂ ਨਾਨਕ ਸਾਹਿਬ ਦੇ ਅਨੁਯਾਈ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਗਈ। ਉਸ ਅਨੁਸਾਰ ਭਗਤ ਸਾਹਿਬਾਨ ਦੀ ਬਾਣੀ ਗੁਰੂ ਨਾਨਕ ਜੀ ਦੀ ਆਪਣੀ ਬਾਣੀ ਵਿਚ ਆਏ ਖਿਆਲਾਂ ਦੇ ਅਧਾਰ ਤੇ ਵਿਕਸਤ ਭਾਵਾਂ ਦੀ ਵਿਆਖਿਆ ਹੈ।[26]

ਗਿ. ਗੁਰਦਿਤ ਸਿੰਘ ਦੀ ਇਸ ਧਾਰਨਾ ਦਾ ਵਿਰੋਧ ਡਾ. ਬਲਕਾਰ ਸਿੰਘ ਨੇ ਕਿਤਾਬ ਸੇ ਭਗਤ ਸਤਿਗੁਰ ਮਨ ਭਾਏ ਦੀ ਭੂਮਿਕਾ ਵਿਚ ਜ਼ਿਕਰ ਕਰਦਿਆਂ ਕਿਹਾ ਕਿ ਕਈ ਵਾਰ ਤਾਂ ਹਾਲਤ ਇਹ ਹੋ ਜਾਂਦੀ ਹੈ ਕਿ ਸਵਾਲ ਦਾ ਜਵਾਬ ਵਧੇਰੇ ਸਵਾਲਾਂ ਨੂੰ ਜਨਮ ਦੇ ਦੇਂਦਾ ਹੈ। ਗੁਰੂ ਦੇ ਮੋਹ ਵਿਚ ਅਤੇ ਕੌਮੀ ਪ੍ਰਸੰਗ ਵਿਚ ਸਿੱਖਾਂ ਅੰਦਰ ਇਹ ਪ੍ਰਸ਼ਨ ਪੈਦਾ ਹੋ ਗਿਆ

---

[25] ਪ੍ਰੋ. ਸਾਹਿਬ ਸਿੰਘ, ਆਦਿ ਬੀੜ ਬਾਰੇ, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਪੰਨੇ 58-74.

[26] ਗਿ. ਗੁਰਦਿੱਤ ਸਿੰਘ, ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ, ਸਾਹਿਤ ਪ੍ਰਕਾਸ਼ਨ, 56, ਸੈਕਟਰ 4, ਚੰਡੀਗੜ੍ਹ, 2000, ਪੰਨਾ 31.

ਸੀ ਕਿ ਕੀ ਭਗਤਾਂ ਦੀ ਬਾਣੀ ਨੂੰ ਗੁਰਬਾਣੀ ਕਿਹਾ ਜਾ ਸਕਦਾ ਹੈ? ਜੇ ਨਹੀਂ ਕਿਹਾ ਜਾ ਸਕਦਾ ਤਾਂ ਫਿਰ ਭਗਤ ਬਾਣੀ ਨੂੰ ਗੁਰਬਾਣੀ ਤੁੱਲ ਕਿਵੇਂ ਸਮਝਿਆ ਜਾਵੇ? ਇਹ ਪ੍ਰਸ਼ਨ ਸੁਹਿਰਦਤਾ ਵਿਚੋਂ ਪੈਦਾ ਹੋਇਆ ਸੀ ਪਰ ਇਸ ਦਾ ਹੱਲ ਲੱਭਦਿਆਂ ਲੱਭਦਿਆਂ ਇਸ ਨਾਲ ਸਿਧਾਂਤਕ ਤਨਾਉ ਪੈਦਾ ਹੋ ਗਿਆ। ਸਿੱਖ ਭਾਈਚਾਰੇ ਅੰਦਰ ਇਕ ਅਜਿਹਾ ਧੜਾ ਪੈਦਾ ਹੋ ਗਿਆ ਜਿਹੜਾ ਇੱਥੋਂ ਤਕ ਚਲਾ ਗਿਆ ਕਿ ਜੇ ਭਗਤ ਬਾਣੀ ਗੁਰਬਾਣੀ ਨਹੀਂ ਹੈ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਭਗਤਾਂ ਦੀ ਬਾਣੀ ਦਾ ਕੀ ਕੰਮ ਹੈ? ਇਸ ਨਾਲ ਸਾਧਾਰਨ ਜਿਹੇ ਪ੍ਰਸ਼ਨਾਂ ਦਾ ਸਿੱਟਾ ਇਹ ਨਿਕਲਿਆ ਕਿ ਸਿੱਖ ਸਿਧਾਂਤ ਨਾਲ ਸੰਬੰਧਤ ਸੂਖਮ ਸਿੱਖ-ਭਾਵੁਕਤਾ ਹੀ ਪ੍ਰਸ਼ਨ ਚਿੰਨ੍ਹਾਂ ਦਾ ਸ਼ਿਕਾਰ ਹੋ ਗਈ।[27] ਇਸ ਨਾਲ ਭਗਤ ਸਾਹਿਬਾਨ ਨੂੰ ਫਿਰ ਤੋਂ ਇਤਿਹਾਸਿਕ ਕ੍ਰਮ ਅਨੁਸਾਰ ਹੀ ਅਧਿਐਨ ਦਾ ਹਿੱਸਾ ਬਣਾਇਆ ਗਿਆ। ਕੁਝ ਲਿਖਾਰੀਆਂ ਨੇ ਭਗਤ ਬਾਣੀ ਦਾ ਜ਼ਿਕਰ ਕਰਦਿਆਂ 15 ਭਗਤਾਂ ਤੋਂ ਵਧੇਰੇ ਭਗਤਾਂ ਦੀ ਬਾਣੀ ਦਾ ਜ਼ਿਕਰ ਵੀ ਕਰ ਦਿੱਤਾ। ਹਰਨਾਮ ਸਿੰਘ ਸ਼ਾਨ ਨੇ ਆਪਣੇ ਇਕ ਲੇਖ ਵਿਚ ਲਿਖਿਆ ਹੈ ਕਿ 'There are more than fifteen bhagats, whose verses have been included in the Adi Granth'.[28] ਸਿਰਦਾਰ ਕਪੂਰ ਸਿੰਘ ਵੀ ਗੁਰੂ ਗ੍ਰੰਥ ਸਾਹਿਬ ਵਿਚ ਮੀਰਾਬਾਈ ਦੀ ਬਾਣੀ ਦਰਜ ਹੋਣ ਬਾਰੇ ਜ਼ਿਕਰ ਕਰਦੇ ਹਨ। ਉਹ ਲਿਖਦੇ ਹਨ ਕਿ ''ਸੰਸਾਰ ਭਰ ਦੀ ਹੋਰ ਕਿਸੇ ਪੂਜਯ ਧਰਮ ਗ੍ਰੰਥ ਵਿਚ ਕਿਸੇ ਇਸਤਰੀ ਦੀ ਬਾਣੀ ਚੜ੍ਹਾਉਣ ਦਾ ਕਦੇ ਸੰਕਲਪ ਨਹੀਂ ਕੀਤਾ ਗਿਆ।''[29]

ਡਾ. ਗੁਰਿੰਦਰ ਸਿੰਘ ਮਾਨ ਨੇ ਮਹਿਮਾ ਪ੍ਰਕਾਸ਼ ਦੇ ਹਵਾਲੇ ਨਾਲ ਗੁਰੂ ਗ੍ਰੰਥ ਸਾਹਿਬ ਵਿਚ ਪੰਦਰਾਂ ਭਗਤਾਂ ਤੋਂ ਇਲਾਵਾਂ ਆਰਫ, ਕਾਮਲ ਅਤੇ ਮੀਰਾ ਬਾਈ ਦੀ ਬਾਣੀ ਦਾ ਜ਼ਿਕਰ ਵੀ ਕੀਤਾ ਹੈ।[30] ਇਸ ਤਰ੍ਹਾਂ ਵਿਦਵਾਨ ਭਗਤ ਬਾਣੀ ਬਾਰੇ, ਭਗਤਾਂ ਦੀ ਗਿਣਤੀ ਬਾਰੇ ਵੱਖ-ਵੱਖ ਵਿਚਾਰ ਰੱਖਦੇ ਆਏ ਹਨ।

ਭਗਤ ਬਾਣੀ ਦੇ ਨਾਲ-ਨਾਲ ਗੁਰੂ ਗ੍ਰੰਥ ਸਾਹਿਬ ਦੀਆਂ ਹੱਥ ਲਿਖਤਾਂ ਦੇ ਅਧਿਐਨ ਕਰਨ ਦਾ ਰੁਝਾਨ ਵੀਹਵੀਂ ਸਦੀ ਵਿਚ ਪ੍ਰਚਲਤ ਰਿਹਾ। ਸੰਨ 1864 ਵਿਚ ਲਾਹੌਰ ਦੇ ਲਾਲਾ

---

27 ਰੂਪ ਸਿੰਘ (ਸੰਪਾ.), ਸੇ ਭਗਤ ਸਤਿਗੁਰ ਮਨਿ ਭਾਏ, ਧਰਮ ਪ੍ਰਚਾਰ ਕਮੇਟੀ, ਸ਼੍ਰੋ.ਗੁ.ਪ੍ਰ.ਕ. ਸ੍ਰੀ ਅੰਮ੍ਰਿਤਸਰ, 2009, ਪੰਨਾ ਮੁੱਖ ਬੰਧ।

28 Kirpal Singh, Kharak Singh, (ed.) *History of the Sikhs and their Religion,* Dharam Parchar Co. S.G.P.C., Amritsar, 2004, p. 362.

29 ਸਿਰਦਾਰ ਕਪੂਰ ਸਿੰਘ, ਸਪਤਸ੍ਰਿਗ, ਲਾਹੌਰ ਬੁਕ ਸ਼ਾਪ, ਲੁਧਿਆਣਾ 2001, ਪੰਨੇ 107-108.

30 Gurinder Singh Maan, *The Making of Sikh Scripture,* Oxford University Press, New Delhi, 2001, p. 103.

ਹਰਿਸੁੱਖ ਰਾਇ ਨੇ ਪੱਥਰ ਛਾਪੇ ਨਾਲ ਗੁਰੂ ਗ੍ਰੰਥ ਸਾਹਿਬ ਦੀ ਪਹਿਲੀ ਬੀੜ ਛਾਪੀ। ਇਸ ਪ੍ਰੈਸ ਦਾ ਨਾਂ ਕੋਹਿਨੂਰ ਯੰਤ੍ਰਾਲਯ ਸੀ। ਗੁਰੂ ਗ੍ਰੰਥ ਸਾਹਿਬ ਦੀ ਛਪਾਈ ਵਿਚ ਦੂਜਾ ਯਤਨ ਮੁਨਸ਼ੀ ਹੀਰਾ ਨੰਦ ਦਾ ਸੀ, ਇਸ ਦੀ ਪ੍ਰੈਸ ਦਾ ਨਾਂ ਵਿਦਿਆ ਪ੍ਰਕਾਸ਼ ਸੀ। ਇਸ ਨੇ 1893 ਈ. ਵਿਚ 1430 ਸਫ਼ੇ ਵਾਲੀ ਬੀੜ ਛਾਪੀ। ਹੁਣ ਤੱਕ ਸਫ਼ਿਆਂ ਦੀ ਇਹ ਗਿਣਤੀ ਹੀ ਮਿਆਰ ਬਣੀ ਹੋਈ ਹੈ।[31] ਇਸ ਤੋਂ ਪਹਿਲਾਂ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਹੱਥ ਲਿਖਤ ਰੂਪ ਵਿਚ ਹੀ ਮਿਲਦੀਆਂ ਸਨ। ਗੁਰਬਾਣੀ ਹੱਥ ਲਿਖਤਾਂ ਬਾਰੇ ਅਧਿਐਨ ਕਰਨ ਵਾਲੇ ਵਿਦਵਾਨਾਂ ਵਿਚ ਪਿਆਰਾ ਸਿੰਘ ਪਦਮ, ਗਿ. ਗੁਰਦਿਤ ਸਿੰਘ, ਡਾ. ਪਿਆਰ ਸਿੰਘ, ਪ੍ਰੋ. ਪ੍ਰੀਤਮ ਸਿੰਘ, ਡਾ. ਪਿਸ਼ੌਰਾ ਸਿੰਘ ਅਤੇ ਡਾ. ਬਲਵੰਤ ਸਿੰਘ ਢਿੱਲੋਂ ਪ੍ਰਮੁਖ ਹਨ। ਪ੍ਰਿੰ. ਹਰਭਜਨ ਸਿੰਘ ਅਤੇ ਗੁਰਦੁਆਰਾ ਇੰਸਪੈਕਟਰ ਰਣਧੀਰ ਸਿੰਘ ਨੇ ਵੀ ਇਸ ਵਿਸ਼ੇ ਵਿਚ ਕੰਮ ਕੀਤਾ। ਇਸ ਖੇਤਰ ਦੇ ਮੁਢਲੇ ਲਿਖਾਰੀ ਸ. ਜੀ.ਬੀ. ਸਿੰਘ ਅਤੇ ਹਰਿਨਾਮ ਦਾਸ ਉਦਾਸੀ ਸਨ। ਇਸ ਖੇਤਰ ਦਾ ਪ੍ਰੰਪਰਾਵਾਦੀ ਅਧਿਐਨ ਕਰਨ ਵਾਲੇ ਭਾਈ ਜੋਧ ਸਿੰਘ ਤੇ ਸ. ਦਲਜੀਤ ਸਿੰਘ ਸਨ। ਸਿੱਖ ਇਤਿਹਾਸ ਵਿਚ ਗੁਰੂ ਗ੍ਰੰਥ ਸਾਹਿਬ ਦੀਆਂ ਹੱਥ ਲਿਖਤ ਬੀੜਾਂ ਦੀਆਂ ਤਿੰਨ ਸ਼ਾਖਾਵਾਂ ਮਿਲਦੀਆਂ ਹਨ। ਪਹਿਲੀ ਕਰਤਾਰਪੁਰੀ ਬੀੜ, ਦੂਸਰੀ ਖਾਰੀ ਬੀੜ ਅਤੇ ਤੀਸਰੀ ਦਮਦਮੀ ਬੀੜ। ਕਰਤਾਰਪੁਰੀ ਬੀੜ ਨੂੰ 1604 ਈ. ਵਿਚ ਗੁਰੂ ਅਰਜਨ ਦੇਵ ਜੀ ਦੁਆਰਾ ਭਾਈ ਗੁਰਦਾਸ ਜੀ ਦੇ ਹੱਥੀਂ ਲਿਖਵਾਇਆ ਮੰਨਿਆ ਜਾਂਦਾ ਹੈ। ਇਹ ਬੀੜ ਅੱਜ ਕੱਲ ਕਰਤਾਰਪੁਰ ਵਿਖੇ ਸੋਢੀਆਂ ਪਾਸ ਮੰਨੀ ਜਾਂਦੀ ਹੈ। ਕਰਤਾਰਪੁਰ ਦੇ ਸੋਢੀ ਇਹ ਦਾਅਵਾ ਕਰਦੇ ਹਨ ਕਿ ਇਹ ਉਹ ਬੀੜ ਹੈ ਜੋ ਭਾਈ ਗੁਰਦਾਸ ਜੀ ਕੋਲੋਂ ਪੰਜਵੇਂ ਗੁਰੂ ਜੀ ਨੇ ਲਿਖਵਾਈ ਸੀ। ਇਸ ਬੀੜ ਦੀ ਪ੍ਰਮਾਣਿਕਤਾ ਨੂੰ ਸਿੰਘ ਸਭਾ ਭਸੌੜ, ਭਾਈ ਕਾਨ੍ਹ ਸਿੰਘ ਨਾਭਾ, ਡਾ. ਪਿਆਰ ਸਿੰਘ ਮੰਨਣ ਤੋਂ ਇਨਕਾਰੀ ਸਨ। ਡਾਕਟਰ ਸੁਖਦਿਆਲ ਸਿੰਘ ਕਰਤਾਰਪੁਰੀ ਬੀੜ ਨੂੰ ਖਾਰੀ ਬੀੜ ਦਾ ਉਤਾਰਾ ਦੱਸ ਕੇ ਰੱਦ ਕਰਦੇ ਹਨ।[32] ਡਾ. ਜੀ.ਬੀ. ਸਿੰਘ ਅਨੁਸਾਰ ਸੰਮਤ 1697 ਈ. ਵਿਚ ਧੀਰਮੱਲ ਦੇ ਮਸੰਦਾਂ ਨੇ ਭਾਈ ਬੰਨੋ ਵਾਲੀ ਬੀੜ ਤੋਂ ਇਕ ਉਤਾਰਾ ਕੀਤਾ। ਇਹ ਬੀੜ K1 ਕਰਤਾਰਪੁਰ ਦੀ ਪਹਿਲੀ ਬੀੜ ਸੀ, ਧੀਰਮੱਲ ਅਤੇ ਉਸਦੇ ਪੋਤਰੇ ਤੱਕ। ਫਿਰ ਇਸ ਵਿਚ ਨਵੇਂ ਵਰਕੇ ਪਾ ਕੇ ਸੰਮਤ 1781 ਨੇੜੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ

---

31 ਡਾ. ਗੁਰਸ਼ਰਨਜੀਤ ਸਿੰਘ, ਅਜੋਕੇ ਪ੍ਰਸੰਗ ਵਿਚ ਗੁਰੂ ਗ੍ਰੰਥ ਸਾਹਿਬ ਪਰੰਪਰਾ ਅਤੇ ਇਤਿਹਾਸ, ਗੁਰਨਿਧ ਪ੍ਰਕਾਸ਼ਨ, ਛੇਹਰਟਾ, 2005, ਪੰਨੇ 53-54.

32 ਡਾ. ਸੁਖਦਿਆਲ ਸਿੰਘ, ਇਤਿਹਾਸ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ, ਸੁੰਦਰ ਪ੍ਰਕਾਸ਼ਨ, ਪਟਿਆਲਾ, 2004, ਪੰਨਾ 16.

ਸ਼ਾਮਿਲ ਕੀਤੀ ਗਈ। ਇਸ ਬੀੜ ਨੂੰ ਹੀ ਧੀਰਮਲੀਆਂ ਨੇ ਭਾਈ ਗੁਰਦਾਸ ਜੀ ਵਾਲੀ ਆਦਿ ਬੀੜ ਮਸ਼ਹੂਰ ਕਰ ਦਿੱਤਾ।[33] ਇਸ ਤਰ੍ਹਾਂ ਜੀ.ਬੀ. ਸਿੰਘ ਵੀ ਇਸ ਬੀੜ ਨੂੰ ਭਾਈ ਗੁਰਦਾਸ ਜੀ ਵਾਲੀ ਬੀੜ ਨਹੀਂ ਮੰਨਦੇ। ਇਸ ਦੇ ਪ੍ਰਤੀਉਤਰ ਵਿਚ ਦੋ ਵਿਦਵਾਨਾਂ ਭਾਈ ਜੋਧ ਸਿੰਘ ਅਤੇ ਦਲਜੀਤ ਸਿੰਘ ਨੇ ਕੰਮ ਕੀਤਾ। ਭਾਈ ਜੋਧ ਸਿੰਘ ਨੇ ਕਰਤਾਰਪੁਰੀ ਬੀੜ ਦੇ ਦਰਸ਼ਨ ਸਿਰਲੇਖ ਦੀ ਕਿਤਾਬ ਜੀ.ਬੀ. ਸਿੰਘ ਦੀ ਕਿਤਾਬ ਦੇ ਪ੍ਰਤੀਉਤਰ ਵਜੋਂ ਲਿਖੀ ਸੀ। ਲੇਖਕ ਅਨੁਸਾਰ ਜੀ.ਬੀ. ਸਿੰਘ ਨੇ ਭਾਈ ਕਾਨ੍ਹ ਸਿੰਘ ਨਾਭਾ ਦੀ ਚਿੱਠੀ ਦੇ ਆਧਾਰ ਤੇ ਇਹ ਸਿੱਧ ਕਰਨ ਦਾ ਯਤਨ ਕੀਤਾ ਸੀ ਕਿ ਇਹ ਉਹ ਬੀੜ ਨਹੀਂ ਹੈ ਜੋ ਗੁਰੂ ਅਰਜਨ ਸਾਹਿਬ ਜੀ ਨੇ ਤਿਆਰ ਕਰਵਾਈ ਸੀ। ਪਰ ਭਾਈ ਜੋਧ ਸਿੰਘ ਨੇ ਬੀੜ ਦੀ ਪੂਰੀ ਪੜਤਾਲ ਕਰਕੇ ਇਹ ਸਿੱਧ ਕੀਤਾ ਸੀ ਕਿ ਕਰਤਾਰਪੁਰ ਵਾਲੀ ਬੀੜ ਉਹੀ ਅਸਲ ਬੀੜ ਹੈ ਜੋ ਗੁਰੂ ਅਰਜਨ ਸਾਹਿਬ ਜੀ ਨੇ ਤਿਆਰ ਕਰਵਾਈ ਸੀ।[34] ਪਿਸ਼ੌਰਾ ਸਿੰਘ ਵੀ ਕਰਤਾਰਪੁਰੀ ਬੀੜ ਨੂੰ ਗੁਰੂ ਅਰਜਨ ਸਾਹਿਬ ਜੀ ਦੁਆਰਾ ਲਿਖਾਈ ਗਈ ਮੰਨਦਾ ਹੈ।[35] ਇਸ ਤਰ੍ਹਾਂ ਕਰਤਾਰਪੁਰੀ ਬੀੜ ਉੱਪਰ ਉਤਰ ਪ੍ਰਤੀਉਤਰ ਵਿਚ ਬਹੁਤ ਸਾਹਿਤ ਸਾਹਮਣੇ ਆਉਂਦਾ ਹੈ।

ਆਦਿ ਬੀੜ ਦੀ ਦੂਸਰੀ ਪ੍ਰਤੀ ਭਾਈ ਬੰਨੋ ਵਾਲੀ ਬੀੜ ਹੈ। ਇਸ ਬੀੜ ਨੂੰ ਖਾਰੀ ਬੀੜ ਵੀ ਕਿਹਾ ਜਾਂਦਾ ਹੈ। ਸਿੱਖ ਪਰੰਪਰਾ ਅਤੇ ਸਰੋਤਾਂ ਅਨੁਸਾਰ ਜਦੋਂ ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਦੀ ਲਿਖਾਈ ਦਾ ਕੰਮ ਮੁਕਾ ਕੇ ਇਸ ਦੀ ਜਿਲਦਬੰਦੀ ਲਈ ਭਾਈ ਬੰਨੋ ਨੂੰ ਲਾਹੌਰ ਭੇਜਿਆ ਤਾਂ ਉਸਨੇ ਰਸਤੇ ਵਿਚ ਇਸ ਦੀ ਨਕਲ ਕਰਵਾ ਲਈ। ਗੁਰੂ ਜੀ ਨੂੰ ਜਦ ਪਤਾ ਲੱਗਾ ਤਾਂ ਉਨ੍ਹਾਂ ਨੇ ਇਸ ਬੀੜ ਨੂੰ ਖਾਰੀ ਬੀੜ ਕਹਿ ਕੇ ਰੱਦ ਕਰ ਦਿੱਤਾ।[36] ਪਰ ਸਰਦਾਰ ਜੀ.ਬੀ. ਸਿੰਘ ਖਾੜੀ ਬੀੜ ਨੂੰ ਪ੍ਰਮਾਣਿਕ ਮੰਨਦਾ ਹੈ ਉਸ ਅਨੁਸਾਰ, ''ਜੇ ਅਸੀਂ ਪ੍ਰਤਖ ਪਿੱਛੋਂ ਵਧਾਈਆਂ ਬਾਣੀਆਂ ਸ਼ਬਦ ਆਦਿ ਦਾ ਧਿਆਨ ਨ ਕਰੀਏ, ਅਤੇ ਠੀਕ ਅਸਲੀ ਉਤਾਰੇ ਨੂੰ ਹੀ ਲਈਏ, ਤਦ ਇਹ ਬੀੜ ਸਭ ਤੋਂ ਪੁਰਾਣੀ ਅਤੇ ਪ੍ਰਮਾਣਿਤ ਸਾਡੇ

---

33 ਜੀ.ਬੀ. ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪ੍ਰਾਚੀਨ ਬੀੜਾਂ, ਮਾਡਰਨ ਪਬਲੀਕੇਸ਼ਨ ਮੈਕਲੋਡ ਰੋਡ, ਲਾਹੌਰ, ਮਿਤੀਹੀਣ, ਪੰਨਾ 271

34 ਜੋਧ ਸਿੰਘ, ਸ੍ਰੀ ਕਰਤਾਰਪੁਰੀ ਬੀੜ ਦੇ ਦਰਸ਼ਨ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2000, ਪੰਨਾ Viii.

35 Pashaura Singh, ***The Guru Granth Sahib, Canon, Meaning and Authority,*** Oxford University Press, New Delhi, 2014, p. 285.

36 ਡਾ. ਗੁਰਸ਼ਰਨਜੀਤ ਸਿੰਘ, ਅਜੋਕੇ ਪ੍ਰਸੰਗ ਵਿਚ ਗੁਰੂ ਗ੍ਰੰਥ ਸਾਹਿਬ ਪਰੰਪਰਾ ਅਤੇ ਇਤਿਹਾਸ, ਪੰਨਾ 135.

ਪਾਸ ਹੈ, ਜਿਸ ਕਰਕੇ ਇਹ ਬੜੇ ਮਹੱਤਵ ਅਤੇ ਗੌਰਵ ਦੀ ਚੀਜ਼ ਹੈ।''[37] ਸਿਰਦਾਰ ਕਪੂਰ ਸਿੰਘ ਜੀ ਵੀ ਇਸ ਬੀੜ ਨੂੰ ਪ੍ਰਮਾਣਿਕ ਮੰਨਦੇ ਸਨ ਅਤੇ ਉਹਨਾਂ ਨੇ ਆਪਣੀ ਕਿਤਾਬ ਸਪਤਸ੍ਰਿਗ ਵਿਚ ਜ਼ਿਕਰ ਕੀਤਾ ਹੈ।[38] ਇਸ ਦੇ ਪ੍ਰਤੀ ਉਤਰ ਵਿਚ ਡਾ. ਸੁਖਦਿਆਲ ਸਿੰਘ ਖਾਰੀ ਬੀੜ ਨੂੰ ਪਹੋਏ ਦੇ ਪਾਂਡਿਆ ਹੱਥੋਂ ਲਿਖੀ ਹੋਈ ਮੰਨਦੇ ਹਨ।[39] ਇਸ ਤਰ੍ਹਾਂ ਭਾਈ ਬੰਨੋ ਵਾਲੀ ਬੀੜ ਉੱਪਰ ਵੀ ਬਹੁਤ ਸਾਰਾ ਉਤਰ-ਪ੍ਰਤੀਉਤਰ ਪੱਖ-ਨਿਰਪੱਖ ਵਿਚ ਸਾਹਿਤ ਰਚਿਆ ਗਿਆ।

ਬਾਬਾ ਮੋਹਣ ਵਾਲੀਆਂ ਪੋਥੀਆਂ ਉੱਪਰ ਵੀਹਵੀਂ ਸਦੀ ਦੇ ਸ਼ੁਰੂ ਵਿਚ ਹੀ ਅਧਿਐਨ ਸ਼ੁਰੂ ਹੋ ਚੁੱਕਾ ਸੀ। ਸਿੱਖ ਸਰੋਤਾਂ ਅਤੇ ਪਰੰਪਰਾ ਅਨੁਸਾਰ ਆਦਿ ਬੀੜ ਦੀ ਤਿਆਰੀ ਸਮੇਂ ਗੁਰੂ ਅਰਜਨ ਦੇਵ ਜੀ ਨੇ ਇਸ ਪੋਥੀ ਦੀ ਮਦਦ ਲਈ ਸੀ। ਪਰ ਪ੍ਰੋ. ਸਾਹਿਬ ਸਿੰਘ ਨੇ ਇਸ ਮਤ ਨੂੰ ਆਪਣੀ ਪੁਸਤਕ ਆਦਿ ਬੀੜ ਬਾਰੇ ਵਿਚ ਖੰਡਨ ਕੀਤਾ ਹੈ। ਇਸ ਵਿਸ਼ੇ ਉੱਪਰ ਸਭ ਤੋਂ ਪਹਿਲਾਂ ਪ੍ਰੇਮ ਸਿੰਘ ਹੋਤੀ ਨੇ ਅਹੀਆਪੁਰ ਵਾਲੀ ਪੋਥੀ ਵਿਚੋਂ ਬਾਣੀ ਦਾ ਤਤਕਰਾ ਤੇ ਪੰਨਿਆਂ ਦੀਆਂ ਸੂਚਨਾਵਾਂ ਲਈਆਂ ਸਨ। ਬਾਅਦ ਵਿਚ ਇਹਨਾਂ ਸੂਚਨਾਵਾਂ ਨੂੰ ਗੁਰਸ਼ਰਨ ਕੌਰ ਜੱਗੀ ਨੇ ਸੰਪਾਦਿਤ ਕਰ ਦਿੱਤਾ। ਡਾ. ਜੱਗੀ ਅਨੁਸਾਰ ਇਹਨਾਂ ਪੋਥੀਆਂ ਦਾ ਸੰਕਲਨ ਕਾਲ 1629 ਬਿਕਰਮੀ (1572 ਈ.) ਵਿਚ ਹੋਣਾ ਸਹੀ ਪ੍ਰਤੀਤ ਹੁੰਦਾ ਹੈ।[40] ਪ੍ਰੋ. ਪ੍ਰੀਤਮ ਸਿੰਘ ਨੇ ਇਸ ਪੋਥੀ ਬਾਰੇ ਕੰਮ ਤੇ ਇਨ੍ਹਾਂ ਪੋਥੀਆਂ ਦਾ ਸੰਪਾਦਨ ਕੀਤਾ ਹੈ। ਉਨ੍ਹਾਂ ਨੇ 1652 ਸੰਮਤ ਜੋ ਪੋਥੀ ਦੇ ਸ਼ੁਰੂ ਵਿਚ ਮਿਲਦੀ ਹੈ ਉਸ ਨੂੰ ਜਾਅਲੀ ਦੱਸਿਆ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਅਹੀਆਪੁਰ ਵਾਲੀ ਪੋਥੀ ਗੁਰੂ ਅਮਰਦਾਸ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਬਾਅਦ ਲਿਖੀ ਗਈ ਰਚਨਾ ਹੈ।[41] ਵੀਹਵੀਂ ਸਦੀ ਦੇ ਆਖਰੀ ਦਹਾਕੇ ਵਿਚ ਇਕ ਬਾਣੀ ਦੀ ਹੱਥ ਲਿਖਤ ਜੋ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਲਾਇਬ੍ਰੇਰੀ ਵਿਚ ਕੈਟਾਲਾਗ ਨੰਬਰ 1245 ਤੇ ਪਈ ਹੈ, ਬਹੁਤ ਪ੍ਰਚਲਤ ਹੋਈ। ਇਸ ਬੀੜ ਨੂੰ ਪਸ਼ੌਰਾ ਸਿੰਘ ਨੇ ਮੋਹਣ ਵਾਲੀਆਂ ਪੋਥੀਆਂ ਅਤੇ ਆਦਿ ਬੀੜ ਦੇ ਵਿਚਕਾਰ ਦੇ ਸਮੇਂ ਵਿਚ ਲਿਖੀ ਮੰਨਿਆ ਹੈ। ਉਸ ਅਨੁਸਾਰ, "It was compiled after 1595, the year of Guru Hargobind 's birth. Thus, we may historically

---

37 ਜੀ.ਬੀ. ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪ੍ਰਾਚੀਨ ਬੀੜਾਂ, ਪੰਨਾ 132.

38 ਸਿਰਦਾਰ ਕਪੂਰ ਸਿੰਘ, ਸਪਤਸ੍ਰਿਗ, ਪੰਨਾ 107.

39 ਡਾ. ਸੁਖਦਿਆਲ ਸਿੰਘ, ਇਤਿਹਾਸ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 17.

40 ਗੁਰਸ਼ਰਨ ਕੌਰ ਜੱਗੀ, ਬਾਬੇ ਮੋਹਨ ਵਾਲੀਆਂ ਪੋਥੀਆਂ, ਆਰਸੀ ਪਬਲਿਸ਼ਰਜ, ਦਿੱਲੀ, 1987, ਪੰਨਾ 3.

41 ਪ੍ਰੋ. ਪ੍ਰੀਤਮ ਸਿੰਘ, ਅਹੀਆਪੁਰ ਵਾਲੀ ਪੋਥੀ, ਜਿਲਦ ਪਹਿਲੀ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1998, ਪੰਨਾ 298.

place the document somewhere between 1595 and 1604"[42]. ਪਰ ਡਾ. ਬਲਵੰਤ ਸਿੰਘ ਢਿਲੋਂ ਪਿਸ਼ੌਰਾ ਸਿੰਘ ਦੇ ਪ੍ਰਤੀਕਰਮ ਵਿਚ ਲਿਖਦਾ ਹੈ ਕਿ ਇਹ ਮੀਣਿਆਂ ਦੀ ਲਿਖਤ ਹੈ। "It leads us to suggest that MS#1245 has something in common with the first part of Guru Har Sahiai Pothi. If we are the right track then MS#1245 Marked a stage in the Mina tradition when Bhagat Bani was of no use of them."[43] ਇਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਦੀਆਂ ਹੱਥ ਲਿਖਤ ਬੀੜਾਂ ਉੱਪਰ ਪ੍ਰਤੀਕਿਰਿਆਤਮਕ ਅਧਿਐਨ ਸਾਹਮਣੇ ਆਉਂਦਾ ਹੈ।

ਵੀਹਵੀਂ ਸਦੀ ਵਿਚ ਪੰਚ ਖ਼ਾਲਸਾ ਦੀਵਾਨ ਭਸੌੜ ਦੇ ਕੁਝ ਅਜਿਹੇ ਵਿਦਵਾਨ ਹੋਏ ਜਿਨ੍ਹਾਂ ਨੇ ਭਗਤ ਬਾਣੀ, ਭੱਟ ਬਾਣੀ, ਤੇ ਸਿੱਖਾਂ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਦਾ ਹਿੱਸਾ ਮੰਨਣ ਤੋਂ ਇਨਕਾਰ ਕਰ ਦਿੱਤਾ। ਇਨ੍ਹਾਂ ਲੇਖਕਾਂ ਵਿਚ ਗਿ. ਲਾਲ ਸਿੰਘ ਸੰਗਰੂਰ, ਕਵੀ-ਰਾਜ ਨਾਰਾਇਣ ਸਿੰਘ, ਬਾਬੂ ਹੀਰਾ ਸਿੰਘ, ਕਪਤਾਨ ਸ਼ਮਸ਼ੇਰ ਸਿੰਘ ਆਦਿਕ ਪ੍ਰਮੁੱਖ ਹਨ। ਸਭ ਤੋਂ ਪਹਿਲਾਂ ਗਿ. ਲਾਲ ਸਿੰਘ ਸੰਗਰੂਰ ਸਾਰੀ ਭਗਤ ਬਾਣੀ ਦੇ ਵਿਰੋਧ ਵਿਚ ਲਿਖਤ ਲੈ ਕੇ ਆਏ। ਉਸਦੀ ਕਿਤਾਬ ਸਤਿਗੁਰੂ ਬਿਨਾ ਹੋਰ ਕੱਚੀ ਹੈ ਬਾਣੀ ਭਗਤ ਬਾਣੀ ਦੇ ਵਿਰੋਧ ਵਿਚ ਲਿਖੀ ਗਈ ਸੀ। ਲੇਖਕ ਪ੍ਰਿਥੀ ਚੰਦ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਗੁਰਬਾਣੀ ਤੋਂ ਇਲਾਵਾ ਬਾਕੀ ਰਚਨਾਵਾਂ ਸ਼ਾਮਲ ਕਰਨ ਵਾਲਾ ਮੰਨਦਾ ਹੈ। ਉਸ ਅਨੁਸਾਰ ਚੰਦੂ ਸ਼ਾਹ ਜੋ ਅਕਬਰ ਦਾ ਮਾਲੀ ਅਫਸਰ ਸੀ, ਉਸ ਨਾਲ ਪ੍ਰਿਥੀਚੰਦ ਦੀ ਦੋਸਤੀ ਸੀ। ਪ੍ਰਿਥੀਚੰਦ ਗੁਰੂ ਰਾਮਦਾਸ ਜੀ ਦਾ ਵੱਡਾ ਪੁੱਤਰ ਹੋਣ ਦੇ ਨਾਤੇ ਸਿੱਖਾਂ ਵਿਚ ਰਸੂਖ ਰੱਖਦਾ ਸੀ। ਇਸ ਨੇ ਹੀ ਭਾਈ ਬੰਨੋ ਵਾਲੀ ਖਾਰੀ ਬੀੜ ਰਸਤੇ ਵਿਚ ਲਿਖਵਾ ਕੇ ਬਾਹਰਲੇ ਪ੍ਰਸੰਗ ਰਲਾਉਣ ਅਤੇ ਕੱਚੀਆਂ ਬਾਣੀਆਂ ਬੀੜਾਂ ਵਿੱਚ ਸ਼ਾਮਿਲ ਕਰਨ ਤੇ ਉਸ ਉੱਪਰ ਝੂਠੇ ਦਸਤਖ਼ਤ ਕਰਨ ਦੀ ਪਰਪਾਟੀ ਵੀ ਇਸੀ ਦਾ ਨਤੀਜਾ ਸੀ।[44]

ਗਿ. ਲਾਲ ਸਿੰਘ ਦੀ ਲਿਖਤ ਦਾ ਪ੍ਰਤੀਕਰਮ ਪ੍ਰੋ. ਸਾਹਿਬ ਸਿੰਘ ਨੇ ਭਗਤ ਬਾਣੀ ਦਾ ਟੀਕਾ ਕਰਦਿਆਂ ਬਹੁਤ ਥਾਵਾਂ 'ਤੇ ਦਿੱਤਾ। ਪ੍ਰੋ. ਸਾਹਿਬ ਸਿੰਘ ਲਿਖਦੇ ਹਨ ਕਿ ''ਪੁਸਤਕ ਸਤਿਗੁਰੂ ਬਿਨਾਂ ਹੋਰ ਕੱਚੀ ਹੈ ਬਾਣੀ ਦੇ ਲੇਖਕ ਸੱਜਣਾਂ ਨੇ ਬੜੀ ਮਿਹਨਤ ਨਾਲ ਇਹ ਸਾਬਤ ਕਰਨ ਦੇ ਯਤਨ ਕੀਤੇ ਕਿ ਭਗਤ-ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਅਰਜਨ

---

42 Pashaura Singh, ***Guru Granth Sahib Canon, Meaning and Authority,*** p. 45.

43 Balwant Singh Dhillon, ***Early Sikh Scriptural Tradition, Myth and Reality,*** Singh Brothers, Amritsar, 1999, p. 195.

44 ਗਿ. ਲਾਲ ਸਿੰਘ ਸੰਗਰੂਰ, ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ, ਪੰਚ ਖ਼ਾਲਸਾ ਦੀਵਾਨ ਭਸੌੜ, ਸੰਗਰੂਰ, 1973, ਪੰਨਾ 190.

ਸਾਹਿਬ ਦੀ ਸ਼ਹੀਦੀ ਤੋਂ ਪਿੱਛੋਂ ਬਾਬਾ ਪ੍ਰਿਥੀਚੰਦ ਅਤੇ ਚੰਦੂ ਦੀ ਸਾਜਿਸ਼ ਨਾਲ ਸ਼ਾਮਿਲ ਕੀਤੀ ਗਈ ਸੀ। ਪਰ ਅਸਾਂ ਵਿਸਥਾਰ ਨਾਲ ਹਰੇਕ ਪਹਿਲੂ ਤੇ ਵਿਚਾਰ ਕਰਕੇ ਇਹ ਸਪਸ਼ਟ ਕਰ ਦਿੱਤਾ ਹੈ ਕਿ ਭਗਤ ਬਾਣੀ ਗੁਰੂ ਅਰਜਨ ਸਾਹਿਬ ਨੇ ਆਪ ਹੀ ਦਰਜ ਕੀਤੀ ਸੀ।''[45] ਕਵੀਰਾਜ ਨਾਰਾਇਣ ਸਿੰਘ ਬੱਲਭ ਨੇ ਭਗਤ ਬਾਣੀ ਦੇ ਵਿਰੋਧ ਵਿਚ 1952 ਈ. ਵਿਚ ਗੁਰਬਾਣੀ ਗੌਰਵਤਾ ਸਿਰਲੇਖ ਹੇਠ ਕਾਵਿ ਪੁਸਤਕ ਲਿਖੀ। ਲੇਖਕ ਭਾਈ ਗੁਰਦਾਸ ਨੂੰ ਉਦਾਸੀ ਸੰਪਰਦਾ ਨਾਲ ਸੰਬੰਧਤ ਲਿਖਦਾ ਹੈ। ਭਗਤ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਚਾੜਨ ਦਾ ਦੋਸ਼ੀ ਭਾਈ ਗੁਰਦਾਸ ਜੀ ਨੂੰ ਮੰਨਦਾ ਹੈ। ਲੇਖਕ ਅਨੁਸਾਰ ਸ਼ੇਖ਼ ਫ਼ਰੀਦ ਦੇ ਕਲਾਮ ਨੂੰ ਭਾਈ ਗੁਰਦਾਸ ਜੀ ਨੇ ਜਹਾਂਗੀਰ ਨੂੰ ਖੁਸ਼ ਕਰਨ ਲਈ ਗੁਰੂ ਗ੍ਰੰਥ ਸਾਹਿਬ ਦੀ ਬੀੜ ਵਿਚ ਦਰਜ ਕੀਤਾ। ਉਸ ਅਨੁਸਾਰ:

> ''ਜਹਾਂਗੀਰ ਕਹੀ ਸੁਕਰੀ ਨਾ ਗੁਰੂ ਪੰਚਮ ਨੇ,
> ਸੋਈ ਗੁਰਦਾਸ ਕੀਤੀ ਖੇਹ ਹੈ ਉਡਾਈ ਜੋ।।
> ਹਿੰਦੂ ਤੇ ਮੁਸਲਮਾਨ ਕੀਤੇ ਹੈ ਉਦਾਸੀ ਖੁਸ਼,
> ਜਹਾਂਗੀਰ ਨਾਲ ਤਾਂ ਪ੍ਰੀਤ ਖਾਸ ਲਾਈ ਜੋ।।
> ਪੱਕਾ ਥੀ ਉਦਾਸੀ ਗੁਰਦਾਸ ਪੰਥ ਧੋਖੇ ਵਿਚ,
> ਭੱਜ ਗਿਆ ਕਾਸ਼ੀ ਮੁਹਰਾਂ ਗੁਰੂ ਦੀ ਚੁਰਾਈ ਜੋ।।33।।[46]

ਉਪਰੋਕਤ ਲਿਖਤ ਦਾ ਪ੍ਰਤੀਕਰਮ ਕਰਦਿਆਂ ਪ੍ਰੋ. ਪ੍ਰੀਤਮ ਸਿੰਘ ਲਿਖਦੇ ਹਨ ਕਿ ਕਵੀਰਾਜ ਨੇ ਬਾਬਾ ਫਰੀਦ ਜੀ ਦੀ ਬਾਣੀ ਬਾਰੇ ਦੋ ਦਲੀਲਾਂ ਦਿੱਤੀਆਂ ਹਨ। ਪਹਿਲੀ ਇਹ ਕਿ ਭਾਈ ਗੁਰਦਾਸ ਜੀ ਨੇ ਜਹਾਂਗੀਰ ਨੂੰ ਖੁਸ਼ ਕਰਨ ਲਈ ਸ਼ੇਖ਼ ਫਰੀਦ ਜੀ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਕੀਤੀ। ਦੂਜਾ ਇਹ ਕਿ ਸ਼ੇਖ਼ ਫਰੀਦ ਜੀ ਦੀ ਬਾਣੀ ਗੁਰਮਤਿ ਵਿਰੋਧੀ ਤੇ ਇਸਲਾਮ ਪੱਖੀ ਹੈ। ਪ੍ਰੋ. ਪ੍ਰੀਤਮ ਸਿੰਘ ਅਨੁਸਾਰ ਪਹਿਲੀ ਦਲੀਲ ਵਿਚ ਕੋਈ ਵਜ਼ਨ ਨਹੀਂ ਕਿਉਂਕਿ ਕਿਸੇ ਵੀ ਸਰਕਾਰੀ ਦਸਤਾਵੇਜ਼ ਜਾਂ ਸਿੱਖ ਰਵਾਇਤ ਵਿਚ ਭਾਈ ਗੁਰਦਾਸ ਜੀ ਦਾ ਸਿੱਖ ਵਿਰੋਧੀ ਹੋਣ ਦਾ ਕੋਈ ਜ਼ਿਕਰ ਨਹੀਂ ਹੈ। ਦੂਸਰੀ ਦਲੀਲ ਦੇ ਉਤਰ ਵਿਚ ਪ੍ਰੋ. ਪ੍ਰੀਤਮ ਸਿੰਘ ਲਿਖਦੇ ਹਨ ਕਿ ਪੰਜਵੇਂ ਗੁਰੂ ਜੀ ਨੇ ਬਾਬਾ ਫਰੀਦ ਜੀ ਦੀ ਬਾਣੀ ਵਿਚ, ਉਨ੍ਹਾਂ ਦੇ ਸਲੋਕਾਂ ਦੀ ਵਿਆਖਿਆ ਵਿਚ ਸਲੋਕ ਰਚੇ। ਜੇਕਰ ਇਹ ਰਚਨਾ ਗੁਰਮਤਿ

---

45 ਪ੍ਰੋ. ਸਾਹਿਬ ਸਿੰਘ, ਆਦਿ ਬੀੜ ਬਾਰੇ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2014, ਪੰਨਾ 101.

46 ਕਵੀਰਾਜ ਨਾਰਾਇਣ ਸਿੰਘ ਬੱਲਭ, ਗੁਰਬਾਣੀ ਗੋਰਵਤਾ, ਗੁਰਮਤ ਪ੍ਰੈਸ, ਲੁਧਿਆਣਾ, 1952, ਪੰਨਾ 7.

ਵਿਰੋਧੀ ਹੁੰਦੀ ਤਾਂ ਗੁਰੂ ਸਾਹਿਬ ਬਾਬਾ ਫਰੀਦ ਜੀ ਦੀ ਬਾਣੀ ਵੱਲ ਉਚੇਚਾ ਧਿਆਨ ਕਿਉਂ ਕਰਦੇ।''[47] ਗੁਰੂ ਸਾਹਿਬਾਨ ਦੀ ਬਾਣੀ ਤੋਂ ਬਿਨ੍ਹਾਂ ਬਾਕੀ ਬਾਣੀਕਾਰਾਂ ਦੇ ਵਿਰੋਧ ਵਿਚ ਆਈਆਂ ਲਿਖਤਾਂ ਦੇ ਪ੍ਰਤੀਕਰਮ ਵਿਚ ਇਸ ਤਰ੍ਹਾਂ ਦਾ ਸਾਹਿਤ ਪ੍ਰਾਪਤ ਹੁੰਦਾ ਹੈ।

ਸਿੱਖ ਧਰਮ ਵਿਚ ਵੀਹਵੀਂ ਸਦੀ ਦੇ ਅੰਤਲੇ ਦਹਾਕੇ ਵਿਚਲੇ ਪ੍ਰਤੀਕਿਰਿਆਤਮਿਕ ਸਾਹਿਤ ਵਿਚ ਡਾ. ਅਮਰਜੀਤ ਸਿੰਘ ਗਰੇਵਾਲ ਦੇ ਲੇਖ 'ਇੱਕੀਵੀ ਸਦੀ ਦੇ ਮਾਨਵ ਅਤੇ ਸਮਾਜ ਦੀ ਸਿਰਜਣਾ ਲਈ ਗੁਰੂ ਗ੍ਰੰਥ ਸਾਹਿਬ ਦੀ ਪ੍ਰਸੰਗਿਕਤਾ' ਨਾਲ ਇਕ ਬਹਿਸ ਆਰੰਭ ਹੋ ਗਈ ਸੀ। ਇਹ ਬਹਿਸ ਸਿੱਖ ਪਰੰਪਰਾਵਾਂ ਅਤੇ ਉਤਰ ਆਧੁਨਿਕ ਪਰਿਪੇਖ ਵਿਚਾਲੇ ਸੀ। ਅਮਰਜੀਤ ਗਰੇਵਾਲ ਦਾ ਇਹ ਲੇਖ ਵਿਸਮਾਦ ਨਾਦ ਮੈਗਜ਼ੀਨ ਵਿਚ ਛਪਿਆ ਸੀ। ਡਾ. ਅਮਰਜੀਤ ਨੇ ਆਪਣੇ ਲੇਖ ਰਾਹੀਂ ਕੁਝ ਧਾਰਨਾਵਾਂ ਪੇਸ਼ ਕੀਤੀਆਂ ਸਨ। ਡਾ. ਅਮਰਜੀਤ ਗਰੇਵਾਲ ਦਾ ਕਹਿਣਾ ਹੈ ਕਿ ਗੁਰੂ ਗ੍ਰੰਥ ਸਾਹਿਬ ਦਾ ਪਠਨ ਕਿਸੇ ਸਿਧਾਂਤਕ ਮਾਡਲ ਦੀ ਗੈਰ ਹਾਜ਼ਰੀ ਵਿਚ ਪੜ੍ਹਨਾ ਨਾਮੁਮਕਿਨ ਹੈ। ਕੁਝ ਲੋਕ ਸੋਚਦੇ ਹਨ ਕਿ ਸਿਧਾਂਤਕ ਮਾਡਲ ਗੁਰਬਾਣੀ ਦੇ ਸਹਿਜ ਅਤੇ ਕੁਦਰਤੀ ਅਨੁਭਵ ਵਿਚ ਵਿਘਨ ਪਾਉਂਦਾ ਹੈ ਪਰ ਅਸਲ ਵਿਚ ਇਹ ਅਨੁਭਵ ਵੀ ਕਿਸੇ ਸਭਿਆਚਾਰਕ ਸੰਗਠਨ ਦੁਆਰਾ ਇਕ ਵਿਸ਼ੇਸ਼ ਇਤਿਹਾਸਿਕ ਪੜਾਅ ਉੱਪਰ ਪੈਦਾ ਕੀਤੀ ਵਿਚਾਰਧਾਰਾ ਦੇ ਸਿਧਾਂਤਾ ਜਾਂ ਸੰਕਲਪਾਂ ਉੱਪਰ ਹੀ ਆਧਾਰਿਤ ਹੁੰਦੇ ਹਨ।[48] ਅਮਰਜੀਤ ਗਰੇਵਾਲ ਨੇ ਆਪਣੇ ਲੇਖ ਦੀ ਸ਼ੁਰੂਆਤ ਇਸ ਸਵਾਲ ਨਾਲ ਕੀਤੀ ਕਿ, ''ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਹਿਲੀ ਬੀੜ 1604 ਈ. ਵਿਚ ਤਿਆਰ ਹੋਈ। ਉਸ ਵਕਤ ਤੋਂ ਲੈ ਕੇ ਅੱਜ ਤੱਕ ਮਨੁੱਖ ਦੇ ਸਮਾਜਕ ਯਥਾਰਥ ਵਿਚ ਅਨੇਕ ਮਹੱਤਵਪੂਰਨ ਤਬਦੀਲੀਆਂ ਵਾਪਰ ਚੁਕੀਆਂ ਹਨ। ਇਹ ਐਸਾ ਸਮਾਂ ਸੀ ਜਿਸ ਦੌਰਾਨ ਮੱਧ ਯੁੱਗ ਦੀ ਸਮਾਜ-ਆਰਥਕ-ਰਾਜਨੀਤਿਕ-ਸਭਿਆਚਾਰਕ ਬਣਤਰ ਵਿਚ ਹੀ ਨਹੀਂ ਸਗੋਂ ਮਨੁੱਖ ਦੀ ਸੋਚ, ਬੁਧੀ ਮਾਨਤਾ ਅਤੇ ਵਿਸ਼ਵ ਦ੍ਰਿਸ਼ਟੀ ਵਿਚ ਵੀ ਇਕ ਕ੍ਰਾਂਤੀਕਾਰੀ ਪਰਿਵਰਤਨ ਆਇਆ ਹੈ। ਹੁਣ ਸੁਆਲ ਪੈਦਾ ਹੁੰਦਾ ਹੈ ਕਿ ਕੀ ਮੱਧ ਯੁੱਗ ਦਾ ਇਹ ਸਿਧਾਂਤ ਵੀਹਵੀਂ ਸਦੀ ਦੇ ਪਰਿਵਰਤਿਤ ਸਮਾਜਕ ਯਥਾਰਥ ਅਤੇ ਉਸਦੀ ਵਿਚਾਰਧਾਰਾ ਦੇ ਆਲੋਚਨਾਤਮਕ ਅਧਿਐਨ ਰਾਹੀ ਇੱਕੀਵੀਂ ਸਦੀ ਦੇ ਨਵੀਨ ਮਨੁਖ ਦੀ ਤਿਆਰੀ ਦਾ ਪ੍ਰੋਗਰਾਮ ਉਲੀਕ ਸਕਦਾ ਹੈ? ਅੱਜ ਦੇ ਨੌਜਵਾਨ ਨੂੰ ਇੱਕੀਵੀਂ

---

47 ਪ੍ਰੋ. ਪ੍ਰੀਤਮ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਵਾਲੇ ਸ਼ੇਖ਼ ਫ਼ਰੀਦ ਦੀ ਭਾਲ, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਮਈ 2010, ਪੰਨਾ 83.

48 ਅਮਰਜੀਤ ਸਿੰਘ ਗਰੇਵਾਲ (ਸੰਪਾ.), 'ਵਿਸਮਾਦ ਨਾਦ' ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਨੁਖਤਾ ਨੂੰ ਦੇਣ' ਵਿਸ਼ੇਸ਼ ਅੰਕ, ਇੰਟਰਨੈਸ਼ਨਲ ਇਨਸਟੀਚਿਊਟ ਆਫ਼ ਗੁਰਮਤਿ ਸਟੱਡੀਜ਼, ਲੁਧਿਆਣਾ 1994, ਪੰਨਾ Viii.

ਸਦੀ ਦੇ ਨਵੇਂ ਪ੍ਰੋਗਰਾਮਾਂ ਅਤੇ ਨਵੀਆਂ ਚੁਨੌਤੀਆਂ ਲਈ ਤਿਆਰ ਕਰ ਸਕਦਾ ਹੈ?'' ਉਪਰੋਕਤ ਅਨੁਸਾਰ ਲੇਖਕ ਨੇ ਅਸਲ ਵਿਚ 16ਵੀਂ ਸਦੀ ਦੇ ਇਸ ਫਲਸਫ਼ੇ ਨੂੰ ਇਕੀਵੀਂ ਸਦੀ ਦੇ ਸਮਾਜ ਦੀ ਸਿਰਜਣਾ ਲਈ ਅਧਾਰ ਬਨਾਉਣ ਉੱਪਰ ਪ੍ਰਸ਼ਨ ਚਿੰਨ ਲਾ ਕੇ ਆਪਣੇ ਲੇਖ ਨੂੰ ਅੱਗੇ ਤੋਰਿਆ। ਲੇਖਕ ਦਾ ਕਹਿਣਾ ਹੈ ਕਿ ''ਸ੍ਰੀ ਗੁਰੂ ਗ੍ਰੰਥ ਸਾਹਿਬ ਮਨੁੱਖੀ ਕਦਰਾਂ ਕੀਮਤਾਂ ਅਤੇ ਸਮਾਜਕ ਮੂਲਾਂ ਦਾ ਸੰਗ੍ਰਹਿ ਨਹੀਂ। ਇਸ ਵਿਚ ਮਨੁੱਖੀ ਰਹੱਸ ਅਤੇ ਸਮਾਜਕ ਤਬਦੀਲੀ ਨੂੰ ਸਮਝਣ ਦੀ ਵਿਧੀ ਮੌਜੂਦ ਹੈ। ਇਸ ਵਿਧੀ ਦੇ ਆਧਾਰ ਉੱਤੇ ਹਰ ਯੁਗ ਆਪਣੇ ਵਿਕਾਸ ਲਈ ਇਕ ਕਾਲਬੱਧ ਸਟਰੈਟਿਜੀ ਤਿਆਰ ਕਰ ਸਕਦਾ ਹੈ। ਨਵੀਆਂ ਪ੍ਰਸਥਿਤੀਆਂ ਅਤੇ ਨਵੀਆਂ ਚਨੌਤੀਆਂ ਮੁਤਾਬਕ ਇਹ ਸਟਰੈਟਿਜੀ ਹਰ ਸਮੇਂ ਸਥਾਨ ਲਈ ਵਖਰੀ ਹੋਵੇਗੀ।''[49] ਅਮਰਜੀਤ ਗਰੇਵਾਲ ਅਨੁਸਾਰ ਸ਼ਬਦ ਗੁਰੂ ਦਾ ਮਾਡਲ ਨਿਊਟਨ ਜਾਂ ਮਾਰਕਸ ਦੇ ਸਿਧਾਂਤਾਂ ਵਾਂਗ ਕੋਈ ਸਥਾਈ ਮਾਡਲ ਨਹੀਂ ਹੈ ਪਰ ਗੁਰੂ ਗ੍ਰੰਥ ਸਾਹਿਬ ਵਿਚ ਗਤੀਸ਼ੀਲ ਮਾਡਲ ਦੇ ਰੂਪ ਵਿਚ ਅੰਤਰਦ੍ਰਿਸ਼ਟੀ ਪੇਸ਼ ਕੀਤੀ ਗਈ ਹੈ। ਇਸ ਕਰਕੇ ਗੁਰੂ ਗ੍ਰੰਥ ਸਾਹਿਬ ਦੀ ਵਿਧੀ ਗਤੀਸ਼ੀਲ ਮਾਡਲ ਵਿਧੀ ਹੈ। ਪਰ ਲੇਖਕ ਨੇ ਗਤੀਸ਼ੀਲ ਮਾਡਲ ਤੋਂ ਬਾਅਦ ਸਟਰੈਟਿਜੀ ਤਿਆਰ ਕਰਨ ਬਾਰੇ ਇੰਝ ਕਿਹਾ ਹੈ ਕਿ, ''ਸਮਾਜਕ ਤਬਦੀਲੀ ਦਾ ਗਤੀਸ਼ੀਲ ਮਾਡਲ ਪੇਸ਼ ਕਰਨ ਤੋਂ ਬਾਅਦ ਗੁਰੂ ਸਾਹਿਬ ਇਕ ਨਵੇਂ ਮਨੁੱਖ ਅਤੇ ਸਮਾਜ ਦੇ ਵਿਕਾਸ ਦੀ ਜੋ ਸਟਰੈਟਿਜੀ ਪੇਸ਼ ਕਰਦੇ ਹਨ ਉਹ ਹਰ ਯੁਗ ਲਈ ਨਹੀਂ, ਕੇਵਲ ਉਸ ਯੁਗ ਲਈ ਹੈ ਜਿਸ ਦੌਰਾਨ ਗੁਰੂ ਗ੍ਰੰਥ ਸਾਹਿਬ ਦੀ ਰਚਨਾ ਹੋਈ ਹੈ।''[50] ਇਸ ਤਰ੍ਹਾਂ ਲੇਖਕ ਗੁਰੂ ਗ੍ਰੰਥ ਸਾਹਿਬ ਦੀ ਵਿਧੀ ਨੂੰ ਮਧਯੁੱਗ ਦੇ ਮਨੁਖ ਲਈ ਤਾਂ ਠੀਕ ਦਸਦਾ ਹੈ ਪਰ ਇੱਕੀਵੀਂ ਸਦੀ ਦੇ ਮਨੁੱਖ ਲਈ ਇਹ ਵਿਧੀ ਨਹੀਂ ਵਰਤੀ ਜਾ ਸਕਦੀ। ਕਿਉਂਕਿ ਗੁਰੂ ਗ੍ਰੰਥ ਸਾਹਿਬ ਦਾ ਕੋਈ ਵੀ ਸਿਧਾਂਤ ਜਾ ਸਟਰੈਟਿਜੀ ਸਦੀਵ ਜਾਂ ਤਬਦੀਲੀ ਰਹਿਤ ਨਹੀਂ ਹੋ ਸਕਦੀ। ਲੇਖਕ ਨੇ ਸਮਾਜਕ ਵਿਕਾਸ ਦੀ ਸਟਰੈਟਿਜੀ ਵਿਚ ਅਖੰਡ ਪਾਠ ਦੀ ਰਵਾਇਤ ਖਤਮ ਕਰਨ ਤੇ ਕਕਾਰਾਂ ਦੀ ਚਿਹਨ ਮਹੱਤਤਾ ਸਮਝਣ ਦੀ ਗੱਲ ਕੀਤੀ।[51] ਇਸ ਤਰ੍ਹਾਂ ਹੀ ਔਰਤ ਦੀ ਆਜ਼ਾਦੀ ਦੀ ਗੱਲ ਕਰਦਿਆਂ ਗੁਰਬਾਣੀ ਵਿਚ ਫੈਲੋਸੈਂਟਰਿਜ਼ਮ ਦੇ ਝੁਕਾਅ ਸਾਫ ਦਿਖਣ ਦੀ ਗੱਲ ਕੀਤੀ।[52] ਰਾਜਨੀਤਿਕ ਵਿਚਾਰਧਾਰਾ ਵਿਚ ਗੁਰੂ ਗ੍ਰੰਥ ਸਾਹਿਬ ਵਿਚਲੇ ਮਨੁੱਖ ਨੂੰ ਗਰੀਬੀ ਦੇ ਅਹਿਸਾਸ

---

[49] ਉਹੀ, ਪੰਨਾ 3.

[50] ਉਹੀ, ਪੰਨਾ 4.

[51] ਉਹੀ, ਪੰਨਾ 18.

[52] ਉਹੀ, ਪੰਨਾ 24.

ਵਿਚ ਪਲਦਾ ਮਨੁੱਖ ਕਿਹਾ।[53] ਉਪਰੋਕਤ ਵਿਚਾਰਾਂ ਕਰਕੇ ਹੀ ਇਹ ਲੇਖ ਵਿਵਾਦ ਦਾ ਵਿਸ਼ਾ ਬਣ ਗਿਆ ਸੀ। ਇਸ ਲੇਖ ਦੇ ਜਿੱਥੇ ਕੁਝ ਹਿੱਸੇ ਨਾਲ ਸਿੱਖ ਸਮਾਜ ਦਾ ਇਕ ਵਰਗ ਸਹਿਮਤ ਨਹੀਂ ਸੀ, ਉੱਥੇ ਹੀ ਇਸ ਲੇਖ ਦੇ ਕੁਝ ਨੁਕਤੇ ਵਿਚਾਰਨ ਯੋਗ ਵੀ ਸਨ।

ਅਮਰਜੀਤ ਸਿੰਘ ਗਰੇਵਾਲ ਦੇ ਲੇਖ ਵਿਚਲੇ ਵਿਵਾਦਾਂ ਕਾਰਨ ਸਿੱਖ ਵਿਦਵਾਨਾਂ ਵਿਚ ਇਕ ਬਹਿਸ ਚੱਲ ਪਈ। ਇਸ ਬਹਿਸ ਵਿਚੋਂ ਹੀ ਇਕ ਕਿਤਾਬ ਗੁਰ ਪ੍ਰਸਾਦਿ ਭਰਮ ਕਾ ਨਾਸੁ ਸਾਹਮਣੇ ਆਈ। ਇਹ ਕਿਤਾਬ ਪ੍ਰਿਸੀਪਲ ਸੁਰਜੀਤ ਸਿੰਘ ਨੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਲੇਖਕਾਂ ਦੀ ਮਦਦ ਨਾਲ ਤਿਆਰ ਕਰਵਾਈ ਸੀ। ਇਸ ਕਿਤਾਬ ਨੇ ਸਿੱਖ ਅਧਿਐਨ ਵਿਚ ਅਮਰਜੀਤ ਗਰੇਵਾਲ ਨਾਲ ਸੰਵਾਦ ਨੂੰ ਅੱਗੇ ਤੋਰਿਆ। ਅਮਰਜੀਤ ਗਰੇਵਾਲ ਦੇ ਲੇਖ ਉੱਪਰ ਇਤਰਾਜ਼ ਕਰਦਿਆਂ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਨੇ ਕਿਹਾ ਕਿ ਇਸ ਲੇਖ ਵਿਚ ਪੰਥਕ ਰਹਿਤ ਮਰਿਯਾਦਾ ਅਤੇ ਰਹਿਤਨਾਮਿਆਂ ਨੂੰ ਬਦਲਣ ਦੀ ਉਕਸਾਹਟ ਪੈਦਾ ਕਰਨ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪ੍ਰਸੰਗਿਕਤਾ ਉੱਪਰ ਪ੍ਰਸ਼ਨ ਚਿੰਨ ਲਾਉਣ ਦਾ ਯਤਨ ਕੀਤਾ ਹੈ। ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਨੇ 17 ਮਈ 1994 ਈ. ਨੂੰ ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਪ੍ਰੋ. ਮਨਜੀਤ ਸਿੰਘ ਦੇ ਧਿਆਨ ਵਿਚ ਇਹ ਲੇਖ ਲਿਆਂਦਾ।[54] ਜਿਸ ਉੱਪਰ ਪੜਤਾਲੀਆ ਕਮੇਟੀ ਬੈਠੀ ਅਤੇ 16 ਜੂਨ 1994 ਈ. ਨੂੰ ਭਾਈ ਗੁਰਦਾਸ ਹਾਲ ਅੰਮ੍ਰਿਤਸਰ ਵਿਚ ਲੇਖਕ ਤੇ ਉਸਦੇ ਹਿਮਾਇਤੀਆਂ ਨੂੰ ਗੋਸਟਿ ਲਈ ਬੁਲਾਇਆ ਗਿਆ। ਅੱਠ ਘੰਟੇ ਦੀ ਭੱਖਵੀਂ ਬਹਿਸ ਬਾਅਦ ਸਿੰਘ ਸਾਹਿਬ ਨੇ ਇਸ ਲੇਖ ਨੂੰ ਗੁਰਮਤਿ ਵਿਰੋਧੀ ਕਰਾਰ ਦਿੰਦਿਆਂ ਇਸ ਉੱਪਰ ਪਾਬੰਦੀ ਲਾ ਦਿਤੀ ਸੀ।[55] ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੀ ਹਿਮਾਇਤ ਤੇ ਬਹੁਤ ਸਾਰੇ ਸਿੱਖ ਲੇਖਕ ਹੱਕ ਵਿੱਚ ਆ ਗਏ। ਡਾ. ਖੜਕ ਸਿੰਘ ਨੇ ਕਿਹਾ ਕਿ ਅਮਰਜੀਤ ਗਰੇਵਾਲ ਦੇ ਇਸ ਲੇਖ ਪਿਛੇ ਇਕ ਡੂੰਘੀ ਚਾਲ ਹੈ, ਜਿਸ ਨੂੰ ਕਮਿਊਨਿਸਟ ਪਿਛੋਕੜ ਵਾਲੇ ਤਥਾ ਕਥਿਤ ਸਿੱਖ ਵਿਦਵਾਨ ਅਮਲੀ ਜਾਮਾ ਪਹਿਨਾ ਰਹੇ ਹਨ।[56] ਅਕਾਲ ਤਖਤ ਸਾਹਿਬ ਵਲੋਂ ਇਸ ਲੇਖ ਨੂੰ ਘੋਖਣ ਲਈ ਤਿੰਨ ਮੈਂਬਰੀ ਕਮੇਟੀ ਬਣਾਈ ਗਈ ਜਿਸ ਵਿਚ ਡਾ. ਦਰਸ਼ਨ ਸਿੰਘ, ਡਾ. ਗੁਰਨਾਮ ਕੌਰ ਅਤੇ ਡਾ. ਕੁਲਵੰਤ ਸਿੰਘ ਸ਼ਾਮਲ ਕੀਤੇ ਗਏ।

---

[53] ਉਹੀ, ਪੰਨਾ 26.

[54] ਪ੍ਰਿੰਸੀਪਲ ਸੁਰਜੀਤ ਸਿੰਘ (ਸੰਪਾ.), ਗੁਰਪ੍ਰਸਾਦਿ ਭਰਮ ਕਾ ਨਾਸ, ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਲੁਧਿਆਣਾ, ਦਸੰਬਰ 1995, ਪੰਨਾ XI.

[55] ਉਹੀ, ਪੰਨਾ XV.

[56] ਉਹੀ, ਪੰਨਾ XXXIV.

ਪਹਿਲੀ ਰਿਪੋਰਟ ਡਾ. ਦਰਸ਼ਨ ਸਿੰਘ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ ਸੀ। ਉਹਨਾਂ ਅਨੁਸਾਰ ਇਹ ਸਾਈਕਲ ਦੇ ਪਹੀਏ ਨਾਲ ਕਾਰ ਚਲਾਉਣ ਦਾ ਯਤਨ ਹੈ। ਇਹ ਮਨ ਲੈਣਾ ਚਾਹੀਦਾ ਹੈ ਕਿ ਸਮਾਜ ਦੀ ਪ੍ਰਗਤੀ ਪ੍ਰਤੀ ਮਾਰਕਸਵਾਦੀ ਪਹੁੰਚ ਅਤੇ ਗੁਰਬਾਣੀ ਦੀ ਪਹੁੰਚ ਦੋ ਵਖਰੀਆਂ ਪਹੁੰਚਾਂ ਹਨ।[57] ਡਾ. ਗੁਰਨਾਮ ਕੌਰ ਅਨੁਸਾਰ ਇਹ ਇਕ ਬਹੁਤ ਗੰਭੀਰ ਅਤੇ ਬਰੀਕ ਬੁੱਧੀ ਨਾਲ ਲਿਖਿਆ ਦਾਰਸ਼ਨਿਕ ਲੇਖ ਹੈ। ਲੇਖਿਕਾ ਅਨੁਸਾਰ ਇਹੋ ਜਿਹੇ ਖੋਜ ਪੱਤਰ ਅਕਾਦਮਿਕ ਸੇਧ ਲਈ ਜ਼ਰੂਰੀ ਹਨ।[58] ਡਾ. ਕੁਲਵੰਤ ਸਿੰਘ ਅਨੁਸਾਰ ਇਸ ਲੇਖ ਵਿਚ ਕੁਝ ਸੰਕੀਰਣ ਵਿਚਾਰ ਪੇਸ਼ ਕੀਤੇ ਗਏ ਹਨ ਪਰ ਲੇਖਕ ਦਾ ਗੁਰਮਤਿ ਵਿਰੋਧੀ ਆਸ਼ਾ ਨਹੀਂ ਕਿਹਾ ਜਾ ਸਕਦਾ। ਗਿ. ਭਗਤ ਸਿੰਘ ਅਨੁਸਾਰ ਇਸ ਲੇਖ ਵਿਚ ਗੁਰਮਤਿ ਸਿਧਾਂਤਾਂ ਵਿਰੁਧ 80 ਦੇ ਕਰੀਬ ਉਲਟ ਪੁਲਟ ਨੁਕਤੇ ਹਨ।[59]

ਇਸ ਲੇਖ ਉੱਪਰ ਚੱਲੇ ਧਾਰਮਕ-ਰਾਜਨੀਤਿਕ ਵਿਵਾਦ ਦਾ ਸਭਿਆਚਾਰਕ-ਇਤਿਹਾਸਕ ਵਿਸ਼ਲੇਸ਼ਣ ਇਸ ਤੋਂ ਬਾਅਦ ਵਾਲੀ ਮੁਹਿੰਦਰਜੀਤ ਸਿੰਘ ਵਲੋਂ ਸੰਪਾਦਿਤ ਕਿਤਾਬ ਅਰਥਾਂ ਦੀ ਰਾਜਨੀਤੀ ਵਿਚ ਸਾਹਮਣੇ ਆਉਂਦਾ ਹੈ। ਡਾ. ਅਮਰਜੀਤ ਸਿੰਘ ਗਰੇਵਾਲ ਦੇ ਬਚਾਅ ਪੱਖ ਵਿਚ ਖੜ੍ਹੇ ਵਿਦਵਾਨਾਂ ਨੇ ਆਪਣੀਆਂ ਲਿਖਤਾਂ ਰਾਹੀ ਲੇਖਕ ਦੀ ਲਿਖਤ ਦੀ ਮਹੱਤਤਾ ਨੂੰ ਸਾਹਮਣੇ ਲਿਆਂਦਾ ਤੇ ਆਪਣੇ ਪ੍ਰਤੀਕਰਮ ਜ਼ਾਹਿਰ ਕੀਤੇ। ਡਾ. ਜਸਬੀਰ ਸਿੰਘ ਆਹਲੂਵਾਲੀਆ ਨੇ ਕਿਹਾ ਕਿ 'ਵਿਸਮਾਦ ਨਾਦ' ਵਿਚ ਛਪੇ ਲੇਖ ਤੇ ਵਿਵਾਦ ਖੜ੍ਹਾ ਕਰਕੇ ਬਹੁਤ ਹੀ ਗਲਤ ਪ੍ਰੰਪਰਾ ਸਥਾਪਿਤ ਕੀਤੀ ਜਾ ਰਹੀ ਹੈ।[60] ਡਾ. ਜਸਬੀਰ ਸਿੰਘ ਆਹਲੂਵਾਲੀਆ ਦਾ ਕਹਿਣਾ ਸੀ ਕਿ ਡਾ. ਗਰੇਵਾਲ ਦਾ ਇਹ ਸਵਾਲ ਕਿ ਕੀ ਮੱਧਯੁਗ ਦੀ ਇਹ ਮਹਾਨ ਰਚਨਾ 21ਵੀਂ ਸਦੀ ਦੇ ਜੀਵਨ ਨੂੰ ਸੇਧ ਦੇਣ ਦੇ ਯੋਗ ਹੈ, ਸਿਰਫ਼ ਮਾਮਲੇ ਦੇ ਤਾਰਕਿਕ ਨਿਪਟਾਰੇ ਲਈ ਭੂਮਿਕਾ ਤਿਆਰ ਕਰਨ ਵਾਸਤੇ ਹੀ ਹੈ। ਉਹਨਾਂ ਕਿਹਾ ਕਿ ਖੁਦ ਪ੍ਰੋ. ਗਰੇਵਾਲ ਨੇ ਆਪਣੇ ਸਾਰੇ ਥੀਸੀਜ਼ ਵਿਚ 21ਵੀਂ ਸਦੀ ਲਈ ਗੁਰੂ ਗ੍ਰੰਥ ਸਾਹਿਬ ਦੀ ਅਹਿਮੀਅਤ ਨੂੰ ਅਕਾਟਵੇਂ ਢੰਗ ਨਾਲ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਹੈ।[61] ਡਾ. ਗੁਰਭਗਤ ਸਿੰਘ ਨੇ ਲੇਖਕ ਦੀਆਂ ਸੀਮਾਵਾਂ ਵਰਤੇ ਗਏ ਅਣਗੰਭੀਰ ਸ਼ਬਦਾਂ ਤੋਂ ਸੁਚੇਤ ਕਰਦਿਆਂ ਅਮਰਜੀਤ ਗਰੇਵਾਲ ਦੀ ਲਿਖਤ ਨੂੰ

---

57 ਉਹੀ, ਪੰਨਾ XXXVI.

58 ਉਹੀ, ਪੰਨਾ XXXVIII.

59 ਉਹੀ, ਪੰਨਾ 89.

60 ਮੁਹਿੰਦਰਜੀਤ ਸਿੰਘ, (ਸੰਪਾ.), ਅਰਥਾਂ ਦੀ ਰਾਜਨੀਤੀ, ਸਿਮਰਨ ਪਬਲੀਕੇਸ਼ਨ, ਲੁਧਿਆਣਾ, ਮਿਤੀਹੀਣ, ਪੰਨਾ 60.

61 ਉਹੀ।

ਸਿੱਖ ਪਾਠਾਂ ਅਤੇ ਸਭਿਆਚਾਰ ਦੀ ਵਿਆਖਿਆ ਦੇ ਇਤਿਹਾਸ ਵਿਚ ਇਕ ਮਹੱਤਵਪੂਰਨ ਦੇਣ ਮੰਨਿਆ ਹੈ। ਉਸ ਅਨੁਸਾਰ ਸਿੱਖ ਜਗਤ ਇਸ ਲੇਖ ਲਈ ਅਮਰਜੀਤ ਗਰੇਵਾਲ ਦਾ ਰਿਣੀ ਰਹੇਗਾ।[62] ਅਮਰਜੀਤ ਗਰੇਵਾਲ ਦੇ ਲੇਖ ਬਾਰੇ ਕਿਹਾ ਜਾ ਸਕਦਾ ਹੈ ਕਿ ਇਸ ਲੇਖ ਵਿਚ ਕੁਝ ਉਕਾਈਆਂ ਦੇ ਨਾਲ-ਨਾਲ ਗੰਭੀਰ ਮੌਲਿਕ ਖੂਬੀਆਂ ਵੀ ਹਨ। ਇਸ ਲੇਖ ਉੱਪਰ ਲੰਬੀ ਬਹਿਸ ਤੇ ਵਾਦ-ਵਿਵਾਦ ਤੋਂ ਬਾਅਦ ਗੁਰਮਤਿ-ਪ੍ਰਣਾਲੀਆਂ ਦੇ ਇਤਿਹਾਸ ਵਿਚ ਉਤਰ-ਆਧੁਨਿਕਤਾ ਦੇ ਪ੍ਰਵੇਸ਼ ਦਾ ਰੁਝਾਨ ਸ਼ੁਰੂ ਹੁੰਦਾ ਹੈ।

ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਤੀਸਰੇ ਅਧਿਆਇ (ਭਾਗ ਅ) ਵਿਚ ਸਿੱਖ ਅਧਿਐਨ ਨਾਲ ਸੰਬੰਧਿਤ ਉਹ ਸਾਹਿਤ ਲਿਆ ਗਿਆ ਹੈ ਜੋ ਕਿਸੇ ਲਿਖਤ ਵਿਚੋਂ ਨਿਕਲੀ ਕਿਰਿਆ ਪ੍ਰਤੀਕਿਰਿਆ ਨਾਲ ਸੰਬੰਧਤ ਹੈ। ਵੀਹਵੀਂ ਸਦੀ ਦੇ ਸ਼ੁਰੂ ਵਿਚ 'ਸਿੱਖ ਹਿੰਦੂ ਨਹੀਂ' ਸੰਵਾਦ ਚਲ ਰਿਹਾ ਸੀ ਜਿਸਨੇ ਇਕ ਰੁਝਾਨ ਸ਼ੁਰੂ ਕੀਤਾ। ਜਿਸ ਵਿਚੋਂ 'ਹਮ ਹਿੰਦੂ ਨਹੀਂ' ਅਤੇ ਸਿੱਖ ਹਿੰਦੂ ਹਨ ਨਾਲ ਸੰਬੰਧਤ ਸਾਹਿਤ ਸਾਹਮਣੇ ਆਇਆ। ਇਹ ਸਾਹਿਤ ਵਿਭਿੰਨ ਵਿਚਾਰਾਂ ਵਿਚ ਪ੍ਰਤੀਕਿਰਿਆ ਸੀ। ਵੀਹਵੀਂ ਸਦੀ ਦੇ ਦੂਜੇ ਦਹਾਕੇ ਵਿਚ ਗੁਰੂ ਨਾਨਕ ਸਾਹਿਬ ਦੀ ਜਨਮ-ਮਿਤੀ ਕੱਤਕ ਕਿ ਵਿਸਾਖ ਬਾਰੇ ਸਾਹਿਤ ਵੀ ਸਾਹਮਣੇ ਆਇਆ। ਇਸ ਵਿਚੋਂ ਹੀ ਕਰਮ ਸਿੰਘ ਹਿਸਟੋਰੀਅਨ ਦੀ ਲਿਖੀ ਕਿਤਾਬ ਕਤਕ ਕਿ ਵਿਸਾਖ ਦੇ ਆਧਾਰ 'ਤੇ ਵਿਸਾਖ ਜਨਮ ਮਿਤੀ ਲਿਖਣ ਦਾ ਰੁਝਾਨ ਆਰੰਭ ਹੋਇਆ। ਗੁਰੂ ਨਾਨਕ ਸਾਹਿਬ ਦੀ ਕ੍ਰਾਂਤੀਕਾਰੀ, ਇਨਕਲਾਬੀ ਅਤੇ ਸੁਧਾਰਵਾਦੀ ਸ਼ਖ਼ਸੀਅਤ ਉੱਪਰ ਵੀ ਵੱਖ-ਵੱਖ ਪੱਖਾਂ ਤੋਂ ਪ੍ਰਤੀਕਿਰਿਆਤਮਕ ਸਾਹਿਤ ਮਿਲਦਾ ਹੈ। ਗੁਰੂ ਗ੍ਰੰਥ ਸਾਹਿਬ ਦੇ ਸੰਕਲਨ ਅਤੇ ਸੰਪਾਦਨ ਬਾਰੇ ਵੀਹਵੀਂ ਸਦੀ ਵਿਚ ਬਹੁਤ ਸਾਹਿਤ ਲਿਖਿਆ ਮਿਲਦਾ ਹੈ। ਇਸ ਦੀ ਸ਼ੁਰੂਆਤ ਭਸੌੜ ਸਿੰਘ ਸਭਾ ਨੇ ਭਗਤ ਬਾਣੀ ਦੇ ਵਿਰੋਧ ਵਿਚ ਸਾਹਿਤ ਲਿਖ ਕੇ ਕੀਤੀ। ਉਨ੍ਹਾਂ ਦੇ ਸ਼ੰਕਿਆਂ ਦੀ ਨਿਵਰਤੀ ਲਈ ਪ੍ਰੋ. ਸਾਹਿਬ ਸਿੰਘ ਨੇ ਗੁਰੂ ਗ੍ਰੰਥ ਸਾਹਿਬ ਦਰਪਣ ਵਿਚ ਜਵਾਬ ਦਿੱਤੇ। ਉਸਦੀ ਕਿਤਾਬ ਆਦਿ ਬੀੜ ਬਾਰੇ ਗੁਰੂ ਗ੍ਰੰਥ ਸਾਹਿਬ ਦੇ ਸੰਕਲਨ ਬਾਰੇ ਹੀ ਹੈ। ਭਸੌੜ ਸਭਾ ਨੇ ਭਗਤ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਦਾ ਹਿੱਸਾ ਮੰਨਣ ਤੋਂ ਇਨਕਾਰ ਕੀਤਾ ਤਾਂ ਪ੍ਰੋ. ਸਾਹਿਬ ਸਿੰਘ ਨੇ ਗੁਰਬਾਣੀ ਅਤੇ ਭਗਤ ਬਾਣੀ ਦੇ ਬਹੁਤ ਸਾਰੇ ਸ਼ਬਦਾਂ ਨੂੰ ਇਕ ਦੂਜੇ ਨਾਲ ਮੇਲ ਕੇ ਸਿੱਧ ਕੀਤਾ ਕਿ ਜਦ ਗੁਰੂ ਸਾਹਿਬਾਨ ਬਾਣੀ ਰਚ ਰਹੇ ਸਨ ਤਾਂ ਭਗਤਾਂ ਦੇ ਇਹ-ਇਹ ਸ਼ਬਦ ਉਨ੍ਹਾਂ ਦੇ ਸਾਹਮਣੇ ਸਨ। ਪ੍ਰੋ. ਸਾਹਿਬ ਸਿੰਘ ਦੀ ਇਸ ਧਾਰਨਾ ਵਿਰੁੱਧ ਗਿ. ਗੁਰਦਿਤ ਸਿੰਘ

[62] ਉਹੀ, ਪੰਨਾ 197.

ਨੇ ਪ੍ਰਤੀਕਿਰਿਆ ਕਰਕੇ ਇਤਿਹਾਸਕ ਤੌਰ ਤੇ ਸਾਰੇ ਭਗਤਾਂ ਨੂੰ ਪੰਦਰਵੀਂ ਸਦੀ ਤੋਂ ਬਾਅਦ ਦੇ ਸਿੱਧ ਕੀਤਾ। ਇਸ ਤਰ੍ਹਾਂ ਗਿ. ਗੁਰਦਿੱਤ ਸਿੰਘ ਦੇ ਵਿਰੋਧ ਵਿਚ ਵੀ ਪ੍ਰਤੀਕਿਰਿਆਤਮਿਕ ਸਾਹਿਤ ਹੋਂਦ ਵਿਚ ਆਇਆ। ਇਸ ਵਿਸ਼ੇ ਉੱਪਰ ਸ਼ੁਰੂ ਹੋਇਆ ਰੁਝਾਨ ਵਰਤਮਾਨ ਸਮੇਂ ਤੱਕ ਵੀ ਜਾਰੀ ਹੈ।

ਗੁਰੂ ਗ੍ਰੰਥ ਸਾਹਿਬ ਦੀਆਂ ਹੱਥ ਲਿਖਤ ਬੀੜਾਂ ਦੀ ਪ੍ਰਮਾਣਿਕਤਾ ਅਤੇ ਪਾਠ-ਭੇਦਾਂ ਉੱਪਰ ਵੀ ਵੀਹਵੀਂ ਸਦੀ ਵਿਚ ਲੰਮਾ ਵਿਵਾਦ ਚੱਲਿਆ। ਇਸ ਵਿਸ਼ੇ ਉੱਪਰ ਪੈਦਾ ਹੋਏ ਪ੍ਰਤੀਕਿਰਿਆਤਮਿਕ ਸਾਹਿਤ ਨੇ ਲੇਖਕਾਂ ਨੂੰ ਤਿੰਨ ਹਿੱਸਿਆਂ ਵਿਚ ਵੰਡ ਦਿੱਤਾ। ਇਕ ਹਿੱਸਾ ਕਰਤਾਰਪੁਰੀ ਬੀੜ ਦੀ ਹੱਥ ਲਿਖਤ ਨੂੰ, ਦੂਸਰਾ ਹਿੱਸਾ ਦਮਦਮੀ ਬੀੜ ਦੀ ਹੱਥ ਲਿਖਤ ਨੂੰ ਅਤੇ ਤੀਸਰਾ ਹਿੱਸਾ ਖਾਰੀ ਬੀੜ ਨੂੰ ਪ੍ਰਮਾਣਿਕ ਮੰਨਣ ਲੱਗਾ। ਇਸ ਨਾਲ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਭੇਦਾਂ, ਹੱਥ ਲਿਖਤ ਬੀੜਾਂ ਦੀ ਕਿਸੇ ਇਕ ਪ੍ਰਤੀ ਨੂੰ ਪ੍ਰਮਾਣਿਕ ਮੰਨਣ ਦਾ ਵਿਵਾਦ ਸ਼ੁਰੂ ਹੋ ਗਿਆ।

ਵੀਹਵੀਂ ਸਦੀ ਦੇ ਆਖਰੀ ਦਹਾਕੇ ਵਿਚ ਡਾ. ਅਮਰਜੀਤ ਸਿੰਘ ਗਰੇਵਾਲ ਵੱਲੋਂ ਇੱਕਵੀਂ ਸਦੀ ਵਿਚ ਗੁਰੂ ਗ੍ਰੰਥ ਸਾਹਿਬ ਦੀ ਪ੍ਰਸੰਗਕਿਤਾ ਬਾਰੇ ਲਿਖੇ ਲੇਖ ਦੀ ਪ੍ਰਤੀਕਿਰਿਆ ਵਿਚ ਵੀ ਸਾਹਿਤ ਸਾਹਮਣੇ ਆਉਂਦਾ ਹੈ। ਲੇਖਕ ਨੇ ਗੁਰੂ ਗ੍ਰੰਥ ਸਾਹਿਬ ਦਾ ਸਿਧਾਂਤਕ ਮਾਡਲ ਉਸਾਰਨ ਦੀ ਗੱਲ ਕੀਤੀ ਕਿ ਇਹ ਮਾਡਲ, ਹਰ ਸਦੀ ਵਿਚ ਵੱਖਰਾ-ਵੱਖਰਾ ਹੋਣਾ ਚਾਹੀਦਾ ਹੈ। ਕੀ ਮੱਧਕਾਲ ਵਿਚ ਰਚੀ ਬਾਣੀ ਦੁਆਰਾ ਇੱਕੀਵੀਂ ਸਦੀ ਦੇ ਮਨੁੱਖ ਲਈ ਸਾਰਥਿਕ ਹੈ? ਲੇਖਕ ਨੇ ਸੁਆਲ ਉਠਾਇਆ। ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਨੇ ਇਸ ਲੇਖ ਦੀ ਆਲੋਚਨਾ ਕੀਤੀ ਤੇ ਇਸ ਦੀ ਪ੍ਰਤੀਕਿਰਿਆ ਵਿਚ ਗੁਰ ਪ੍ਰਸਾਦਿ ਭਰਮ ਕਾ ਨਾਸ ਸਿਰਲੇਖ ਹੇਠ ਕਿਤਾਬ ਲਿਖੀ। ਇਸ ਕਿਤਾਬ ਵਿਚ ਸਿੱਖ ਨਜ਼ਰੀਏ ਤੋਂ ਡਾ. ਗਰੇਵਾਲ ਦੁਆਰਾ ਉੱਠਾਏ ਸਵਾਲਾਂ ਨੂੰ ਪ੍ਰਸ਼ਨ ਦੇ ਘੇਰੇ ਵਿਚ ਲਿਆਂਦਾ ਗਿਆ। ਪਰ ਡਾ. ਗਰੇਵਾਲ ਦੇ ਲੇਖ ਨੇ ਵਿਸ਼ਵ ਵਿਚ ਚੱਲ ਰਹੀਆਂ ਸਾਹਿਤਕ ਵਿਧੀਆਂ, ਅਨੁਸ਼ਾਸਨਾਂ ਅਤੇ ਵਾਦਾਂ ਨੂੰ ਸਾਹਮਣੇ ਰੱਖ ਕੇ ਗੁਰਬਾਣੀ ਵਿਆਖਿਆਕਾਰੀ ਦਾ ਰੁਝਾਨ ਸ਼ੁਰੂ ਕਰ ਦਿੱਤਾ ਜੋ ਇਕੀਵੀਂ ਸਦੀ ਵਿਚ ਬਹੁਤ ਪ੍ਰਚਲਤ ਹੋਇਆ। ਵੀਹਵੀਂ ਸਦੀ ਦੇ ਪ੍ਰਤੀਕਿਰਿਆਤਮਕ ਸਾਹਿਤ ਨੇ ਇਕੀਵੀਂ ਸਦੀ ਦੇ ਸਿੱਖ ਅਧਿਐਨ ਨੂੰ ਬਹੁਤ ਸਾਰੀਆਂ ਸੀਮਾਵਾਂ ਤੋਂ ਵਾਕਿਫ਼ ਕਰਾਇਆ ਅਤੇ ਨਵੀਆਂ ਸੇਧਾਂ ਦਿੱਤੀਆਂ।

# ਅਧਿਆਇ ਚੌਥਾ
# ਆਲੋਚਨਾਤਮਿਕ ਸਾਹਿਤ

## ਭਾਗ-ੳ : ਸੰਪਰਦਾਇਕ ਸਾਹਿਤ

ਭਾਰਤੀ ਸਮਾਜ ਬਹੁਤ ਸਾਰੇ ਫਿਰਕਿਆਂ ਵਿਚ ਵੰਡਿਆ ਹੋਇਆ ਹੈ, ਜਿਨ੍ਹਾਂ ਦੇ ਹਿੱਤ ਨਾ ਸਿਰਫ ਅਲੱਗ-ਅਲੱਗ ਹਨ ਸਗੋਂ ਇਕ ਦੂਜੇ ਦੇ ਵਿਰੋਧੀ ਵੀ ਹਨ। ਇਹ ਵਿਭਿੰਨਤਾ ਅਲੱਗ-ਅਲੱਗ ਧਰਮਾਂ, ਕੌਮਾਂ, ਸਭਿਆਚਾਰਾਂ ਵਿਚ ਹੀ ਨਹੀਂ ਸਗੋਂ ਕਿਸੇ ਇਕ ਧਰਮ ਕੌਮ ਅਤੇ ਸਭਿਆਚਾਰ ਵਿਚ ਵੀ ਪਾਈ ਜਾਂਦੀ ਹੈ। ਇਹ ਸਭ ਹੀ ਸੰਪਰਦਾਇਕਤਾ ਦਾ ਆਧਾਰ ਹੈ। ਬਿਪਨ ਚੰਦਰ ਅਨੁਸਾਰ, ''ਸੰਪਰਦਾਇਕਤਾ ਅਸਲ ਵਿਚ ਇਕ ਸਿਧਾਂਤ ਹੈ। ਸਿਧਾਂਤ ਤੋਂ ਮੇਰਾ ਭਾਵ ਹੈ ਇਕ ਅਜਿਹੇ ਵਿਸ਼ਵਾਸ ਤੰਤਰ ਜਾਂ ਇੱਕ ਦੂਸਰੇ ਉੱਪਰ ਟਿਕੀਆਂ ਹੋਈਆਂ ਧਾਰਨਾਵਾਂ ਦਾ ਅਜਿਹਾ ਜਾਲ ਜਿਸ ਦੀਆਂ ਐਨਕਾਂ ਵਿਚੋਂ ਸਮਾਜ ਅਤੇ ਸਮਾਜ-ਨੀਤੀ ਨੂੰ ਵੇਖਿਆ ਅਤੇ ਪਰਖਿਆ ਜਾਂਦਾ ਹੈ।''[1]

ਇੱਥੇ ਸੰਪਰਦਾਇਕ ਸਾਹਿਤ ਤੋਂ ਭਾਵ ਉਸ ਸਹਿਤ ਤੋਂ ਹੈ, ਜੋ ਕਿਸੇ ਸੰਪਰਦਾ, ਸਭਾ ਜਾਂ ਕਿਸੇ ਖਾਸ ਵਿਚਾਰਧਾਰਾ ਨਾਲ ਸੰਬੰਧਤ ਹੁੰਦਾ ਹੈ। ਉਕਤ ਸੰਪਰਦਾ ਜਾਂ ਸਭਾ ਦੇ ਅਨੁਯਾਈ ਆਪਣੇ ਧਰਮ ਦੀ ਆਪਣੇ ਨਿੱਜੀ ਵਿਚਾਰਾਂ ਅਨੁਸਾਰ ਉੱਚਤਾ ਦਰਸਾਉਣ ਲਈ ਆਪਣੇ ਹੀ ਧਰਮ ਅੰਦਰ ਸੋਧਵਾਦੀ ਪੱਧਰ ਤੱਕ ਵਿਆਖਿਆਕਾਰੀ ਤੇ ਇਤਿਹਾਸਕਾਰੀ ਨੂੰ ਪੇਸ਼ ਕਰਨ ਅਤੇ ਦੂਸਰੇ ਧਰਮਾਂ ਨਾਲ ਤੁਲਨਾ ਕਰਕੇ ਆਪਣੇ ਧਰਮ ਨੂੰ ਉਹਨਾਂ ਤੋਂ ਬਿਹਤਰ ਦੱਸਣ ਵਿਚੋਂ ਪੈਦਾ ਹੁੰਦਾ ਹੈ।

ਸਿੰਘ ਸਭਾ ਲਹਿਰ ਇਕ ਸੁਧਾਰਵਾਦੀ ਲਹਿਰ ਸੀ। ਇਸ ਲਹਿਰ ਵਿਚੋਂ ਹੀ ਪੰਚ ਖ਼ਾਲਸਾ ਦੀਵਾਨ ਭਸੌੜ ਨਾਮ ਦੀ ਇਕ ਸੰਸਥਾ (Organization) ਪੈਦਾ ਹੋਈ। ਇਹ ਲਹਿਰ ਸੋਧਵਾਦੀ ਵਿਆਖਿਆ ਪ੍ਰਸਤੁਤ ਕਰਨ ਲੱਗ ਪਈ ਸੀ। ਇਸ ਲਹਿਰ ਨੇ ਸੰਪਰਦਾਇਕਤਾ ਦੀ ਹੱਦ ਤੱਕ ਜਾ ਕੇ ਕੰਮ ਕੀਤਾ ਸੀ। ਖ਼ਾਲਸਾ ਦੀਵਾਨ ਲਾਹੌਰ ਦੀਆਂ ਡਿੱਗੀਆਂ ਕੰਧਾਂ ਉੱਪਰ ਚੀਫ਼ ਖ਼ਾਲਸਾ ਦੀਵਾਨ ਦੀ ਨੀਂਹ ਰੱਖੀ ਗਈ। ਡਾ. ਤੇਜਵੰਤ ਸਿੰਘ ਮਾਨ ਅਨੁਸਾਰ ''ਬਾਬੂ ਤੇਜਾ ਸਿਘ ਭਸੌੜ ਨੇ ਦੀਵਾਨ ਦਾ ਆਰੰਭਕ ਅਰਦਾਸਾ ਸੋਧਿਆ। ਭਾਈ ਅਰਜਨ ਸਿੰਘ

---

[1] ਬਿਪਨ ਚੰਦਰ, ਸੰਪਰਦਾਇਕਤਾ ਇਕ ਜਾਣ ਪਛਾਣ, (ਅਨੁ.) ਅਮਰਜੀਤ ਕੌਂਕੇ, ਨੈਸ਼ਨਲ ਬੁਕ ਟਰੱਸਟ, ਇੰਡੀਆ, 2010, ਪੰਨਾ 17

ਬਾਗੜੀਆਂ ਇਸ ਦੇ ਪ੍ਰਧਾਨ ਅਤੇ ਸੁੰਦਰ ਸਿੰਘ ਮਜੀਠੀਆ ਇਸ ਦੀਵਾਨ ਦੇ ਪਹਿਲੇ ਸਕੱਤਰ ਬਣੇ। 9 ਜੁਲਾਈ 1904 ਈ. ਨੂੰ ਇਹ ਦੀਵਾਨ ਰਜਿਸਟਰਡ ਕਰਵਾਇਆ ਗਿਆ।''[2] ਪੰਚ ਖ਼ਾਲਸਾ ਦੀਵਾਨ ਭਸੌੜ ਦਾ ਮੁੱਖ ਮਨੋਰਥ ਗੁਰਬਾਣੀ ਦੀ ਕਸਵੱਟੀ ਨਾਲ ਸਿੱਖ ਸਾਹਿਤ ਨੂੰ ਪਰਖ ਕੇ ਨਵੀਨ ਚੇਤਨਤਾ ਅਤੇ ਵਿਗਿਆਨਕ ਢੰਗ ਨਾਲ ਪ੍ਰਚਾਰਨਾ ਸੀ। ਇਸ ਉਦੇਸ਼ ਨੂੰ ਮੁਖ ਰੱਖ ਕੇ ਪੰਚ ਖ਼ਾਲਸਾ ਦੀਵਾਨ ਨੇ ਸਿੱਖ ਇਤਿਹਾਸ, ਸਾਹਿਤ ਤੇ ਗੁਰਬਾਣੀ ਵਿਆਖਿਆ ਦੀ ਪੜਚੋਲ ਨਵੇਂ ਸਿਰੇ ਤੋਂ ਆਰੰਭੀ। ਇਸ ਅਧਿਐਨ ਨਾਲ ਵੀਹਵੀਂ ਸਦੀ ਦੇ ਸ਼ੁਰੂ ਵਿਚ ਇਹ ਸੰਸਥਾ 'ਚਿੰਤਨ ਦੇ ਸਕੂਲ' ਵਜੋਂ ਸਾਹਮਣੇ ਆਈ। ਇਹਨਾਂ ਦੀ ਵਿਚਾਰਧਾਰਾ ਦਾ ਸਿੱਖਾਂ ਦੀ ਮੁਖ ਧਾਰਾ ਵੱਲੋਂ ਬਹੁਤ ਵਿਰੋਧ ਕੀਤਾ ਗਿਆ। ਇਹਨਾਂ ਵੱਲੋਂ ਉੱਠਾਏ ਗਏ ਨੁਕਤਿਆਂ ਨਾਲ ਸਹਿਮਤ ਹੋਣਾ ਜਾਂ ਨਾ ਹੋਣਾ ਇਕ ਵਖਰਾ ਪ੍ਰਸ਼ਨ ਹੈ, ਪਰ ਇਸ ਲਹਿਰ ਨਾਲ ਸਿੱਖ ਅਧਿਐਨ ਵਿਚ ਇਕ ਨਵਾਂ ਰੁਝਾਨ ਪੈਦਾ ਹੋ ਗਿਆ ਸੀ।

ਉਨ੍ਹੀਵੀਂ ਸਦੀ ਦੇ ਅਖ਼ੀਰ ਤੇ ਵੀਹਵੀਂ ਸਦੀ ਦੇ ਸ਼ੁਰੂ ਵਿਚ ਗੁਰੂ ਗ੍ਰੰਥ ਸਾਹਿਬ ਦੀ ਛਪਾਈ ਦਾ ਕੰਮ ਆਮ ਚੱਲ ਰਿਹਾ ਸੀ। ਇਹ ਛਪਾਈ ਜ਼ਿਆਦਾਤਰ ਵਪਾਰਕ ਦ੍ਰਿਸ਼ਟੀ ਤੋਂ ਸ਼ੁਰੂ ਹੋਈ ਸੀ। ਪਰ ਮੁਢਲੇ ਪ੍ਰਕਾਸ਼ਕਾਂ ਨੇ ਬਹੁਤ ਸਾਵਧਾਨੀਆਂ ਵਰਤ ਕੇ ਬੀੜ ਛਾਪੀ ਸੀ। ਹਰ ਪ੍ਰਕਾਸ਼ਕ ਦਾ ਦਾਅਵਾ ਸੀ ਕਿ ਉਸਨੇ ਕਰਤਾਰਪੁਰੀ ਬੀੜ ਨੂੰ ਆਧਾਰ ਬਣਾਇਆ ਹੈ। ਪਰ ਅੱਜ ਤੱਕ ਇਹ ਜਾਣਕਾਰੀ ਨਹੀਂ ਮਿਲਦੀ ਕਿ ਪ੍ਰਕਾਸ਼ਕਾਂ ਨੇ ਕਿਹੜੇ ਸਿੱਖ ਪ੍ਰਤੀਨਿਧ ਇਸ ਜ਼ਿੰਮੇਵਾਰੀ ਲਈ ਨਿਯਤ ਕੀਤੇ ਸਨ, ਜਿਨ੍ਹਾਂ ਨੇ ਇਹ ਕਾਰਜ ਸੰਪੂਰਨ ਕੀਤਾ ਸੀ। ਪੰਚ ਖ਼ਾਲਸਾ ਦੀਵਾਨ ਭਸੌੜ ਗੁਰੂ ਗ੍ਰੰਥ ਸਾਹਿਬ ਦੀ ਉਸ ਸਮੇਂ ਹੋ ਰਹੀ ਛਪਾਈ ਬਾਰੇ ਬੇਚੈਨ ਸੀ। ਪੰਚ ਖ਼ਾਲਸਾ ਦੀਵਾਨ ਭਸੌੜ ਦੇ 1919 ਈ. ਦੇ ਇਕ ਗੁਰਮਤੇ ਅਨੁਸਾਰ, ''ਜਦ ਹਿੰਦੂਆਂ ਦੇ ਵੇਦਾਂ, ਮੁਸਲਮਾਨਾਂ ਦੇ ਕੁਰਾਨ ਸ਼ਰੀਫ਼ ਅਤੇ ਈਸਾਈਆਂ ਦੀ ਇੰਜੀਲ ਆਦਿ ਦੀ ਛਪਾਈ ਵੱਲ ਵੇਖਦੇ ਹਾਂ ਤਾਂ ਉਨ੍ਹਾਂ ਦੀ ਛਪਾਈ ਦਾ ਪ੍ਰਬੰਧ ਉਨ੍ਹਾਂ ਦੀਆਂ ਆਪਣੀਆਂ ਧਾਰਮਿਕ ਸੁਸਾਇਟੀਆਂ ਦੇ ਪੂਰਨ ਅਧਿਕਾਰ ਵਿਚ ਹੈ, ਕਿ ਮਜ਼ਾਲ ਜੋ ਉਕਤ ਸੁਸਾਇਟੀਆਂ ਦੀ ਖ਼ਾਸ ਨਿਗਰਾਨੀ ਤੋਂ ਬਿਨਾਂ ਕੋਈ ਵੀ ਛਾਪ ਸਕੇ। ਨਾ ਇਹਨਾਂ ਮਜ਼ਹਬੀ ਪੁਸਤਕਾਂ ਨੂੰ ਦੁਕਾਨਦਾਰ ਕੇਵਲ ਨਫ਼ੇ ਦੇ ਖਿਆਲ ਨਾਲ ਛਾਪਦੇ ਦੇਖਦੇ ਹਨ, ਪ੍ਰੰਤੂ ਹਾਇ ਅਫ਼ਸੋਸ ਸਾਡੇ ਗੁਰੂ ਗ੍ਰੰਥ ਸਾਹਿਬ ਜੀ ਅਥਵਾ ਗੁਰਬਾਣੀ ਨੂੰ ਜੋ ਚਾਹੇ ਸੋ ਛਾਪਦਾ ਦਿਸਦਾ ਹੈ ਅਤੇ ਉਹਨਾਂ ਦੀ ਗਲਤ ਮਲਤ ਛਪਾਈ ਦੀ

2 ਤੇਜਵੰਤ ਸਿੰਘ ਮਾਨ, ਪੰਚ ਖ਼ਾਲਸਾ ਦੀਵਾਨ ਭਸੌੜ ਦੀ ਪੰਜਾਬੀ ਸਾਹਿਤ ਨੂੰ ਦੇਣ, ਲਿਟਰੇਚਰ ਹਾਊਸ, ਪੁਤਲੀ ਘਰ, ਅੰਮ੍ਰਿਤਸਰ, 1997, ਪੰਨਾ 65.

ਪਰਵਿਰਤੀ ਨੂੰ ਰੋਕਣ ਦਾ ਕੋਈ ਵੀ ਪ੍ਰਬੰਧ ਨਹੀਂ ਕੀਤਾ ਜਾਂਦਾ। ਬਾਹਲਾ ਕੀ ਆਖਣਾ ਹੈ ਕਈ ਕੁ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਤੁੱਕਾਂ ਦੀ ਤੁੱਕਾਂ ਹੀ ਗ਼ਲਤ ਛਪ ਚੁੱਕੀਆਂ ਹਨ ਅਤੇ ਸਬੂਤ ਵੀ ਹੋ ਚੁੱਕਾ ਹੈ; ਪ੍ਰੰਤੂ ਦੁਕਾਨਦਾਰੀ ਖਯਾਲ ਨਾਲ ਵਿਕਰੀ ਜਿਉਂ ਦੀ ਤਿਉਂ ਹੀ ਹੋ ਰਹੀ ਹੈ। ਅਨਮਤੀ ਮੁਸਲਮਾਨ ਆਦਿ ਗੁਰਬਾਣੀ ਦੀਆਂ ਪੁਸਤਕਾਂ ਰੱਦੀ ਅਤੇ ਨਿਕੰਮੇ ਕਾਗਜ਼ਾਂ ਉੱਪਰ ਅਸ਼ੁੱਧ ਛਾਪ ਕੇ ਸਸਤੇ ਭਾਉ ਵੇਚਦੇ ਹਨ ਉਨ੍ਹਾਂ ਦੀ ਰੋਕ-ਟੋਕ ਵੱਲ ਸਾਡਾ ਉੱਕਾ ਹੀ ਧਿਆਨ ਨਹੀਂ।''[3] ਪਰ ਭਸੌੜ ਸਿੰਘ ਸਭਾ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਦੀ ਪ੍ਰਮਾਣਿਕਤਾ ਤੇ ਸਵਾਲ ਉੱਠਾ ਕੇ ਸਿੱਖ ਪੰਥ ਦੇ ਵੱਡੇ ਹਿੱਸੇ ਨਾਲੋਂ ਆਪਣਾ ਨਾਤਾ ਤੋੜ ਲਿਆ। ਇਹ ਹਜ਼ੂਰੀ ਬੀੜ ਦੀ ਪ੍ਰਮਾਣਿਕਤਾ, ਗੁਰਬਾਣੀ ਤੋਂ ਬਿਨਾਂ ਕਿਸੇ ਹੋਰ ਭਗਤ ਭੱਟ ਜਾਂ ਵਿਅਕਤੀ ਦੀ ਬਾਣੀ ਦਾ ਵਿਰੋਧ ਅਤੇ ਦਸਮ ਗੁਰੂ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਕਰਨ ਬਾਰੇ ਸਿੰਘ ਸਭਾ ਭਸੌੜ ਵਾਲੇ ਬਹੁਤ ਦੇਰ ਤੱਕ ਜ਼ੋਰ ਲਾਉਂਦੇ ਰਹੇ। ਇਸ ਦੀਵਾਨ ਦਾ ਇਕ ਵਿਦਵਾਨ ਹੀਰਾ ਸਿੰਘ ਘੁਲਾਲ ਲਿਖਦਾ ਹੈ ਕਿ ''ਹਜ਼ੂਰੀ ਬੀੜ ਨੂੰ ਕਾਹਨ ਸਿੰਘ, ਭਾਈ ਵੀਰ ਸਿੰਘ, ਬਾਬੂ ਤੇਜਾ ਸਿੰਘ, ਗਿ. ਲਾਲ ਸਿੰਘ ਵਰਗੇ ਖੋਜ ਹਾਰੇ ਤੇ ਅੰਤ ਨਿਰਾਸ਼ ਹੋ ਕੇ ਜਗਤ ਤੋਂ ਚੱਲ ਬਸੇ। ਵਿਦਵਾਨੋਂ ਇਧਰ ਧਿਆਨ ਦੇਵੋ ਤੇ ਹਿੰਮਤ ਦਲੇਰੀ ਨਾਲ ਲੁਪਤ ਹਜ਼ੂਰੀ ਬੀੜ ਦੀ ਤਲਾਸ਼ ਕਰੋ। ਨਾ ਮਿਲਣ ਦੀ ਸੂਰਤ ਵਿਚ ਉਚੇਚੇ ਇਕੱਤ੍ਰ ਹੋ ਕੇ ਮੌਜੂਦਾ ਛਾਪੇ ਦੀ ਬੀੜ ਨੂੰ ਸੋਧੋ। ਦਸਮੇਸ਼ ਜੀ ਦੀ ਗੁਰਬਾਣੀ ਜੋ ਮੁਖਵਾਕ ਹੈ ਇਸ ਅੰਦਰ ਦਰਜ ਕਰਕੇ ਪ੍ਰਕਾਸ਼ ਕਰੋ।''[4] ਬਾਬੂ ਤੇਜਾ ਸਿੰਘ ਨੇ ਰਵਾਇਤ ਬਦਲਣ ਦਾ ਯਤਨ ਕੀਤਾ ਸੀ। ਉਸ ਨੇ ਵਾਹਿਗੁਰੂ ਪਦ ਨੂੰ ਵਾਹੁਗੁਰੂ ਅਤੇ ਕੜਾਹ ਪ੍ਰਸਾਦਿ ਨੂੰ ਮਹਾਂ ਪ੍ਰਸਾਦਿ ਵਿਚ ਤਬਦੀਲ ਕਰ ਦਿੱਤਾ ਸੀ।[5] ਲੇਖਕ ਨੇ ਦੀਵਾਨ ਵਿਚ ਗੁਰਮਤਾ ਪਾਸ ਕਰਵਾਇਆ ਅਤੇ ਪੁਰਾਣੇ ਸਿੱਖ ਅਰਦਾਸੇ ਨੂੰ ਬਦਲ ਕੇ 'ਪ੍ਰਿਥਮ ਸਤਿਨਾਮ ਸਿਮਰਕੈ' ਕਰ ਦਿੱਤਾ ਸੀ।[6] ਬਾਬੂ ਤੇਜਾ ਸਿੰਘ ਨੇ ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ ਨਾਂ ਹੇਠ ਇਕ ਕਿਤਾਬ ਪ੍ਰਕਾਸ਼ਿਤ ਕਰਵਾਈ। ਤੇਜਵੰਤ ਮਾਨ ਅਨੁਸਾਰ ''ਆਪ (ਤੇਜਾ ਸਿੰਘ) ਨੇ 1889 ਈ. ਤੋਂ 1930 ਈ. ਤੱਕ ਬੜੀ ਸਖਤ ਘਾਲਣਾ ਨਾਲ ਹਜ਼ੂਰੀ ਬੀੜ ਦੀ ਪਹਿਲੀ ਪੋਥੀ ਤਿਆਰ ਕੀਤੀ ਅਤੇ ਗੁਰਮਤ

---

3 ਉਧਰਿਤ, ਗੁਰਸ਼ਰਨਜੀਤ ਸਿੰਘ (ਡਾ.) ਅਜੋਕੇ ਪ੍ਰਸੰਗ ਵਿਚ ਗੁਰੂ ਗ੍ਰੰਥ ਸਾਹਿਬ ਪਰੰਪਰਾ ਅਤੇ ਇਤਿਹਾਸ, ਪੰਨੇ 56-57.

4 ਉਹੀ

5 ਤੇਜਵੰਤ ਸਿੰਘ ਮਾਨ, ਪੰਚ ਖ਼ਾਲਸਾ ਦੀਵਾਨ ਭਸੌੜ ਦੀ ਪੰਜਾਬੀ ਸਾਹਿਤ ਨੂੰ ਦੇਣ, ਪੰਨਾ 263.

6 ਉਹੀ, ਪੰਨੇ 263-264.

ਪ੍ਰੈਸ ਅੰਮ੍ਰਿਤਸਰ ਵਾਲਿਆਂ ਨੇ ਛਾਪਣੀ ਵੀ ਆਰੰਭੀ ਪਰ ਵਿਰੋਧੀਆਂ ਨੇ ਛਪਣ ਨਾ ਦਿਤੀ। ਇਸ ਬੀੜ ਦਾ ਪ੍ਰਕਾਸ਼ਨ ਬਾਅਦ ਵਿਚ ਗਿ. ਲਾਲ ਸਿੰਘ ਸੰਗਰੂਰ ਨੇ ਕੀਤਾ। ਗੁਰਬਾਣੀ ਦੇ ਪਾਠ ਦੀ ਸੁਖਾਲ ਲਈ ਗੁਰਬਾਣੀ ਦੀ ਪਦ ਵੰਡ ਦੀ ਬੀੜ ਛਾਪਣ ਦਾ ਪ੍ਰਬੰਧ ਕੀਤਾ ਗਿਆ ਪਰ ਇਹ ਛਪ ਨਾ ਸਕੀ।''[7] ਇਸ ਲੇਖਕ ਨੇ ਪੰਥ ਦੀ ਮੁਖ ਧਾਰਾ ਤੋਂ ਉਲਟ ਕਈ ਕੰਮ ਕੀਤੇ। ਤੇਜਵੰਤ ਮਾਨ ਅਨੁਸਾਰ 1916 ਈ. ਤੋਂ 1927 ਈ. ਤੱਕ ਸਖ਼ਤ ਮਿਹਨਤ ਨਾਲ ਗੁਰਮੁਖੀ ਕੋਰਸ ਖ਼ਾਲਸਾ ਕੁਆਰੀ ਕਾਲਜ ਦੀਆਂ ਲੜਕੀਆਂ ਲਈ ਛਪੇ। ਜਿਸ ਵਿਚ ਆਪ ਨੇ ਦਸਮ ਬਾਣੀ ਸ਼ਾਮਿਲ ਕਰਕੇ ਸੰਪੂਰਨ ਦਸ ਗੁਰੂ ਬਾਣੀ ਛਾਪੀ।[8] ਇਸ ਨਾਲ ਪੰਥ ਵਿਚ ਬੜਾ ਰੌਲਾ ਪਿਆ। ਇਸ ਲੇਖਕ ਨੇ ਹੀ ਪਹਿਲੀ ਵਾਰ ਭੱਟਾਂ ਦੀ ਬਾਣੀ ਨੂੰ ਆਲੋਚਨਾਤਮਕ ਅਤੇ ਇਤਿਹਾਸਿਕ ਦ੍ਰਿਸ਼ਟੀਕੋਣ ਤੋਂ ਪਰਖਿਆ ਅਤੇ ਇਸ ਬਾਣੀ ਅਤੇ ਹੋਰ ਭਗਤਾਂ ਦੀ ਬਾਣੀ ਨੂੰ ਗੁਰੂ ਬਾਣੀ ਤੋਂ ਅਲੱਗ ਦੂਜੇ ਦਰਜੇ ਦੀ ਬਾਣੀ ਕਿਹਾ।[9] ਇਸ ਸਭ ਨਾਲ ਸਿੱਖ ਅਧਿਐਨ ਵਿਚ ਗੁਰੂ ਗ੍ਰੰਥ ਸਾਹਿਬ ਪ੍ਰਤੀ, ਭਗਤ ਬਾਣੀ ਪ੍ਰਤੀ ਸ਼ਰਧਾ ਤੋਂ ਦੂਰ ਆਲੋਚਨਾਤਮਕ ਅਤੇ ਨਾਕਰਾਤਮਿਕ ਕਿਸਮ ਦਾ ਅਧਿਐਨ ਸ਼ੁਰੂ ਹੋ ਗਿਆ, ਜਿਸ ਨੇ ਗੁਰੂ ਗ੍ਰੰਥ ਸਾਹਿਬ ਦੀ ਪ੍ਰਮਾਣਿਕਤਾ ਉੱਪਰ ਸਵਾਲ ਉੱਠਾਏ। ਇਸ ਲੇਖਕ ਤੋਂ ਬਾਅਦ ਇਸ ਅਧਿਐਨ ਨਾਲ ਸੰਬੰਧਤ ਬਹੁਤ ਸਾਰਾ ਸਾਹਿਤ ਹੋਂਦ ਵਿਚ ਆਇਆ। ਇਸ ਵਿਚ ਆਦਿ ਗ੍ਰੰਥ ਦੀ ਬੀੜ ਬਾਰੇ ਵਾਦ ਵਿਵਾਦ, ਦਸਮ ਗ੍ਰੰਥ ਦਾ ਨਿਰਣਾ, ਰਾਗਮਾਲਾ ਦਾ ਝਗੜਾ, ਵਾਹਿਗੁਰੂ ਦੀ ਥਾਂ ਵਾਹੁਗੁਰੂ, ਭਗਉਤੀ ਸਿਮਰਨ ਦੀ ਵਿਰੋਧਤਾ, ਗੁਰਬਾਣੀ ਦੀ ਪਦ-ਵੰਡ, ਖ਼ਾਲਸਾ ਤਵਾਰੀਖ਼ ਦੇ ਨਿਰਣੇ, ਸਿੱਖ ਹਿੰਦੂ ਨਹੀਂ ਹਨ, ਰਾਗਮਾਲਾ ਖੰਡਨ, ਗੁਰਮਤੇ ਪ੍ਰਕਾਸ਼, ਭਗਤ ਤੇ ਭੱਟ ਬਾਣੀ ਉੱਪਰ ਕਿੰਤੂ-ਪ੍ਰੰਤੂ ਆਦਿਕ ਵਿਸ਼ੇ ਸ਼ਾਮਿਲ ਸਨ। ਇਸ ਵਿਵਾਦ ਵਿਚੋਂ ਹੀ ਪਦ-ਵੰਡ ਬਾਰੇ ਮਸਲਾ ਸਾਹਮਣੇ ਆਇਆ। ਇਸ ਵਿਚਾਰਧਾਰਾ ਵਿਚੋਂ ਪੈਦਾ ਹੋਏ ਲੇਖਕ ਜੀ.ਬੀ. ਸਿੰਘ, ਗਿ. ਲਾਲ ਸਿੰਘ ਸੰਗਰੂਰ, ਹਰਚੰਦ ਸਿੰਘ ਪੰਚ ਖ਼ਾਲਸਾ, ਗੁਰਮੁਖ ਸਿੰਘ ਲਤਾਲਾ, ਬੁਗਰ ਸਿੰਘ ਦਰੀਆਪੁਰ, ਦਲੀਪ ਸਿੰਘ ਡਡਹੇੜੀ, ਅਤੇ ਕ੍ਰਿਪਾਲ ਸਿੰਘ ਖ਼ਾਲਸਾ ਆਦਿਕ ਸਨ। ਇਸ ਰੁਝਾਨ ਵਿਚੋਂ ਹੀ ਭੁਲੇਮੇਂ, ਗੁਰ ਗਿਰਾ ਸਾਰ, ਗੁਰਮਤੁ ਮਾਰਤੰਡ, ਗੁਰਮਤਿ ਕਸੌਟੀ ਸਾਰ, ਰਚਨਾ ਸ਼ੇਖ ਫਰੀਦ ਤੇ ਗੁਰਮਤੁ, ਭਗਤ ਬਾਣੀ ਪ੍ਰਬੋਧ, ਬਾਣੀ ਗੁਰੂ ਗੁਰੂ ਹੈ ਬਾਣੀ ਆਦਿਕ ਪੁਸਤਕਾਂ ਰਚੀਆਂ ਗਈਆ। ਭਸੌੜ ਸਿੰਘ ਸਭਾ ਦੀ ਵਿਚਾਰਧਾਰਾ ਨੂੰ ਵੀਹਵੀਂ ਸਦੀ ਦੇ ਪਹਿਲੇ

---

7 ਤੇਜਵੰਤ ਸਿੰਘ ਮਾਨ, ਪੰਚ ਖ਼ਾਲਸਾ ਦੀਵਾਨ ਭਸੌੜ ਦੀ ਪੰਜਾਬੀ ਸਾਹਿਤ ਨੂੰ ਦੇਣ, ਪੰਨੇ 271-272.

8 ਉਹੀ।

9 ਉਹੀ, ਪੰਨਾ 273.

ਅੱਧ ਤੋਂ ਬਾਅਦ ਵੀ ਗਿਆਨੀ ਲਾਲ ਸਿੰਘ ਨੇ ਜਾਰੀ ਰੱਖਿਆ। ਤੇਜਵੰਤ ਸਿੰਘ ਮਾਨ ਅਨੁਸਾਰ 'ਆਪ ਨੇ ਭਗਤ ਰਚਨਾ ਨਿਰਣਯ, ਭੱਟ ਰਚਨਾ ਨਿਰਣਯ, ਗੁਰਮਤ ਮਤ, ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ, ਗੁਰਮੰਤਰ ਨਿਰਣਯ, ਗੁਰਮਤਿ ਕਸੌਟੀ ਸਾਰ, ਸੁੰਦਰ ਤੇ ਸਤਾ ਬਲਵੰਡ, ਵੇਦਾਂਤ ਤੇ ਗੁਰਬਾਣੀ ਸਦ ਸਿਧਾਂਤ ਨਿਰਣਯ ਆਦਿ ਪੁਸਤਕਾਂ ਰਚੀਆਂ ਹਨ।''[10] ਇਹ ਰੁਝਾਨ ਬਾਅਦ ਵਿਚ ਵੀ ਜਾਰੀ ਰਿਹਾ ਅਤੇ ਵਰਤਮਾਨ ਸਮੇਂ ਵਿਚ ਬਹੁਤ ਸਾਰੇ ਵਿਦਵਾਨ, ਪ੍ਰਚਾਰਕ ਇਸ ਵਿਚਾਰਧਾਰਾ ਦੇ ਹਾਮੀ ਮਿਲ ਜਾਂਦੇ ਹਨ।

ਸੰਪਰਦਾਈ ਸਾਹਿਤ ਵਿਚੋਂ ਹੀ ਦਸਮ ਗ੍ਰੰਥ ਦਾ ਮੁੱਦਾ ਸਾਹਮਣੇ ਆਉਂਦਾ ਹੈ। ਇਹ ਮੁੱਦਾ ਬਹੁਤ ਸਮਾਂ ਪਹਿਲਾਂ ਤੋਂ ਹੀ ਸਿੱਖ ਕੌਮ ਵਿਚ ਚੱਲ ਰਿਹਾ ਸੀ। ਪਰ ਇਸ ਮੁੱਦੇ ਨੂੰ ਗੰਭੀਰਤਾ ਪੰਚ ਖ਼ਾਲਸਾ ਦੀਵਾਨ ਭਸੌੜ ਨੇ ਹੀ ਦਿੱਤੀ ਸੀ। ਵੀਹਵੀਂ ਸਦੀ ਵਿਚ ਬਾਬੂ ਤੇਜਾ ਸਿੰਘ ਨੇ ਦਸਮ ਗ੍ਰੰਥ ਉੱਪਰ ਅਧਿਐਨ ਕਰਕੇ ਨਵੇਂ ਰੁਝਾਨ ਪੈਦਾ ਕਰ ਦਿੱਤੇ। ਇਕ ਗੰਭੀਰ ਕਿਸਮ ਦਾ ਵਿਵਾਦ ਸ਼ੁਰੂ ਕਰ ਦਿੱਤਾ ਸੀ। ਡਾ. ਤੇਜਵੰਤ ਮਾਨ ਅਨੁਸਾਰ, ''ਆਪ ਦੀ ਰਚੀ ਪੁਸਤਕ ਦਸਮ ਗ੍ਰੰਥ ਹੀ ਅੱਗੇ ਭਸੌੜੀ ਸਕੂਲ ਦੇ ਪ੍ਰਸਿੱਧ ਵਿਦਵਾਨਾਂ ਡਾ. ਰਣ ਸਿੰਘ, ਗਿ. ਲਾਲ ਸਿੰਘ, ਸ਼ਮਸ਼ੇਰ ਸਿੰਘ ਅਸ਼ੋਕ, ਨਿਰੰਜਨ ਸਿੰਘ ਜਰਨਲਿਸਟ, ਗੁਰਮੁਖ ਸਿੰਘ ਪ੍ਰਦੇਸੀ, ਕੈਪਟਨ ਸ਼ਮਸ਼ੇਰ ਸਿੰਘ, ਹਰਚੰਦ ਸਿੰਘ ਪੰਚ ਖ਼ਾਲਸਾ ਆਦਿ ਦੇ ਦਸਮ ਗ੍ਰੰਥ ਬਾਰੇ ਮਤ ਦਾ ਆਧਾਰ ਬਣੀ। ਦਸਮ ਗ੍ਰੰਥ ਨੂੰ ਸੰਪੂਰਨ ਰੂਪ ਵਿਚ ਗੁਰੂ ਗੋਬਿੰਦ ਸਿੰਘ ਦੀ ਕ੍ਰਿਤ ਨਾ ਮੰਨਣ ਵਾਲਿਆਂ ਵਿਚ ਸਭ ਤੋਂ ਪਹਿਲਾ ਅਧਿਐਨ ਆਪਦਾ ਹੀ ਸੀ।''[11] ਦਸਮ ਗ੍ਰੰਥ ਵੀਹਵੀਂ ਅਤੇ ਇਕੱਵੀਂ ਸਦੀ ਵਿਚ ਇਕ ਭਖ਼ਦਾ ਮਸਲਾ ਬਣਿਆ ਹੋਇਆ ਹੈ। ਦਸਮ ਗ੍ਰੰਥ ਬਾਰੇ ਸਾਨੂੰ ਚਾਰ ਪ੍ਰਕਾਰ ਦਾ ਅਧਿਐਨ ਪ੍ਰਾਪਤ ਹੁੰਦਾ ਹੈ।

1. ਟੀਕੇ, ਸਟੀਕ ਅਤੇ ਕੋਸ਼
2. ਦਸਮ ਗ੍ਰੰਥ ਦੇ ਕਰਤਿੱਤਵ ਸੰਬੰਧੀ
3. ਪੰਜਾਬ ਵਿਚ ਸਿੱਖਿਆ ਦੇ ਪਾਸਾਰ ਨਾਲ ਆਲੋਚਨਾਤਮਕ ਦ੍ਰਿਸ਼ਟੀ ਤੋਂ ਹੋਏ ਅਧਿਐਨ
4. ਦਸਮ ਗ੍ਰੰਥ ਉੱਪਰ ਨਵ-ਸਾਹਿਤ-ਅਧਿਐਨ ਵਿਧੀਆਂ ਆਉਣ ਨਾਲ ਹੋਏ ਅਧਿਐਨ

---

[10] ਤੇਜਵੰਤ ਸਿੰਘ ਮਾਨ, ਪੰਚ ਖ਼ਾਲਸਾ ਦੀਵਾਨ ਭਸੌੜ ਦੀ ਪੰਜਾਬੀ ਸਾਹਿਤ ਨੂੰ ਦੇਣ, ਪੰਨਾ 495.
[11] ਉਹੀ, ਪੰਨਾ 278.

ਦਸਮ ਗ੍ਰੰਥ ਬਾਰੇ ਪ੍ਰਾਪਤ ਟੀਕੇ, ਸਟੀਕ ਤੇ ਕੋਸ਼ਾਂ ਵਿਚ ਮੁਖ ਤੌਰ 'ਤੇ ਪੰਡਿਤ ਨਰੈਣ ਸਿੰਘ ਦਾ ਟੀਕਾ (1940 ਈ.), ਭਾਈ ਕਾਨ੍ਹ ਸਿੰਘ ਨਾਭਾ ਦੇ ਗੁਰਮਤੁ ਮਾਰਤੰਡ, ਗੁਰਮਤੁ ਪ੍ਰਭਾਕਰ ਤੇ ਗੁਰਮਤੁ ਸੁਧਾਕਰ ਦੇ ਇੰਦਰਾਜ਼ (1924 ਈ., 1930 ਈ.), ਜਵਾਹਰ ਸਿੰਘ (1967 ਈ.) ਗਿ. ਲਾਲ ਸਿੰਘ (1989 ਈ.), ਅਤੇ ਰਤਨ ਸਿੰਘ ਜੱਗੀ ਦੇ ਕੀਤੇ ਟੀਕੇ ਪ੍ਰਾਪਤ ਹੁੰਦੇ ਹਨ। ਕੋਸ਼ਕਾਰੀ (ਬਾਣੀ ਬਿਉਰਾ), ਤੇ ਤੁਕ ਤਤਕਰੇ ਵਿਚ ਭਾਈ ਭਗਵੰਤ ਸਿੰਘ ਹਰੀ ਦੁਆਰਾ ਰਚਿਤ ਦਸਮ ਗ੍ਰੰਥ ਦਾ ਤੁਕ ਤਤਕਰਾ ਅਤੇ ਬਾਣੀ ਬਿਉਰਾ ਸ਼ਾਮਿਲ ਹੈ। ਰਣਧੀਰ ਸਿੰਘ ਦੁਆਰਾ 1985 ਈ. ਵਿਚ ਪ੍ਰਕਾਸ਼ਿਤ ਸ਼ਬਦਾਰਥ ਦਸਮ ਗ੍ਰੰਥ ਪ੍ਰਮਾਣਿਕ ਮੰਨਿਆ ਜਾਂਦਾ ਹੈ। ਇਸ ਸ਼ਬਦਾਰਥ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਵਿਚ 'ਚਰਿਤਰੋਪਾਖਿਆਨ' ਰਚਨਾ ਨੂੰ ਸ਼ਾਮਿਲ ਨਹੀਂ ਕੀਤਾ ਗਿਆ ਹੈ।

ਜੇਕਰ ਦਸਮ ਗ੍ਰੰਥ ਦੇ ਕਰਤ੍ਰਿਤਵ ਸੰਬੰਧੀ ਦੇਖੀਏ ਤਾਂ ਸਿੰਘ ਸਭਾਵਾਂ ਵੇਲੇ ਦਸਮ ਗ੍ਰੰਥ ਦਾ ਵਿਵਾਦ ਭਖਿਆ। ਇਹ ਦਸਮ ਗ੍ਰੰਥ ਦੇ ਕਰਤ੍ਰਿਤਵ ਸੰਬੰਧੀ ਦੂਜਾ ਦੌਰ ਸੀ। ਇਸ ਸਮੇਂ ਦਸਮ ਗ੍ਰੰਥ ਸੰਬੰਧੀ ਵੱਖ-ਵੱਖ ਪਤ੍ਰਕਾਵਾਂ ਵਿਚ ਲੇਖ ਛਪਦੇ ਰਹੇ ਹਨ। ਰਤਨ ਸਿੰਘ ਜੱਗੀ ਅਨੁਸਾਰ, ''ਦਸਮ ਗ੍ਰੰਥ ਦੀ ਸਾਰੀ ਬਾਣੀ ਨੂੰ ਦਸਮ ਗੁਰੂ ਜੀ ਦੀ ਰਚਨਾ ਨਾ ਮੰਨਣ ਵਾਲਿਆਂ ਵਿਚੋਂ ਭਾਈ ਗੁਰਮੁਖ ਸਿੰਘ ਤੇ ਬਾਬੂ ਤੇਜਾ ਸਿੰਘ ਦੇ ਨਾਂ ਖ਼ਾਸ ਵਰਣਨਯੋਗ ਹਨ।''[12] 1897 ਈ. ਵਿਚ ਦਸਮ ਗ੍ਰੰਥ ਦੇ ਪਾਠਾਂਤਰ ਤੇ ਅਸ਼ੁੱਧੀਆਂ ਨੂੰ ਸੋਧਣ ਲਈ 'ਗੁਰਮਤ ਗ੍ਰੰਥ ਪ੍ਰਚਾਰਕ ਸਭਾ' ਨੇ ਅੰਮ੍ਰਿਤਸਰ 32 ਬੀੜਾਂ ਤੋਂ ਪਾਠਾਂ ਦੀ ਸੋਧ ਦਾ ਉਪਰਾਲਾ ਕੀਤਾ। ਉਪਰੰਤ ਰਿਪੋਰਟ ਛਾਪੀ ਗਈ। ਇਸ ਰਿਪੋਰਟ ਦੀ ਭੂਮਿਕਾ ਵਿਚ ਗਿ. ਸਰਦੂਲ ਸਿੰਘ ਨੇ (ਜੋ ਪੁਜਾਰੀ ਅਤੇ ਸਨਾਤਨੀ ਧੜੇ ਦੇ ਸਨ) ਸਾਰੇ ਦਸਮ ਗ੍ਰੰਥ ਨੂੰ ਗੁਰੂ ਜੀ ਦੀ ਰਚਨਾ ਮੰਨਿਆ ਹੈ।[13]

ਵੀਹਵੀਂ ਸਦੀ ਵਿਚ ਦਸਮ ਗ੍ਰੰਥ ਸਿੱਖਾਂ ਵਿਚ ਕਾਫ਼ੀ ਬਹਿਸ ਦਾ ਕਾਰਨ ਬਣਿਆ। ਇਸ ਦੇ ਹੱਕ ਅਤੇ ਵਿਰੋਧ ਵਿਚ ਖੜ੍ਹੇ ਵਿਦਵਾਨ ਦੇਖੀਏ ਤਾਂ ਦੋਵੇਂ ਹੀ ਧਰਮ ਦੇ ਸੰਪ੍ਰਦਾਇਕ ਨਜ਼ਰੀਏ ਤੋਂ ਅਧਿਐਨ ਕਰਦੇ ਹਨ। 1902 ਈ. ਵਿਚ ਭਾਈ ਬਿਸ਼ਨ ਸਿੰਘ ਸੰਗਰੂਰ ਸਪੁੱਤਰ ਭਾਈ ਗੁਰਦਿਆਲ ਸਿੰਘ ਅਨੰਦਪੁਰੀ ਨੇ ਦਸਮ ਗ੍ਰੰਥ ਸਾਹਿਬ ਕਿਸ ਨੇ ਬਨਾਯਾ ਨਾਂ ਦੀ ਇਕ

[12] ਰਤਨ ਸਿੰਘ ਜੱਗੀ, ਦਸਮ ਗ੍ਰੰਥ ਦਾ ਕਰਤ੍ਰਿਤਵ, ਪੰਜਾਬੀ ਸਾਹਿਤ ਸਭਾ, ਨਵੀਂ ਦਿੱਲੀ, ਮਈ, 1966, ਪੰਨੇ 14-15.

[13] ਉਹੀ, ਪੰਨਾ 15.

ਛੋਟੀ ਜਿਹੀ ਪੋਥੀ ਲਿਖੀ। ਇਸ ਵਿਚ ਉਨ੍ਹਾਂ ਨੇ ਸ਼ੈਲੀ ਸੰਬੰਧੀ ਅਨੇਕ ਪ੍ਰਕਾਰ ਦੇ ਹਵਾਲਿਆਂ ਦੇ ਆਧਾਰ ਤੇ ਸੰਪੂਰਨ ਦਸਮ ਗ੍ਰੰਥ ਨੂੰ ਗੁਰੂ ਜੀ ਦੀ ਰਚਨਾ ਸਿੱਧ ਕਰਨ ਦਾ ਯਤਨ ਕੀਤਾ ਸੀ।[14] ਡਾ. ਰਣ ਸਿਘ ਨੇ 1918 ਈ. ਦੇ ਲਗਪਗ ਜਾਪੁ ਸਾਹਿਬ, ਅਕਾਲ ਉਸਤਤਿ, ਬਚਿਤ੍ਰ ਨਾਟਕ, ਗਿਆਨ ਪ੍ਰਬੋਧ, ਸ਼ਬਦ ਹਜ਼ਾਰੇ, ਸਵੱਯੇ, ਖ਼ਾਲਸਾ ਮਹਿਮਾ, ਬੇਨਤੀ ਚੌਪਈ ਅਤੇ ਜ਼ਫ਼ਰਨਾਮਾ ਨੂੰ ਕੇਵਲ ਗੁਰੂ ਜੀ ਦੀ ਰਚਨਾ ਮੰਨਿਆ ਸੀ।[15] ਦਸਮ ਗ੍ਰੰਥ ਬਾਰੇ ਅਧਿਐਨ ਨੂੰ ਭਾਈ ਸ਼ੇਰ ਸਿੰਘ ਕਸ਼ਮੀਰ ਵਾਲਿਆਂ ਦੁਆਰਾ ਅੱਗੇ ਤੋਰਿਆ ਗਿਆ। ਉਨ੍ਹਾਂ ਨੇ ਦਸ਼ਮੇਸ਼ ਦਰਪਣ ਨਾਂ ਦੀ ਪੁਸਤਕ ਲਿਖੀ। ਇਹ ਪੁਸਤਕ 1935 ਈ. ਦੇ ਨੇੜੇ-ਤੇੜੇ ਦੀ ਹੈ। ਰਤਨ ਸਿੰਘ ਜੱਗੀ ਅਨੁਸਾਰ, ''ਇਸ ਪੁਸਤਕ ਵਿਚ ਲੇਖਕ ਨੇ ਸਾਰੇ ਦਸਮ ਗ੍ਰੰਥ ਨੂੰ ਗੁਰੂ ਰਚਿਤ ਸਿੱਧ ਕਰਨ ਦਾ ਯਤਨ ਕੀਤਾ ਹੈ। ਪਰ ਲੇਖਕ ਦਾ ਦ੍ਰਿਸ਼ਟੀਕੋਣ ਸ਼ਰਧਾਲੂ ਹੋਣ ਕਰਕੇ ਕਿਸੇ ਵਿਗਿਆਨਿਕ ਢੰਗ ਨੂੰ ਨਹੀਂ ਅਪਣਾਇਆ ਗਿਆ।''[16] ਦੇਸ਼ ਅਜ਼ਾਦੀ ਤੋਂ ਬਾਅਦ ਸਿੰਘ ਸਭਾ ਭਸੌੜ ਦੇ ਲੇਖਕ ਗਿ. ਲਾਲ ਸਿੰਘ ਨੇ ਦਸਮ ਗ੍ਰੰਥ ਬਾਰੇ ਅਧਿਐਨ ਨੂੰ ਜਾਰੀ ਰੱਖਿਆ। ਇਸ ਨੇ 1949 ਈ. ਵਿਚ ਕੋਸ਼ ਸ੍ਰੀ ਦਸਮ ਗ੍ਰੰਥ ਪ੍ਰਕਾਸ਼ਿਤ ਕਰਵਾਇਆ ਇਸ ਕੋਸ਼ ਵਿਚ ਲੇਖਕ ਨੇ ਸਿਰਫ਼ ਪ੍ਰਸ਼ਨ ਹੀ ਉੱਠਾਏ ਹਨ ਕੋਈ ਠੋਸ ਜਾਂ ਬੌਧਿਕ ਸੁਝਾਅ ਪੇਸ਼ ਨਹੀਂ ਕੀਤਾ।[17] 1957 ਈ. ਦੇ *Sikh Review* ਅੰਗਰੇਜ਼ੀ ਮਾਸਿਕ ਪੱਤਰ ਦੇ ਅੰਕ ਅਪ੍ਰੈਲ, ਮਈ, ਜੂਨ, ਜੁਲਾਈ ਵਿਚ ਡਾ. ਤ੍ਰਿਲੋਚਨ ਸਿੰਘ ਨੇ 'The History and Compilation of the Dasam Granth' ਨਾਮ ਹੇਠ ਕਈ ਲੇਖ ਪ੍ਰਕਾਸ਼ਿਤ ਕਰਵਾਏ। ਲੇਖਕ ਨੇ ਸਾਰੀਆਂ ਰਚਨਾਵਾਂ ਦਸਮ ਗ੍ਰੰਥ ਦੀਆਂ ਗੁਰੂ ਕ੍ਰਿਤ ਮੰਨੀਆਂ ਹਨ। ਡਾ. ਤ੍ਰਿਲੋਚਨ ਸਿੰਘ ਨੇ ਰਾਮ ਤੇ ਸਿਆਮ ਕਵੀ ਸਮਝੇ ਜਾਂਦੇ ਨਾਵਾਂ ਨੂੰ 'ਗੋਬਿੰਦ' ਸ਼ਬਦ ਦੇ ਪ੍ਰਾਏਵਾਚੀ ਸਿੱਧ ਕੀਤਾ ਹੈ। ਲੇਖਕ ਨੇ ਆਪਣੇ ਮਤ ਦੀ ਪੁਸ਼ਟੀ ਗੁਰੂ ਗ੍ਰੰਥ ਸਾਹਿਬ ਵਿਚੋਂ ਇਸ ਤਰ੍ਹਾਂ ਦੇ ਪ੍ਰਾਏਵਾਚੀ ਸ਼ਬਦ ਲੈ ਕੇ ਕੀਤੀ ਹੈ।[18]

1955 ਈ. ਵਿਚ ਭਾਈ ਰਣਧੀਰ ਸਿੰਘ ਨੇ ਦਸਵੇਂ ਪਾਤਸ਼ਾਹ ਕੇ ਗ੍ਰੰਥ ਕਾ ਇਤਿਹਾਸ ਨਾਮ ਦੀ ਕਿਤਾਬ ਲਿਖੀ। ਇਹ ਲੇਖ ਪਹਿਲਾਂ ਦਸਮ ਗ੍ਰੰਥ ਸ਼ਬਦਾਰਥ ਦੀ ਭੂਮਿਕਾ ਵਿਚ ਸੀ

---

[14] ਰਤਨ ਸਿੰਘ ਜੱਗੀ, ਦਸਮ ਗ੍ਰੰਥ ਦਾ ਕਰਤ੍ਰਿਤਵ, ਪੰਜਾਬੀ ਸਾਹਿਤ ਸਭਾ, ਨਵੀਂ ਦਿੱਲੀ, ਮਈ, 1966, ਪੰਨੇ 15-16.

[15] ਮਨਮੋਹਨ, ਦਸਮ ਗ੍ਰੰਥ ਵਿਚ ਮਿੱਥ ਰੂਪਾਂਤਰਣ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2015, ਪੰਨਾ 24.

[16] ਰਤਨ ਸਿੰਘ ਜੱਗੀ, ਦਸਮ ਗ੍ਰੰਥ ਦਾ ਕਰਤ੍ਰਿਤਵ, ਪੰਨਾ 17.

[17] ਉਹੀ।

[18] ਉਹੀ, ਪੰਨਾ 19.

ਜੋ ਬਾਅਦ ਵਿਚ ਵਿਸਤਰਤ ਰੂਪ ਦੇ ਕੇ ਕਿਤਾਬ ਵਜੋਂ ਪਬਲਿਸ਼ ਕਰਵਾਇਆ। ਰਤਨ ਸਿੰਘ ਜੱਗੀ ਅਨੁਸਾਰ, ''ਵਾਸਤਵ ਵਿਚ ਦਸਮ ਗ੍ਰੰਥ ਦੇ ਕਰਤ੍ਰਿਤਵ ਸੰਬੰਧੀ ਨਿਰਣੇ ਵਿਚ ਇਹ ਪਹਿਲਾ ਠੋਸ ਯਤਨ ਹੈ, ਪਰ ਇਸ ਪੁਸਤਕ ਦੇ ਲੇਖਕ ਦਾ ਦ੍ਰਿਸ਼ਟੀਕੋਣ ਪੂਰਵ-ਮਿਥੀ ਧਾਰਣਾ ਅਨੁਸਾਰ ਦਸਮ ਗ੍ਰੰਥ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਸਿੱਧ ਕਰਨਾ ਰਿਹਾ ਹੈ। ਕਿਤੇ ਵੀ ਆਪਣੇ ਵਿਰੋਧੀ ਪੱਖ ਵਾਲੇ ਵਿਦਵਾਨਾਂ ਦੀਆਂ ਦਲੀਲਾਂ ਅਤੇ ਵਿਰੋਧੀ ਸਿੱਟੇ ਕੱਢਣ ਵਾਲੇ ਅੰਦਰਲੇ ਤੇ ਬਾਹਰਲੇ ਪ੍ਰਮਾਣਾਂ ਦਾ ਉਲੇਖ ਜਾਂ ਖੰਡਨ ਨਹੀਂ ਕੀਤਾ ਗਿਆ ਹੈ।''[19] ਇਸ ਬਹਿਸ ਨੂੰ ਸਿਰਦਾਰ ਕਪੂਰ ਸਿੰਘ ਨੇ ਅੱਗੇ ਤੋਰਿਆ। ਸਿ. ਕਪੂਰ ਸਿੰਘ ਨੇ 1959 ਈ. ਅਪ੍ਰੈਲ ਮਹੀਨੇ ਦੇ ਗੁਰਮਤਿ ਪ੍ਰਕਾਸ਼ ਮੈਗਜ਼ੀਨ ਦੇ ਅੰਕ ਵਿਚ 'ਕਿੱਸਾ ਰੂਪ ਕੌਰ' ਨਾਂ ਹੇਠ ਲੇਖ ਪ੍ਰਕਾਸ਼ਿਤ ਕਰਵਾਇਆ।[20] ਇਹ ਲੇਖ ਚਾਨਣ ਮੁਨਾਰਾ ਨਾਮ ਦੇ ਮੈਗਜ਼ੀਨ ਦੇ 1959 ਈ. ਦੇ ਫਰਵਰੀ ਮਹੀਨੇ ਦੇ ਅੰਕ ਵਿਚ ਰੂਪ ਕੌਰ ਦੇ ਆਚਰਣ ਨਾਲ ਸੰਬੰਧਤ ਲੇਖ ਦੇ ਵਿਰੋਧ ਵਿਚ ਲਿਖਿਆ ਗਿਆ ਸੀ। ਦਸਮ ਗ੍ਰੰਥ ਦੇ ਵਿਰੋਧ ਵਿਚ ਹਰਨਾਮ ਸਿੰਘ ਬੱਲਭ ਨੇ 1960 ਈ. ਦੇ ਪੰਜਾਬੀ ਦੁਨੀਆ[21] ਦੇ ਫਰਵਰੀ ਤੇ ਜੁਲਾਈ ਮਹੀਨੇ ਵਾਲੇ ਅੰਕਾਂ ਵਿਚ 'ਕ੍ਰਿਸ਼ਨਾਵਤਾਰ', ਤੇ ਚਰਿਤਰੋਪਖਿਆਨ ਉੱਪਰ ਲੇਖ ਲਿਖੇ ਸਨ। ਲੇਖਕ ਨੇ ਦੋਹਾਂ ਰਚਨਾਵਾਂ ਦੇ ਅੰਦਰਲੀਆਂ ਤੇ ਬਾਹਰਲੀਆਂ ਗਵਾਹੀਆਂ ਦੇ ਆਧਾਰ 'ਤੇ ਨਿਰਣਾ ਕੀਤਾ ਸੀ ਕਿ ਇਹ ਦੋਵੇਂ ਰਚਨਾਵਾਂ ਦਸਮ ਗੁਰੂ ਦੀਆਂ ਨਹੀਂ ਹੋ ਸਕਦੀਆਂ। ਇਸ ਤਰ੍ਹਾਂ ਸੰਪਰਦਾਇਕ ਪੱਖ ਤੋਂ ਡਾ. ਤਾਰਨ ਸਿੰਘ ਨੇ 1967 ਈ. ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਜੀਵਨੀ, ਦਸਮ ਗ੍ਰੰਥ ਦੀ ਪ੍ਰਮਾਣਿਕਤਾ ਅਤੇ ਦਸਮ ਗ੍ਰੰਥ ਦੀਆਂ ਵੱਖ-ਵੱਖ ਰਚਨਾਵਾਂ ਸੰਬੰਧੀ ਅਧਿਐਨ ਕੀਤਾ ਸੀ। ਇਹ ਅਧਿਐਨ ਲੇਖਕ ਦੀ ਗ੍ਰੰਥ ਪ੍ਰਤੀ ਭਗਤੀ ਭਾਵਨਾ ਦੇ ਆਧਾਰ ਤੇ ਨਿੱਜੀ ਰਾਏ ਵਜੋਂ ਸਾਹਿਤਕ ਵਿਸਮਾਦ ਦੀ ਤ੍ਰਿਪਤੀ ਹੀ ਸੀ। ਇਸ ਤੋਂ ਬਾਅਦ ਦਸਮ ਗ੍ਰੰਥ ਬਾਰੇ ਜ਼ਿਆਦਾਤਰ ਅਧਿਐਨ ਅਕਾਦਮਿਕ ਪੱਖ ਤੋਂ ਹੋਣ ਲੱਗ ਪਿਆ ਜਿਸਦਾ ਜ਼ਿਕਰ ਅਕਾਦਮਿਕ ਅਧਿਐਨ ਦੇ ਅਧਿਆਇ ਵਿਚ ਕੀਤਾ ਜਾਵੇਗਾ।

[19] ਉਹੀ, ਪੰਨਾ 20.

[20] ਸਿਰਦਾਰ ਕਪੂਰ ਸਿੰਘ, ਗੁਰਮਤਿ ਪ੍ਰਕਾਸ਼, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਅਪ੍ਰੈਲ, 1959, ਪੰਨਾ

[21] ਹਰਨਾਮ ਸਿੰਘ ਬੱਲਭ, 'ਕਿਸਨਾਵਤਾਰ', ਚਰਿਤਰੋਪਖਿਆਨ', ਪੰਜਾਬੀ ਦੁਨੀਆ, ਭਾਸ਼ਾ ਵਿਭਾਗ ਪੰਜਾਬ, ਫਰਵਰੀ, ਜੁਲਾਈ 1960, ਪੰਨੇ 22-30.

ਸੰਪਰਦਾਇਕ ਅਧਿਐਨ ਵਿਚੋਂ ਹੀ 'ਰਾਗਮਾਲਾ' ਸੰਬੰਧੀ ਕਾਫੀ ਲੰਮੇ ਸਮੇਂ ਤੋਂ ਬਹਿਸ ਚੱਲ ਰਹੀ ਹੈ। ਇਹ ਬਹਿਸ ਵੀਹਵੀਂ ਸਦੀਂ ਤੋਂ ਪਹਿਲਾਂ ਦੀ ਚੱਲਦੀ ਆ ਰਹੀ ਹੈ। ਵੀਹਵੀਂ ਸਦੀਂ ਤੋਂ ਪਹਿਲਾਂ ਕਵੀ ਸੰਤੋਖ ਸਿੰਘ ਨੇ ਗੁਰ ਪ੍ਰਤਾਪ ਸੂਰਜ ਗ੍ਰੰਥ ਅਤੇ ਪੰਡਤ ਤਾਰਾ ਸਿੰਘ ਨਰੋਤਮ ਨੇ ਗੁਰ ਗਿਰਾਰਥ ਕੋਸ਼ ਵਿਚ ਰਾਗਮਾਲਾ ਦੇ ਵਿਰੋਧ ਵਿਚ ਲਿਖਿਆ। ਸਿੰਘ ਸਭਾ ਲਹਿਰ ਵਿਚ ਇਸ ਬਾਣੀ ਬਾਰੇ ਵਿਵਾਦ ਭਖਿਆ। 1918 ਈ. ਦੇ ਲਗਪਗ ਰਾਗਮਾਲਾ ਬਾਰੇ ਭਖਵੀਂ ਬਹਿਸ ਹੋਈ। ਇਸ ਸਮੇਂ 'ਤੇ ਰਾਗਮਾਲਾ ਦੇ ਖੰਡਨ ਲਈ ਗਿ. ਸ਼ੇਰ ਸਿੰਘ ਵਲੋਂ ਰਾਗਮਾਲਾ ਦਰਪਣ, ਮਾਸਟਰ ਮੋਤਾ ਸਿੰਘ ਨੇ ਹਸ਼ਰ ਰਾਗਮਾਲਾ ਇਸ ਤਰ੍ਹਾਂ ਹੀ ਰਾਗਮਾਲਾ ਮੰਡਨ ਧੜੇ ਵਲੋਂ ਭਾਈ ਸਾਹਿਬ ਸਿੰਘ ਗਿਆਨੀ ਧਮਧਾਣ ਵੱਲੋਂ ਰਾਗਮਾਲਾ ਪ੍ਰਬੋਧ ਮਾਨ ਸਿੰਘ ਬੀ.ਏ. ਵਕੀਲ ਅੰਬਾਲਾ ਨੇ ਸੱਚ ਦਾ ਪ੍ਰਕਾਸ਼ ਨਾਮੀ ਕਿਤਾਬਾਂ ਤੇ ਟ੍ਰੈਕਟ ਲਿਖੇ।[22] ਬਾਬੂ ਤੇਜਾ ਸਿੰਘ ਭਸੌੜ ਨੇ ਇਸ ਬਾਰੇ ਬਹਿਸ ਨੂੰ ਭਖਵਾਂ ਰੂਪ ਦੇ ਦਿੱਤਾ। ਬਾਬੂ ਤੇਜਾ ਸਿੰਘ ਭਸੌੜ ਨੇ ਆਪਣੀ ਕਿਤਾਬ ਰਾਗਮਾਲਾ ਖੰਡਨ ਦੇ ਸਫ਼ੇ 39-40 ਤੇ ਲਿਖਿਆ ਹੈ ਕਿ, ''ਭਾਈ ਜੀ ਸੋਚੋ, ਰਾਗ ਕਿਸੇ ਜਾਨਦਾਰ ਚੀਜ਼ ਦਾ ਨਾਉਂ ਨਹੀਂ, ਆਪਣੀ ਅਵਾਜ਼ ਦੇ ਵੱਖੋ-ਵੱਖ ਜੋੜ-ਤੋੜ ਦਾ ਨਾਮ ਰਾਗ ਹੈ। ਇਹਨਾਂ ਵਿਚਾਰਿਆਂ ਨੇ ਆਣਾ ਕੀ ਤੇ ਜਾਣਾ ਕੀ। ਸ਼ੁਕਰ ਹੈ ਕਿਤੇ ਗੁਰ ਬਿਲਾਸ ਕਰਤਾ ਦੇ ਖਿਆਲ ਅਨੁਸਾਰ ਜੋੜੀਆਂ ਢੋਲਕੀਆਂ, ਤਾਊਸ ਆਦਿ ਵਾਜਿਆਂ ਦਾ ਡੈਪੂਟੇਸ਼ਨ ਵੀ ਗੁਰੂ ਜੀ ਦੇ ਪਾਸ ਨਹੀਂ ਆਇਆ।''[23] ਬਾਬੂ ਤੇਜਾ ਸਿੰਘ ਨੇ ਇਸ ਤਰ੍ਹਾਂ ਇਕ ਰੁਝਾਨ ਸ਼ੁਰੂ ਕਰ ਦਿੱਤਾ ਜਿਸ ਵਿਚ ਰਾਗਮਾਲਾ ਬਾਰੇ ਖੰਡਨ-ਮੰਡਨ ਦਾ ਇਕ ਲੰਮਾ ਸਿਲਸਿਲਾ ਸ਼ੁਰੂ ਹੋ ਗਿਆ। ਬਾਬੂ ਤੇਜਾ ਸਿੰਘ ਦੇ ਮੰਡਨ ਵਜੋਂ ਡਾ. ਬਲਬੀਰ ਸਿੰਘ ਲਿਖਦਾ ਹੈ ਕਿ ''ਉਸ ਲਈ (ਬਾਬੂ ਤੇਜਾ ਸਿੰਘ) ਰਾਗ ਦਾ ਵਿਰੋਧ, ਰਾਗ ਦਾ ਵਿਰੋਧ ਨਹੀਂ ਸੀ, ਇਹ ਸਾਧਨ ਸੀ ਰਾਗਮਾਲਾ ਵਿਰੋਧ ਦਾ। ਉਹ ਰਾਗਮਾਲਾ ਦਾ ਵਿਰੋਧੀ ਰਾਗਮਾਲਾ ਕਰਕੇ ਨਹੀਂ ਸੀ, ਰਾਗਮਾਲਾ ਉਸ ਲਈ ਸਾਧਨ ਸੀ ਭੱਟ ਬਾਣੀ ਦੇ ਵਿਰੋਧ ਦਾ।... ਉਹ ਬੀੜ ਦਾ ਖੰਡਨ ਕੇਵਲ ਖੰਡਨ ਦੀ ਖਾਤਰ ਨਹੀਂ ਸੀ ਕਰਦਾ, ਉਹ ਬੀੜ ਵਿਚ ਆਦਿ ਬੀੜ ਤੋਂ ਬਾਹਰ ਦੀਆਂ ਬਾਣੀਆਂ ਚੜ੍ਹਾਉਣਾ ਚਾਹੁੰਦਾ ਸੀ।''[24] ਭਾਈ ਕਾਨ੍ਹ ਸਿੰਘ ਨਾਭਾ ਨੇ 1901 ਈ. ਵਿਚ ਛਪੇ

---

[22] ਸ਼ਮਸ਼ੇਰ ਸਿੰਘ ਅਸ਼ੋਕ, ਮਾਧਵਾ ਨਲ ਕਾਮ ਕੰਦਲਾ ਤੇ ਰਾਗਮਾਲਾ ਨਿਰਣਯ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2003, ਪੰਨਾ 20.

[23] ਉਧਰਿਤ, ਬਲਬੀਰ ਸਿੰਘ (ਡਾ.) ਰਾਗਮਾਲਾ ਦਾ ਸਵਾਲ, ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 2014, ਪੰਨਾ 15.

[24] ਉਹੀ, ਪੰਨੇ 15-16.

ਗੁਰਮਤੁ ਸੁਧਾਕਰ ਦੀ ਪਹਿਲੀ ਐਡੀਸ਼ਨ ਵਿਚ ਰਾਗਮਾਲਾ ਵਿਰੁੱਧ ਲਿਖਿਆ ਸੀ, ਪਰ 29 ਸਾਲ ਬਾਅਦ ਮਹਾਨ ਕੋਸ਼ ਵਿਚ ਕਰਤਾਰਪੁਰੀ ਬੀੜ ਦੇ ਹੱਕ ਵਿਚ ਲਿਖ ਕੇ ਆਪਣੀ ਗ਼ਲਤੀ ਸੁਧਾਰ ਲਈ ਸੀ। ਡਾ. ਬਲਬੀਰ ਸਿੰਘ ਨੇ ਰਾਗਮਾਲਾ ਬਾਰੇ ਸਰਗੋਧੇ ਵਿਖੇ ਦੂਜੀ ਰਾਗਮਾਲਾ ਮੰਡਨ ਕਾਨਫਰੰਸ ਦੀ ਪ੍ਰਧਾਨਗੀ ਕਰਦਿਆਂ ਕਿਹਾ ਸੀ ਕਿ ''ਏਸ ਕਾਨਫ਼ਰੰਸ ਦੇ ਸਾਹਮਣੇ ਕੇਵਲ ਇਕ ਪ੍ਰਸ਼ਨ ਹੈ, ਸਿਰਫ਼ ਇਕ, ਅਤੇ ਉਹ ਇਹ ਕਿ ਅਸਾਂ ਪਵਿਤ੍ਰ ਬੀੜ ਨੂੰ ਆਖੰਡਤ ਰੱਖਣਾ ਹੈ ਜਾਂ ਨਹੀਂ ?[25] ਇਸ ਕਾਨਫ਼ਰੰਸ ਵਿਚ ਡਾ. ਬਲਬੀਰ ਸਿੰਘ ਨੇ ਭਸੌੜ ਸਿੰਘ ਸਭਾ ਤੇ ਰਾਗਮਾਲਾ ਦੇ ਹੋਰ ਵਿਰੋਧੀ ਲੇਖਕਾਂ ਨੂੰ ਆਪਣੀ ਲਿਖਤ ਰਾਹੀ ਜਵਾਬ ਦੇਣ ਦੀ ਕੋਸ਼ਿਸ਼ ਕੀਤੀ ਸੀ। ਸ਼ਮਸ਼ੇਰ ਸਿੰਘ ਅਸ਼ੋਕ ਨੇ ਆਪਣੇ ਕੁਝ ਲੇਖਾਂ ਵਿਚ ਇਹ ਦੱਸਿਆ ਕਿ ਰਾਗਮਾਲਾ ਧੀਰਮੱਲ ਦੀ ਲਿਖੀ ਹੋਈ ਹੈ।[26] ਪਰ ਡਾ. ਬਲਬੀਰ ਸਿੰਘ ਨੇ ਇਸਦੇ ਜਵਾਬ ਵਿਚ ਦੱਸਿਆ ਕਿ ''ਭਸੌੜ ਸਿੰਘ ਸਭਾ ਨੇ ਰਾਗਮਾਲਾ ਧੀਰ ਮੱਲ ਦੀ ਲਿਖਤ ਹੈ, ਇਹ ਗੱਲ ਗਿਆਨੀ ਸ਼ੇਰ ਸਿੰਘ ਦੇ ਕੋਲੋਂ ਰਾਗਮਾਲਾ ਦਰਪਨ ਵਿਚ ਚੜਵਾਈ। ਸ਼ਮਸ਼ੇਰ ਸਿੰਘ ਅਸ਼ੋਕ ਜੀ ਨੇ ਲਿਖਿਆ ਹੈ ਕਿ ਰਾਗਮਾਲਾ ਦੇ ਅੱਖਰ ਤੇ ਸਿਆਹੀ ਹੋਰ ਹੈ ਪਰ ਅਸ਼ੋਕ ਜੀ ਤਾਂ ਬੀੜ ਦੇ ਦਰਸ਼ਨ ਕਰਕੇ ਇਹ ਗੱਲ ਨਹੀਂ ਲਿਖ ਰਹੇ। ਨਾਂ ਹੀ ਗਿ. ਸ਼ੇਰ ਸਿੰਘ ਬੀੜ ਦੇ ਦਰਸ਼ਨ ਕਰਕੇ ਲਿਖ ਰਹੇ ਹਨ, ਕਿਉਂਕਿ ਉਹ ਨੇਤ੍ਰਹੀਣ ਸਨ।''[27] ਸ਼ਮਸ਼ੇਰ ਸਿੰਘ ਅਸ਼ੋਕ ਨੇ ਭਾਈ ਵੀਰ ਸਿੰਘ ਬਾਰੇ ਕਿਹਾ ਹੈ ਕਿ ਪਹਿਲਾਂ ਭਾਈ ਵੀਰ ਸਿੰਘ ਰਾਗਮਾਲਾ ਦੇ ਵਿਰੋਧੀ ਸੀ ਪਰ ਬਾਬੂ ਤੇਜਾ ਸਿੰਘ ਭਸੌੜ ਨਾਲ ਕੁਝ ਗੱਲਾਂ ਵਿਚ ਵਖਰੇਵੇਂ ਕਾਰਨ ਉਸਦੇ ਵਿਰੋਧ ਵਿਚ ਖੜ੍ਹ ਗਏ। ਇਸ ਤਰ੍ਹਾਂ ਭਾਈ ਵੀਰ ਸਿੰਘ ਨੂੰ ਉਸਦੇ ਪਿਤਾ ਡਾ. ਚਰਨ ਸਿੰਘ ਦੀਆਂ ਲਿਖਤਾਂ ਬਦਲ ਦੇਣ ਦੇ ਦੋਸ਼ੀ ਬਣਾਉਂਦਾ ਹੈ। ਉਸ ਅਨੁਸਾਰ, ''ਭਾਈ ਵੀਰ ਸਿੰਘ ਨੇ ਰਾਗਮਾਲਾ ਤੋਂ ਵਿਰੁੱਧ ਆਪਣੇ ਪਿਤਾ ਚਰਨ ਸਿੰਘ ਦੀ ਲਿਖਤ ਬਾਣੀ ਬਿਉਰਾ ਨੂੰ ਵੀ ਬਦਲ ਦਿੱਤਾ ਤੇ ਡਾਕਟਰ ਸਾਹਿਬ ਦੇ ਪੁਰਾਣੇ ਬਸਤੇ ਲੱਭ ਪਏ ਦੱਸ ਕੇ ਇਹ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਕਿ ਡਾਕਟਰ ਸਾਹਿਬ ਤਾਂ ਸ਼ੁਰੂ ਤੋਂ ਹੀ ਰਾਗਮਾਲਾ ਦੇ ਹਾਮੀ ਸਨ।''[28] ਰਾਗਮਾਲਾ ਬਾਰੇ ਅਧਿਐਨ ਵੀਹਵੀਂ ਸਦੀ ਦੇ ਦੂਸਰੇ ਅੱਧ ਤੋਂ ਬਾਅਦ ਵੀ ਜਾਰੀ ਰਿਹਾ। ਅੰਮ੍ਰਿਤਸਰ ਵਿਖੇ ਅਖੰਡ ਕੀਰਤਨੀ ਜਥੇ ਵਲੋਂ ਛਪਦੇ

---

25 ਬਲਬੀਰ ਸਿੰਘ (ਡਾ.) ਰਾਗਮਾਲਾ ਦਾ ਸਵਾਲ, ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 2014, ਪੰਨਾ 1.

26 ਉਹੀ, ਪੰਨਾ 96.

27 ਉਹੀ, ਪੰਨੇ 96–97.

28 ਸ਼ਮਸ਼ੇਰ ਸਿੰਘ ਅਸ਼ੋਕ, ਮਾਧਵ ਨਲ ਕਾਮ ਕੰਦਲਾ ਤੇ ਰਾਗਮਾਲਾ ਨਿਰਣਯ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2003, ਪੰਨਾ 19.

ਮਾਸਕ ਪੱਤਰ, ਸੂਰਾ ਵਿਚ ਛਪੇ ਰਾਗਮਾਲਾ ਬਾਰੇ ਲੇਖਾਂ ਨੂੰ ਮਾਰਚ 1986 ਈ. ਵਿਚ ਪੁਸਤਕ ਰੂਪ ਵਿਚ ਪ੍ਰਕਾਸ਼ਿਤ ਕੀਤਾ ਗਿਆ। ਪੁਸਤਕ ਵਿਚ ਕੋਈ ਛੇ ਲੇਖਕਾਂ ਦੇ ਲੇਖ ਸ਼ਾਮਿਲ ਸਨ। ਇਹ ਸਾਰੇ ਲੇਖ ਰਾਗਮਾਲਾ ਦੇ ਵਿਰੋਧ ਵਿਚ ਲਿਖੇ ਗਏ ਸਨ।

ਭਸੌੜ ਸਿੰਘ ਸਭਾ ਵੱਲੋਂ ਸ਼ੁਰੂ ਕੀਤਾ ਰਾਗਮਾਲਾ ਦੀ ਵਿਰੋਧਤਾ ਦਾ ਰੁਝਾਨ 2003 ਈ. ਵਿਚ ਇਕ ਵਾਰ ਫਿਰ ਸਿਖ਼ਰ ਤੇ ਚਲਾ ਗਿਆ ਜਦ ਇਹ ਮਾਮਲਾ ਸ੍ਰੀ ਅਕਾਲ ਤਖ਼ਤ ਸਾਹਿਬ ਗਿਆ। ਗਿ. ਗੁਰਦਿੱਤ ਸਿੰਘ ਨੇ 2003 ਵਿਚ ਮੁੰਦਾਵਣੀ ਨਾਮ ਦੀ ਕਿਤਾਬ ਲਿਖੀ। ਇਸ ਕਿਤਾਬ ਕਾਰਨ ਗਿ. ਗੁਰਦਿਤ ਸਿੰਘ ਨੂੰ ਅਕਾਲ ਤਖ਼ਤ ਸਾਹਿਬ ਦੇ ਪੇਸ਼ ਹੋ ਕੇ ਤਨਖਾਹ ਲਵਾਉਣੀ ਪਈ ਸੀ। ਲੇਖਕ ਨੇ ਕਿਤਾਬ ਦੇ ਸਾਰ ਵਿਚ ਇਹ ਲਿਖਿਆ ਕਿ ''ਰਾਗਮਾਲਾ ਪੁਰਾਤਨ ਲਿਖਤਾਂ ਅਨੁਸਾਰ ਅਤੇ ਹਿੰਦੀ ਦੇ ਨਵੇਂ ਵਿਦਵਾਨਾਂ ਦੀਆਂ ਰਚਨਾਵਾਂ ਮੁਤਾਬਕ ਆਲਮ ਦੀ ਰਚਨਾ ਹੈ ਤੇ ਉੱਥੋਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਚੜ੍ਹਾਈ ਗਈ ਹੈ।''[29] ਅਕਾਲ ਤਖ਼ਤ ਤੇ ਇਹ ਵਿਵਾਦ ਜਾਣ ਤੋਂ ਬਾਅਦ ਲੇਖਕ ਨੂੰ ਤਨਖਾਹ ਲੱਗਣ ਤੋਂ ਬਾਅਦ ਵੀ ਇਹ ਰੁਝਾਨ ਨਹੀਂ ਰੁਕਿਆ। 2005 ਈ. ਵਿਚ ਮਹਿੰਦਰ ਸਿੰਘ ਜੋਸ਼ ਨੇ ਖੱਸ਼ਟ ਰਾਗ ਕਿਨ ਗਾਏ? ਨਾਮ ਹੇਠ ਇਕ ਪੁਸਤਕ ਪ੍ਰਕਾਸ਼ਿਤ ਕਰਵਾਈ। ਲੇਖਕ ਨੇ 'ਮਾਧਵਾਨਲ ਕਾਮਕੰਦਲਾ' ਨੂੰ ਆਧਾਰ ਬਣਾ ਕੇ ਇਹ ਕਿਤਾਬ ਲਿਖੀ। ਇਹ ਪੁਸਤਕ ਰਾਗਮਾਲਾ ਬਾਰੇ ਪਹਿਲਾ ਛਪੀਆਂ ਪੁਸਤਕਾਂ ਦੀ ਹੀ ਵਿਆਖਿਆ ਹੈ। ਇਸ ਕਿਤਾਬ ਨੇ 21ਵੀਂ ਸਦੀ ਵਿਚ ਇਸ ਬਹਿਸ ਨੂੰ ਜਾਰੀ ਰੱਖਿਆ। ਪਰ ਇਸ ਵਿਸ਼ੇ 'ਤੇ ਅਕਾਦਮਿਕ ਪੱਖ ਤੋਂ 2012 ਈ. ਵਿਚ ਡਾ. ਹਰਭਜਨ ਸਿੰਘ, ਨੇ ਰਾਗਮਾਲਾ ਦਾ ਵਿਵਾਦ ਅਤੇ ਇਕ ਵਿਸ਼ੇਸ਼ ਸਿਧਾਂਤ-ਚਰਚਾ ਨਾਮ ਹੇਠ ਕਿਤਾਬ ਪ੍ਰਕਾਸ਼ਿਤ ਕਰਵਾਈ। ਇਸ ਵਿਚ ਹੁਣ ਤੱਕ ਦੀ ਚਰਚਾ ਦਾ ਅਧਿਐਨ ਕੀਤਾ ਗਿਆ ਹੈ। ਲੇਖਕ ਨੇ ਸਮੀਖਿਆ ਕਰਕੇ ਇਹ ਸਿੱਟਾ ਦਿੱਤਾ ਹੈ ਕਿ, ''ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਤ ਵਿਚ ਆਈ ਰਾਗਮਾਲਾ ਇਸ ਪਾਵਨ ਗ੍ਰੰਥ ਦਾ ਅਭਿੰਨ ਅੰਗ ਹੈ, ਜੋ ਪਹਿਲੀ ਸੰਪਾਦਨਾ ਸਮੇਂ ਆਦਿ ਬੀੜ ਵਿਚ ਅੰਕਿਤ ਹੋਈ। 'ਮਾਧਵਾਨਲ ਕਾਮਕੰਦਲਾ' ਦੇ ਕਰਤਾ ਨੇ ਇਹ ਰਾਗਮਾਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਲਈ ਹੈ ਅਤੇ ਰਾਗਮਾਲਾ ਦਾ ਵਿਰੋਧ ਕਰਨ ਵਾਲੇ ਨਿਰਮੂਲ ਵਿਵਾਦ ਖੜ੍ਹਾ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪ੍ਰਮਾਣਿਕਤਾ ਉੱਤੇ ਸੰਦੇਹ

[29] ਗੁਰਦਿੱਤ ਸਿੰਘ ਗਿਆਨੀ, ਮੁੰਦਾਵਣੀ, ਸਾਹਿਤ ਪ੍ਰਕਾਸ਼ਨ, 56 ਸੈਕਟਰ 4, ਚੰਡੀਗੜ੍ਹ, 2003, ਪੰਨਾ 283.

ਕਰ ਰਹੇ ਹਨ।''[30] ਵੀਹਵੀਂ ਸਦੀ ਦੇ ਸ਼ੁਰੂ ਤੋਂ ਲੈ ਕੇ ਰਾਗਮਾਲਾ ਦੇ ਖੰਡਨ ਦਾ ਰੁਝਾਨ ਲੰਮੇ ਸਮੇਂ ਤੋਂ ਚੱਲ ਰਿਹਾ ਹੈ। ਇਸ ਬਾਰੇ ਨਿਰੰਤਰ ਅਧਿਐਨ ਜਾਰੀ ਹੈ।

ਗੁਰਬਾਣੀ ਦੀ ਸੰਪਰਦਾਈ ਪੱਖ ਤੋਂ ਵੀਹਵੀਂ ਸਦੀ ਵਿਚ ਵਿਆਖਿਆਕਾਰੀ, ਟੀਕਾਕਾਰੀ ਹੁੰਦੀ ਰਹੀ ਹੈ। ਇਸ ਅਧਿਆਇ ਵਿਚ ਭਾਈ ਵੀਰ ਸਿੰਘ ਅਤੇ ਡਾ. ਤਾਰਨ ਸਿੰਘ ਦੀ ਸੰਪਰਦਾਈ ਵਿਆਖਿਆਕਾਰੀ ਦਾ ਅਧਿਐਨ ਕੀਤਾ ਜਾਵੇਗਾ। ਭਾਈ ਵੀਰ ਸਿੰਘ ਜੀ ਨੇ ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਮ ਹੇਠ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਆਖਿਆ ਪੇਸ਼ ਕੀਤੀ ਹੈ। ਭਾਈ ਵੀਰ ਸਿੰਘ ਦੀ ਵਿਆਖਿਆਕਾਰੀ ਦਾ ਉਦੇਸ਼ ਸੰਪਰਦਾਇਕ ਵੈਰ-ਵਿਰੋਧ ਦੇ ਦਬਾਵਾਂ ਅਧੀਨ ਸਿੱਖ ਸੰਪਰਦਾ ਦੀ ਪਛਾਣ ਅਤੇ ਸੁਰੱਖਿਆ ਕਰਵਾਉਣੀ ਹੈ। ਡਾ. ਹਰਿਭਜਨ ਸਿੰਘ ਭਾਟੀਆ ਅਨੁਸਾਰ, ''ਗੁਰਬਾਣੀ-ਵਿਆਖਿਆ ਵਿਚੋਂ ਸੰਪਰਦਾਇਕ ਵਿਆਖਿਆ ਦਾ ਮੁਹਾਂਦਰਾ ਨਜ਼ਰੀ ਪੈਣ ਲੱਗ ਪੈਂਦਾ ਹੈ। ਭਾਈ ਵੀਰ ਸਿੰਘ ਦੀ ਬਾਣੀ ਵਿਆਖਿਆ ਵਿਧੀ ਦੇ ਸੰਪਰਦਾਇਕਤਾ ਦੀ ਹੱਦ ਤੱਕ ਸੰਗੋੜ ਦਾ ਨਮੂਨਾ ਉਦੋਂ ਮਿਲਦਾ ਹੈ, ਜਦੋਂ ਉਹ ਗੁਰੂ ਨਾਨਕ ਸਾਹਿਬ ਦੀ ਬੁੱਧ, ਈਸਾ ਜੀ, ਸ੍ਰੀ ਰਾਮ, ਸ੍ਰੀ ਕ੍ਰਿਸ਼ਨ, ਸ਼ੰਕਰਾਚਾਰਯ, ਪਲਾਤੂਸ, ਸੁਕਰਾਤ, ਅਰਸਤੂ, ਕਾਂਤ ਅਤੇ ਸਾਪਨਹੂਰ ਆਦਿ ਨਾਲ ਤੁਲਨਾ ਪ੍ਰਸਤੁਤ ਕਰਦੇ ਹਨ। ਮਿਸਾਲ ਵਜੋਂ ਸ਼ੁੱਭ ਕਰਮਾਂ ਤੇ ਸਦਾਚਾਰ ਦੀ ਸਿਖਯਾ ਗੁਰੂ ਨਾਨਕ ਦੇਵ ਜੀ ਦੀ ਬੁੱਧ ਜੀ ਤੋਂ ਘਟਦੀ ਨਹੀਂ ਵਧੇਰੇ ਹੀ ਲਿਸ਼ਕਾਰੇ ਮਾਰਦੀ ਹੈ।''[31] ਭਾਈ ਵੀਰ ਸਿੰਘ ਦੀ ਬਾਣੀ ਅਧਿਐਨ ਵਿਚ ਸੰਪਰਦਾਇਕ ਭਾਵਨਾ ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਮਿਲ ਜਾਂਦੀ ਹੈ। ਭਾਈ ਵੀਰ ਸਿੰਘ ਦੀ ਬਾਣੀ ਅਧਿਐਨ ਵਿਧੀ ਦਾ ਆਧਾਰ ਉਨ੍ਹਾਂ ਦੀ ਸ਼ਰਧਾਮੂਲਕ ਅਤੇ ਧਾਰਮਿਕ ਭਾਵਨਾ ਹੈ। ਜੇਕਰ ਗੁਰੂ ਨਾਨਕ ਚਮਤਕਾਰ ਦੇਖੀਏ ਤਾਂ ਪਤਾ ਚੱਲਦਾ ਹੈ ਕਿ ਭਾਈ ਵੀਰ ਸਿੰਘ ਜੀ ਨੇ ਬਾਣੀਕਾਰਾਂ ਵੱਲੋਂ ਉਚਾਰੀ ਗਈ ਬਾਣੀ ਦੀ ਸੰਬੋਧਿਤ ਧਿਰ ਨੂੰ ਪਛਾਨਣ ਦਾ ਯਤਨ ਕੀਤਾ ਹੈ। ਉਹ ਸੰਬੋਧਿਤ ਧਿਰ ਦੀ ਪਛਾਣ ਵੀ ਕਰ ਲੈਂਦੇ ਹਨ। ਪਰ ਇਸ ਨਾਲ ਬਾਣੀ ਦਾ ਸੰਬੋਧਨ ਸਮੁੱਚੇ ਵਰਤਾਰੇ ਨੂੰ ਸੰਬੋਧਿਤ ਹੋਣ ਦੀ ਥਾਂ ਵਿਸ਼ੇਸ਼ ਮਨੁੱਖ, ਸਥਿਤੀ ਨੂੰ ਵਕਤੀ ਪ੍ਰਤੀਕਰਮ ਹੀ ਜਾਪਦਾ ਹੈ। ਉਦਾਹਰਨ ਦੇ ਤੌਰ 'ਤੇ ਆਰਤੀ ਬਾਣੀ ਬਾਰੇ ਭਾਈ ਵੀਰ ਸਿੰਘ ਦੀ ਟਿੱਪਣੀ ਵੇਖੋ, ''ਮਾਲੂਮ ਹੁੰਦਾ ਹੈ ਕਿ ਕਿਤੇ ਕਿਸੇ ਮੂਰਤੀ ਅੱਗੇ ਆਰਤੀ ਹੁੰਦੀ ਵੇਖ ਕੇ

---

30 ਹਰਭਜਨ ਸਿੰਘ (ਡਾ.) ਰਾਗਮਾਲਾ ਦਾ ਵਿਵਾਦ ਅਤੇ ਇਕ ਵਿਸ਼ੇਸ਼ ਸਿਧਾਂਤ ਚਰਚਾ, ਬਿਬੇਕ ਪ੍ਰਕਾਸ਼ਨ, ਚੌਂਕ ਕਟੜਾ ਆਹਲੂਵਾਲੀਆ, ਸ੍ਰੀ ਅੰਮ੍ਰਿਤਸਰ, 2012, ਪੰਨਾ 79.

31 ਹਰਿਭਜਨ ਸਿੰਘ ਭਾਟੀਆ, (ਡਾ.), ਸੰਵਾਦ : ਪੁਨਰ-ਸੰਵਾਦ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2012 ਪੰਨਾ 119.

ਸਤਿਗੁਰ ਨੇ ਉਨ੍ਹਾਂ ਨੂੰ ਇਹ ਮਿੱਠਾ ਉਪਦੇਸ਼ ਦਿੱਤਾ ਹੈ।''[32] ਇਸ ਤਰ੍ਹਾਂ ਭਾਈ ਵੀਰ ਸਿੰਘ ਰਚਿਤ ਸਾਹਿਤ ਵਿਚੋਂ ਸੰਪਰਦਾਈ ਵਿਆਖਿਆ ਦੀ ਪਛਾਣ ਕੀਤੀ ਜਾ ਸਕਦੀ ਹੈ।

ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਸੰਪਰਦਾਇਕ ਦ੍ਰਿਸ਼ਟੀ ਤੋਂ ਲਿਖੇ ਗਏ ਸਾਹਿਤ ਨੇ ਸਿੱਖ ਅਧਿਐਨ ਵਿਚ ਕਈ ਵਿਵਾਦਾਂ ਨੂੰ ਜਨਮ ਦਿੱਤਾ। ਇਸ ਵਿਚ ਗੁਰੂ ਗ੍ਰੰਥ ਸਾਹਿਬ ਦੇ ਅੰਤ ਵਿਚ ਲਿਖੀ ਰਚਨਾ ਰਾਗਮਾਲਾ ਅਤੇ ਸ੍ਰੀ ਦਸਮ ਗ੍ਰੰਥ ਦੀ ਪ੍ਰਮਾਣਿਕਤਾ ਨਾਲ ਸੰਬੰਧਤ ਵਿਵਾਦ ਸ਼ਾਮਿਲ ਹੈ। ਇਸ ਨੇ ਲੇਖਕਾਂ ਨੂੰ ਦੋ ਧੜਿਆਂ ਵਿਚ ਵੰਡ ਦਿਤਾ। ਉਪਰੋਕਤ ਵਿਵਾਦ ਪ੍ਰਤੀ ਖੰਡਨ ਅਤੇ ਮੰਡਨ ਸਾਹਿਤ ਰਚਿਆ ਗਿਆ। ਇਹ ਰੁਝਾਨ ਇੱਕੀਵੀਂ ਸਦੀ ਵਿਚ ਵੀ ਜਾਰੀ ਹੈ।

[32] ਭਾਈ ਵੀਰ ਸਿੰਘ, ਗੁਰੂ ਨਾਨਕ ਚਮਤਕਾਰ, ਮੈਨੇਜਰ, ਖਾਲਸਾ ਸਮਾਚਾਰ, ਅੰਮ੍ਰਿਤਸਰ, ਮਿਤੀਹੀਣ, ਪੰਨਾ 337.

ਭਾਗ-ਅ : ਅਕਾਦਮਿਕ ਅਧਿਐਨ

ਅਕਾਦਮਿਕ ਸ਼ਬਦ ਦੇ ਮੁੱਢ ਅਤੇ ਸ਼ਾਬਦਿਕ ਅਰਥਾਂ ਨੂੰ ਵੇਖੀਏ ਤਾਂ ਇਹ ਸ਼ਬਦ ਯੂਨਾਨੀ ਦਾਰਸ਼ਨਿਕ ਪਲੈਟੋ ਦੇ ਅਨੁਯਾਈ ਲਈ ਵਰਤਿਆ ਜਾਂਦਾ ਸੀ। ਅਕਾਦਮਿਕ ਅੰਗਰੇਜ਼ੀ ਦੇ ਸ਼ਬਦ Academic ਦਾ ਸਾਮਾਨਅਰਥੀ ਹੈ। Academic ਲਫ਼ਜ Academy ਤੋਂ ਬਣਿਆ ਹੈ। ਯੂਨਾਨੀ ਨਗਰ ਏਥਨਜ਼ ਦੇ ਕੋਲ ਇਕ ਬਾਗ ਬਗੀਚਾ ਸੀ ਜਿੱਥੇ ਪਲੈਟੋ ਆਪਣੇ ਸ਼ਿਸ਼ਾਂ ਨੂੰ ਸਿਖਿਆ ਦੇਂਦਾ ਸੀ।[1] ਇੱਥੇ ਅਕਾਦਮਿਕ ਤੋਂ ਭਾਵ ਸਿੱਖਿਆ ਸ਼ਾਸ਼ਤਰ ਦੀ ਉਸ ਵਿਧੀ ਤੋਂ ਹੈ ਜਿਸ ਅਨੁਸਾਰ ਸਿੱਖਿਆ ਦਾ ਇਕ ਬੱਝਵਾਂ ਅਨੁਸ਼ਾਸਨ (Discipline) ਤੇ ਖੋਜ ਵਿਧੀ (Research Method) ਨਿਰਧਾਰਤ ਕੀਤੀ ਗਈ ਹੈ। ਇਸ ਦਾ ਸੰਬੰਧ ਸਿੱਖਿਆ ਦੇ ਅਦਾਰਿਆਂ ਨਾਲ ਹੈ। ਇਸ ਅਧਿਆਇ ਵਿਚ ਅਕਾਦਮਿਕ ਅਨੁਸ਼ਾਸਨ ਦੇ ਪੱਖ ਤੋਂ ਹੋਏ ਸਿੱਖ ਅਧਿਐਨ ਨੂੰ ਸ਼ਾਮਿਲ ਕੀਤਾ ਜਾ ਰਿਹਾ ਹੈ। ਇਸ ਵਿਚ ਉਪਾਧੀ ਸਾਪੇਖ ਤੇ ਉਪਾਧੀ ਨਿਰਪੇਖ ਦੋਹਾਂ ਤਰ੍ਹਾਂ ਦੇ ਉਨ੍ਹਾਂ ਕਾਰਜਾਂ ਨੂੰ ਸ਼ਾਮਿਲ ਕੀਤਾ ਜਾ ਰਿਹਾ ਹੈ ਜਿਸ ਨਾਲ ਸਿੱਖ ਅਕਾਦਮਿਕਤਾ ਵਿਚ ਨਵੇਂ ਰੁਝਾਨ ਪੈਦਾ ਹੋਏ ਹਨ। ਇਸ ਕਾਰਜ ਵਿਚ ਨਵ-ਸਾਹਿਤ ਅਧਿਐਨ ਦ੍ਰਿਸ਼ਟੀਆਂ 'ਤੇ ਹੋਏ ਅਧਿਐਨ ਕਾਰਜ ਵੀ ਸ਼ਾਮਿਲ ਕੀਤੇ ਗਏ ਹਨ।

ਬਸਤੀਵਾਦੀ ਚਿੰਤਨ ਆਉਣ ਨਾਲ ਸਿੱਖ ਅਧਿਐਨ ਰਵਾਇਤੀ ਅਧਿਐਨ ਵਿਚੋਂ ਨਿਕਲ ਕੇ ਅਕਾਦਮਿਕ ਅਧਿਐਨ ਵਿਚ ਦਾਖ਼ਲ ਹੁੰਦਾ ਹੈ। ਸਿੱਖ ਅਧਿਐਨ ਵਿਚ ਅਕਾਦਮਿਕ ਖੋਜ ਦਾ ਜਨਮ ਅਕਾਦਮਿਕ ਲੋੜਾਂ ਵਿਚੋਂ ਹੋਇਆ। ਡਾ. ਧਰਮ ਸਿੰਘ ਅਨੁਸਾਰ, ''ਪੰਜਾਬੀ ਖੋਜ ਦਾ ਸਭ ਤੋਂ ਪਹਿਲਾ ਨਮੂਨਾ ਸੰਮਤ 1940 ਮੁਤਾਬਿਕ 1883 ਈ. ਵਿਚ ਹਿਰਦੇ ਰਾਮ ਭੱਲਾ ਦੇ ਹਨੂੰਮਾਨ ਨਾਟਕ ਦੀ ਸੰਪਾਦਨਾ ਹੈ, ਜੋ ਸ਼ਿਵ ਨਾਥ ਜੋਗੀ ਨੇ ਕੀਤੀ।''[2] ਇਹ ਨਾਟਕ ਪੰਜਾਬ ਯੂਨੀਵਰਸਿਟੀ ਲਾਹੌਰ ਦੇ ਬੁੱਧੀਮਾਨ ਅਤੇ ਵਿਦਵਾਨ ਆਦਿ ਦੇ ਇਮਤਿਹਾਨਾਂ ਲਈ ਪਾਠ-ਪੁਸਤਕ ਵਜੋਂ ਤਿਆਰ ਕੀਤਾ ਸੀ। ਇੱਥੇ ਅਸੀਂ ਕੁਝ ਉਪਾਧੀ ਨਿਰਪੇਖ ਪ੍ਰਕਾਸ਼ਿਤ ਅਕਾਦਮਿਕ ਕਾਰਜਾਂ ਦਾ ਵਿਸ਼ਲੇਸ਼ਣ ਕਰਾਂਗੇ ਜਿਹਨਾਂ ਨਾਲ ਸਿੱਖ ਅਧਿਐਨ ਵਿਚ ਨਵੇਂ ਰੁਝਾਨ ਆਏ ਸਨ। ਅਕਾਦਮਿਕ ਅਧਿਐਨ ਵਿਚ ਪੁਰਾਤਨ ਲਿਖਤਾਂ ਦੇ ਸੰਪਾਦਨ ਨੇ ਖੋਜ ਕਾਰਜਾਂ ਵਿਚ ਵੱਡਾ ਸਥਾਨ ਪ੍ਰਾਪਤ ਕੀਤਾ ਹੈ। ਇਹ ਸੰਪਾਦਨ ਦਾ ਕਾਰਜ ਸਿੰਘ ਸਭਾ ਲਹਿਰ ਵੇਲੇ ਪ੍ਰੋ. ਗੁਰਮੁਖ ਸਿੰਘ ਦੁਆਰਾ ਪੁਰਾਤਨ ਜਨਮਸਾਖੀ ਦੇ ਸੰਪਾਦਨ ਨਾਲ ਸ਼ੁਰੂ ਹੋਇਆ ਕਿਹਾ ਜਾ ਸਕਦਾ ਹੈ।

---

[1] ਹਰਿਭਜਨ ਸਿੰਘ ਭਾਟੀਆ, ਸੰਵਾਦ : ਪੁਨਰ ਸੰਵਾਦ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2012, ਪੰਨੇ 98-99.

[2] ਡਾ. ਧਰਮ ਸਿੰਘ, ਪੰਜਾਬੀ ਖੋਜ ਦਾ ਇਤਿਹਾਸ, ਪੰਜਾਬੀ ਅਕਾਦਮੀ, ਦਿੱਲੀ 2004, ਪੰਨਾ 12.

ਡਾ. ਧਰਮ ਸਿੰਘ ਅਨੁਸਾਰ, ''ਇਸ ਜਨਮਸਾਖੀ ਦੀ ਭੂਮਿਕਾ ਤੋਂ ਜਨਮਸਾਖੀ ਸਾਹਿਤ ਦੀ ਖੋਜ ਅਤੇ ਅਧਿਐਨ ਦਾ ਬਕਾਇਦਾ ਆਰੰਭ ਹੋਇਆ ਮੰਨਿਆ ਜਾ ਸਕਦਾ ਹੈ ਕਿਉਂਕਿ ਇਸ ਵਿਚ ਪਹਿਲੀ ਵਾਰ ਅਜਿਹੇ ਮੁੱਦੇ ਉੱਠਾਏ ਗਏ ਹਨ ਜੋ ਅਗਲੇਰੀ ਖੋਜ ਅਤੇ ਅਧਿਐਨ ਦਾ ਆਧਾਰ ਬਣੇ।''[3] ਪ੍ਰੋ. ਗੁਰਮੁਖ ਸਿੰਘ ਦਾ ਇਹ ਕਾਰਜ 1885 ਈ. ਦਾ ਹੈ। ਇਸ ਤੋਂ ਬਾਅਦ ਭਾਈ ਵੀਰ ਸਿੰਘ ਦਾ ਸੰਪਾਦਨ ਕਾਰਜ ਸਾਹਮਣੇ ਆਉਂਦਾ ਹੈ। ਭਾਈ ਵੀਰ ਸਿੰਘ ਨੇ ਪ੍ਰਾਚੀਨ ਪੰਥ ਪ੍ਰਕਾਸ਼ (1914 ਈ.), ਸਿੱਖਾਂ ਦੀ ਭਗਤਮਾਲਾ (1921 ਈ.), ਪੁਰਾਤਨ ਜਨਮਸਾਖੀ (1926 ਈ.), ਗੁਰ ਪ੍ਰਤਾਪ ਸੂਰਜ ਗ੍ਰੰਥ (1926 ਤੋਂ 1935 ਈ.) ਅਤੇ ਮਾਲਵਾ ਦੇਸ਼ ਰਟਨ ਦੀ ਸਾਖੀ ਪੋਥੀ (1950 ਈ.) ਸੰਪਾਦਿਤ ਕਾਰਜ ਕੀਤੇ। ਲੇਖਕ ਦੇ ਇਹਨਾਂ ਕਾਰਜਾਂ ਨਾਲ ਹੱਥ ਲਿਖਤ ਵਿਚ ਸੋਧਿਆ ਹੋਇਆ ਪਾਠ ਤਿਆਰ ਕਰਕੇ ਸੰਪਾਦਨ ਕਰਨ ਦਾ ਰੁਝਾਨ ਸ਼ੁਰੂ ਹੋਇਆ। ਜੇਕਰ ਪੁਰਾਤਨ ਜਨਮਸਾਖੀ ਦੀ ਸੰਪਾਦਨ ਵਿਧੀ ਦੇਖੀਏ ਤਾਂ ਇਸ ਵਿਚ ਗਿਆਰ੍ਹਾਂ ਪੰਨੇ ਦੀ ਭੂਮਿਕਾ ਹੈ। ਮੂਲਪਾਠ ਵਿਚ ਪਾਠਾਂਤ੍ਰ ਭੇਦ ਜਾਂ ਕਿਸੇ ਹੋਰ ਤੱਥ ਨੂੰ ਸਪਸ਼ਟ ਕਰਨ ਲਈ ਫੁਟ ਨੋਟ ਦਿੱਤੇ ਗਏ ਹਨ। ਮੂਲ ਪਾਠ ਖਤਮ ਹੋਣ ਤੇ ਪੰਜ ਅੰਤਿਕਾਵਾਂ ਦਿੱਤੀਆਂ ਹਨ।[4] ਇਸ ਸੰਪਾਦਿਤ ਵਿਧੀ ਤੋਂ ਬਾਅਦ ਹੱਥ ਲਿਖਤਾਂ ਦੇ ਸੰਪਾਦਨ ਵਿੱਚ ਬਾਵਾ ਕਰਤਾਰ ਸਿੰਘ ਦਾ ਨਾਮ ਆਉਂਦਾ ਹੈ। ਡਾ. ਧਰਮ ਸਿੰਘ ਅਨੁਸਾਰ, ''ਵਾਰ ਨਾਦਰ ਸ਼ਾਹ ਪਹਿਲੀ ਵਾਰ ਸੰਪਾਦਿਤ ਰੂਪ ਵਿਚ ਜਨਵਰੀ 1920 ਈ. ਵਿਚ ਬਾਵਾ ਕਰਤਾਰ ਸਿੰਘ ਦੇ ਯਤਨਾਂ ਨਾਲ ਸਾਮ੍ਹਣੇ ਆਈ। ਇਸ ਦੀ ਭੂਮਿਕਾ ਵਿਚ ਵਾਰ ਦੇ ਕਰਤਾ ਨਜਾਬਤ, ਵਾਰ ਦੇ ਰਚਨਾ ਕਾਲ ਅਤੇ ਇਸ ਵਾਰ ਦੀ ਇਤਿਹਾਸਿਕ ਪ੍ਰਮਾਣਿਕਤਾ ਬਾਰੇ ਵੀ ਸੰਖੇਪ ਰੂਪ ਵਿਚ ਚਰਚਾ ਕੀਤੀ ਗਈ ਮਿਲਦੀ ਹੈ।''[5] ਨਜਾਬਤ ਦੀ ਵਾਰ ਨੂੰ ਡਾ. ਕੁਲਵੰਤ ਸਿੰਘ ਨੇ ਬਾਅਦ ਵਿਚ ਵੀ ਸੰਪਾਦਿਤ ਕੀਤਾ ਹੈ। ਸਿੱਖ ਅਕਾਦਮਿਤਾ ਵਿਚ ਡਾ. ਮੋਹਨ ਸਿੰਘ ਦੀਵਾਨਾ ਦਾ ਮੁੱਢਲਾ ਸਥਾਨ ਹੈ। ਉਸਨੇ ਆਪਣਾ ਸ਼ੋਧ ਕਾਰਜ *A History of Punjabi Literature* 1933 ਈ. ਵਿਚ ਡੀ.ਲਿਟ ਦੀ ਡਿਗਰੀ ਲਈ ਲਿਖਿਆ। ਇਸ ਕਾਰਜ ਦੀ ਇਤਿਹਾਸਕ ਵੰਡ ਸਿੱਖ ਧਰਮ ਦੇ ਇਤਿਹਾਸ ਨੂੰ ਸਾਹਮਣੇ ਰੱਖਦਿਆਂ ਪੂਰਵ ਨਾਨਕ ਕਾਲ ਅਤੇ ਉਤਰ ਨਾਨਕ ਕਾਲ ਵਿਚ ਕੀਤੀ ਸੀ। ਇਸ ਕਾਰਜ ਨੇ ਪੰਜਾਬੀ ਸਾਹਿਤ ਵਿਚ ਸਿੱਖ ਅਧਿਐਨ ਦੀ ਰੂਪ ਰੇਖਾ ਨਿਸ਼ਚਤ ਕਰ ਦਿੱਤੀ ਸੀ। ਮੋਹਨ ਸਿੰਘ

---

3 ਡਾ. ਧਰਮ ਸਿੰਘ, ਪੰਜਾਬੀ ਖੋਜ ਦਾ ਇਤਿਹਾਸ, ਪੰਨਾ 14.

4 ਭਾਈ ਵੀਰ ਸਿੰਘ (ਸੰਪਾ.) ਪੁਰਾਤਨ ਜਨਮਸਾਖੀ, ਭਾਈ ਵੀਰ ਸਿੰਘ ਸਾਹਿਤ ਸਦਨ, ਦਿੱਲੀ, 2010, ਪੰਨੇ 212-213.

5 ਧਰਮ ਸਿੰਘ (ਡਾ.), ਪੰਜਾਬੀ ਖੋਜ ਦਾ ਇਤਿਹਾਸ, ਪੰਨਾ 33.

ਦੀਵਾਨਾ ਤੋਂ ਬਾਅਦ ਹੱਥ ਲਿਖਤਾਂ ਦੇ ਸੰਪਾਦਨ ਵਿਚ ਪਿਆਰਾ ਸਿੰਘ ਪਦਮ ਦਾ ਨਾਮ ਆਉਂਦਾ ਹੈ। ਪਦਮ ਦੇ ਇਤਿਹਾਸਕਾਰ ਹੋਣ ਦੇ ਨਾਲ ਪੁਰਾਤਨ ਸਿੱਖ ਲਿਖਤਾਂ ਦੇ ਸੰਪਾਦਨ ਕਾਰਜ ਦੀ ਅਹਿਮਅਤ ਤੋਂ ਭਲੀ-ਭਾਂਤ ਜਾਣੂ ਹੈ। ਸਿੱਖ ਅਧਿਐਨ ਵਿਚ ਲੇਖਕ ਨੇ ਰਹਿਤਨਾਮੇ, ਸੌ ਸਾਖੀ, ਗੁਰੂ ਦੀਆਂ ਸਾਖੀਆਂ ਅਤੇ ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ ਆਦਿਕ ਸੰਪਾਦਿਤ ਕਾਰਜ ਕੀਤੇ। ਡਾ. ਪਿਆਰ ਸਿੰਘ ਦੇ ਹੱਥ ਲਿਖਤ ਸਾਹਿਤ ਦੇ ਸੰਪਾਦਨ ਦੇ ਰੁਝਾਨ ਨੂੰ ਅੱਗੇ ਤੋਰਿਆ। ਲੇਖਕ ਨੇ ਆਦਿ ਸਾਖੀਆਂ ਅਤੇ *B*-40 ਜਨਮਸਾਖੀ ਗੁਰੂ ਨਾਨਕ ਦੇਵ ਜੀ ਸੰਪਾਦਿਤ ਕੀਤੀਆਂ। ਡਾ. ਪਿਆਰ ਸਿੰਘ ਦੇ ਸੰਪਾਦਿਤ ਪਾਠ ਵਿਚ ਗੁਰੂ ਤੇਗ਼ ਬਹਾਦਰ ਫ਼ਾਰਸੀ ਸਰੋਤ ਕਿਤਾਬ ਅਹਿਮ ਥਾਂ ਰੱਖਦੀ ਹੈ। ਡਾ. ਸੁਰਿੰਦਰ ਸਿੰਘ ਕੋਹਲੀ ਦੀ ਕਿਤਾਬ ਪੁਰਾਤਨ ਪੰਜਾਬੀ ਵਾਰਤਕ: ਸਰੂਪ, ਸਿਧਾਂਤ ਤੇ ਵਿਕਾਸ ਹੱਥ ਲਿਖਤ ਸਾਹਿਤ ਬਾਰੇ ਮਹੱਤਵਪੂਰਨ ਜਾਣਕਾਰੀ ਮੁਹੱਈਆ ਕਰਦੀ ਹੈ। ਪ੍ਰੋ. ਪ੍ਰੀਤਮ ਸਿੰਘ ਨੂੰ ਹੱਥ ਲਿਖਤ ਸਾਹਿਤ ਦਾ ਮਾਹਿਰ ਕਿਹਾ ਜਾ ਸਕਦਾ ਹੈ। ਉਸ ਦੀ ਸੰਪਾਦਿਤ ਪੁਸਤਕ ਅਹੀਆਪੁਰ ਵਾਲੀ ਪੋਥੀ ਅਕਾਦਮਿਕ ਜਗਤ ਵਿਚ ਅਹਿਮ ਸਥਾਨ ਰੱਖਦੀ ਹੈ। ਹੱਥ ਲਿਖਤ ਸਾਹਿਤ ਦੇ ਰੁਝਾਨ ਵਿਚ ਡਾ. ਦੇਵਿੰਦਰ ਸਿੰਘ ਵਿਦਿਆਰਥੀ ਦੀਆਂ ਸੰਪਾਦਿਤ ਪੁਸਤਕਾਂ ਸ੍ਰੀ ਗੁਰੂ ਨਾਨਕ ਅਭਿਨੰਦਨ ਗ੍ਰੰਥ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਅਭਿਨੰਦਨ ਗ੍ਰੰਥ ਦਾ ਅਹਿਮ ਸਥਾਨ ਹੈ। ਡਾ. ਗੰਡਾ ਸਿੰਘ ਨੇ ਸ੍ਰੀ ਗੁਰ ਸੋਭਾ, ਹੁਕਮਨਾਮੇ ਅਤੇ ਪੰਜਾਬ ਦੀਆਂ ਵਾਰਾਂ ਸੰਪਾਦਿਤ ਕਰਕੇ ਇਸ ਰੁਝਾਨ ਨੂੰ ਅੱਗੇ ਤੋਰਿਆ। ਭਾਈ ਰਣਧੀਰ ਸਿੰਘ ਨੇ ਪ੍ਰੇਮ ਸੁਮਾਰਗ ਗ੍ਰੰਥ ਅਤੇ ਗੁਰਪ੍ਰਣਾਲੀਆਂ ਨਾਲ ਸਿੱਖ ਅਧਿਐਨ ਨੂੰ ਅਮੀਰ ਕੀਤਾ। ਗਿ. ਗਰਜਾ ਸਿੰਘ ਹੱਥ ਲਿਖਤ ਸਾਹਿਤ ਦੇ ਰੁਝਾਨ ਵਿਚ ਨਿਵੇਕਲੀ ਕਿਸਮ ਦਾ ਕਾਰਜ ਕਰਦਾ ਹੈ। ਭੱਟ ਵਹੀਆਂ ਦੀ ਖੋਜ ਕਰਨ ਵਾਲਾ ਉਹ ਪਹਿਲਾ ਵਿਅਕਤੀ ਬਣਦਾ ਹੈ। ਸ਼ਹੀਦ ਬਿਲਾਸ ਭਾਈ ਮਨੀ ਸਿੰਘ ਨਾਲ ਭਾਈ ਮਨੀ ਸਿੰਘ ਬਾਰੇ ਖੋਜ ਵਿਚ ਨਵੇਂ ਤੱਥ ਸ਼ਾਮਿਲ ਹੁੰਦੇ ਹਨ। ਇਸ ਤੋਂ ਅਗਲੀ ਪੀੜ੍ਹੀ ਦੇ ਖੋਜਕਾਰਾਂ ਵਿਚ ਡਾ. ਰਾਏ ਜਸਬੀਰ ਸਿੰਘ ਸਿੱਖ ਅਧਿਐਨ ਨੂੰ ਗੁਰੂ ਅਮਰਦਾਸ ਸਰੋਤ ਪੁਸਤਕ ਅਤੇ ਬੰਸਾਵਲੀ ਨਾਮਾਂ ਦਸਾਂ ਪਾਤਸ਼ਾਹੀਆਂ ਕਾ: ਸੰਪਾਦਨ ਤੇ ਇਤਿਹਾਸਿਕ ਅਧਿਐਨ ਨਾਲ ਸਿੱਖ ਅਧਿਐਨ ਨੂੰ ਅੱਗੇ ਤੋਰਦਾ ਹੈ।

ਉਪਾਧੀ ਨਿਰਪੇਖ ਕਾਰਜਾਂ ਵਿਚ ਭਗਤ ਫਰੀਦ ਜੀ ਨਾਲ ਸੰਬੰਧਤ ਬਹੁਤ ਸਾਰਾ ਸਾਹਿਤ ਰਚਿਆ ਗਿਆ। ਲਾਜਵੰਤੀ ਰਾਮ ਕ੍ਰਿਸ਼ਨ ਦੇ ਥੀਸਿਸ *Punjabi Sufi Poets* ਤੋਂ ਸ਼ੁਰੂ ਹੋ ਕੇ ਪ੍ਰੋ. ਪ੍ਰੀਤਮ ਸਿੰਘ ਦੀ ਪੁਸਤਕ ਸ਼ੱਕਰਗੰਜ, ਗੁਰਬਚਨ ਸਿੰਘ ਤਾਲਿਬ ਦੀ ਪੁਸਤਕ ਬਾਬਾ

ਸ਼ੇਖ ਫ਼ਰੀਦ, ਦੀਵਾਨ ਸਿੰਘ ਦੀ ਕਿਤਾਬ ਫ਼ਰੀਦ ਦਰਸ਼ਨ, ਸੁਰਿੰਦਰ ਸਿੰਘ ਕੋਹਲੀ ਦੀ ਕਿਤਾਬ, ਬਾਬਾ ਫਰੀਦ: ਜੀਵਨ ਸਮਾਂ ਤੇ ਰਚਨਾ ਤੋਂ ਲੈ ਕੇ ਪ੍ਰੋ. ਪ੍ਰੀਤਮ ਸਿੰਘ ਦੀ ਕਿਤਾਬ ਗੁਰੂ ਗ੍ਰੰਥ ਸਾਹਿਬ ਵਿਚਲੇ ਸ਼ੇਖ਼ ਫ਼ਰੀਦ ਦੀ ਭਾਲ ਤੱਕ ਪਹੁੰਚਦਾ ਹੈ।

ਵੀਹਵੀਂ ਸਦੀ ਵਿਚ 1947 ਈ. ਤੋਂ ਬਾਅਦ ਆਈਆਂ ਸਿੱਖ ਸ਼ਤਾਬਦੀਆਂ ਨੇ ਸਿੱਖ ਅਕਾਦਮਿਕਤਾ ਵਿਚ ਵਿਸ਼ੇਸ਼ ਅੰਕਾਂ ਅਤੇ ਸੈਮੀਨਾਰਾਂ ਦੇ ਰਾਹੀਂ ਸਿੱਖ ਅਧਿਐਨ ਉੱਪਰ ਲਿਖਣ ਦੇ ਰੁਝਾਨ ਪੈਦਾ ਕੀਤੇ। ਅਕਾਦਮਿਕਤਾ ਵਿਚ ਇਸ ਦੀ ਸ਼ੁਰੂਆਤ ਗੁਰੂ ਨਾਨਕ ਦੇਵ ਜੀ ਦੇ ਪੰਜ ਸੌ ਸਾਲਾ ਜਨਮ ਸ਼ਤਾਬਦੀ ਤੋਂ ਹੁੰਦੀ ਹੈ। ਪੰਜਾਬ ਹਿਸਟਾਰੀਕਲ ਸਟੱਡੀਜ਼ ਡਿਪਾਰਟਮੈਂਟ, ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ 14-15 ਮਾਰਚ 1969 ਈ. ਨੂੰ ਪੰਜਾਬ ਹਿਸਟਰੀ ਕਾਨਫਰੰਸ ਕਰਵਾਈ। ਇਸ ਕਾਨਫਰੰਸ ਵਿਚ ਗੁਰੂ ਨਾਨਕ ਦੇਵ ਜੀ ਦੇ ਜੀਵਨ ਰਚਨਾਵਾਂ ਬਾਰੇ ਕਈ ਪੇਪਰ ਪੜ੍ਹੇ ਗਏ। ਇਨ੍ਹਾਂ ਪੇਪਰਾਂ ਵਿਚੋਂ 20 ਪੇਪਰ ਫੌਜਾ ਸਿੰਘ ਅਤੇ ਏ.ਸੀ. ਅਰੋੜਾ ਨੇ 1970 ਈ. ਵਿਚ *Papers on Guru Nanak* ਸਿਰਲੇਖ ਹੇਠ ਪ੍ਰਕਾਸ਼ਿਤ ਕੀਤੇ ਸਨ। ਇਹਨਾਂ ਪੇਪਰਾਂ ਵਿਚ ਗੁਰੂ ਨਾਨਕ ਸਾਹਿਬ ਜੀ ਬਾਰੇ ਨਵੇਂ ਤੱਥ ਅਤੇ ਭਖਦੇ ਵਿਵਾਦਾਂ ਨੂੰ ਅਕਾਦਮਿਕ ਪੱਧਰ ਤੇ ਹੱਲ ਕਰਨ ਦਾ ਯਤਨ ਕੀਤਾ ਗਿਆ ਸੀ। ਇਸ ਵਿਚ ਪ੍ਰਮੁੱਖ ਲੇਖ, Dr. Kirpal Singh, 'Guru Nanak's Visit to Cylon', Dr. Ganda Singh, 'Guru Nanak's Vist to West Asian Countries,' Dr. Hari Ram Gupta ਦਾ ਲੇਖ 'Nanak's Visit to Bagdad' ਆਦਿਕ ਸ਼ਾਮਿਲ ਕੀਤੇ ਗਏ ਹਨ।[6] ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਹੀ ਨਵੰਬਰ 1969 ਈ. ਵਿਚ ਖੋਜ ਪਤ੍ਰਿਕਾ ਮੈਗਜ਼ੀਨ ਦਾ ਵਿਸ਼ੇਸ਼ ਅੰਕ ਕੱਢਿਆ ਗਿਆ। ਇਸ ਦੇ ਮੁੱਖ ਸੰਪਾਦਕ ਡਾ. ਹਰਚਰਨ ਸਿੰਘ ਸਨ। ਇਸ ਅੰਕ ਵਿਚ ਕੁਲ 23 ਪੇਪਰ ਪ੍ਰਕਾਸ਼ਿਤ ਹੋਏ। ਡਾ. ਹਰਚਰਨ ਸਿੰਘ ਅਨੁਸਾਰ, ''ਇਸ ਅੰਕ ਦੀ ਵਿਸ਼ੇਸ਼ਤਾ ਇਸ ਗੱਲ ਵਿਚ ਹੈ ਕਿ ਇਸ ਵਿਚ ਗੁਰੂ ਨਾਨਕ ਦੇ ਜੀਵਨ, ਸ਼ਖ਼ਸੀਅਤ, ਰਚਨਾ ਅਤੇ ਵਿਚਾਰਾਂ ਸੰਬੰਧੀ ਖੋਜ ਭਰੇ ਲੇਖ ਹੀ ਸ਼ਾਮਿਲ ਕੀਤੇ ਗਏ ਹਨ।''[7] ਇਹ ਅੰਕ ਅਕਾਦਮਿਕ ਪੱਖ ਤੋਂ ਡਾ. ਮੈਕਲੋਡ ਦੁਆਰਾ ਲਿਖੇ ਗਏ ਥੀਸਿਸ ਦੇ ਅਸਰ ਹੇਠ ਉਤਰ ਪ੍ਰਤੀਉਤਰ ਅਤੇ ਨਵੇਂ ਤੱਥਾਂ ਦੀ ਭਾਲ ਵਿਚੋਂ ਨਿਕਲਿਆ ਕਿਹਾ ਜਾ ਸਕਦਾ ਹੈ। ਸੰਪਾਦਕ ਅਨੁਸਾਰ, ''ਗੁਰੂ ਸਾਹਿਬ ਜੀ ਦੇ ਜੀਵਨ ਅਤੇ ਸ਼ਖ਼ਸੀਅਤ ਬਾਰੇ

---

6 Fauja Singh, A.C. Arora, 'Papers on Guru Nanak', *Punjab History Conference,* Punjabi University Patiala 1970, pp. 179,188,197.

7 ਹਰਚਰਨ ਸਿੰਘ (ਸੰਪਾ.), 'ਗੁਰੂ ਨਾਨਕ ਵਿਸ਼ੇਸ਼ ਅੰਕ', ਖੋਜ ਪਤ੍ਰਿਕਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011, ਪੰਨਾ V.

ਕਾਫ਼ੀ ਭਰਮ ਭੁਲੇਖੇ ਪਏ ਹੋਏ ਹਨ। ਮਿਸਟਰ ਮੈਕਲੋਡ ਦੇ ਤਾਜ਼ਾ ਛਪੇ ਸ਼ੋਧ ਪ੍ਰਬੰਧ ਵਿਚ ਵੀ ਕਈ ਨਵੇਂ ਸ਼ੰਕੇ ਪੈਦਾ ਕੀਤੇ ਗਏ ਹਨ।''[8] ਇਸ ਕਿਤਾਬ ਵਿਚ ਇਨ੍ਹਾਂ ਸ਼ੰਕਿਆਂ ਨੂੰ ਸਾਹਮਣੇ ਰੱਖ ਕੇ ਨਵੇਂ ਪੱਖਾਂ ਤੋਂ ਖੋਜ ਤੇ ਜਵਾਬ ਦਿੱਤੇ ਗਏ ਸਨ। ਇਸ ਤਰ੍ਹਾਂ ਸ਼ਤਾਬਦੀਆਂ ਨੇ ਸਿੱਖ ਅਕਾਦਮਿਕਤਾ ਨੂੰ ਕਾਫੀ ਪ੍ਰਭਾਵਿਤ ਕੀਤਾ। ਇਸ ਰੁਝਾਨ ਨੂੰ ਗੁਰੂ ਅਮਰਦਾਸ ਜੀ ਦੀ 500 ਸਾਲਾ ਜਨਮ ਸ਼ਤਾਬਦੀ 1973 ਈ., ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਸ਼ਤਾਬਦੀ 1975 ਈ. ਅਤੇ ਖ਼ਾਲਸਾ ਪ੍ਰਗਟ ਦਿਵਸ ਸ਼ਤਾਬਦੀ 1999 ਈ. ਨੂੰ ਇਸ ਪੱਖ ਤੋਂ ਵੇਖਿਆ ਜਾ ਸਕਦਾ ਹੈ। ਸਿੱਖ ਅਕਾਦਮਿਕਤਾ ਵਿਚ ਬਹੁਤ ਸਾਰਾ ਸਾਹਿਤ ਉਪਾਧੀ ਨਿਰਪੇਖ ਖੋਜ ਵਿਚੋਂ ਪ੍ਰਾਪਤ ਹੁੰਦਾ ਹੈ। ਅਗਲੇ ਪੰਨਿਆਂ ਵਿਚ ਉਪਾਧੀ ਸਾਪੇਖ ਖੋਜ ਕਾਰਜ ਦਾ ਵਿਸ਼ਲੇਸ਼ਣ ਕੀਤਾ ਜਾਵੇਗਾ। ਭਾਰਤ ਵਿਚ ਵੀਹਵੀਂ ਸਦੀ ਦੇ ਸ਼ੁਰੂ ਵਿਚ ਅਕਾਦਮਿਕ ਪੱਧਰ 'ਤੇ ਸਕੂਲ ਤੇ ਕਾਲਜ ਸਨ ਪਰ ਸਿੱਖ ਅਧਿਐਨ ਦੇ ਉਪਾਧੀ ਸਾਪੇਖ ਕਾਰਜਾਂ ਲਈ ਅਜੇ ਕੋਈ ਯੂਨੀਵਰਸਿਟੀ ਹੋਂਦ ਵਿਚ ਨਹੀਂ ਆਈ ਸੀ। ਜਿਸ ਕਾਰਨ ਡਾਕਟਰੇਟ ਦੀ ਡਿਗਰੀ ਲਈ ਵਿਦੇਸ਼ਾਂ ਵਿਚ ਜਾਣਾ ਪੈਂਦਾ ਸੀ। ਸਿੱਖ ਧਰਮ ਨਾਲ ਸੰਬੰਧਤ ਪਹਿਲਾ ਅਕਾਦਮਿਕ ਕਾਰਜ ਡਾ. ਲਾਜਵੰਤੀ ਰਾਮ ਕ੍ਰਿਸ਼ਨ ਦਾ ਸਾਹਮਣੇ ਆਉਂਦਾ ਹੈ। ਉਸਨੇ School of Oriental and African Studies, University of London ਤੋਂ 1934 ਈ. ਵਿਚ *Punjabi Sufi Poets* ਨਾਮ ਹੇਠ ਪੀਐੱਚ.ਡੀ. ਦੀ ਡਿਗਰੀ ਲਈ ਖੋਜ ਪ੍ਰਬੰਧ ਪੇਸ਼ ਕੀਤਾ ਸੀ, ਜੋ ਪ੍ਰਵਾਨ ਹੋਇਆ।[9] ਇਹ ਥੀਸਿਸ ਭਾਵੇਂ ਸੂਫੀ ਮਤ ਨਾਲ ਸੰਬੰਧਤ ਸੀ ਪਰ ਇਸ ਵਿਚ ਭਗਤ ਫਰੀਦ ਜੀ ਦਾ ਜ਼ਿਕਰ ਕੀਤਾ ਗਿਆ ਸੀ। ਲੇਖਿਕਾ ਨੇ ਪਹਿਲੀ ਵਾਰ ਅਕਾਦਮਿਕਤਾ ਵਿਚ ਇਹ ਗੱਲ ਲਿਆਂਦੀ ਸੀ ਕਿ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਫਰੀਦ ਸਾਨੀ ਦੀ ਹੈ ਨਾ ਕਿ ਫਰੀਦ-ਉਦ-ਦੀਨ ਸ਼ਕਰਗੰਜ ਦੀ।[10] ਇਸ ਨਾਲ ਭਗਤ ਫਰੀਦ-ਉਦ-ਦੀਨ ਦੀ ਥਾਂ ਤੇ ਫਰੀਦ ਸਾਨੀ ਦੀ ਬਾਣੀ ਮੰਨਣ ਦਾ ਰੁਝਾਨ ਸ਼ੁਰੂ ਹੋਇਆ। ਗਿਆਨੀ ਗੁਰਦਿਤ ਸਿੰਘ ਨੇ ਆਪਣੀ ਕਿਤਾਬ ਭਗਤ ਬਾਣੀ ਭਾਗ ਪਹਿਲਾ ਵਿਚ ਇਸ ਵਿਚਾਰ ਦੀ ਖੁੱਲ੍ਹ ਕੇ ਪ੍ਰੋੜ੍ਹਤਾ ਕੀਤੀ।

ਜੇਕਰ 1939 ਈ. ਤੋਂ ਪਹਿਲਾਂ ਦੀ ਸਿੱਖ ਫਿਲਾਸਫੀ ਦੀ ਸਥਿਤੀ ਦੇਖੀਏ ਤਾਂ ਇਹ ਸਿੱਖਾਂ ਪ੍ਰਤੀ ਮਾਯੂਸ ਤੇ ਬੇ-ਉਮੀਦ ਇਸ ਹੱਦ ਤਕ ਸੀ ਕਿ 'ਵਿਸ਼ਵਕੋਸ਼' ਵਿਚ 'ਸਿੱਖ ਫ਼ਲਸਫ਼ੇ,

---

[8] ਉਹੀ।

[9] ਡਾ. ਲਾਜਵੰਤੀ ਰਾਮ ਕ੍ਰਿਸ਼ਨ, ਪੰਜਾਬੀ ਸੂਫੀ ਕਵੀ (1460-1900ਈ.), ਅਨੁ. ਸੁਖਦੇਵ ਸਿੰਘ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2011, ਪੰਨਾ 13.

[10] ਉਹੀ, ਪੰਨਾ 56.

ਧਰਮ ਬਾਰੇ ਉਲੇਖ (Entrees) ਵੀ ਗ਼ੈਰ ਸਿੱਖਾਂ ਤੋਂ ਹੀ ਲਿਖਵਾਈਆਂ ਗਈਆਂ। ਹਿੰਮਤ ਸਿੰਘ ਅਨੁਸਾਰ ਵਿਸ਼ਵਕੋਸ਼ ਲਈ ਸਿੱਖ ਫਲਸਫ਼ੇ ਸੰਬੰਧੀ ਉਲੇਖ ਸਰ ਮੁਹੰਮਦ ਇਕਬਾਲ (ਅਲਾਮਾ ਇਕਬਾਲ) ਤੋਂ ਲਿਖਵਾਇਆ ਗਿਆ ਸੀ।[11] ਅਕਾਦਮਿਕ ਪੱਧਰ 'ਤੇ ਸਿੱਖ ਧਰਮ ਨੂੰ ਪਹਿਲੀ ਵਾਰ ਡਾ. ਸ਼ੇਰ ਸਿੰਘ ਨੇ ਪੇਸ਼ ਕੀਤਾ। ਡਾ. ਸ਼ੇਰ ਸਿੱਖ ਦੀ ਖੋਜ ਦਾ ਵਿਸ਼ਾ Philosophy of Sikhism ਸੀ, ਜੋ ਉਸਨੇ School of Oriental an African Studies, University of London ਵਿਖੇ ਡਾਕਟਰੇਟ ਲਈ ਪੇਸ਼ ਕੀਤਾ। ਇਸ ਥੀਸਿਸ ਦੇ ਲਿਖਣ ਦਾ ਸਮਾਂ 1936 ਈ. ਤੋਂ 1939 ਈ. ਦੇ ਦਰਮਿਆਨ ਸੀ ਤੇ ਦੋ ਸਾਲ ਬਾਅਦ ਕਿਤਾਬ ਪ੍ਰਕਾਸ਼ਿਤ ਹੋਈ ਸੀ।[12] ਡਾ. ਸ਼ੇਰ ਸਿੰਘ ਨੇ ਆਪਣੀ ਪੁਸਤਕ ਨੂੰ 15 ਅਧਿਆਇਆਂ ਵਿਚ ਵੰਡਿਆ। ਲੇਖਕ ਨੇ ਸਿੱਖ ਵਿਚਾਰਧਾਰਾ ਨੂੰ ਬ੍ਰਾਹਮਣੀ ਵਿਚਾਰਧਾਰਾ ਤੋਂ ਸੁਤੰਤਰ ਤੇ ਸੰਪੰਨ ਯਤਨਾਣ ਤੇ ਸਾਬਤ ਕਰਨ ਲਈ ਸਮੇਂ ਦੇ ਪ੍ਰਸਿੱਧ ਯੂਰਪੀ ਚਿੰਤਕਾਂ ਦੇ ਚਿੰਤਨ ਨੁਕਤਿਆਂ ਨੂੰ ਗੁਰਮਤ ਨਾਲ ਤੁਲਨਾ ਕਰਕੇ ਆਪਣੀ ਗੱਲ ਰੱਖੀ ਹੈ। ਬਰਗਸਾਂ ਹੀਗਲ (Hegel) ਆਦਿ ਦੇ ਪ੍ਰਸਿੱਧ ਵਿਚਾਰਾਂ ਨਾਲ ਮਿਲਦੇ ਹਵਾਲਿਆਂ ਨੂੰ ਸਾਹਮਣੇ ਲਿਆ ਕੇ ਗੁਰਮਤਿ ਚਿੰਤਨ ਨੂੰ ਸਮੇਂ ਦੀ ਨਬਜ਼ ਦੇ ਸਮਰੂਪ ਲਿਆ ਖੜਾ ਕਰਨ ਦਾ ਚੰਗਾ ਉਪਰਾਲਾ ਕੀਤਾ ਗਿਆ ਹੈ।[13]

ਡਾ. ਲਾਜਵੰਤੀ ਰਾਮਾ ਕ੍ਰਿਸ਼ਨ *Punjabi Sufi Poets* ਡਾ. ਮੋਹਨ ਸਿੰਘ ਦੀਵਾਨਾ *A History of Punjabi Literature,* ਡਾ. ਸ਼ੇਰ ਸਿੰਘ *Philosophy of Sikhism* ਅਤੇ ਡਾ. ਗੋਪਾਲ ਸਿੰਘ ਦਰਦੀ *New Trends in Punjabi Literature* ਆਦਿਕ ਦੇ ਮੁਢਲੇ ਉਪਾਧੀ ਸਾਪੇਖ ਕਾਰਜ ਹਨ। ਆਰੰਭਲੇ ਯਤਨ ਹੋਣ ਕਰਕੇ ਇਹ ਕਾਰਜ ਜਿੱਥੇ ਪ੍ਰਸੰਸਾਂ ਦੇ ਹੱਕਦਾਰ ਹਨ ਉੱਥੇ ਹੀ ਇਹ ਕਾਰਜ ਬਾਅਦ ਵਾਲੀ ਖੋਜ ਦਾ ਆਧਾਰ ਵੀ ਬਣੇ। ਸਿੱਖ ਅਧਿਐਨ ਵਿਚ ਉਪਾਧੀ ਸਾਪੇਖ ਖੋਜ ਕਾਰਜਾਂ ਦਾ ਦੂਜਾ ਦੌਰ ਪੰਜਾਬ ਦੀਆਂ ਯੂਨੀਵਰਸਿਟੀਆਂ ਵੱਲੋਂ ਪੀਐੱਚ.ਡੀ. ਦੀ ਡਿਗਰੀ ਦੀ ਪ੍ਰਵਾਨਗੀ ਦੇਣ ਨਾਲ ਸ਼ੁਰੂ ਹੁੰਦਾ ਹੈ। ਇਸ ਦੀ ਸ਼ੁਰੂਆਤ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੇ ਕੀਤੀ ਜੋ ਪੰਜਾਬ ਦੀ ਸਭ ਤੋਂ ਪੁਰਾਣੀ ਯੂਨੀਵਰਸਿਟੀ ਹੈ। ਇਸ ਵਰਗ ਵਿਚ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਸਭ ਤੋਂ ਪਹਿਲਾ ਖੋਜ ਕਾਰਜ ਸੁਰਿੰਦਰ ਸਿੰਘ ਕੋਹਲੀ ਕਰਦਾ ਹੈ। ਉਸ ਦਾ ਖੋਜ ਪ੍ਰਬੰਧ *A Critical Study of Adi Granth* 1958 ਈ.

---

11 ਹਿੰਮਤ ਸਿੰਘ, ਡਾ. ਸ਼ੇਰ ਸਿੰਘ ਜੀਵਨ ਤੇ ਰਚਨਾ, ਪਬਲੀਕੇਸ਼ਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011, ਪੰਨਾ 12.

12 ਉਹੀ, ਪੰਨਾ 136.

13 ਉਹੀ, ਪੰਨਾ 62.

ਵਿਚ ਪ੍ਰਵਾਨ ਹੋਇਆ। ਡਾ. ਗੁਰਚਰਨ ਸਿੰਘ ਅਨੁਸਾਰ, ''ਕੋਹਲੀ ਦਾ ਇਹ ਸ਼ੋਧ ਪ੍ਰਬੰਧ ਪੰਜਾਬੀ ਅਲੋਚਨਾ ਦੇ ਖੇਤਰ ਵਿਚ ਇਕ ਅਜਿਹੀ ਬੇਮੁਹਾਰੀ ਆਲੋਚਨਾ ਪੱਧਤੀ ਦੀ ਉਦਾਹਰਨ ਹੈ ਜੋ ਕਿ ਬਿਨ੍ਹਾਂ ਕਿਸੇ ਸਿਧਾਂਤਕ ਢਾਂਚੇ ਦੇ ਆਧਾਰ ਦੇ ਆਪਣਾ ਕਾਰਜ ਸੰਪੂਰਨ ਹੋਇਆ ਸਮਝਦੀ ਹੈ।''[14] ਡਾ. ਸੁਰਿੰਦਰ ਸਿੰਘ ਦੀ ਖੋਜ ਵਿਚ ਤੱਤ-ਚੇਤਨਾ ਦੇ ਆਧਾਰ ਤੇ ਸਿੱਟੇ ਕੱਢੇ ਗਏ ਹਨ, ਸਿਸਟਮ ਚੇਤਨਾ ਦੇ ਆਧਾਰ ਤੇ ਨਹੀਂ। ਇਹ ਮੁਢਲਾ ਕਾਰਜ ਹੋਣ ਕਾਰਨ ਸੀਮਾਵਾਂ ਦੇ ਘੇਰੇ ਵਿਚ ਆਉਣਾ ਅਸੰਭਵ ਨਹੀਂ ਹੈ ਪਰ ਇਸ ਕਾਰਜ ਨਾਲ ਗੁਰਬਾਣੀ ਅਧਿਐਨ ਵਿਚ ਰੁਝਾਨ ਸ਼ੁਰੂ ਹੋਇਆ। ਅਕਾਦਮਿਕ ਖੋਜ ਦੀ ਲੋੜ ਵਿਚੋਂ ਹੀ 1962 ਈ. ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ 1969 ਈ. ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਹੋਂਦ ਵਿਚ ਆਈਆਂ। ਇਨ੍ਹਾਂ ਅਦਾਰਿਆਂ ਵਿਚ ਭਰਤੀ ਹੋਣ ਲਈ, ਅਤੇ ਤਰੱਕੀ ਲੈਣ ਲਈ ਪੀਐੱਚ.ਡੀ. ਦੀ ਡਿਗਰੀ ਅਨਿਵਾਰੀ ਹੋ ਜਾਣ ਕਰਕੇ ਇਹ ਡਿਗਰੀ ਬਹੁ ਗਿਣਤੀ ਵਿਚ ਹੋਣ ਲਗ ਪਈ। ਸਿੱਖ ਅਧਿਐਨ ਨਾਲ ਸੰਬੰਧਤ ਹੁਣ ਤੱਕ ਦੇ ਹੋਏ ਸਾਰੇ ਉਪਾਧੀ ਸਾਪੇਖ ਕਾਰਜਾਂ ਨੂੰ ਇਸ ਅਧਿਆਇ ਵਿਚ ਲੈਣਾ ਅਸੰਭਵ ਹੈ। ਇਸ ਲਈ ਅਸੀਂ ਉਹ ਕਾਰਜ ਹੀ ਲੈ ਰਹੇ ਹਾਂ ਜਿਨ੍ਹਾਂ ਕਾਰਜਾਂ ਨਾਲ ਖੋਜ ਲਈ ਨਵੇਂ ਰੁਝਾਨ ਪੈਦਾ ਹੋਏ ਅਤੇ ਜੋ ਕਾਰਜ ਪ੍ਰਕਾਸ਼ਤ ਰੂਪ ਵਿਚ ਹਨ। ਇਹ ਖੋਜ ਕਾਰਜ, ਗੁਰੂ ਗ੍ਰੰਥ ਸਾਹਿਬ, ਸਿੱਖ ਸਾਹਿਤ, ਇਤਿਹਾਸ, ਸਿੱਖ ਫ਼ਿਲਾਸਫ਼ੀ ਅਤੇ ਖੋਜ ਸੰਦਾਂ ਦੇ ਰੂਪ ਵਿਚ ਸਾਹਮਣੇ ਆਏ।

ਸਿੱਖ ਅਕਾਦਮਿਕਤਾ ਵਿਚ ਗੁਰਬਾਣੀ ਬਾਰੇ ਸੁਰਿੰਦਰ ਸਿੰਘ ਕੋਹਲੀ ਤੋਂ ਪਹਿਲਾ ਸੰਤ ਸਿੰਘ ਸੇਖੋਂ ਸਥਾਪਿਤ ਵਿਦਵਾਨ ਸੀ। ਇਹ ਲੇਖਕ ਕਮਿਊਨਿਸਟ ਉਭਾਰ ਦੌਰਾਨ ਗੁਰਬਾਣੀ ਅਧਿਐਨ ਦੇ ਮਾਰਕਸਵਾਦੀ ਦ੍ਰਿਸ਼ਟੀਕੋਣ ਵੱਲ ਰੁਚਿਤ ਹੋਇਆ। ਇਸ ਦੀ ਮਾਰਕਸਵਾਦੀ ਵਿਆਖਿਆ ਨੂੰ ਬਹੁ ਗਿਣਤੀ ਸਿੱਖ ਭਾਈਚਾਰੇ ਨੇ ਕਬੂਲ ਨਹੀਂ ਕੀਤਾ ਸੀ। ਉਸਦੀ ਕਿਤਾਬ ਪੰਜਾਬੀ ਕਾਵਿ ਸ਼ਿਰੋਮਣੀ ਸਿੱਖ ਅਧਿਐਨ ਵਿਚ ਮਾਰਕਸਵਾਦੀ ਦ੍ਰਿਸ਼ਟੀਕੋਣ ਤੋਂ ਅਹਿਮ ਸਥਾਨ ਰੱਖਦੀ ਹੈ। ਸੰਤ ਸਿੰਘ ਸੇਖੋਂ ਬਾਣੀ ਅਧਿਐਨ ਲਈ ਨਵੀਨ ਵਿਧੀ ਦਾ ਪ੍ਰਯੋਗ ਕਰਦਾ ਹੈ। ਡਾ. ਹਰਿਭਜਨ ਸਿੰਘ ਭਾਟੀਆ ਅਨੁਸਾਰ, ''ਉਸ ਦੇ ਗੁਰਬਾਣੀ-ਅਧਿਐਨ ਵਿਚ ਸਮਾਜਕ, ਇਤਿਹਾਸਕ, ਅਤੇ ਸਭਿਆਚਾਰਕ ਪ੍ਰਸੰਗ ਵਧੇਰੇ ਮਹੱਤਵ ਗ੍ਰਹਿਣ ਕਰਦੇ ਹਨ। ਧਾਰਮਿਕ ਪ੍ਰਸੰਗ ਨੂੰ ਉਹ ਸਮੇਂ ਦਾ ਹਾਣੀ ਨਹੀਂ ਸਮਝਦਾ। ਧਰਮ-ਸ਼ਾਸ਼ਤਰੀ ਵਿਆਖਿਆ ਤੋਂ ਪੱਲਾ ਬਚਾ

[14] ਗੁਰਚਰਨ ਸਿੰਘ, ਗੁਰਬਾਣੀ ਸਭਿਆਚਾਰ, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 2000, ਪੰਨਾ 51.

ਕੇ ਤੁਰਨਾ ਉਸ ਦੇ ਗੁਰਬਾਣੀ-ਅਧਿਐਨ ਦੀ ਵਿਲੱਖਣਤਾ ਹੈ।''[15] ਸੇਖੋਂ ਦੀ ਬਾਣੀ ਅਧਿਐਨ ਪ੍ਰਤੀ ਪਹੁੰਚ ਤੱਤਵਾਦੀ ਕਿਸਮ ਦੀ ਹੈ। ਕੁਝ ਤੱਤਾਂ ਦੀ ਚੋਣ ਉੱਪਰ ਹੀ ਉਸਦੇ ਅਧਿਐਨ ਦੇ ਮਜਮੂਨ ਆਧਾਰਿਤ ਹਨ। ਉਦਹਾਰਨ ਵਜੋਂ

ਪਾਤਾਲਾ ਪਾਤਾਲ ਲਖ ਆਗਾਸਾ ਆਗਾਸ।।
ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ।।....
ਨਾਨਕ ਵਡਾ ਆਖੀਐ ਆਪੇ ਜਾਣੈ ਆਪ।। (ਗੁਰੂ ਗ੍ਰੰਥ ਸਾਹਿਬ, ਪੰਨਾ 5)

ਸੇਖੋਂ ਅਨੁਸਾਰ, ''ਇਸ ਪਉੜੀ ਵਿਚ ਪਹਿਲੀਆਂ ਚਾਰ ਤੁਕਾਂ ਦਾ ਬੌਧਿਕ ਅਨੁਭਵ ਅਸਾਨੂੰ ਅੱਜ ਕੱਲ ਦੇ ਸਮੇਂ ਵੀ ਪਰਾਇਆ ਨਹੀਂ ਪ੍ਰਤੀਤ ਹੁੰਦਾ।...ਪਰ ਅੰਤਮ ਤੁਕ ਦੇ ਅਨੁਭਵ ਨੂੰ ਅਸਾਡੇ ਸਮੇਂ ਦੀ ਪ੍ਰਤੀਨਿਧ ਬੁਧੀ ਗੁਰੂ ਨਾਨਕ ਨਾਲ ਸਾਂਝਾ ਨਹੀਂ ਕਰ ਸਕਦੀ।''[16] ਅਸਲ ਵਿਚ ਸੰਤ ਸਿੰਘ ਸੇਖੋਂ ਗੁਰਬਾਣੀ ਨੂੰ ਸ਼ੁੱਧ ਸਾਹਿਤ ਦੀ ਬਜਾਏ ਪਰਾ-ਸਾਹਿਤ ਮੰਨਦਾ ਹੈ। ਸੇਖੋਂ ਦੀ ਵਿਆਖਿਆਕਾਰੀ ਨਾਲ ਗੁਰੂ ਗ੍ਰੰਥ ਸਾਹਿਬ ਵਿਚੋਂ ਸਮਾਜਿਕ ਨੈਤਿਕਤਾ, ਇਤਿਹਾਸ, ਆਰਥਿਕ ਨੈਤਿਕਤਾ ਆਦਿਕ ਉੱਪਰ ਖੋਜ ਦਾ ਰੁਝਾਨ ਪੈਦਾ ਹੋਇਆ ਜੋ ਅੱਜ ਵੀ ਚੱਲ ਰਿਹਾ ਹੈ।

ਸੰਤ ਸਿੰਘ ਸੇਖੋਂ ਦਾ ਸਮਕਾਲੀ ਪ੍ਰੋ. ਕਿਸ਼ਨ ਸਿੰਘ ਗੁਰਬਾਣੀ ਵਿਆਖਿਆ ਨੂੰ ਮਾਰਕਸਵਾਦੀ ਵਿਧੀ ਰਾਹੀਂ ਬਿਆਨ ਕਰਦਾ ਹੈ। ਪ੍ਰੋ. ਕਿਸ਼ਨ ਸਿੰਘ ਦਾ ਗੁਰਬਾਣੀ ਅਧਿਐਨ ਦੀ ਕੱਸਵਟੀ ਸਮਾਜ-ਸਭਿਆਚਾਰਕ ਪਰਿਪੇਖ ਹੈ। ਉਸਦੀ ਅਧਿਐਨ ਵਿਧੀ ਦੋ ਵਿਰੋਧੀ ਜੁੱਟਾਂ ਪਹਿਲਾ ਮੁਹਾਵਰਾ ਅਤੇ ਦੂਸਰਾ ਸਮਾਜਕ ਵਸਤੂ ਰਾਹੀਂ ਪੇਸ਼ ਹੁੰਦੀ ਹੈ। ਪ੍ਰੋ. ਕਿਸ਼ਨ ਸਿੰਘ ਅਨੁਸਾਰ ਗੁਰਬਾਣੀ ਦਾ ਮੁਹਾਵਰਾ ਧਾਰਮਿਕ ਹੈ ਅਤੇ ਇਸ ਰਾਹੀਂ ਸਮਾਜਕ ਮਨੁੱਖੀ ਮਸਲੇ ਪੇਸ਼ ਕੀਤੇ ਗਏ ਹਨ। ਉਸ ਅਨੁਸਾਰ, ''ਗੁਰਬਾਣੀ ਦਾ ਕੋਈ ਵੀ ਸ਼ਬਦ ਹੋਵੇ, ਉਸ ਦਾ ਕੋਈ ਵੀ ਮਤਲਬ ਲੱਗੇ, ਰੱਬ ਨੂੰ ਪਉਣ ਦੀ ਕੋਈ ਸਟੇਜ, ਕੋਈ ਪਹਿਲੂ, ਕੋਈ ਦਸ਼ਾ ਬਿਆਨ ਕਰੇ, ਉਸ ਦੀ ਵਸਤੂ ਫਿਊਡਲ ਵਿਰੋਧੀ ਹੈ, ਲੋਕ ਹਿੱਤੀ ਹੈ, ਇਨਸਾਨੀਅਤ ਪੱਖੀ ਹੈ। ਉਸ ਦਾ ਰੋਲ ਜਮਾਤੀ ਹੈ, ਇਨਕਲਾਬੀ ਹੈ।''[17] ਡਾ. ਹਰਿਭਜਨ ਸਿੰਘ ਭਾਟੀਆ ਟਿੱਪਣੀ ਕਰਦਾ ਹੈ ਕਿ ''ਪ੍ਰੋ. ਕਿਸ਼ਨ ਸਿੰਘ ਦੋ ਮਹਾਂਦ੍ਰਿਸ਼ਟੀਆਂ ਅਧਿਆਤਮਵਾਦੀ ਅਤੇ ਮਾਰਕਸਵਾਦੀ

---

[15] ਹਰਿਭਜਨ ਸਿੰਘ ਭਾਟੀਆ, ਸੰਵਾਦ: ਪੁਨਰ-ਸੰਵਾਦ, ਪੰਨਾ 125.

[16] ਸੰਤ ਸਿੰਘ ਸੇਖੋਂ, ਪੰਜਾਬੀ ਕਾਵਿ ਸ਼ਿਰੋਮਣੀ, ਲਾਹੌਰ ਬੁਕ ਸ਼ਾਪ, ਲੁਧਿਆਣਾ, 1964, ਪੰਨਾ 11.

[17] ਕਿਸ਼ਨ ਸਿੰਘ (ਪ੍ਰੋ.), ਗੁਰਬਾਣੀ ਦਾ ਸੱਚ, ਸੇਧ ਪ੍ਰਕਾਸ਼ਨ, ਨਵੀਂ ਦਿਲੀ, 1974, ਪੰਨਾ 44.

ਨੂੰ ਇਕ ਦੂਸਰੇ ਵਿਚ ਖਲਤ-ਮਲਤ ਕਰ ਦਿੰਦਾ ਹੈ। ਉਹ ਜਦੋਂ ਅਧਿਆਤਮਕਵਾਦੀ ਦ੍ਰਿਸ਼ਟੀ ਰਾਹੀਂ ਅਤੇ ਮਾਰਕਸਵਾਦ ਦ੍ਰਿਸ਼ਟੀ ਥਾਣੀ ਬਾਣੀ ਨੂੰ ਵੇਖਦਾ ਹੈ ਤਾਂ ਉਹਦਾ ਆਪਣਾ ਚਿੰਤਨ ਸੰਦੇਹ ਦਾ ਵਿਸ਼ਾ ਬਣ ਜਾਂਦਾ ਹੈ।''[18] ਇਸੇ ਕਰਕੇ ਡਾ. ਹਰਿਭਜਨ ਸਿੰਘ ਭਾਟੀਆ ਪ੍ਰੋ. ਕਿਸ਼ਨ ਸਿੰਘ ਦੀ ਬਾਣੀ ਅਧਿਐਨ ਵਿਧੀ ਨੂੰ ਤੱਤਵਾਦੀ ਵੀ ਕਹਿੰਦਾ ਹੈ ਤੇ ਘਟਾਉਵਾਦੀ ਵੀ ਕਹਿੰਦਾ ਹੈ।

ਦਿੱਲੀ ਯੂਨੀਵਰਸਿਟੀ ਤੋਂ ਸਿੱਖ ਅਧਿਐਨ ਨਾਲ ਸੰਬੰਧਤ ਇਕ ਸਕੂਲ ਹੀ ਪੈਦਾ ਹੋ ਗਿਆ। ਇਹਨਾਂ ਵਿਦਵਾਨਾਂ ਨੇ ਨਵ-ਅਧਿਐਨ ਵਿਧੀਆਂ ਰਾਹੀਂ ਸਿੱਖ ਅਧਿਐਨ ਕੀਤਾ। ਇਸ ਦੀ ਸ਼ੁਰੂਆਤ ਡਾ. ਹਰਿਭਜਨ ਸਿੰਘ ਦਿੱਲੀ ਕਰਦਾ ਹੈ। ਡਾ. ਹਰਿਭਜਨ ਸਿੰਘ ਗੁਰਬਾਣੀ ਅਧਿਐਨ ਵਿਚ ਆਪਣੇ ਤੋਂ ਪੂਰਵਲੇ ਚਿੰਤਕਾਂ ਤੋਂ ਵੱਖਰੇ ਅੰਦਾਜ਼ ਅਤੇ ਵਿਧੀ ਨਾਲ ਆਪਣਾ ਅਧਿਐਨ ਪੇਸ਼ ਕਰਦਾ ਹੈ। ਉਹ ਗੁਰਬਾਣੀ ਦੀ ਵਿਲੱਖਣ ਪ੍ਰਕਿਰਤੀ ਅਤੇ ਸਿਸਟਮ ਨੂੰ ਸਮਝਣ ਵਲ ਰੁਚਿਤ ਹੈ। ਉਹ ਬਾਣੀ ਅਤੇ ਕਾਵਿ ਦੇ ਨਿਖੇੜ ਤੋਂ ਬਾਣੀ ਅਧਿਐਨ ਸ਼ੁਰੂ ਕਰਕੇ, ਅਧਿਐਨ ਅਤੇ ਅਧਿਆਪਨ ਅਤੇ ਧਰਮ ਤੇ ਧਾਰਮਿਕ ਕਾਵਿ ਰਾਹੀਂ ਗੁਰਬਾਣੀ ਦੀ ਪ੍ਰਕਿਰਤੀ, ਰਚਨਾ ਬੁਣਤੀ ਨੂੰ ਪਛਾਣਨ ਦਾ ਯਤਨ ਕਰਦਾ ਹੈ। ਡਾ. ਹਰਿਭਜਨ ਸਿੰਘ ਭਾਟੀਆ ਅਨੁਸਾਰ, ''ਬਾਣੀ ਸੰਸਾਰ ਦੇ ਸੰਗਠਨ ਵਿਚ ਕਾਰਜਸ਼ੀਲ ਨੇਮਾਂ, ਸੰਗਠਨਾਂ, ਸਿਧਾਂਤ ਤੇ ਤਰਕ ਦੀ ਪਛਾਣ ਕਰਕੇ ਉਸ ਨੂੰ ਕਿਸੇ ਨਿਆਏਸੰਗਤ ਪ੍ਰਬੰਧ ਵਿਚ ਬੰਨਣਾ ਅਤੇ ਗੁਰਬਾਣੀ ਦੇ ਵਿਲੱਖਣ ਕਾਵਿ ਸ਼ਾਸਤਰ ਦੇ ਨੇਮ ਪਛਾਣਨੇ ਉਸ ਦੀ ਬਾਣੀ ਅਧਿਐਨ ਵਿਧੀ ਦੀ ਵਿਸ਼ੇਸ਼ਤਾ ਹੈ।''[19] ਬਾਣੀ ਦੀ ਪ੍ਰਕਿਰਤੀ ਸੰਬੰਧੀ ਡਾ. ਹਰਿਭਜਨ ਸਿੰਘ ਦਿੱਲੀ ਵਾਲਿਆਂ ਦਾ ਕਥਨ ਹੈ ਕਿ ''ਬਾਣੀ ਦੇਵ-ਕੇਂਦਰਿਤ ਰਚਨਾ ਹੈ। ਉਸ ਵਿਚ ਮਨੁੱਖ ਨੂੰ ਵੀ ਸਥਾਨ ਪ੍ਰਾਪਤ ਹੈ ਪਰ ਦੁਜੈਲਾ ਸਥਾਨ। ਪ੍ਰਥਮਤਾ ਦੇ ਇਸੇ ਆਧਾਰ ਉੱਪਰ ਗੁਰੂ ਨਾਨਕ ਦੇ ਨਿਖੇੜੇ ਦੀ ਕਸਵੱਟੀ ਕੀਤੀ ਹੈ। ਗ੍ਰਹਿਣਯੋਗ ਉਹੀ ਹੈ, ਜੋ ਦੇਵ ਮੁਖ ਹੈ। ਬਾਕੀ ਸਭ ਕੁਝ ਤਿਆਗਣਯੋਗ ਹੈ। ਮਨੁੱਖ ਦੀ ਯਾਤਰਾ ਨਿਰੋਲ ਬ੍ਰਹਮਤਾ ਵੱਲ ਹੈ, ਨਿਰੋਲ ਮਨੁੱਖਤਾ ਵੱਲ ਨਹੀਂ।''[20] ਡਾ. ਹਰਿਭਜਨ ਸਿੰਘ ਨੇ ਗੁਰਬਾਣੀ ਦੇ ਕਾਵਿ ਸ਼ਾਸ਼ਤਰ ਵੱਲ ਉਚੇਚਾ ਧਿਆਨ ਦਿੱਤਾ। ਇਸ ਨਾਲ ਗੁਰਬਾਣੀ ਨਾਲ ਸੰਬੰਧਿਤ, ਸਭਿਆਚਾਰਕ ਮਾਡਲ, ਭਾਸ਼ਿਕ ਮਾਡਲ ਆਦਿ ਦੇ ਰੁਝਾਨ ਸ਼ੁਰੂ

---

[18] ਹਰਿਭਜਨ ਸਿੰਘ ਭਾਟੀਆ, ਸੰਵਾਦ: ਪੁਨਰ ਸੰਵਾਦ, ਪੰਨਾ 127.

[19] ਉਹੀ, ਪੰਨਾ 129.

[20] ਡਾ. ਹਰਿਭਜਨ ਸਿੰਘ, ਪਾਰਗਾਮੀ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਪੰਨਾ 82.

ਹੋਏ। ਡਾ. ਹਰਿਭਜਨ ਸਿੰਘ ਤੋਂ ਬਾਅਦ ਤਰਲੋਕ ਸਿੰਘ ਕੰਵਰ ਨੇ ਉਸਦੇ ਕੰਮ ਨੂੰ ਅੱਗੇ ਤੋਰਿਆ। ਤਰਲੋਕ ਸਿੰਘ ਕੰਵਰ ਨੇ ਗੁਰਬਾਣੀ ਅਧਿਐਨ ਵਿਚ ਆਧੁਨਿਕ ਭਾਸ਼ਾ ਵਿਗਿਆਨ ਅਤੇ ਸਭਿਆਚਾਰ ਵਿਗਿਆਨ ਦੇ ਮਾਡਲਾਂ ਦੇ ਆਧਾਰ ਤੇ ਸਭਿਆਚਾਰ ਦੇ ਵਿਆਪਕ ਪ੍ਰਸੰਗ ਦੇ ਅੰਤਰਗਤ ਕਾਵਿ ਸ਼ਾਸ਼ਤਰ ਉਸਾਰਨ ਦਾ ਯਤਨ ਕੀਤਾ ਹੈ। ਕੰਵਰ ਅਨੁਸਾਰ ''ਗੁਰੂ ਨਾਨਕ ਸਾਡੀ ਪਰੰਪਰਾ ਦੀ ਨਿਰੰਤਰਤਾ ਵਿਚ ਵਿਆਪਕ ਮਿੱਥ ਦਾ ਰੂਪ ਧਾਰਨ ਕਰ ਗਿਆ ਹੈ। ਨਾਨਕ ਮਿੱਥ ਦੇ ਆਧਾਰਾਂ ਉੱਪਰ ਕਾਰਜਸ਼ੀਲ ਹੈ। ਇਕ ਆਧਾਰ ਤਾਂ ਇਸ ਮਿੱਥ ਦਾ ਸੰਕਲਪੀ ਸਾਰਥਕਤਾ ਦਾ ਹੈ ਤੇ ਦੂਸਰਾ ਆਧਾਰ ਇਸ ਸੰਕਲਪੀ ਸਾਰਥਕਤਾ ਨੂੰ ਚਿਹਨਕ ਜੁਗਤ ਵਜੋਂ ਵਰਤੋਂ ਦਾ ਹੈ। ਇਨ੍ਹਾਂ ਦੋਹਾਂ ਆਧਾਰਾਂ ਉੱਤੇ ਗੁਰੂ ਨਾਨਕ ਆਪਣੀ ਸਮੁੱਚੀ ਬਾਣੀ ਸਮੇਤ ਸਾਡੇ ਸਭਿਆਚਾਰਕ ਅਵਚੇਤਨ ਵਿਚ ਬਹੁਤ ਡੂੰਘਾ ਉਤਰ ਗਿਆ ਹੈ ਅਤੇ ਇਸ ਦੀ ਅਹਿਮੀਅਤ ਇਹ ਹੈ ਕਿ ਇਹ ਇਕ ਪੂਰਬ ਲਿਖਤ ਸੰਸਕਾਰ ਵਾਂਗ ਸਾਡਾ ਮਾਨਸਿਕ ਸੰਸਕਾਰ ਬਣ ਗਿਆ ਹੈ।''[21] ਲੇਖਕ ਗੁਰੂ ਨਾਨਕ ਬਾਣੀ ਵਿਚੋਂ ਚਿਹਨਕਾਰੀ ਦਾ ਨੇਮ ਵਿਧਾਨ ਲੱਭਦਾ ਹੈ। ਉਸ ਅਨੁਸਾਰ ਨਾਨਕ ਬਾਣੀ ਕਾਵਿ ਸ਼ਾਸਤਰੀ ਤਥਾ ਪ੍ਰਬੰਧਸ਼ੀਲ ਆਯਾਮ ਨੂੰ ਜ਼ਿਆਦਾ ਉਘਾੜਦੀ ਹੈ। ਇਸ ਵਿਚ ਗਿਆਨ ਸਿਰਜਨ ਤੇ ਗਿਆਨ ਸ਼ਾਸ਼ਤਰ ਨਾਲ-ਨਾਲ ਚੱਲਦੇ ਹਨ। ਇਸ ਤਰ੍ਹਾਂ ਲੇਖਕ ਨੇ ਗੁਰੂ ਗ੍ਰੰਥ ਸਾਹਿਬ ਦਾ ਗਿਆਨ ਪ੍ਰਬੰਧ, ਸਭਿਆਚਾਰਕ ਮਾਡਲ ਅਤੇ ਚਿਹਨਕਾਰੀ ਉਸਾਰਨ ਦਾ ਯਤਨ ਕੀਤਾ। ਜਿਸ ਨਾਲ ਸਿੱਖ ਅਧਿਐਨ ਵਿਚ ਨਵੇਂ ਪਰਿਪੇਖਾਂ ਤੋਂ ਬਾਣੀ ਨੂੰ ਅਧਿਐਨ ਕਰਨ ਦਾ ਰੁਝਾਨ ਪੈਦਾ ਹੋਇਆ।

ਇਸ ਰੁਝਾਨ ਨੂੰ ਡਾ. ਜਗਬੀਰ ਸਿੰਘ ਅੱਗੇ ਲੈ ਕੇ ਚੱਲ ਰਹੇ ਹਨ। ਡਾ. ਜਗਬੀਰ ਸਿੰਘ ਦਾ ਬਾਣੀ ਅਧਿਐਨ ਨਾਨਕ ਬਾਣੀ ਵਿਚ ਨੈਤਿਕਤਾ ਦਾ ਸੰਕਲਪ ਤੋਂ ਸ਼ੁਰੂ ਹੋ ਕੇ ਵਰਤਮਾਨ ਸਮੇਂ ਤਕ ਜਾਰੀ ਹੈ। ਲੇਖਕ ਦਾ ਅਧਿਐਨ ਕਾਰਜ ਵਿਚਾਰਧਾਰਾ, ਵਿਸ਼ਵ ਦ੍ਰਿਸ਼ਟੀ, ਮਾਨਵ ਮੁਕਤੀ, ਦਲਿਤ ਚੇਤਨਾ, ਸਮਕਾਲੀ ਪ੍ਰਸੰਗ ਅਤੇ ਇਤਿਹਾਸ ਆਦਿਕ ਬਿੰਦੂਆਂ ਰਾਹੀਂ ਫੈਲਦਾ ਹੈ। ਲੇਖਕ ਬਾਣੀ ਅਧਿਐਨ ਦਾ ਕਾਰਜ ਨਵੀਨ ਸੰਦਾਂ ਰਾਹੀਂ ਕਰਦਾ ਹੈ। ਗੁਰੂ ਗ੍ਰੰਥ ਸਾਹਿਬ ਦੀ ਸੰਰਚਨਾ ਬਾਰੇ ਖਿਆਲ ਹੈ ਕਿ, ''ਜ਼ਾਹਿਰਾ ਤੌਰ 'ਤੇ ਭਾਵੇਂ ਇਹ ਰਚਨਾ ਦਾਰਸ਼ਨਿਕ ਚਿੰਤਨ ਨਾਲ ਸੰਬੰਧਤ ਹੈ, ਪਰ ਤਾਂ ਵੀ ਇਹ ਦਰਸ਼ਨ-ਸ਼ਾਸ਼ਤਰ ਦੀ ਸੂਤਰ ਸ਼ੈਲੀ ਵਿਚ ਵਿਚਾਰਾਂ ਅਤੇ ਸੰਕਲਪਾਂ ਦਾ ਅਮੂਰਤ ਸੰਗਠਨ ਨਹੀਂ ਉਸਾਰਦੀ ਸਗੋਂ ਧਾਰਮਿਕ ਅਨੁਭਵ

---

[21] ਤਰਲੋਕ ਸਿੰਘ ਕੰਵਰ, ਗੁਰੂ ਨਾਨਕ ਦਾ ਕਾਵਿ ਸ਼ਾਸਤ੍ਰ, ਸਪਤ-ਸਿੱਧੂ ਪਬਲੀਕੇਸਨਜ਼, ਨਵੀਂ ਦਿੱਲੀ, 1994, ਪੰਨਾ 17.

ਅਤੇ ਬੋਧ ਦਾ ਪ੍ਰਤੀਕਾਤਮਕ ਪ੍ਰਗਟਾਵਾ ਕਰਨ ਵਲ ਰੁਚਿਤ ਹੁੰਦੀ ਹੈ।''[22] ਲੇਖਕ ਅਜੋਕੇ ਵਿਸ਼ਵ ਚਿੰਤਨ ਵਿਚ ਧਰਮ ਅਤੇ ਧਾਰਮਿਕਤਾ ਬਾਰੇ ਵਿਕਸਤ ਹੋ ਰਹੀ ਨਵੀਂ ਸੂਝ ਨੂੰ ਪਾਠਕਾਂ ਦੇ ਸਨਮੁਖ ਕਰਨ ਦੀ ਕੋਸ਼ਿਸ਼ ਕਰਦਾ ਹੈ। ਉਸ ਅਨੁਸਾਰ, ''ਗੁਰੂ ਗ੍ਰੰਥ ਸਾਹਿਬ ਸਾਡੇ ਸਭਿਆਚਾਰ ਦੀ ਅਜਿਹੀ ਵੱਡਮੁੱਲੀ ਵਿਰਾਸਤ ਹੈ, ਜਿਸ ਨੇ ਮੱਧਕਾਲੀਨ ਪੰਜਾਬੀ ਅਤੇ ਭਾਰਤੀ ਸਮਾਜ-ਸਭਿਆਚਾਰ ਨੂੰ ਨਰੋਈਆਂ ਲੀਹਾਂ ਉੱਤੇ ਉਸਾਰਨ ਲਈ ਕ੍ਰਾਂਤੀਕਾਰੀ ਅਤੇ ਮਾਨਵ ਹਿਤਕਾਰੀ ਵਿਸ਼ਵ-ਦ੍ਰਿਸ਼ਟੀ ਪ੍ਰਦਾਨ ਕੀਤੀ। ਇਸ ਦੇ ਪ੍ਰਵਚਨ ਵਿਚ ਪੇਸ਼ ਹੋਈ ਵਿਸ਼ਵ-ਦ੍ਰਿਸ਼ਟੀ ਅਤੇ ਵਿਚਾਰਧਾਰਾ ਵਰਤਮਾਨ ਸਮਾਜਿਕ ਸੰਸਥਾਵਾਂ ਅਤੇ ਸਭਿਆਚਾਰਕ ਪਰੰਪਰਾਵਾਂ ਲਈ ਮਹੱਤਵਪੂਰਨ ਅੰਤਰ-ਦ੍ਰਿਸ਼ਟੀਆਂ ਪ੍ਰਦਾਨ ਕਰ ਸਕਦੀ ਹੈ।''[23] ਇਸ ਤਰ੍ਹਾਂ ਲੇਖਕ ਨੇ ਗੁਰਬਾਣੀ ਵਿਆਖਿਆ ਦੀ ਪ੍ਰਸੰਗਿਕਤਾ ਨੂੰ ਉਤਰ-ਆਧੁਨਿਕਤਾ ਰਾਹੀਂ ਪੇਸ਼ ਕਰਨ ਦਾ ਰੁਝਾਨ ਸ਼ੁਰੂ ਕੀਤਾ ਹੈ।

ਅਕਾਦਮਿਕ ਵਿਆਖਿਆ ਵਿਚ ਡਾ. ਤਾਰਨ ਸਿੰਘ ਦੀ ਕਿਤਾਬ ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ ਅਹਿਮ ਭੂਮਿਕਾ ਨਿਭਾਉਂਦੀ ਹੈ। ਇਸ ਵਿਚ ਪੇਸ਼ ਕੀਤੀਆਂ ਗਈਆਂ ਵਿਆਖਿਆ ਪ੍ਰਣਾਲੀਆਂ ਦੀਆਂ ਵਿਆਖਿਆਕਾਰੀ ਦੀਆਂ ਵਿਧੀਆਂ ਨੇ ਅਕਾਦਮਿਕਤਾ ਵਿਚ ਖੋਜ ਲਈ ਬਹੁਤ ਸੇਧਾਂ ਦਿੱਤੀਆਂ। ਗੁਰੂ ਗ੍ਰੰਥ ਸਾਹਿਬ ਨਾਲ ਸੰਬੰਧਤ ਸਿੱਖ ਅਕਾਦਮਿਕਤਾ ਵੱਲੋਂ ਤਿਆਰ ਕੀਤੇ ਖੋਜ ਸੰਦਾਂ ਦੀ ਗੱਲ ਕਰੀਏ ਤਾਂ ਡਾ. ਗੁਰਚਰਨ ਸਿੰਘ ਦੀ ਪੁਸਤਕ ਆਦਿ ਗ੍ਰੰਥ : ਸ਼ਬਦ ਅਨੁਕ੍ਰਮਣਿਕਤਾ 1971 ਈ. ਵਿਚ ਪ੍ਰਕਾਸ਼ਿਤ ਹੋਇਆ। ਇਹ ਗੁਰੂ ਗ੍ਰੰਥ ਸਾਹਿਬ ਦੀ ਅਨੁਕ੍ਰਮਣਿਕਾ ਤਿਆਰ ਕੀਤੀ ਗਈ ਸੀ। ਪ੍ਰੋ. ਗੁਰਚਰਨ ਸਿੰਘ ਨੇ ਅਨੁਕ੍ਰਮਣਿਕਾ ਦਾ ਸਾਰਾ ਕੰਮ ਡਾ. ਭਾਈ ਜੋਧ ਸਿੰਘ ਦੀ ਨਿਗਰਾਨੀ ਹੇਠ ਤੇ ਵਿਸ਼ਵਬੰਧੂ ਖੋਜ ਕੇਂਦਰ ਹੁਸ਼ਿਆਰਪੁਰ ਦੀ ਅਗਵਾਈ ਵਿਚ ਕੀਤਾ।[24] ਇਸ ਲੇਖਕ ਦੁਆਰਾ ਹੀ ਸ੍ਰੀ ਗੁਰੂ ਗ੍ਰੰਥ ਕੋਸ਼ ਦੋ ਜਿਲਦਾਂ ਵਿਚ ਤਿਆਰ ਕੀਤਾ। ਇਹਨਾਂ ਕੋਸ਼ਾਂ ਨਾਲ ਗੁਰੂ ਗ੍ਰੰਥ ਸਾਹਿਬ ਦੀ ਕੋਸ਼ਕਾਰੀ ਦਾ ਰੁਝਾਨ ਚੱਲਿਆ ਅਤੇ ਇਤਿਹਾਸਿਕ, ਭਾਸ਼ਿਕ, ਵਿਗਿਆਨਕ ਅਤੇ ਕਈ ਹੋਰ ਵਿਸ਼ਿਆਂ ਨਾਲ ਸੰਬੰਧਤ ਕੋਸ਼ ਤਿਆਰ ਹੋਏ ਅਤੇ ਹੋ ਰਹੇ ਹਨ। ਗੁਰਬਾਣੀ ਨਾਲ ਸੰਬੰਧਤ ਬਹੁਤ ਸਾਰੇ ਨਵ-ਅਧਿਐਨ ਕੋਸ਼ਕਾਰੀ, ਵਿਆਖਿਆਕਾਰੀ ਦੇ ਰੁਝਾਨ ਆਏ।

---

22 ਜਗਬੀਰ ਸਿੰਘ (ਡਾ.), ਬਾਣੀ ਸੰਸਾਰ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2013, ਪੰਨਾ 9.

23 ਉਹੀ, ਪੰਨੇ 17-18.

24 ਗੁਰਚਰਨ ਸਿੰਘ, ਆਦਿ ਗ੍ਰੰਥ: ਸ਼ਬਦ-ਅਨੁਕ੍ਰਮਣਿਕਾ, ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1971, ਪੰਨਾ 6.

ਸ੍ਰੀ ਗੁਰੂ ਗ੍ਰੰਥ ਸਾਹਿਬ ਵਾਂਗ ਹੀ 'ਸ੍ਰੀ ਦਸਮ ਗ੍ਰੰਥ' ਨਾਲ ਸੰਬੰਧਤ ਅਕਾਦਮਿਕ ਪੱਖ ਤੋਂ ਬਹੁਤ ਸਾਰਾ ਅਧਿਐਨ ਸਾਹਮਣੇ ਆਉਂਦਾ ਹੈ। ਅੰਗਰੇਜ਼ੀ ਭਾਸ਼ਾ ਵਿਚ ਡਾ. ਤ੍ਰਿਲੋਚਨ ਸਿੰਘ (1955 ਈ.), ਡਾ. ਧਰਮਪਾਲ ਆਸ਼ਟਾ (1959 ਈ.) ਦੇ ਅਧਿਐਨ ਦਸਮ ਗ੍ਰੰਥ ਦੀ ਪ੍ਰਮਾਣਿਕਤਾ ਦੇ ਨਾਲ-ਨਾਲ ਇਸ ਦੀ ਸਾਹਿਤਕ ਤੇ ਕਾਵਿ ਸ਼ਾਸਤਰੀ ਅਧਿਐਨ ਵੀ ਪੇਸ਼ ਕਰਦੇ ਹਨ। ਡਾ. ਮਨਮੋਹਨ ਸਿੰਘ ਇਹਨਾਂ ਵਿਦਵਾਨਾਂ ਦੇ ਕੰਮ ਬਾਰੇ ਲਿਖਦੇ ਹਨ ਕਿ ''ਇਹ ਸਾਹਿਤਕ ਅਲੋਚਨਾ ਆਦਰਸ਼ਵਾਦੀ ਦ੍ਰਿਸ਼ਟੀ ਤੋਂ ਪੱਛਮੀਂ ਤੇ ਭਾਰਤੀ ਕਾਵਿ-ਸ਼ਾਸ਼ਤਰੀ ਆਧਾਰਾਂ ਦੇ ਪਰਿਪੇਖ ਤੋਂ ਕੀਤੀ ਗਈ ਹੈ ਜੋ ਭਗਤੀ ਭਾਵਨਾ ਦੇ ਸੁਰ ਦੇ ਪਾਸਾਰਾਂ 'ਚ ਫੈਲਦੀ ਹੈ ਅਤੇ ਆਪਣੇ ਸਿਖਿਆ ਸ਼ਾਸਤਰੀ ਪ੍ਰਯੋਜਨ ਨੂੰ ਤਲਾਸ਼ਦੀ ਹੋਈ ਕੱਥ ਤੋਂ ਕੱਥ ਤੱਕ ਹੀ ਸੀਮਤ ਰਹਿੰਦੀ ਹੈ।''[25] 1959 ਈ. ਵਿਚ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਡਾ. ਧਰਮਪਾਲ ਆਸ਼ਟਾ ਨੂੰ *The Poetry of the Dasam Granth* ਵਿਸ਼ੇ ਉੱਪਰ ਪੀਐੱਚ.ਡੀ. ਦੀ ਡਿਗਰੀ ਪ੍ਰਦਾਨ ਕੀਤੀ ਗਈ ਸੀ। ਦਸਮ ਗ੍ਰੰਥ ਦੇ ਅਧਿਐਨ ਨਾਲ ਸੰਬੰਧਤ ਅਕਾਦਮਿਕ ਪੱਖ ਤੋਂ ਇਹ ਪਹਿਲਾ ਯਤਨ ਸੀ। ਲੇਖਕ ਨੇ ਖੋਜ ਪ੍ਰਬੰਧ ਵਿਚ ਦਸਮ ਗ੍ਰੰਥ ਦਾ ਕਰਤ੍ਰਿਤਵ, ਕਵਿਤਾ ਦਾ ਪਿਛੋਕੜ, ਦਸਮ ਗ੍ਰੰਥ ਦੀਆਂ ਰਚਨਾਵਾਂ ਦਾ ਆਲੋਚਨਾਤਮਕ ਅਧਿਐਨ, ਵਿਚਾਰ ਮਹੱਤਤਾ, ਕਲਾ ਪੱਖ, ਅਤੇ ਸਿੰਘਾਵਲੋਕਨ ਨਾਂ ਹੇਠ ਛੇਅ ਅਧਿਆਏ ਹਨ। ਇਸ ਵਿਚ ਆਸ਼ਟਾ ਜੀ ਦੀ ਖੋਜ ਦਾ ਸਿੱਟਾ ਸਾਰੇ ਦਸਮ ਗ੍ਰੰਥ ਨੂੰ ਗੁਰੂ ਜੀ ਦੀ ਰਚਨਾ ਸਿੱਧ ਕਰਨਾ ਹੈ। ਹਿੰਦੀ ਭਾਸ਼ਾ ਵਿਚ ਡਾ. ਹਰਿਭਜਨ ਸਿੰਘ (1959 ਈ.), ਡਾ. ਮਹੀਪ ਸਿੰਘ (1963 ਈ.), ਡਾ. ਮਾਲਿਕ ਸਿੰਘ (1967 ਈ.) ਡਾ. ਲਾਲ ਮਨੋਹਰ ਉਪਾਧਯਾਖਾ (1968 ਈ.), ਡਾ. ਓਮ ਪ੍ਰਕਾਸ਼ ਭਾਰਦਵਾਜ (1969 ਈ.), ਡਾ. ਵਿਨੋਦ ਕੁਮਾਰ, (1971 ਈ.), ਡਾ. ਮਹੇਸ਼ ਚੰਦਰ (1973 ਈ.), ਡਾ. ਧਰਮਪਾਲ ਸੈਨੀ (1973 ਈ.), ਡਾ. ਕਮਲਾ ਕੌਸ਼ਲ (1974 ਈ.), ਡਾ. ਸੁਸ਼ੀਲ ਦੇਵੀ (1974 ਈ.), ਡਾ. ਸ਼ਮੀਰ ਸਿੰਘ (1975 ਈ.), ਡਾ. ਮੋਹਨਜੀਤ ਸਿੰਘ (1976 ਈ.) ਅਤੇ ਡਾ. ਨਿਰਮਲ ਗੁਪਤਾ (1982 ਈ.) ਤੱਕ ਸਾਰੇ ਅਧਿਐਨ ਸਿੱਖਿਆ ਸ਼ਾਸ਼ਤਰੀ ਪ੍ਰਯੋਜਨਾਂ ਵਿਚੋਂ ਹੋਂਦ ਵਿਚ ਆਏ। ਡਾ. ਮਨਮੋਹਨ ਸਿੰਘ ਅਨੁਸਾਰ, ''ਇਹ ਸਾਰੇ ਅਧਿਐਨ ਵਿਸ਼ਲੇਸ਼ਣ ਦੇ ਪੱਧਰ ਤੇ ਦਸਮ ਗ੍ਰੰਥ ਦੀਆਂ ਰਚਨਾਵਾਂ ਦਾ ਆਧਾਰ ਭਾਰਤੀ ਕਾਵਿ-ਸ਼ਾਸ਼ਤਰ ਦੇ ਸਿਧਾਂਤ ਅਤੇ ਕੁਝ ਕੁ ਪੱਛਮੀ ਆਲੋਚਨਾਤਮਕ ਦ੍ਰਿਸ਼ਟੀਆਂ ਜਾਂ ਪੱਧਤੀਆਂ ਹਨ। ਇਨ੍ਹਾਂ ਅਧਿਐਨਾਂ 'ਚ ਦਸਮ ਗ੍ਰੰਥ ਦੀ ਕਾਵਿਕਤਾ, ਸਾਰਥਿਕਤਾ, ਧਾਰਮਿਕਤਾ, ਦਾਰਸ਼ਨਿਕਤਾ, ਮੱਧ ਯੁੱਗੀ ਸਮਾਜਿਕਤਾ

---

[25] ਡਾ. ਮਨਮੋਹਨ, ਦਸਮ ਗ੍ਰੰਥ ਵਿਚ ਮਿੱਥ ਦਾ ਰੂਪਾਂਤਰਣ, ਪੰਨਾ 25.

ਅਤੇ ਸੰਸਕ੍ਰਿਤੀ ਦੇ ਨਾਲ-ਨਾਲ ਭਾਰਤੀ ਰਸ ਪਰੰਪਰਾ ਆਦਿ ਦਾ ਅਧਿਐਨ ਤੇ ਵਿਵੇਚਨ ਮਿਲਦਾ ਹੈ।''[26] ਇਹ ਸਾਰੇ ਅਧਿਐਨ ਅਕਾਦਮਿਕ ਖੇਤਰ ਦੇ ਵਿਕਾਸ ਤੇ ਆਲੋਚਨਾਤਮਕ ਖੋਜ ਪਸਾਰਾਂ ਕਾਰਨ ਹੋਂਦ ਵਿਚ ਆਏ ਹਨ। ਇਹ ਕੁਝ ਅਧਿਐਨ ਦਸਮ ਗ੍ਰੰਥ ਦੀ ਸਾਰੀ ਦੀ ਸਾਰੀ ਰਚਨਾ ਨੂੰ ਇਕ ਖ਼ਾਸ ਅਧਿਐਨ ਦ੍ਰਿਸ਼ਟੀ ਤੋਂ ਵੇਖਦੇ ਹਨ ਅਤੇ ਕਿਤੇ-ਕਿਤੇ ਕਿਸੇ ਪ੍ਰਮੁਖ ਰਚਨਾ ਨੂੰ ਆਦਰਸ਼ਵਾਦੀ ਕਾਵਿ ਸ਼ਾਸਤਰੀ ਆਲੋਚਨਾਤਮਕ ਦ੍ਰਿਸ਼ਟੀ ਤੋਂ ਵਾਚਦੇ ਹਨ। ਇਸ ਤਰ੍ਹਾਂ ਕੁਝ ਅਧਿਐਨ ਅਕਾਦਮਿਕ ਲੋੜਾਂ ਹਿਤ ਪਾਠ-ਪੁਸਤਕਾਂ ਵਜੋਂ ਹੋਂਦ ਵਿਚ ਆਏ ਜਾਪਦੇ ਹਨ। ਇਸ ਵਿਚ ਪ੍ਰੋ. ਪਿਆਰਾ ਸਿੰਘ ਪਦਮ 1990 ਦੀ ਕਿਤਾਬ ਦਸਮ ਗ੍ਰੰਥ ਦਰਸਨ ਵਿਸ਼ੇਸ਼ ਹੈ।

ਦਸਮ ਗ੍ਰੰਥ ਦੇ ਕੁਝ ਅਧਿਐਨ ਨਵ-ਸਾਹਿਤ-ਅਧਿਐਨ ਦ੍ਰਿਸ਼ਟੀਆਂ ਤੇ ਆਧਾਰਿਤ ਹਨ। ਇਸ ਵਿਚ ਸੰਰਚਨਾਵਾਦ, ਚਿਨ੍ਹ-ਵਿਗਿਆਨ, ਸਿਮਓਟਿਕਸ, ਤੇ ਸਿਮੀਆਲੌਜੀ ਆਦਿਕ ਸ਼ਾਮਿਲ ਹੈ। ਇਸ ਤਰ੍ਹਾਂ ਦਾ ਪਹਿਲਾ ਪ੍ਰਾਪਤ ਅਧਿਐਨ ਅਜਮੇਰ ਸਿੰਘ ਮਿਨਹਾਸ (1975 ਈ.) ਦਸਮ ਗ੍ਰੰਥ ਦੀਆਂ ਕੁਝ ਰਚਨਾਵਾਂ ਤੇ ਚਿੰਨ ਵਿਗਿਆਨਕ ਅਧਿਐਨ ਲਈ ਸੰਰਚਨਾਤਮਕ ਧੁਨੀ ਵਿਗਿਆਨ ਦੇ ਮੇਲ ਤੇ ਵਿਰੋਧ ਸੰਕਲਪਾਂ ਨੂੰ ਆਧਾਰ ਬਣਾ ਕੇ ਪੇਸ਼ ਕੀਤਾ ਗਿਆ ਹੈ। ਇਹ ਅਧਿਐਨ ਬਚਿਤਰ ਨਾਟਕ ਦੇ ਖਾਸ ਹਵਾਲੇ ਰਾਹੀ ਪੇਸ਼ ਕੀਤਾ ਗਿਆ ਹੈ।[27] 1977 ਈ. ਵਿਚ ਡਾ. ਪਰਮਜੀਤ ਸਿੰਘ ਸਿੱਧੂ ਨੇ ਦਸਮ ਗ੍ਰੰਥ ਦੇ ਸੰਰਚਨਾਤਮਕ ਸੰਗਠਨਾਂ ਨੂੰ ਚਿੰਨ ਵਿਗਿਆਨ ਵਿਧੀ ਰਾਹੀਂ ਅਕਾਲ ਉਸਤਤ ਦੇ ਹਵਾਲੇ ਨਾਲ ਸਮਝਣ ਦਾ ਯਤਨ ਕੀਤਾ ਹੈ। ਡਾ. ਮਨਮੋਹਨ ਸਿੰਘ ਅਨੁਸਾਰ, ''ਡਾ. ਸਿੱਧੂ ਦਾ ਇਹ ਯਤਨ ਦਸਮ ਗ੍ਰੰਥ ਦੇ ਸੰਰਚਨਾਤਮਕ ਨੇਮਾਂ, ਜੁਗਤਾਂ, ਰੂੜੀਆਂ ਨਾਲ ਸਾਡੀ ਸਾਂਝ ਪਾਉਂਦਾ ਹੈ। ਉਸ ਨੇ ਪਹਿਲਾਂ ਅਕਾਲ ਉਸਤਤ ਵਿਚ ਅਕਾਲ ਪੁਰਖ ਦੀ ਉਸਤਤ ਲਈ ਵਰਤੇ ਵਰਣਾਤਮਕ ਸੰਕਲਪਿਕ ਵਿਸ਼ੇਸ਼ਣਾਂ ਦਾ ਵਿਸ਼ਲੇਸ਼ਣਾਤਮਕ ਵਰਗੀਕਰਨ ਕੀਤਾ ਹੈ। ਫਿਰ ਇਨ੍ਹਾਂ ਦੀਆਂ ਸਾਰਣੀਆਂ ਬਣਾ ਕੇ ਇਨ੍ਹਾਂ ਨੂੰ ਅੰਤਿਕਾਵਾਂ ਦੇ ਰੂਪ ਵਿਚ ਦਰਜ ਕੀਤਾ ਹੈ। ਇਨ੍ਹਾਂ ਅੰਤਿਕਾਵਾਂ ਦੇ ਹਵਾਲੇ ਨਾਲ ਉਹ ਰਚਨਾ ਦੀ ਚਿਨ੍ਹ ਵਿਗਿਆਨਕ ਸੰਰਚਨਾ/ਜੁਗਤ ਦਾ ਵਰਣਨ ਕਰਦਾ ਹੈ।''[28] ਇਸ ਤਰ੍ਹਾਂ ਦਸਮ ਗ੍ਰੰਥ ਦੇ ਅਧਿਐਨ ਵਿਚ ਅਕਾਦਮਿਕ ਪੱਖ ਤੋਂ ਨਵ-ਪਰਿਪੇਖਾਂ, ਵਿਧੀਆਂ ਤੋਂ ਅਧਿਐਨ ਦਾ ਰੁਝਾਨ

---

26 ਉਹੀ, ਪੰਨੇ 25-26.

27 ਡਾ. ਮਨਮੋਹਨ, ਦਸਮ ਗ੍ਰੰਥ ਵਿਚ ਮਿੱਥ ਦਾ ਰੂਪਾਂਤਰਣ, ਪੰਨੇ 28-29.

28 ਉਹੀ, ਪੰਨਾ 29.

ਚੱਲਿਆ ਜਿਸ ਵਿਚ ਭਾਸ਼ਾਈ, ਇਤਿਹਾਸਿਕ ਅਤੇ ਚਿਹਨ ਵਿਗਿਆਨਿਕ ਅਧਿਐਨ ਸ਼ਾਮਿਲ ਹਨ।

ਸਿੱਖ ਸਾਹਿਤ ਵਿਚ ਸਰੋਤਾਂ ਨਾਲ ਸੰਬੰਧਤ ਬਹੁਤ ਸਾਰਾ ਅਕਾਦਮਿਕ ਅਧਿਐਨ ਸਾਹਮਣੇ ਆਉਂਦਾ ਹੈ। ਇੱਥੇ ਜਨਮਸਾਖੀ ਸਾਹਿਤ ਉੱਪਰ ਹੋਏ ਅਕਾਦਮਿਕ ਕਾਰਜ ਦਾ ਵਿਸ਼ਲੇਸ਼ਣ ਪੇਸ਼ ਕੀਤਾ ਜਾ ਰਿਹਾ ਹੈ।

ਅਕਾਦਮਿਕਤਾ ਵਿਚ ਜਨਮਸਾਖੀ ਸਾਹਿਤ ਨਾਲ ਜੁੜੇ ਉਪਾਧੀ ਨਿਰਪੇਖ ਕਾਰਜਾਂ ਵਿਚ ਡਾ. ਪਿਆਰ ਸਿੰਘ ਦਾ ਯੋਗਦਾਨ ਸ਼ਲਾਘਾਯੋਗ ਹੈ। ਉਸ ਦੁਆਰਾ ਆਦਿ ਸਾਖੀਆਂ ਅਤੇ ਇੰਡੀਆ ਆਫ਼ਿਸ ਲਾਇਬਰੇਰੀ (ਲੰਡਨ) ਵਿਚ ਸੁਰੱਖਿਅਤ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਸੰਪਾਦਿਤ ਕਰ ਦਿੱਤੀਆਂ ਗਈਆਂ। ਇਹਨਾਂ ਦੋਹਾਂ ਜਨਮਸਾਖੀਆਂ ਦੇ ਸਾਹਮਣੇ ਆਉਣ ਨਾਲ ਜਨਮਸਾਖੀ ਪਰੰਪਰਾ ਵਿਚ ਜਨਮਸਾਖੀਆਂ ਦੇ ਕਰਤੱਤਵ ਅਤੇ ਰਚਨਾ ਕਾਲ ਬਾਰੇ ਨਵੇਂ ਰੁਝਾਨ ਸ਼ੁਰੂ ਹੋਏ ਸਨ। ਜੇਕਰ ਅਕਾਦਮਿਕਤਾ ਵਿਚ ਉਪਾਧੀ ਸਾਪੇਖ ਕਾਰਜ ਦੇਖੀਏ ਤਾਂ ਪੰਜਾਬੀ ਵਾਰਤਕ ਉੱਪਰ ਤਰਲੋਚਨ ਸਿੰਘ ਬੇਦੀ ਦਾ ਸ਼ੋਧ ਪ੍ਰਬੰਧ ਪੰਜਾਬੀ ਵਾਰਤਕ ਦਾ ਆਲੋਚਨਾਤਮਕ ਅਧਿਐਨ ਇਕ ਮਹੱਤਵਪੂਰਨ ਖੋਜ ਕਾਰਜ ਹੈ। ਇਹ ਖੋਜ ਕਾਰਜ 1972 ਈ. ਵਿਚ ਪ੍ਰਕਾਸ਼ਿਤ ਹੋਇਆ। ਇਸ ਕਾਰਜ ਨੇ ਸਿੱਖ ਸੰਪ੍ਰਦਾਵਾਂ ਦਾ ਸਾਹਿਤ, ਜਨਮਸਾਖੀ ਸਾਹਿਤ, ਟੀਕੇ, ਉਥਾਨਕਾਵਾਂ, ਗੋਸ਼ਟਾਂ, ਬਚਨ, ਰਹਿਤਨਾਮੇ, ਹੁਕਮਨਾਮੇ, ਅਨੁਵਾਦ ਆਦਿਕ ਨੂੰ ਵਿਸ਼ਾ ਬਣਾਇਆ। ਇਸ ਖੋਜ ਕਾਰਜ ਨਾਲ ਹੱਥ ਲਿਖਤ ਸਾਹਿਤ ਅਤੇ ਸਿੱਖ ਸਰੋਤਾਂ ਬਾਰੇ ਖੋਜ ਕਾਰਜ ਨੂੰ ਉਤਸ਼ਾਹ ਅਤੇ ਨਵੀਆਂ ਸੇਧਾਂ ਮਿਲੀਆਂ ਹਨ। ਨਰਿੰਦਰ ਕੌਰ ਭਾਟੀਆ ਦਾ ਖੋਜ ਪ੍ਰਬੰਧ ਜਨਮਸਾਖੀ ਭਗਤ ਕਬੀਰ ਜੀ ਕੀ (ਸੰਪਾਦਨ ਤੇ ਵਿਵੇਚਨ) ਹੱਥ ਲਿਖਤ ਸਾਹਿਤ ਅਤੇ ਇਤਿਹਾਸ ਵਿਚ ਮੁੱਖ ਕਾਰਜ ਹੈ। ਲੇਖਿਕਾ ਨੇ ਤੀਸਰੇ ਕਾਂਡ ਵਿਚ ਇਹ ਸਥਾਪਿਤ ਕਰਨ ਦਾ ਯਤਨ ਕੀਤਾ ਹੈ ਕਿ ਬੇਸ਼ਕ ਜਨਮਸਾਖੀ ਭਗਤ ਕਬੀਰ ਜੀ ਮਿਹਰਬਾਨ ਦੇ ਨਾਂ ਨਾਲ ਮਨਸੂਬ ਕੀਤੀ ਜਾਂਦੀ ਹੈ, ਪਰ ਅਸਲ ਵਿਚ ਇਹ ਕੇਸ਼ੋ ਦਾਸ ਦੀ ਰਚਨਾ ਹੈ।[29]

ਇਸ ਤਰ੍ਹਾਂ ਹੀ ਡਾ. ਗੁਰਬਚਨ ਕੌਰ ਦਾ ਸ਼ੋਧ-ਪ੍ਰਬੰਧ ਜਨਮਸਾਖੀ ਭਾਈ ਬਾਲਾ ਦਾ ਪਾਠ ਪ੍ਰਮਾਣੀਕਰਨ ਤੇ ਆਲੋਚਨਾਤਮਕ ਸੰਪਾਦਨ ਵੀ ਅਹਿਮ ਹੈ। ਇਹ ਖੋਜ ਪ੍ਰਬੰਧ ਦੋ ਹਿੱਸਿਆਂ ਵਿਚ ਵੰਡਿਆ ਗਿਆ ਹੈ। ਪਹਿਲੇ ਹਿੱਸੇ ਦਾ ਸੰਬੰਧ ਭੂਮਿਕਾ ਨਾਲ ਹੈ, ਜਿਸ ਵਿਚ

---

[29] ਧਰਮ ਸਿੰਘ, ਪੰਜਾਬੀ ਖੋਜ ਦਾ ਇਤਿਹਾਸ, ਪੰਨਾ 73.

ਵਿਸ਼ਾ ਪ੍ਰਵੇਸ਼, ਹੋ ਚੁੱਕੇ ਕੰਮ ਦਾ ਸਰਵੇਖਣ, ਜਨਮਸਾਖੀ ਪਰੰਪਰਾਵਾਂ, ਬਾਲਾ ਜਨਮਸਾਖੀ: ਵਿਸ਼ੇਸ਼ ਲੱਛਣ, ਭਾਈ ਬਾਲਾ : ਤੱਥ ਕਿ ਮਿੱਥ ਅਤੇ ਹਸਤਾਖੇਪ, ਅਤੇ ਵੱਖ-ਵੱਖ ਸਾਖੀਆਂ ਦਾ ਪ੍ਰਵੇਸ਼ ਦਾ ਕਾਲ ਤੇ ਕ੍ਰਮ।[30] ਦੂਸਰੇ ਹਿੱਸੇ ਵਿਚ ਸੰਪਾਦਿਤ ਪਾਠ ਹੈ। ਲੇਖਿਕਾ ਨੇ ਬਾਲਾ ਜਨਮਸਾਖੀ ਦੀਆਂ ਕੋਈ 42 ਪ੍ਰਤੀਆਂ ਲੱਭੀਆਂ ਹਨ, ਜਿਨ੍ਹਾਂ ਵਿਚੋਂ ਪਾਠ ਦੇ ਪ੍ਰਮਾਣੀਕਰਨ ਲਈ ਛੇ ਹੀ ਵਰਤੀਆਂ ਹਨ। ਇਸ ਥੀਸਿਸ ਨੇ ਪਾਠ ਸੰਪਾਦਨ ਲਈ ਬਹੁਤ ਸਾਰੀਆਂ ਸੇਧਾਂ ਦਿੱਤੀਆਂ ਹਨ। ਜਨਮਸਾਖੀ ਸਾਹਿਤ ਦੀ ਖੋਜ ਤੇ ਸੰਪਾਦਨ ਵਿਚ ਡਾ. ਜਸਬੀਰ ਸਿੰਘ ਸਾਬਰ ਦਾ ਖੋਜ ਪ੍ਰਬੰਧ ਗਿਆਨ ਰਤਨਾਵਲੀ (ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ)[31] ਅਹਿਮ ਸਥਾਨ ਰੱਖਦਾ ਹੈ। ਇਸ ਖੋਜ ਕਾਰਜ ਨਾਲ ਇਸ ਜਨਮਸਾਖੀ ਦਾ ਅਲੋਚਨਾਤਮਕ ਪਾਠ ਨਿਰਧਾਰਿਤ ਕੀਤਾ ਗਿਆ। ਇਸ ਦੇ ਪਹਿਲੇ ਭਾਗ (ਭੂਮਿਕਾ) ਵਿਚ ਲੇਖਕ ਨੇ ਮੱਧਕਾਲੀਨ ਜੀਵਨੀ ਸਾਹਿਤ: ਪ੍ਰੀਭਾਸ਼ਾ, ਨਿਕਾਸ ਤੇ ਵਿਕਾਸ, ਜਨਮਸਾਖੀ ਸਾਹਿਤ ਦਾ ਮਹੱਤਵ, ਪ੍ਰਸਿੱਧ ਜਨਮਸਾਖੀਆਂ ਆਦਿਕ ਬਾਰੇ ਚਰਚਾ ਕੀਤੀ ਹੈ। ਭੂਮਿਕਾ ਦੇ ਦੂਜੇ ਭਾਗ ਵਿਚ ਜਨਮਸਾਖੀ ਦੇ ਰਚਨਾਕਾਰ ਤੇ ਰਚਨਾਕਾਲ ਆਦਿਕ ਬਾਰੇ ਚਰਚਾ ਹੈ। ਇਸ ਸ਼ੋਧ ਪ੍ਰਬੰਧ ਦੇ ਪ੍ਰਕਾਸ਼ਿਤ ਹੋਣ ਨਾਲ ਜਨਮਸਾਖੀ ਸਾਹਿਤ ਉੱਪਰ ਚੱਲ ਰਹੀ ਚਰਚਾ ਵਿਚ ਇਕ ਜਨਮਸਾਖੀ ਹੋਰ ਦਾਖਲ ਹੋ ਗਈ ਸੀ। ਇਸ ਤਰ੍ਹਾਂ ਜਨਮਸਾਖੀ ਸਾਹਿਤ ਉੱਪਰ ਚਰਚਾ, ਖੋਜ ਅਤੇ ਸੰਪਾਦਨ ਦਾ ਰੁਝਾਨ ਅੱਜ ਵੀ ਜਾਰੀ ਹੈ।

ਇਤਿਹਾਸ ਵਿਸ਼ੇ ਵਿਚ ਅਕਾਦਮਿਕ ਪੱਧਰ ਤੇ ਸਿੱਖ ਅਧਿਐਨ ਵਿਚ ਉਪਾਧੀ ਨਿਰਪੇਖ ਤੇ ਸਾਪੇਖ ਦੋਹਾਂ ਤਰ੍ਹਾਂ ਦੇ ਕੰਮ ਬਹੁਤ ਮਿਲ ਜਾਂਦੇ ਹਨ। ਇੱਥੇ ਅਸੀਂ ਅਕਾਦਮਿਕ ਪੱਧਰ ਤੇ ਹੋਏ ਸਿੱਖ ਇਤਿਹਾਸ ਦੇ ਕਾਰਜਾਂ ਦਾ ਵਰਣਨ ਕਰਾਂਗੇ। ਫਾਰਸੀ ਸੋਮਿਆਂ ਦੇ ਆਧਾਰ 'ਤੇ ਹੋਏ ਸਿੱਖ ਅਧਿਐਨ ਵਿਚ ਸ੍ਰ. ਕਰਮ ਸਿੰਘ ਹਿਸਟੋਰੀਅਨ ਵੀਹਵੀਂ ਸਦੀ ਦਾ ਪਹਿਲਾ ਸਿੱਖ ਲਿਖਾਰੀ ਕਿਹਾ ਜਾ ਸਕਦਾ ਹੈ, ਜਿਸਨੇ ਇਨ੍ਹਾਂ ਸੋਮਿਆਂ ਨੂੰ ਆਲੋਚਨਾਤਮਕ ਤੌਰ ਤੇ ਵਰਤਿਆ ਵੀ ਤੇ ਜਾਣਕਾਰੀ ਵੀ ਮੁਹੱਈਆ ਕੀਤੀ। ਜੇਕਰ ਕਰਮ ਸਿੰਘ ਹਿਸਟੋਰੀਅਨ ਦੀ ਕਿਤਾਬ ਇਤਿਹਾਸਕ ਖੋਜ ਦੇਖੀਏ ਤਾਂ ਲੇਖਕ ਨੇ ਕਿਤਾਬ ਵਿਚ ਫ਼ਾਰਸੀ ਸਰੋਤਾਂ ਦੀ ਲੰਮੀ ਫ਼ਹਿਰਿਸਤ

---

30 ਗੁਰਬਚਨ ਕੌਰ, ਜਨਮਸਾਖੀ ਭਾਈ ਬਾਲਾ ਦਾ ਪਾਠ-ਪ੍ਰਮਾਣੀਕਰਨ ਤੇ ਆਲੋਚਨਾਤਮਕ ਸੰਪਾਦਨ, ਭਾਸ਼ਾ ਵਿਭਾਗ, ਪੰਜਾਬ, 1988, ਪੰਨੇ 2,3

31 ਜਸਬੀਰ ਸਿੰਘ ਸਾਬਰ (ਡਾ.), ਗਿਆਨ ਰਤਨਾਵਲੀ (ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ), ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1994, ਪੰਨੇ 5,6,7

ਦਿੱਤੀ ਹੈ।[32] ਸ੍. ਕਰਮ ਸਿੰਘ ਦੇ ਕੰਮ ਨੂੰ ਅੱਗੇ ਡਾ. ਗੰਡਾ ਸਿੰਘ ਨੇ ਤੋਰਿਆ। ਡਾ. ਗੰਡਾ ਸਿੰਘ ਦੁਆਰਾ ਲਿਖਿਆ ਅਠਾਰਵੀਂ ਸਦੀ ਦਾ ਸਿੱਖ ਇਤਿਹਾਸ ਲਗਪਗ ਜ਼ਿਆਦਾਤਰ ਫ਼ਾਰਸੀ ਸਰੋਤਾਂ 'ਤੇ ਅਧਾਰਤ ਹੈ। ਉਦਹਾਰਨ ਦੇ ਤੌਰ 'ਤੇ ਉਸਦੀ ਕਿਤਾਬ ਬੰਦਾ ਸਿੰਘ ਬਹਾਦਰ ਦੀ ਪੁਸਤਕ ਸੂਚੀ ਦੇਖੀ ਜਾ ਸਕਦੀ ਹੈ। ਡਾ. ਗੰਡਾ ਸਿੰਘ ਨੇ ਫ਼ਾਰਸੀ ਸੋਮਿਆਂ ਦਾ ਤਰਜ਼ਮਾ ਉੂਰਦੂ ਵਿਚ ਮਾਖ਼ਿਜ-ਇ-ਤਵਾਰੀਖ-ਇ-ਸਿੱਖਾਂ ਨਾਮ ਹੇਠ ਛਾਪਿਆ ਸੀ। ਇਸ ਕਿਤਾਬ ਨੂੰ ਡਾ. ਹਰਚੰਦ ਸਿੰਘ ਬੇਦੀ ਨੇ ਸਿੱਖ ਇਤਿਹਾਸ ਦੇ ਫ਼ਾਰਸੀ ਸਰੋਤ ਨਾਮ ਹੇਠ ਪ੍ਰਕਾਸ਼ਿਤ ਕਰਵਾਇਆ ਹੈ। ਇਹ ਕਿਤਾਬ ਸਿੱਖ ਇਤਿਹਾਸ ਫ਼ਾਰਸੀ ਸਰੋਤਾਂ ਦੇ ਪੱਖ ਤੋਂ ਭਰਪੂਰ ਜਾਣਕਾਰੀ ਪ੍ਰਦਾਨ ਕਰਦੀ ਹੈ।

ਜੇ.ਐਸ. ਗਰੇਵਾਲ ਦੀ ਕਿਤਾਬ *Guru Nanak in History* ਇਤਿਹਾਸਕ ਵਿਸ਼ਲੇਸ਼ਣ ਵਿਚ ਨਵੇਂ ਰੁਝਾਨ ਲੈ ਕੇ ਆਉਂਦੀ ਹੈ। ਇਹ ਪੀਐੱਚ.ਡੀ. ਦਾ ਥੀਸਿਸ 1969 ਈ. ਵਿਚ ਪ੍ਰਕਾਸ਼ਿਤ ਹੋਇਆ। ਇਸ ਕਿਤਾਬ ਦੇ ਦੋ ਹਿੱਸੇ ਹਨ। ਪਹਿਲਾ ਹਿੱਸਾ 'The Millieu' ਹੈ ਜਿਸ ਵਿਚ ਰਾਜਨੀਤੀ, ਸਮਾਜ, ਇਸਲਾਮ ਧਰਮ ਅਤੇ ਹਿੰਦੂ ਮਤ ਦਾ ਗੁਰੂ ਨਾਨਕ ਦੇਵ ਜੀ ਦੇ ਸਮਕਾਲੀ ਇਤਿਹਾਸਕ ਸਰੋਤਾਂ ਰਾਹੀਂ ਅਧਿਐਨ ਕੀਤਾ ਹੈ। ਉਦਾਹਰਨ ਦੇ ਤੌਰ ਤੇ ਲੇਖਕ ਬਾਬਰਨਾਮਾ ਦੇ ਹਵਾਲੇ ਸਿਕਦਾਰ ਪਦਵੀਂ ਬਾਰੇ ਦੱਸਦਾ ਹੈ ਕਿ 1526 ਈ. ਵਿਚ ਗੁਰੂ ਨਾਨਕ ਜੀ ਦੇ ਸਮੇਂ ਹਮੀਦ ਖਾਨ ਲੋਧੀ ਖਸਖੇਲ, ਹਿਸਾਰ ਫਿਰੋਜਾ ਦਾ ਸਿਕਦਾਰ ਸੀ। ਉਸ ਕੋਲ ਬਹੁਤ ਵੱਡੀ ਫੌਜੀ ਤਾਕਤ ਸੀ।[33] ਉਪਰੋਕਤ ਅਹੁਦੇ ਵਰਗੇ ਹੋਰ ਅਹੁਦਿਆਂ ਦਾ ਜ਼ਿਕਰ ਲੇਖਕ ਨੇ ਗੁਰੂ ਨਾਨਕ ਸਾਹਿਬ ਜੀ ਦੀ ਬਾਣੀ ਵਿਚੋਂ ਵੀ ਲਿਆ ਹੈ। ਇਹਨਾਂ ਕਰਮਚਾਰੀਆਂ ਦੇ ਹਾਲਾਤ ਗੁਰੂ ਨਾਨਕ ਸਾਹਿਬ ਜੀ ਨੇ ਬਾਣੀ ਵਿਚ ਕਿਵੇਂ ਦੇ ਦਰਸਾਏ ਹਨ, ਲਏ ਹਨ। ਲੇਖਕ ਅਨੁਸਾਰ ਗੁਰੂ ਜੀ ਨੇ ਬਾਣੀ ਵਿਚ ਇਨ੍ਹਾਂ ਰਾਜਿਆਂ, ਪਾਤਸ਼ਾਹਾਂ, ਸੁਲਤਾਨਾਂ, ਖਾਨਾਂ, ਸਿਕਦਾਰਾਂ, ਚੌਧਰੀਆਂ ਤੇ ਮੁਕਦਮਾਂ ਨੂੰ ਥੋੜ੍ਹ ਚਿਰੇ ਦੱਸਿਆ ਹੈ। ਇਕ ਪਰਮਾਤਮਾ ਨੂੰ ਸਦੀਵੀਂ ਦੱਸਿਆ ਹੈ।[34]

---

[32] ਹੀਰਾ ਸਿੰਘ ਦਰਦ (ਸੰਪਾ.), ਇਤਿਹਾਸਕ ਖੋਜਾਂ, ਸਿੱਖ ਇਤਿਹਾਸ ਰਿਸਰਚ ਬੋਰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕੇਮਟੀ, ਸ੍ਰੀ ਅੰਮ੍ਰਿਤਸਰ, 2014, ਪੰਨਾ 56

[33] J.S. Grewal, *Guru Nanak in History,* Publication Bureau, Punjab University, Chandigarh, 1998, p. 25.

[34] *Ibid.,* p. 150

ਜਿਵੇਂ: ਸੁਲਤਾਨਖਾਨ ਬਾਦਿਸਾਹ ਨਹੀ ਰਹਨਾ।।...

ਚਉਧਰੀ ਰਾਜੇ ਨਹੀ ਕਿਸੇ ਮੁਕਾਮੁ।। ਗੁ. ਗ੍ਰੰ ਸਾਹਿਬ, ਪੰਨਾ 227.

ਇਸ ਤਰ੍ਹਾਂ ਲੇਖਕ ਨੇ ਅਕਾਦਮਿਕਤਾ ਵਿਚ ਇਸ ਤਰ੍ਹਾਂ ਦਾ ਕੰਮ ਕਰਕੇ ਬਾਣੀ ਤੇ ਸਮਕਾਲੀ ਸਰੋਤਾਂ ਨੂੰ ਇਕ ਦੂਜੇ ਨੂੰ ਸਮਝਣ ਤੇ ਸਪਸ਼ਟ ਕਰਨ ਲਈ ਅਧਿਐਨ ਦਾ ਵਿਸ਼ਾ ਬਣਾਇਆ। ਇਸ ਨਾਲ ਗੁਰੂ ਗ੍ਰੰਥ ਸਾਹਿਬ ਤੇ ਸਿੱਖ ਇਤਿਹਾਸ ਦੇ ਸਰੋਤਾਂ ਦੀ ਵਿਆਖਿਆ ਲਈ ਸਮਕਾਲੀ ਸਰੋਤਾਂ ਤੋਂ ਮਦਦ ਲੈਣ ਦਾ ਰੁਝਾਨ ਸ਼ੁਰੂ ਹੋਇਆ। ਇਸ ਰੁਝਾਨ ਨੂੰ ਸੁਰਜੀਤ ਹਾਂਸ ਨੇ ਅੱਗੇ ਤੋਰਿਆ। ਸਿੱਖ ਇਤਿਹਾਸਕਾਰੀ ਵਿਚ ਅਕਾਦਮਿਕ ਪੱਖ ਤੋਂ 1500 ਈ. ਤੋਂ ਲੈ ਕੇ 1850 ਈ. ਤੱਕ ਦੇ ਸਿੱਖ ਇਤਿਹਾਸ ਦੇ ਸਰੋਤਾਂ ਦਾ ਇਤਿਹਾਸਿਕ ਵਿਸ਼ਲੇਸ਼ਣ ਸੁਰਜੀਤ ਹਾਂਸ ਨੇ ਕੀਤਾ। ਇਸਦਾ ਖੋਜ ਪ੍ਰਬੰਧ, *A Reconstruction of Sikh History from Sikh Literature* ਨਾਮ ਹੇਠ ਪ੍ਰਕਾਸ਼ਿਤ ਹੋਇਆ। ਲੇਖਕ ਨੇ ਗੁਰੂ ਸਾਹਿਬਾਨ ਦੀ ਬਾਣੀ, ਭੱਟ ਬਾਣੀ, ਭਾਈ ਗੁਰਦਾਸ ਦੀ ਰਚਨਾ, ਦਸਮ ਗ੍ਰੰਥ, ਜਨਮਸਾਖੀ ਸਾਹਿਤ, ਗੁਰਬਿਲਾਸ ਸਾਹਿਤ, ਕੇਸਰ ਸਿੰਘ ਛਿੱਬਰ ਅਤੇ ਸਰੂਪ ਦਾਸ ਭੱਲਾ ਦੀ ਰਚਨਾ ਦਾ ਇਤਿਹਾਸਿਕ ਵਿਸ਼ਲੇਸ਼ਣ ਕੀਤਾ ਹੈ। ਸੁਰਜੀਤ ਹਾਂਸ ਨੇ ਪਹਿਲੀ ਵਾਰ ਗੁਰਬਾਣੀ ਵਿਚੋਂ ਇਤਿਹਾਸ ਦੀ ਜਾਣਕਾਰੀ ਦਿੰਦਿਆਂ ਉਹ ਤੁਕਾਂ ਦਿੱਤੀਆਂ ਸਨ, ਜਿਨ੍ਹਾਂ ਦਾ ਵਿਆਖਿਆਕਾਰੀ ਵਿਚ ਸਮਕਾਲ ਨਾਲ ਕੋਈ ਸੰਬੰਧ ਨਹੀਂ ਦਰਸਾਇਆ ਸੀ। ਜਿਵੇਂ: ਮੁਢਲੇ ਸਿੱਖ ਇਹ ਜੋਰ ਦੇ ਕੇ ਕਹਿੰਦੇ ਸਨ ਕਿ ਸਿਰਫ ਉਨ੍ਹਾਂ ਦਾ ਧਰਮ ਹੀ ਸਮਕਾਲੀ ਸਮੇਂ ਵਿਚ ਢੁਕਵਾਂ (Relevant) ਹੈ:

ਕਾਲੁ ਨਾਹੀ ਜੋਗੁ ਨਾਹੀ ਨਾਹੀ ਸਤ ਕਾ ਢਬੁ।।

ਉਨ੍ਹਾਂ ਦਾ ਗੁਰੂ ਸਰੀਰਕ ਤੌਰ ਤੇ ਉਨ੍ਹਾਂ ਵਿਚੋਂ ਬੁਰਾਈਆਂ ਖਤਮ ਕਰ ਦਿੰਦਾ ਹੈ।[35]

ਕਰਿ ਹੁਕਮੁ ਮਸਤਕਿ ਹਥੁ ਧਰਿ ਵਿਚਹੁ ਮਾਰਿ ਕਢੀਆ ਬੁਰਿਆਈਆ।।

ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਬਾਰੇ ਲੇਖਕ ਦੱਸਦਾ ਹੈ ਕਿ ਕੋਈ ਵੀ ਇਤਿਹਾਸਕਾਰ ਇਨ੍ਹਾਂ ਦੀ ਬਾਣੀ ਵਿਚਲੀਆਂ ਇਤਿਹਾਸਿਕ ਗਵਾਹੀਆਂ ਨੂੰ ਨਜ਼ਰਅੰਦਾਜ਼ ਨਹੀਂ ਕਰ ਸਕਦਾ, ਭਾਵੇਂ ਕਿ ਇਸ ਬਾਣੀ ਵਿਚੋਂ ਤੱਥ ਆਧਾਰਿਤ (Factual) ਜਾਣਕਾਰੀ ਪ੍ਰਾਪਤ ਨਹੀਂ ਹੁੰਦੀ। ਪਰ ਫਿਰ ਵੀ ਸਾਹਿਤਕ (Literary) ਗਵਾਹੀਆਂ ਸਾਨੂੰ ਗੁਰੂ ਤੇਗ਼ ਬਹਾਦਰ ਜੀ ਦੀ

[35] Surjit Hans, *A Reconstruction of Sikh History from Sikh Literature,* Madan Publications, Patiala, 2005, p. 18.

ਜੀਵਨੀ ਅਤੇ ਇਤਿਹਾਸ ਵਿਚ ਭੂਮਿਕਾ ਬਾਰੇ ਮਹਿਸੂਸ ਜ਼ਰੂਰ ਕਰਵਾ ਦਿੰਦੀਆਂ ਹਨ। ਅਸੀਂ ਗੁਰੂ ਜੀ ਦੀ ਬਾਣੀ ਵਿਚੋਂ ਕੁਝ ਅਜਿਹੀਆਂ ਸੁਰਾਂ (Tones) ਲੱਭ ਸਕਦੇ ਹਾਂ, ਜੋ ਪੰਥ ਦੀ ਸਮਕਾਲੀ ਹਾਲਤ ਬਾਰੇ ਬੜਾ ਕੁਝ ਦੱਸਦੀਆਂ ਹਨ।[36] ਲੇਖਕ ਸਾਹਿਤਕ ਬਿੰਬਾਂ ਵਿਚੋਂ ਇਤਿਹਾਸ ਲੱਭਣ ਨੂੰ 'Style of Feeling' ਦਾ ਨਾਮ ਦਿੰਦਾ ਹੈ। ਸੁਰਜੀਤ ਹਾਂਸ ਦੇ ਥੀਸਿਸ ਤੋਂ ਬਾਅਦ ਇਕ ਰੁਝਾਨ ਆਰੰਭ ਹੋਇਆ ਜਿਸ ਵਿਚ ਵੱਖ-ਵੱਖ ਪੱਖਾਂ ਤੋਂ ਇਤਿਹਾਸ ਦਾ ਅਧਿਐਨ ਗੁਰੂ ਗ੍ਰੰਥ ਸਾਹਿਬ ਤੇ ਹੋਰ ਸਰੋਤਾਂ ਤੋਂ ਹੋਣ ਲੱਗਾ। ਇਸ ਰੁਝਾਨ ਨੂੰ ਹਰਬੰਸ ਸਿੰਘ ਚਾਵਲਾ ਨੇ ਅੱਗੇ ਤੋਰਿਆ। ਉਸਨੇ ਗੁਰੂ ਗ੍ਰੰਥ ਬਾਣੀ ਵਿਚ ਸਮਕਾਲੀ ਸਮਾਜਕ ਚਿੱਤਰ ਨਾਮ ਦਾ ਥੀਸਿਸ ਲਿਖਿਆ। ਲੇਖਕ ਨੇ ਰਾਜਨੀਤਿਕ ਪਿਛੋਕੜ, ਸਮਾਜਿਕ ਬਣਤਰ, ਰਹਿਣ-ਸਹਿਣ, ਪਹਿਰਾਵਾ, ਹਾਰ-ਸ਼ਿੰਗਾਰ, ਖੇਡਾਂ, ਮਨ-ਪਰਚਾਵਾ, ਦਿਨ-ਤਿਉਹਾਰ, ਆਰਥਿਕ ਵਸੀਲੇ ਤੇ ਆਵਾਜਾਈ ਦੇ ਸਾਧਨਾਂ ਨਾਲ ਜੁੜੇ ਗੁਰਬਾਣੀ ਦੇ ਪ੍ਰਮਾਣਾਂ ਨੂੰ ਸਮਕਾਲੀ ਇਤਿਹਾਸ ਦੀ ਨਜ਼ਰ ਤੋਂ ਪੇਸ਼ ਕੀਤਾ। ਲੇਖਕ ਉਸ ਸਮੇਂ ਦੇ ਖਾਣ ਪੀਣ ਬਾਰੇ ਦੱਸਦਾ ਹੈ ਕਿ ਖੀਰ ਵਿਚ ਸੁੱਕੇ ਮੇਵੇ ਤੇ ਖਿਚੜੀ ਵਿਚ ਬਹੁਤ ਸਾਰਾ ਘਿਉ ਰਲਾ ਕੇ ਖਾਣ ਦਾ ਰਿਵਾਜ ਆਮ ਸੀ। ਸਤਾ ਬਲਵੰਡ ਆਪਦੀ ਰਚਨਾ ਵਿਚ ਗੁਰੂ ਅੰਗਦ ਦੇਵ ਜੀ ਦੇ ਸਮੇਂ ਲੰਗਰ ਵਿਚ ਘਿਉ ਵਾਲੀ ਖੀਰ ਵਰਤਾਏ ਜਾਣ ਦਾ ਜ਼ਿਕਰ ਕਰਦੇ ਹਨ।[37] ਲੇਖਕ ਗੁਰੂ ਗ੍ਰੰਥ ਸਾਹਿਬ ਵਿਚੋਂ ਇਸਤਰੀਆਂ ਦੇ ਸ਼ਿੰਗਾਰ ਬਾਰੇ ਦੱਸਦਾ ਹੈ ਕਿ ਸੋਲਾਂ ਸ਼ਿੰਗਾਰਾਂ ਦਾ ਵੇਰਵਾ ਕਿਸੇ ਇਕ ਅਸਟਪਦੀ ਜਾਂ ਸ਼ਬਦ ਵਿਚ ਨਹੀਂ ਆਇਆ ਪਰ ਉਸ ਸਮੇਂ ਦੀਆਂ ਕੁਝ ਵਸਤਾਂ ਦਾ ਜ਼ਿਕਰ ਬਾਣੀ ਵਿਚ ਜ਼ਰੂਰ ਮਿਲ ਜਾਂਦਾ ਹੈ।[38] ਜਿਵੇਂ:

> ਕੰਗਨ ਬਸਤ੍ਰ ਗਹਨੇ ਬਨੇ ਸੁਹਾਵੈ।।
> ਕਾਜਲ ਫੂਲ ਤੰਬੋਲ ਰਸੁ ਲੇ ਧਨ ਕੀਆ ਸੀਗਾਰ।।
>
> (ਗੁਰੂ ਗ੍ਰੰਥ ਸਾਹਿਬ, ਪੰਨਾ 788)

ਇਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਵਿਚੋਂ ਸਮਕਾਲੀ ਇਤਿਹਾਸ ਅਤੇ ਸਮਾਜਿਕ, ਰਾਜਨੀਤਿਕ, ਆਰਥਿਕ ਅਵਸਥਾਵਾਂ ਲੱਭਣ ਦਾ ਰੁਝਾਨ ਜਾਰੀ ਰਿਹਾ ਹੈ।

---

[36] *Ibid.,* p. 205

[37] ਹਰਬੰਸ ਸਿੰਘ ਚਾਵਲਾ, ਗੁਰੂ ਗ੍ਰੰਥ ਬਾਣੀ ਵਿਚ ਸਮਕਾਲੀ ਸਮਾਜਕ ਚਿੱਤਰ, ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੋਸਾਇਟੀ, ਨਵੀਂ ਦਿੱਲੀ, 1990, ਪੰਨਾ 93

[38] ਉਹੀ, ਪੰਨਾ 140

ਸੀਤਾ ਰਾਮ ਕੋਹਲੀ ਇਕ ਅਜਿਹਾ ਲਿਖਾਰੀ ਸੀ ਜਿਸ ਨੇ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦੀ ਖੇਤੀਬਾੜੀ, ਫੌਜ, ਅਰਥ-ਵਿਵਸਥਾ ਉੱਪਰ ਲਿਖਿਆ। ਇਸ ਲਿਖਾਰੀ ਨੇ ਆਉਣ ਵਾਲੇ ਲੇਖਕਾਂ ਨੂੰ ਵੱਖਰੀ ਤਰ੍ਹਾਂ ਦੇ ਵਿਸ਼ਿਆਂ ਤੋਂ ਜਾਣੂ ਕਰਵਾਇਆ। ਖੇਤੀਬਾੜੀ ਨਾਲ ਸੰਬੰਧਤ ਇਤਿਹਾਸ ਦੇ ਵਿਸ਼ੇ ਉੱਪਰ ਡਾ. ਇੰਦੂ ਬਾਂਗਾ ਨੇ *Agrarian System of the Sikhs* ਨਾਮ ਦੀ ਕਿਤਾਬ ਲਿਖੀ। ਲੇਖਿਕਾ ਨੇ ਕਿਤਾਬ ਦੇ ਅੱਠ ਅਧਿਆਇ ਬਣਾਏ ਜਿਸ ਵਿਚ ਖੇਤੀਬਾੜੀ ਨਾਲ ਸੰਬੰਧਤ ਕਿਸਾਨ, ਜਮੀਨਦਾਰ, ਟੈਕਸ ਤੇ ਜ਼ਮੀਨਾਂ ਬਾਰੇ ਬਹੁਤ ਹੀ ਇਤਿਹਾਸਕ ਜਾਣਕਾਰੀ ਅਕਾਦਮਿਕਤਾ ਵਿਚ ਲਿਆਂਦੀ। ਲੇਖਿਕਾ ਨੇ 1750 ਈ. ਤੋਂ ਜਦੋਂ ਸਿੱਖਾਂ ਨੇ ਸਰਹਿੰਦ ਤੇ ਕਬਜਾ ਕਰਕੇ ਹੋਰ ਇਲਾਕਿਆਂ ਨੂੰ ਮੱਲਣਾ ਸ਼ੁਰੂ ਕਰ ਦਿੱਤਾ ਸੀ ਦੇ ਸਮੇਂ ਤੋਂ ਡਾਟਾ ਇਕੱਠਾ ਕਰਨਾ ਸ਼ੁਰੂ ਕੀਤਾ। ਲੇਖਿਕਾ ਨੇ ਸਿੱਟੇ ਵਜੋਂ ਦੱਸਿਆ ਕਿ ਸਿੱਖਾਂ ਦੇ ਸਮੇਂ ਅਤੇ ਮੁਗ਼ਲਾਂ ਦੇ ਸਮੇਂ ਦਾ ਇਹ ਪ੍ਰਬੰਧ ਲਗਭਗ ਇਕੋ ਜਿਹਾ ਹੀ ਸੀ। 'The System of alienating land revenue in favour of individuals or institutions remained more or less the same during the Mughal and Sikh times. The Service Jagirs given by the Sikhs rulers were similar even in detail to the mansabdari jagirs of the Mughals.'[39] ਇਸ ਤਰ੍ਹਾਂ ਇਸ ਖੇਤੀਬਾੜੀ ਨਾਲ ਸੰਬੰਧਿਤ ਇਤਿਹਾਸਕ ਅਧਿਐਨ ਨੇ ਭਵਿੱਖ ਲਈ ਇਸ ਵਿਚ ਕੰਮ ਕਰਨ ਦੇ ਕਈ ਤਰ੍ਹਾਂ ਦੇ ਰਾਹ ਖੋਲ੍ਹ ਦਿੱਤੇ ਹਨ।

ਡਾ. ਫੌਜਾ ਸਿੰਘ ਦੀ ਕਿਤਾਬ *Some aspects of state and society under Ranjit Singh* ਅਕਾਦਮਿਕ ਪੱਖ ਤੋਂ ਸਥਾਪਿਤ ਕਿਤਾਬ ਹੈ। ਇਸ ਕਿਤਾਬ ਦੇ 14 ਅਧਿਆਇ ਹਨ। ਇਹ ਕਿਤਾਬ ਮਹਾਰਾਜਾ ਰਣਜੀਤ ਸਿੰਘ ਦੀ ਫੌਜੀ ਵਿਵਸਥਾ, ਕਾਨੂੰਨ ਅਤੇ ਨਿਆਂ, ਆਰਥਿਕ ਪ੍ਰਬੰਧ, ਰਾਜਨੀਤੀ ਬਾਰੇ ਮਹੱਤਵਪੂਰਨ ਜਾਣਕਾਰੀ ਦਿੰਦੀ ਹੈ। ਲੇਖਕ ਅਨੁਸਾਰ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਬਹੁਤ ਹੀ ਮਜਬੂਤ ਸਿਪਾਹੀ ਮਿਲਦੇ ਹਨ ਜਿਨ੍ਹਾਂ ਫੌਜ ਵਿਚ ਨਵੇਂ ਝੁਕਾਅ ਲਿਆਂਦੇ। ਮਹਾਰਾਜੇ ਨੇ ਯੂਰਪੀਅਨ ਮਾਡਲ ਵਾਂਗ ਹੀ ਫੌਜ ਨੂੰ ਮਜਬੂਤ ਬਣਾਇਆ ਸੀ। ਮਹਾਰਾਜੇ ਦੀ ਫੌਜ ਬ੍ਰਿਟਿਸ਼ ਫੌਜ ਦੀਆਂ ਜਿੱਤਾਂ ਦੀ ਲੜੀ ਨੂੰ ਰੋਕ ਸਕਣ ਦੇ ਸਮਰਥ ਸੀ।[40] ਲੇਖਕ ਮਹਾਰਾਜੇ ਦੇ ਸਮੇਂ ਦੀ ਅਰਥ ਵਿਵਸਥਾ ਤੇ ਇੰਡਸਟਰੀ ਬਾਰੇ ਦੱਸਦਾ ਹੈ ਕਿ ਉਸ ਦੀ ਪਾਲਿਸੀ ਵਿਚ ਦੋ ਤਰ੍ਹਾਂ ਦੀ ਇੰਡਸਟਰੀ ਸੀ। 1. State enterprise, 2.

---

[39] Indu Banga, *Agrarian System of the Sikhs,* Manohar Publishers, New Delhi, 1978, p. 192.

[40] Fauja Singh, *Some aspects of State and Society Under Ranjit Singh,* Master Publishers, New Delhi, 1982, p. 128.

Private enterprise।[41] ਇਸ ਕੰਮ ਦੇ ਆਉਣ ਨਾਲ ਸਿੱਖ ਇਤਿਹਾਸ ਵਿਚ ਰਾਜਨੀਤਿਕ, ਆਰਥਿਕ, ਡਿਪਲੋਮੈਟਿਕ, ਕਾਨੂੰਨ-ਨਿਆਂ ਅਤੇ ਫੌਜੀ ਵਿਵਸਥਾ ਤੇ ਕੰਮ ਕਰਨ ਦੇ ਨਵੇਂ ਰੁਝਾਨ ਪੈਦਾ ਹੋਏ ਹਨ। 1947 ਈ. ਦੇਸ਼ ਦੀ ਵੰਡ ਬਾਰੇ ਸਿੱਖ ਅਕਾਦਮਿਕਤਾ ਵਿਚ ਡਾ. ਕਿਰਪਾਲ ਸਿੰਘ ਦੇ ਖੋਜ ਪ੍ਰਬੰਧ ਪੰਜਾਬ ਦਾ ਬਟਵਾਰਾ ਨਾਲ ਅਕਾਦਮਿਕ ਅਧਿਐਨ ਇਤਿਹਾਸਿਕ ਦ੍ਰਿਸ਼ਟੀ ਤੋਂ ਪ੍ਰਵੇਸ਼ ਹੁੰਦਾ ਹੈ। ਲੇਖਕ ਨੇ ਇਹ ਖੋਜ ਪ੍ਰਬੰਧ ਲਿਖਣ ਲਈ ਪਬਲਿਕ ਲਾਇਬਰੇਰੀ ਲਾਹੌਰ, ਇੰਡੀਆ ਆਫ਼ਿਸ ਲਾਇਬਰੇਰੀ ਲੰਡਨ ਅਤੇ ਭਾਰਤ ਦੀਆਂ ਬਹੁਤ ਸਾਰੀਆਂ ਲਾਇਬਰੇਰੀਆਂ ਤੋਂ ਡਾਟਾ ਇਕੱਠਾ ਕਰਨ ਲਈ ਸਹਾਇਤਾ ਲਈ। ਲੇਖਕ ਨੇ ਇਸ ਕਿਤਾਬ ਵਿਚ ਬਟਵਾਰੇ ਦੀ ਉਤਪਤੀ, ਬਟਵਾਰਾ ਕਮੇਟੀ, ਦੇਸ਼ ਤਿਆਗ ਤੇ ਇਸਦੇ ਸਿੱਟਿਆਂ ਬਾਰੇ ਗੁਪਤ ਰਿਪੋਰਟਾਂ ਦੀ ਮਦਦ ਨਾਲ ਜਾਣਕਾਰੀ ਪ੍ਰਦਾਨ ਕੀਤੀ ਹੈ। ਲੇਖਕ ਨੇ ਇਸ ਬਟਵਾਰੇ ਵਿਚ ਹੋਏ ਮਾਲੀ ਨੁਕਸਾਨ ਤੋਂ ਇਲਾਵਾ ਦੋ ਲੱਖ ਦੇ ਕਰੀਬ ਲੋਕਾਂ ਦੀਆਂ ਮੌਤਾਂ ਦਾ ਜਿਕਰ ਕੀਤਾ ਹੈ।[42] ਲੇਖਕ ਨੇ ਸਿੱਖਾਂ ਦੀ ਸਥਿਤੀ ਬਾਰੇ ਕੁਝ ਮਹੱਤਵਪੂਰਨ ਤੱਥ ਦਿੱਤੇ ਹਨ ਜਿਵੇਂ ਜਿਨਾਹ ਚਾਹੁੰਦਾ ਸੀ ਕਿ ਸਿੱਖ ਪਾਕਿਸਤਾਨ ਵਿਚ ਸ਼ਾਮਿਲ ਹੋਣ ਅਤੇ ਉਸ ਨੇ ਸਿੱਖਾਂ ਨਾਲ ਚੰਗਾ ਵਰਤਾਉ ਕਰਨ ਦਾ ਯਕੀਨ ਵੀ ਦਿਵਾਇਆ ਸੀ। ਪਰ ਜਦੋਂ ਸਿੱਖ ਨੇਤਾ 1946 ਅਤੇ 1947 ਈ. ਵਿਚ ਜਿਨਾਹ ਨੂੰ ਮਿਲੇ ਤਾਂ ਉਹਨਾਂ ਨੇ ਹਮੇਸ਼ਾਂ ਕੁਝ ਸੰਵਿਧਾਨਿਕ ਅਧਿਕਾਰਾਂ 'ਤੇ ਹੀ ਜੋਰ ਦਿੱਤਾ ਸੀ।[43] ਲੇਖਕ ਦਾ ਮੰਨਣਾ ਹੈ ਕਿ ਜੇ ਕੋਈ ਸਿੱਖ-ਮੁਸਲਿਮ ਲੀਗ ਸਮਝੌਤਾ ਹੋ ਜਾਂਦਾ ਤਾਂ ਫਿਰਕੂ ਮਾਰ-ਧਾੜ ਬਹੁਤ ਹੱਦ ਤੱਕ ਘੱਟ ਹੋ ਜਾਣੀ ਸੀ।[44] ਲੇਖਕ ਨੇ ਕੁਝ ਮਹੱਤਵਪੂਰਨ ਅੰਤਿਕਾਵਾਂ ਵੀ ਦਿੱਤੀਆਂ ਹਨ। ਜਿਸ ਵਿਚ 31 ਮਾਰਚ 1942 ਨੂੰ ਸਰ ਸਟੇਫਰਡ ਕਰਿਪਸ ਨੂੰ ਸ਼੍ਰੋ.ਗੁ.ਪ੍ਰ.ਕ. ਅੰਮ੍ਰਿਤਸਰ ਵੱਲੋਂ ਪੇਸ਼ ਕੀਤਾ ਮੈਮੋਰੰਡਮ, ਅੰਤਿਕਾ ਦੋ ਵਿਚ ਮੇਜਰ ਜੇ.ਐਮ. ਸਾਰਟ ਦੇ ਬਿਆਨ ਅਤੇ ਅੰਤਿਕਾ ਤਿੰਨ ਵਿਚ ਪੰਜਾਬ ਬਟਵਾਰਾ ਹੁਕਮ 1947 ਦਾ ਲਿਖਤੀ ਰੂਪ ਦੇ ਕੇ ਮਹੱਤਵਪੂਰਨ ਡਾਟਾ ਪੇਸ਼ ਕੀਤਾ ਹੈ।[45] ਇਸ ਕਿਤਾਬ ਨਾਲ 1947 ਦੀ ਵੰਡ ਉੱਪਰ ਇਤਿਹਾਸਕ, ਰਾਜਨੀਤਕ, ਆਰਥਿਕ ਖੋਜ ਪ੍ਰਤੀ ਝੁਕਾਅ ਆਰੰਭ ਹੋਇਆ। ਡਾ. ਕਿਰਪਾਲ ਸਿੰਘ ਨੇ ਹੀ ਉਪਰੋਕਤ ਥੀਸਿਸ ਤੋਂ ਬਾਅਦ 1997 ਵਿਚ ਪੰਜਾਬ ਦਾ ਬਟਵਾਰਾ ਤੇ ਸਿੱਖ ਨੇਤਾ

---

41 *Ibid.*, ਪੰਨਾ 217

42 ਕਿਰਪਾਲ ਸਿੰਘ, ਪੰਜਾਬ ਦਾ ਬਟਵਾਰਾ, ਪੰਜਾਬ ਇਤਿਹਾਸ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਮਾਰਚ 1972, ਪੰਨਾ 182

43 ਉਹੀ, ਪੰਨਾ 179

44 ਉਹੀ, ਪੰਨਾ 178

45 ਉਹੀ, ਪੰਨੇ 183-195.

ਕਿਤਾਬ ਲਿਖੀ। ਲੇਖਕ ਨੇ ਇਸ ਕਿਤਾਬ ਵਿਚ ਸਿੱਖ ਨੇਤਾਵਾਂ ਦੀ ਭੂਮਿਕਾ ਤੇ ਆਜ਼ਾਦੀ ਦੀ ਵੰਡ ਦਾ ਜ਼ਿਕਰ ਕੀਤਾ ਹੈ। ਇਹ ਕਿਤਾਬ ਪਬਲਿਕ ਰਿਕਾਰਡ ਆਫ਼ਿਸ ਇੰਗਲੈਂਡ ਦੇ ਵੰਡ ਬਾਰੇ ਲਿਖਤਾਂ ਦੇ ਭੰਡਾਰ ਦੇ ਆਧਾਰ 'ਤੇ ਲਿਖੀ ਗਈ ਹੈ। ਲੇਖਕ ਨੇ ਮਾ. ਤਾਰਾ ਸਿੰਘ, ਸਿਰਦਾਰ ਕਪੂਰ ਸਿੰਘ, ਬਲਦੇਵ ਸਿੰਘ ਨਾਲ ਮੁਲਾਕਾਤਾਂ ਦੇ ਆਧਾਰ 'ਤੇ ਕਈ ਸਿੱਟੇ ਕੱਢੇ ਹਨ। ਜਿਵੇਂ ਮਾ. ਤਾਰਾ ਸਿੰਘ ਬਾਰੇ ਪ੍ਰਚਲਤ ਸੀ ਕਿ ਉਸਨੇ ਮੁਸਲਿਮ ਲੀਗ ਦਾ ਝੰਡਾ ਮਾੜਿਆ ਤੇ ਪਾਕਿਸਤਾਨ ਵਿਰੁੱਧ ਨਾਹਰੇ ਲਗਾਏ ਸਨ। ਪਰ ਮਾ. ਤਾਰਾ ਸਿੰਘ ਮੁਲਾਕਾਤ ਵਿਚ ਦੱਸਦਾ ਹੈ ਕਿ ਮੈਂ ਅਸੈਂਬਲੀ ਵਿਚੋਂ ਬਾਹਰ ਆ ਰਿਹਾ ਸੀ ਤਾਂ ਲੀਗ ਵਾਲੇ ਪਾਕਿਸਤਾਨ ਜ਼ਿੰਦਾਬਾਦ ਦੇ ਨਾਹਰੇ ਲਗਾ ਰਹੇ ਸਨ। ਮੈਂ ਕੇਵਲ ਪਾਕਿਸਤਾਨ ਮੁਰਦਾਬਾਦ ਦਾ ਨਾਹਰਾ ਲਗਾਇਆ। ਨਾ ਕੋਈ ਉੱਥੇ ਪਾਕਿਸਤਾਨ ਦਾ ਝੰਡਾ ਸੀ ਤੇ ਨਾ ਹੀ ਮੈਂ ਕੋਈ ਝੰਡਾ ਪਾੜਿਆ।[46] ਇਸ ਤਰ੍ਹਾਂ ਲੇਖਕ ਨੇ 1947 ਦੀ ਵੰਡ ਬਾਰੇ ਕਾਫ਼ੀ ਕੁਝ ਸਾਹਮਣੇ ਲਿਆਂਦਾ। ਇਹ ਰੁਝਾਨ ਅੱਜ ਵੀ ਜਾਰੀ ਹੈ। ਸਿੱਖ ਰਾਜਨੀਤੀ ਦੇ ਇਤਿਹਾਸਕ ਪੱਖ ਨੂੰ 1978 ਈ. ਵਿਚ ਡਾ. ਭਗਤ ਸਿੰਘ ਨੇ ਕਿਤਾਬ Sikh Polity ਵਿਚ ਪੇਸ਼ ਕੀਤਾ। ਇਸ ਕਿਤਾਬ ਵਿਚ ਅਠਾਰਵੀਂ ਤੇ ਉਨ੍ਹੀਵੀਂ ਸਦੀ ਦੀ ਸਿੱਖ ਰਾਜਨੀਤੀ ਨੂੰ ਸ਼ਾਮਿਲ ਕੀਤਾ ਗਿਆ ਹੈ ਜਿਸ ਵਿਚ ਬੰਦਾ ਸਿੰਘ ਬਹਾਦਰ, ਮਿਸਲਾਂ ਦਾ ਰਾਖੀ ਪ੍ਰਬੰਧ, ਮਹਾਰਾਜਾ ਰਣਜੀਤ ਸਿੰਘ ਦਾ ਰਾਜ ਪ੍ਰਬੰਧ ਦਿੱਤਾ ਗਿਆ ਹੈ। ਇਸ ਕਿਤਾਬ ਵਿਚ ਸਿੱਖਾਂ ਦਾ ਰਾਜਨੀਤੀ ਦਾ ਸਿਧਾਂਤਕ ਪੱਖ ਦੀ ਥਾਂ ਇਤਿਹਾਸਕ ਪੱਖ ਜ਼ਿਆਦਾ ਪੇਸ਼ ਕੀਤਾ ਹੈ। ਲੇਖਕ ਸਿੱਖ ਰਾਜਨੀਤੀ ਨੂੰ ਮੱਧ ਕਾਲ ਦੀ ਸਮਾਜਕ, ਧਾਰਮਿਕ, ਆਰਥਿਕ ਅਤੇ ਰਾਜਨੀਤਿਕ ਜ਼ੁਲਮ ਵਿਰੁੱਧ ਉੱਠੀ ਲਹਿਰ ਕਹਿੰਦਾ ਹੈ। "The main inspiration for Sikh polity come from the teachings of the Sikh Gurus. The Sikh political leaders, chiefs and rulers were the product of a movement that had grown and developed amongest them as a resistance against socio-religious corruption, economic exploitation and political persediction in Punjab during medieval days.[47] ਇਹ ਸਿੱਖ ਰਾਜਨੀਤੀ ਦਾ ਅਕਾਦਮਿਕ ਪੱਖ ਤੋਂ ਇਤਿਹਾਸਿਕ ਵਿਸ਼ਲੇਸ਼ਣ ਸੀ।

ਰਾਜਨੀਤੀ ਤੇ ਧਰਮ ਦੇ ਆਪਸੀ ਸੰਬੰਧ ਬਾਰੇ 1989 ਈ. ਵਿਚ ਗੁਰਦਰਸ਼ਨ ਸਿੰਘ ਢਿੱਲੋਂ ਦੀ ਕਿਤਾਬ Religion and Politics : The Sikh Perspective ਆਉਂਦੀ ਹੈ। ਲੇਖਕ ਨੇ

---

[46] ਕਿਰਪਾਲ ਸਿੰਘ, ਪੰਜਾਬ ਦਾ ਬਟਵਾਰਾ ਤੇ ਸਿੱਖ ਨੇਤਾ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1997, ਪੰਨਾ 31.

[47] Bhagat Singh, *Sikh Polity in the Eighteenth and Ninteenth Centuries,* Oriental Publishers and Distributors, New Delhi, 1978, p. 316.

ਸਿੱਖ ਰਾਜਨੀਤੀ ਦੇ ਸਿਧਾਂਤਕ ਅਤੇ ਇਤਿਹਾਸਕ ਦੋਹਾਂ ਪੱਖਾਂ ਨੂੰ ਪੇਸ਼ ਕੀਤਾ ਹੈ। ਸਿੱਖ ਰਾਜਨੀਤੀ ਨੂੰ ਵੀਹਵੀਂ ਸਦੀ ਵਿਚ ਦਰਪੇਸ਼ ਚੁਣੌਤੀਆਂ ਨੂੰ ਵੀ ਬਿਆਨ ਕੀਤਾ ਹੈ। ਲੇਖਕ ਦਾ ਵਿਚਾਰ ਹੈ ਕਿ Secularisation ਦੁਨੀਆ ਦੇ ਛੋਟੇ ਸਮੂਹਾਂ ਲਈ ਬਹੁਤ ਵੱਡੀ ਚੁਣੌਤੀ ਹੈ ਜਿਸ ਵਿਚ ਸਿੱਖ ਧਰਮ ਵੀ ਸ਼ਾਮਿਲ ਹੈ।[48] ਲੇਖਕ ਦਾ ਮੰਨਣਾ ਹੈ ਕਿ ਸਿੱਖ ਧਰਮ ਤੇ ਰਾਜਨੀਤੀ ਅਲੱਗ-ਅਲੱਗ ਨਹੀਂ ਹਨ।[49] ਇਹ ਕਾਰਜ ਮੀਰੀ-ਪੀਰੀ ਦੇ ਸਿਧਾਂਤ ਨੂੰ ਸਾਹਮਣੇ ਰੱਖ ਕੇ ਕੀਤਾ ਗਿਆ ਸੀ। ਉਪਰੋਕਤ ਕਾਰਜਾਂ ਤੋਂ ਬਾਅਦ ਸਿੱਖ ਰਾਜਨੀਤੀ ਬਾਰੇ ਡਾ. ਜਸਪਾਲ ਸਿੰਘ ਦੀ ਕਿਤਾਬ ਰਾਜ ਦਾ ਸਿੱਖ ਸੰਕਲਪ ਬੜੀ ਮਹੱਤਵਪੂਰਨ ਕਿਤਾਬ ਹੈ। ਲੇਖਕ ਅਨੁਸਾਰ ਸਿੱਖ ਧਰਮ ਦੇ ਇਤਿਹਾਸਕ ਸਰੋਤਾਂ ਵਿਚ ਪ੍ਰਤੀਬਿੰਬਤ ਰਾਜਨੀਤੀ ਦਾ ਸੰਕਲਪ ਮੀਰੀ-ਪੀਰੀ ਦੇ ਸਿਧਾਂਤ ਉੱਪਰ ਆਧਾਰਿਤ ਹੈ। ਸਿੱਖ ਧਰਮ ਤੋਂ ਪਹਿਲਾਂ ਧਰਮ ਤੇ ਰਾਜ ਇਕ ਦੂਜੇ ਤੋਂ ਵਿਜੋਗੇ ਹੋਏ ਸਨ ਪਰ ਗੁਰੂ ਸਾਹਿਬ ਨੇ ਦੋਹਾਂ ਵਿਚ ਇਕ ਸਾਂਝ ਪੈਦਾ ਕਰ ਦਿੱਤੀ।[50] ਲੇਖਕ ਨੇ ਰਾਜ ਦੇ ਸੰਕਲਪ ਦੀ ਰਾਜਨੀਤਿਕ ਵਿਚਾਰਧਾਰਾ ਮੀਰੀ-ਪੀਰੀ ਦਾ ਸਿਧਾਂਤ, ਗੁਰੂ ਪਰੰਪਰਾ ਨਾਲ ਸੰਬੰਧਤ ਰਾਜ ਸੰਕਲਪ, ਸਿੱਖ ਰਾਜਨੀਤਿਕ ਸੰਸਥਾਵਾਂ, ਮੂਲ ਸਿਧਾਂਤਾਂ ਅਤੇ ਵਿਹਾਰਕ ਬਣਤਰ ਨੂੰ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ। ਲੇਖਕ ਦੀ ਅਧਿਐਨ ਦੀ ਦ੍ਰਿਸ਼ਟੀ ਸਿਧਾਂਤਕ ਅਤੇ ਵਿਹਾਰਕ ਬਣਤਰ ਨੂੰ ਪੇਸ਼ ਕਰਦੀ ਹੈ। ਉਸਨੇ ਇਤਿਹਾਸਕ ਲਿਖਤਾਂ ਦੇ ਆਧਾਰ 'ਤੇ ਸਿਧਾਂਤਕ ਬਣਤਰ ਉਲੀਕਣ ਦਾ ਯਤਨ ਕੀਤਾ ਹੈ। ਲੇਖਕ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ, ਸ੍ਰੀ ਦਸਮ ਗ੍ਰੰਥ, ਵਾਰਾਂ ਭਾਈ ਗੁਰਦਾਸ ਜੀ ਵਿਚੋਂ ਸਿੱਖ ਰਾਜ ਦਾ ਸਿਧਾਂਤਕ ਆਧਾਰ ਕਾਇਮ ਕੀਤਾ ਹੈ ਅਤੇ ਇਤਿਹਾਸਕ ਬਣਤਰ ਲਈ ਗੁਰਬਿਲਾਸ ਸਾਹਿਤ, ਬੰਸਾਵਲੀ ਸਾਹਿਤ ਅਤੇ ਪੰਥ ਪ੍ਰਕਾਸ਼ ਸਾਹਿਤ ਨੂੰ ਆਧਾਰ ਬਣਾਇਆ ਹੈ। ਉਪਰੋਕਤ ਕਾਰਜਾਂ ਨੇ ਸਿੱਖਾਂ ਵਿਚ ਰਾਜਨੀਤਿਕ ਪੱਧਰ 'ਤੇ ਸਿਧਾਂਤਕ ਅਤੇ ਇਤਿਹਾਸਕ ਵਿਸ਼ਲੇਸ਼ਣ ਕਰਨ ਦਾ ਰੁਝਾਨ ਸ਼ੁਰੂ ਕੀਤਾ।

ਸਿੱਖ ਫ਼ਿਲਾਸਫ਼ੀ ਉੱਪਰ ਜ਼ਿਆਦਾਤਰ ਕੰਮ ਗੁਰਬਾਣੀ ਵਿਚ ਆਏ ਸਿੱਖ ਸੰਕਲਪਾਂ ਉੱਪਰ ਹੋਇਆ ਹੈ। ਇਹ ਅਧਿਐਨ ਉਪਾਧੀ ਨਿਰਪੇਖ ਅਤੇ ਉਪਾਧੀ ਸਾਪੇਖ ਦੋਹਾਂ ਪੱਧਰਾਂ ਤੋਂ ਹੋਇਆ ਹੈ। ਫ਼ਿਲਾਸਫ਼ੀ ਦੇ ਵਿਸ਼ੇ ਉੱਪਰ ਡਾ. ਸ਼ੇਰ ਸਿੰਘ ਤੋਂ ਬਾਅਦ ਡਾ. ਰਾਜਿੰਦਰ ਕੌਰ ਸਿੱਖ ਸੰਕਲਪ 'ਤੇ ਕੰਮ ਕਰਕੇ ਇਸ ਬਾਰੇ ਨਵੇਂ ਝੁਕਾਅ ਪੈਦਾ ਕਰਦੀ ਹੈ। ਇਸ ਨੇ 1965

---

48 Gurdarshan Singh Dhillon, *Religion and Politics: The Sikh Perspective,* Singh and Singh Publishers, Chandigarh, 1989, p. 42.

49 *Ibid.,* p. 44.

50 ਜਸਪਾਲ ਸਿੰਘ, ਰਾਜ ਦਾ ਸਿੱਖ ਸੰਕਲਪ, ਨਵਯੁੱਗ ਪਬਲਿਸ਼ਰਜ਼, ਨਵੀਂ ਦਿੱਲੀ, 2009, ਪੰਨਾ 337.

ਈ. ਵਿਚ *The Sikh Concept of Godhood* ਸਿਰਲੇਖ ਹੇਠ ਥੀਸਿਸ ਲਿਖ ਕੇ ਡਾਕਟਰੇਟ ਦੀ ਡਿਗਰੀ ਹਾਸਿਲ ਕੀਤੀ। ਡਾ. ਹਰਜਿੰਦਰ ਸਿੰਘ ਦਿਲਗੀਰ ਅਨੁਸਾਰ ਇਹ ਪਹਿਲੀ ਸਿੱਖ ਇਸਤਰੀ ਸੀ ਜਿਸ ਨੇ ਇਹ ਸਨਮਾਨ ਹਾਸਿਲ ਕੀਤਾ ਸੀ।[51] ਇਸ ਥੀਸਿਸ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 1999 ਈ. ਵਿਚ ਪ੍ਰਕਾਸ਼ਿਤ ਕੀਤਾ। ਲੇਖਿਕਾ ਨੇ ਸਿੱਖ ਧਰਮ ਅਨੁਸਾਰ ਪਰਮਾਤਮਾ ਦੇ ਰੂਪ ਨੂੰ ਫ਼ਿਲਾਸਫ਼ੀ ਦੇ ਵਾਦ (ism) ਤੋਂ ਮੁਕਤ ਦੱਸਿਆ। ਉਸ ਅਨੁਸਾਰ, "The Sikh concept of God cannot come under any of the accepted philosophical 'isms'. It is not theism even though the sikhs believe in the unity and personhood of Godhood; It is not Monotheism though the sikhs believes in the immanence of God. The Sikh concept of God is certainly not Pantheism and it is again not Panentheism even though the Sikhs believe both in the immanence and Transcendence of His absolute being of existence."[52] ਇਸ ਥੀਸਿਸ ਵਿਚ ਪੂਰਬ ਤੇ ਪੱਛਮ ਦੇ ਪਰਮਾਤਮਾ ਦੇ ਸਰੂਪ ਨਾਲ ਤੁਲਨਾ ਕਰਕੇ ਸਿੱਖ ਧਰਮ ਵਿਚ ਪਰਮਾਤਮਾ ਦੇ ਸਰੂਪ ਨੂੰ ਵਿਲੱਖਣ ਦਰਸਾਉਣ ਦਾ ਯਤਨ ਕੀਤਾ ਹੈ। ਇਸ ਤੋਂ ਸਿੱਖ ਧਰਮ ਉੱਪਰ ਵੱਖ-ਵੱਖ ਸੰਕਲਪਾਂ ਦੇ ਅਧਿਐਨ ਪ੍ਰਤੀ ਰੁਚੀ ਆਰੰਭ ਹੋਈ। ਡਾ. ਜਗਬੀਰ ਸਿੰਘ ਨੇ 1970 ਈ. ਵਿਚ ਗੁਰੂ ਨਾਨਕ ਬਾਣੀ ਵਿਚ ਨੈਤਿਕਤਾ ਦਾ ਸੰਕਲਪ ਸਿਰਲੇਖ ਹੇਠ ਖੋਜ ਪ੍ਰਬੰਧ ਲਿਖਕੇ ਡਾਕਟਰੇਟ ਦੀ ਡਿਗਰੀ ਹਾਸਿਲ ਕੀਤੀ। ਇਸ ਥੀਸਿਸ ਦੇ ਛੇ ਅਧਿਆਇ ਹਨ। ਲੇਖਕ ਨੇ ਇਸ ਕਾਰਜ ਦੀ ਪ੍ਰਮੁਖ ਸਥਾਪਨਾ ਇਹ ਪੇਸ਼ ਕੀਤੀ ਹੈ ਕਿ ਗੁਰੂ ਨਾਨਕ ਜੀ ਨੇ ਮਨੁੱਖ ਦੀ ਅਧਿਆਤਮਿਕ ਸੰਪੂਰਨਤਾ ਨੂੰ ਜੀਵਨ ਦੀ ਸਰਬ-ਉਚ ਪ੍ਰਾਪਤੀ ਮੰਨਦਿਆਂ ਇਸ ਨੂੰ ਆਪਣੇ ਨੈਤਿਕ ਦ੍ਰਿਸ਼ਟੀਕੋਣਾਂ ਦਾ ਆਧਾਰ ਬਣਾਇਆ ਹੈ। ਲੇਖਕ ਅਨੁਸਾਰ, ''ਸਮੁੱਚੇ ਤੌਰ 'ਤੇ ਗੁਰੂ ਨਾਨਕ ਨੈਤਿਕਤਾ, ਵਿਅਕਤੀਗਤ, ਅਤੇ ਸਮਾਜਿਕ ਜੀਵਨ ਦੀਆਂ ਉਚਤਮ ਕਦਰਾਂ ਦਾ ਮਾਨਵ ਹਿਤਕਾਰੀ ਆਦਰਸ਼ ਸਥਾਪਿਤ ਕਰਨ ਦਾ ਅਤਿਅੰਤ ਸਾਰਥਕ ਯਤਨ ਹੈ। ਇਹ ਇਕ ਪ੍ਰਤਿਭਾਵਾਨ ਯੁਗ ਪੁਰਖ ਦੀ ਨੈਤਿਕ ਦ੍ਰਿਸ਼ਟੀ (ethical-vision) ਹੈ ਜੋ ਸਰਬਤ ਦੇ ਭਲੇ ਦੀ ਭਾਵਨਾ ਉਤਪੰਨ ਕਰਦੀ ਹੈ।''[53] ਫਿਲਾਸਫੀ ਦੇ ਪੱਖ ਤੋਂ ਡਾ. ਅਵਤਾਰ ਸਿੰਘ ਦਾ ਕਾਰਜ Ethics of the Sikhs (1968 ਈ.) ਬਹੁਤ ਮਹੱਤਵਪੂਰਨ ਹੈ। ਇਸ ਕਾਰਜ ਨੇ ਡਾ. ਸ਼ੇਰ ਸਿੰਘ ਤੋਂ ਬਾਅਦ ਸਿੱਖ ਫਿਲਾਸਫ਼ੀ

---

[51] Rajinder Kaur, *God in Sikhism,* S.G.P.C. Amritsar, 2003, p. 3.

[52] *Ibid.,* pp. 112,113.

[53] ਡਾ. ਜਗਬੀਰ ਸਿੰਘ, ਗੁਰੂ ਨਾਨਕ ਬਾਣੀ ਵਿਚ ਨੈਤਿਕਤਾ ਦਾ ਸੰਕਲਪ, ਭਾਸ਼ਾ ਵਿਭਾਗ, ਪੰਜਾਬ, 1973, ਪੰਨਾ 210.

ਵਿਚ ਨੈਤਿਕਤਾ ਦਾ ਵਿਸ਼ਾ ਜੋੜਿਆ। ਇਹ ਕਾਰਜ ਡਾ. ਜਗਬੀਰ ਸਿੰਘ ਦੇ ਕਾਰਜ ਦਾ ਸਮਕਾਲੀ ਹੀ ਹੈ। ਲੇਖਕ ਨੇ ਮਨੁੱਖੀ ਨੈਤਿਕਤਾ ਦਾ ਮਿਆਰ ਅਧਿਆਤਮਿਕ ਸੰਦਰਭ ਵਿਚ ਲੱਭਣ ਦਾ ਯਤਨ ਕੀਤਾ ਹੈ। ਉਸ ਅਨੁਸਾਰ, "Sikhism has adopted the traditional terminology of Jivan mukti, Mokh dwar, Nirban; Param Pad, and Schiar. It has both the negative and the positive aspects and emphasis is laid on both these aspects of realization."[54] ਲੇਖਕ ਨੇ ਸਿੱਖ ਨੈਤਿਕਤਾ ਨੂੰ ਰਹੱਸਵਾਦ ਅਤੇ ਯਥਾਰਥਵਾਦ ਦਾ ਮਿਸ਼ਰਨ ਕਿਹਾ ਹੈ। ਇਸ ਥੀਸਿਸ ਨੇ ਸਿੱਖ ਫਿਲਾਸਫ਼ੀ ਨੂੰ ਕਈ ਸੇਧਾਂ ਦਿੱਤੀਆਂ ਸਨ। ਡਾ. ਜਸਵਿੰਦਰ ਕੌਰ ਢਿੱਲੋਂ ਦਾ ਖੋਜ ਪ੍ਰਬੰਧ ਗੁਰੂ ਨਾਨਕ ਦੀ ਕੀਮਤ ਮੀਮਾਂਸਾ 1977 ਵਿਚ ਸੰਪੂਰਨ ਹੋਇਆ ਅਤੇ 1982 ਈ. ਵਿਚ ਪ੍ਰਕਾਸ਼ਿਤ ਹੋਇਆ। ਲੇਖਿਕਾ ਨੇ ਅੱਠ ਅਧਿਆਇਆਂ ਵਿਚ ਇਸ ਖੋਜ ਪ੍ਰਬੰਧ ਨੂੰ ਵੰਡਿਆ ਹੈ। ਨਿਚੋੜ ਵਿਚ ਦੱਸਿਆ ਹੈ ਕਿ ਗੁਰੂ ਨਾਨਕ ਜੀ ਦੀ ਕਦਰਾਂ ਕੀਮਤਾਂ ਸੰਬੰਧੀ ਨਿਵੇਕਲੀ ਚਿੰਤਨਧਾਰਾ ਹੈ। ਇਹ ਕੀਮਤ ਸਿਧਾਂਤ ਪਰੰਪਰਾਗਤ ਭਾਰਤੀ ਅਤੇ ਆਧੁਨਿਕ ਪੱਛਮੀ ਦੋਨੋਂ ਹੀ ਕੀਮਤ ਮੀਮਾਂਸਾ ਦੇ ਮਿਆਰਾਂ ਉੱਪਰ ਖਰਾ ਉਤਰਦਾ ਹੈ। ਲੇਖਿਕਾ ਅਨੁਸਾਰ, ''ਈਸ਼ਵਰ ਸੰਬੰਧੀ ਵੀ ਗੁਰੂ ਜੀ ਦੀਆਂ ਧਾਰਨਾਵਾਂ ਮੱਧ-ਮਾਰਗੀ ਹਨ। ਨਿਰੋਲ ਏਕਵਾਦ ਅਤੇ ਅਨੇਕਵਾਦ ਦੇ ਵਿਚਕਾਰ ਉਹ ਅਨੇਕ ਸੇ ਏਕ ਅਤੇ ਏਕ ਮੇਂ ਅਨੇਕ ਦਾ ਸਿਧਾਂਤ ਪ੍ਰਸਤੁਤ ਕਰਦੇ ਹਨ। ਗੁਰੂ ਨਾਨਕ ਪਰਮਾਤਮਾ ਦੀਆਂ ਨਿਰਗੁਣ ਅਤੇ ਸਰਗੁਣ ਦੋਨੋਂ ਹਸਤੀਆਂ ਪਰਵਾਨ ਕਰਦੇ ਹਨ।''[55] ਇਸ ਖੋਜ ਪ੍ਰਬੰਧ ਦੇ ਆਉਣ ਨਾਲ ਅਕਾਦਮਿਕ ਪੱਖ ਤੋਂ ਸਿੱਖ ਫਿਲਾਸਫ਼ੀ ਵਿਚ ਕੀਮਤ-ਮੀਮਾਂਸਾ ਵਰਗੇ ਨਵੇਂ ਵਿਸ਼ੇ ਪ੍ਰਵੇਸ਼ ਕਰਦੇ ਹਨ।

ਸਿੱਖ ਫਲਸਫ਼ੇ ਵਿਚ ਡਾ. ਵਜੀਰ ਸਿੰਘ ਦਾ ਕਾਰਜ ਅਹਿਮ ਸਥਾਨ ਰੱਖਦਾ ਹੈ। ਵਜੀਰ ਸਿੰਘ ਦੀ ਕਿਤਾਬ ਸਿੱਖ ਦਰਸ਼ਨਧਾਰਾ, ਵਿਚ ਸਿੱਖ ਧਰਮ ਨਾਲ ਸੰਬੰਧਤ ਦਾਰਸ਼ਨਿਕ ਸਿਧਾਂਤਾਂ ਨੂੰ ਅਕਾਦਮਿਕ ਪੱਧਰ 'ਤੇ ਅਧਿਐਨ ਦਾ ਵਿਸ਼ਾ ਬਣਾਇਆ ਗਿਆ। ਲੇਖਕ ਨੇ ਤੱਤ-ਮੀਮਾਂਸਾ ਬਾਰੇ ਦੱਸਿਆ ਕਿ ਇਹ ਦਾਰਸ਼ਨਿਕਤਾ ਵਿਚ ਪਰਾ-ਭੌਤਿਕ ਪਰਮ ਸੱਤਾ ਦਾ ਵਿਸ਼ਾ ਦਲੀਲ ਉੱਤੇ ਆਧਾਰਿਤ ਹੋਣ ਕਰਕੇ, ਤਰਕ-ਸੰਗਤ ਅਤੇ ਵਿਵੇਕਪੂਰਨ ਹੈ। ਦਾਰਸ਼ਨਿਕ ਹੋਂਦ ਸਿਧਾਂਤ ਉੱਚਤਮ ਹਕੀਕਤ ਸੰਬੰਧੀ ਆਪਣਾ ਦ੍ਰਿਸ਼ਟੀਕੋਣ ਤਾਰਕਿਕ ਕਿਆਸਕਾਰੀ ਤੇ ਆਧਾਰਿਤ

---

54 Avtar Singh, *Ethics of the Sikhs*, Publication Bureau, Punjabi University, Patiala, 2009, p. 248.

55 ਜਸਵਿੰਦਰ ਕੌਰ ਢਿੱਲੋਂ, ਗੁਰੂ ਨਾਨਕ ਦੀ ਕੀਮਤ ਮੀਮਾਂਸਾ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2010, ਪੰਨਾ 216.

ਹੈ। ਪਰ ਸਿੱਖ ਮਤ ਦਾ ਇਹ ਸਿਧਾਂਤ ਗੁਰੂ ਗ੍ਰੰਥ ਬਾਣੀ ਵਿਚ ਵਿਅਕਤ ਪਰਮ ਸੱਤਾ ਦੇ ਸੁਭਾ ਤੇ ਲੱਛਣਾਂ ਦਾ ਦਾਰਸ਼ਨਿਕ ਸ਼ਬਦਾਵਲੀ ਵਿਚ ਵਿਧੀਬੱਧ ਵਰਣਨ ਹੈ।[56]

ਅੱਛਰ ਸਿੰਘ ਕਾਹਲੋਂ ਦਾ ਖੋਜ ਪ੍ਰਬੰਧ ਗੁਰਬਾਣੀ ਵਿਚ ਮਾਇਆ ਦਾ ਸੰਕਲਪ 1981 ਈ. ਵਿਚ ਸੰਪੂਰਨ ਹੋਇਆ। ਇਹ ਪੁਸਤਕ ਰੂਪ ਵਿਚ 1990 ਈ. ਵਿਚ ਛਪਿਆ। ਲੇਖਕ ਨੇ ਭਾਰਤੀ ਦਰਸ਼ਨ ਵਿਚ ਮਾਇਆ ਦਾ ਸੰਕਲਪ ਅਤੇ ਆਦਿ ਗ੍ਰੰਥ ਵਿਚ ਮਾਇਆ ਦਾ ਸੰਕਲਪ ਪੇਸ਼ ਕੀਤਾ। ਲੇਖਕ ਨੇ ਭਾਰਤੀ ਦਰਸ਼ਨ ਨਾਲ ਗੁਰਮਤਿ ਦੀ ਤੁਲਨਾ ਕਰਦਿਆਂ ਮਾਇਆ ਦੇ ਸਰੂਪ ਨੂੰ ਇੰਝ ਦਰਸਾਇਆ ਹੈ। ''ਗੁਰਮਤਿ ਵਿਚ ਮਾਇਆ ਦੇ ਸਰੂਪ ਨੂੰ ਪ੍ਰਗਟ ਕਰਨ ਲਈ ਵੱਖ-ਵੱਖ ਰੂਪਕਾਂ, ਪ੍ਰਤੀਕਾਂ ਤੇ ਉਪਮਾਵਾਂ ਦੀ ਵਰਤੋਂ ਕੀਤੀ ਗਈ ਹੈ। ਦਾਰਸ਼ਨਿਕ ਵਿਚਾਰ ਅਧੀਨ ਗੁਰਮਤਿ ਦੀ ਮਾਇਆ ਦਾ ਸਰੂਪ ਬ੍ਰਹਮ ਦੀ ਅਧੀਨ ਸ਼ਕਤੀ ਵਾਲਾ ਹੈ। ਜਿਹੜੀ ਬ੍ਰਹਮ ਦੀ ਰਜ਼ਾ ਦੇ ਅਧੀਨ ਜਗਤ ਵਿਚ ਵਿਚਰਦੀ ਹੈ।''[57] ਇਹ ਮਾਇਆ ਦੇ ਸੰਕਲਪ ਉੱਪਰ ਸਿੱਖ ਧਰਮ ਦੇ ਬਾਕੀ ਧਰਮਾਂ ਨਾਲ ਤੁਲਨਾਤਮਿਕ ਅਧਿਐਨ ਸੀ। 1983 ਈ. ਵਿਚ ਸਿੱਖ ਰਹੱਸਵਾਦ ਵਿਸ਼ੇ ਉੱਪਰ ਡਾ. ਬਲਕਾਰ ਸਿੰਘ ਨੇ ਡਾਕਟਰੇਟ ਦੀ ਡਿਗਰੀ ਹਾਸਿਲ ਕੀਤੀ। ਇਹ ਵਿਸ਼ਾ ਸਿੱਖ ਅਕਾਦਮਿਕਤਾ ਵਿਚ ਅਣਛੋਹਿਆ ਸੀ। ਡਾ. ਬਲਕਾਰ ਸਿੰਘ ਨੇ ਸਿੱਖ ਰਹੱਸਵਾਦ ਦੀ ਵਿਲੱਖਣਤਾ ਇਸ ਦੇ ਆਤਮਿਕ ਅਨੁਭਵ ਅਤੇ ਬਾਹਰੇ ਅਭਿਵਿਅਕਤੀ ਦੇ ਸੰਜੋਗੀ ਮੇਲ ਦੇ ਪ੍ਰਗਟਾਅ ਵਿਚ ਦੱਸੀ। ਇਸ ਤੋਂ ਇਲਾਵਾ ਸਿੱਖ ਰਹੱਸਵਾਦ ਜੀਵਨ ਦੇ ਖੇਤਰ ਵਿਚ ਪ੍ਰੇਮ ਅਤੇ ਸਿਮਰਨ ਦੁਆਰਾ ਪਰਮ ਤੱਤ ਦੇ ਸਾਖਿਆਤ ਦੀ ਉਤਮ ਅਵਸਥਾ ਪ੍ਰਵਾਨ ਕਰਨ ਕਰਕੇ ਵੀ ਹੈ। ਲੇਖਕ ਅਨੁਸਾਰ, ''ਸ਼ਬਦ ਸੁਰਤਿ ਦਾ ਅਨੁਭਵ ਅਤੇ ਅਭਿਵਿਅਕਤੀ ਦੋਹਾਂ ਨਾਲ ਹੈ ਅਤੇ ਇਹ ਸਿੱਖ ਰਹੱਸਵਾਦ ਦਾ ਸੁਤੰਤਰ ਸੰਦਰਭ ਹੈ। ਗੁਰਮਤਿ ਚਿੰਤਨ ਵਿਚ ਸੁਰਤਿ ਘੜੀ ਜਾਂਦੀ ਹੈ ਅਤੇ ਕਰਮ ਵਿਚਾਰ ਨੂੰ ਨਿਯੰਤ੍ਰਿਤ ਕਰਦੀ ਹੈ। ਸ਼ਬਦ ਸੁਰਤਿ ਦਾ ਪ੍ਰਸੰਗ ਇਸ ਸਬਲ ਤੇ ਪਰਬਲ ਰੂਪ ਵਿਚ ਕਿਸੇ ਹੋਰ ਰਹੱਸਵਾਦੀ ਪਰੰਪਰਾ ਵਿਚ ਪ੍ਰਾਪਤ ਨਹੀਂ ਹੈ।''[58] ਇਸ ਵਿਸ਼ੇ ਨੇ ਰਹੱਸਵਾਦ ਉੱਪਰ ਲਿਖਣ ਦੀ ਲੀਹ ਪਾ ਦਿੱਤੀ।

---

56 ਡਾ. ਵਜੀਰ ਸਿੰਘ, ਸਿੱਖ ਦਰਸ਼ਨਧਾਰਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012, ਪੰਨਾ 16.

57 ਡਾ. ਅੱਛਰ ਸਿੰਘ ਕਾਹਲੋਂ, ਗੁਰਮਤਿ ਵਿਚ ਮਾਇਆ ਦਾ ਸੰਕਲਪ, ਲਾਹੌਰ ਬੁਕ ਸ਼ਾਪ, ਲੁਧਿਆਣਾ, 1990, ਪੰਨਾ 116.

58 ਡਾ. ਬਲਕਾਰ ਸਿੰਘ, ਸਿੱਖ ਰਹੱਸਵਾਦ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999, ਪੰਨਾ 158.

ਵੀਹਵੀਂ ਸਦੀ ਦੇ ਅੰਤਲੇ ਦਹਾਕੇ ਦੌਰਾਨ ਗੁਰਬਾਣੀ ਅਧਿਐਨ ਵਿਚ ਗੁਰੂ ਗ੍ਰੰਥ ਸਾਹਿਬ ਦੇ ਸੰਕਲਪਾਂ ਦਾ ਅਧਿਐਨ ਵਿਸ਼ੇਸ਼ ਰੁਝਾਨ ਲੈ ਕੇ ਆਉਂਦਾ ਹੈ। ਇਸ ਵਿਚ ਸ਼ਬਦ ਗੁਰੂ ਦਾ ਸੰਕਲਪ ਪ੍ਰਮੁਖ ਹੈ। ਵਿਸਮਾਦ ਨਾਦ ਵੱਲੋਂ ਪ੍ਰਕਾਸ਼ਿਤ 'ਸ਼ਬਦ' ਵਿਸ਼ੇਸ਼ ਅੰਕ ਮਹੱਤਵਪੂਰਨ ਹੈ। ਇਸ ਅੰਕ ਵਿਚ 25 ਤੋਂ ਉੱਪਰ ਵਿਦਵਾਨਾਂ ਨੇ ਸ਼ਬਦ ਵਿਸ਼ੇ ਉੱਪਰ ਪੇਪਰ ਪ੍ਰਸਤੁਤ ਕੀਤੇ ਸਨ। ਇਹ ਪਹਿਲੀ ਵਾਰ 1993 ਈ. ਵਿਚ ਪ੍ਰਕਾਸ਼ਿਤ ਹੋਇਆ ਸੀ। ਇਸ ਅੰਕ ਦੀ ਵਿਸ਼ੇਸ਼ਤਾ ਇਹ ਸੀ ਕਿ ਇਸ ਵਿਚ ਵਿਭਿੰਨ ਧਰਮਾਂ ਵਿਚ ਪਾਏ ਜਾਂਦੇ ਸ਼ਬਦ ਦੇ ਸੰਕਲਪ ਉੱਪਰ ਪੇਪਰ ਪ੍ਰਕਾਸ਼ਿਤ ਕੀਤੇ ਗਏ। ਇਸ ਕਿਤਾਬ ਵਿਚ ਸ਼ਬਦ ਦੇ ਸੰਕਲਪ ਨੂੰ ਤਿੰਨ ਪਰਿਪੇਖਾਂ ਵਿਚ ਅਧਿਐਨ ਕਰਨ ਦੀ ਕੋਸ਼ਿਸ਼ ਕੀਤੀ ਗਈ। ਇਹ ਪਰਿਪੇਖ ਹਨ-ਵਿਚਾਰਧਾਰਕ, ਧਾਰਮਿਕ ਅਤੇ ਗੁਰਮਤਿ। ਇਸ ਦੇ ਸੰਪਾਦਕ ਅਨੁਸਾਰ, ''ਅਸੀਂ ਸ਼ਬਦ ਦੇ ਗੁਰਮਤਿ ਪਰਿਪੇਖ ਨੂੰ ਓਨੀ ਦੇਰ ਤਕ ਨਹੀਂ ਸਮਝ ਸਕਦੇ ਜਦੋਂ ਤਕ ਕਿ ਸਾਨੂੰ ਦੂਸਰੇ ਧਾਰਮਿਕ ਅਤੇ ਸਿਧਾਂਤਕ ਪਰਿਪੇਖਾਂ ਦਾ ਗਿਆਨ ਨਹੀਂ ਹੈ। ਜਾਂ ਫਿਰ ਜਦੋਂ ਤਕ ਸ਼ਬਦ ਦੇ ਸੰਕਲਪ ਨੂੰ ਇਸ ਦੇ ਇਤਿਹਾਸਿਕ, ਭਾਸ਼ਾਈ, ਵਿਗਿਆਨਿਕ, ਆਲੋਚਨਾਤਮਕ, ਤੁਲਨਾਤਮਕ ਅਤੇ ਦਾਰਸ਼ਨਿਕ ਪਰਿਪੇਖ ਵਿਚ ਨਹੀਂ ਦੇਖਦੇ। ਸ਼ਬਦ ਦੇ ਸੰਕਲਪ ਨੂੰ ਬਹੁਤ ਬਰੀਕੀ ਵਿਚ ਸਮਝਣ ਲਈ ਸਮਾਜ ਸ਼ਾਸਤਰ, ਭਾਸ਼ਾ ਵਿਗਿਆਨ, ਜੀਵਨ ਵਿਗਿਆਨ, ਮਨੋਵਿਗਿਆਨ, ਅਤੇ ਸਾਹਿਤ ਅਧਿਐਨ ਵਿਚ ਹੋ ਰਹੀ ਖੋਜ ਨੂੰ ਵੀ ਧਿਆਨ ਵਿਚ ਰੱਖਣਾ ਜ਼ਰੂਰੀ ਹੈ।''[59] ਇਸ ਤਰ੍ਹਾਂ ਸਿੱਖ ਅਧਿਐਨ ਵਿਚ ਕਈ ਪੱਖਾਂ ਤੋਂ ਗੁਰਬਾਣੀ ਨਾਲ ਸੰਬੰਧਤ ਅਧਿਐਨ ਕਰਨ ਦੇ ਦਿਸ਼ਾ ਨਿਰਦੇਸ਼ ਪ੍ਰਾਪਤ ਹੁੰਦੇ ਹਨ।

ਪੱਛਮੀ ਲੇਖਕਾਂ ਦੁਆਰਾ ਕੀਤੇ ਗਏ ਸਿੱਖ ਧਰਮ ਬਾਰੇ ਕਾਰਜਾਂ ਨੂੰ ਡਾ. ਗੰਡਾ ਸਿੰਘ ਸਿੱਖ ਅਕਾਦਮਿਕਤਾ ਵਿਚ ਪ੍ਰਵੇਸ਼ ਕਰਵਾਉਂਦਾ ਹੈ। ਡਾ. ਗੰਡਾ ਸਿੰਘ ਨੇ *Early European accounts of the Siks* ਸਿਰਲੇਖ ਹੇਠ ਕਿਤਾਬ ਸੰਪਾਦਿਤ ਕੀਤੀ। ਇਸ ਵਿਚ ਲੇਖਕ ਨੇ ਸਿੱਖ ਧਰਮ ਉੱਪਰ ਅਠਾਰਵੀਂ ਤੇ ਉਨੀਵੀਂ ਸਦੀ ਵਿਚ ਲਿਖਣ ਵਾਲੇ ਕੋਈ ਅੱਠ ਪੱਛਮੀ ਲੇਖਕਾਂ ਦੀਆਂ ਲਿਖਤਾਂ ਨੂੰ ਲਿਆ। ਸੰਪਾਦਕ ਨੇ ਪੱਛਮੀ ਲਿਖਾਰੀਆਂ ਦੀਆਂ ਲਿਖਤਾਂ ਵਿਚ ਹੋਈਆਂ ਸਿਧਾਂਤਕ ਅਤੇ ਇਤਿਹਾਸਿਕ ਗਲਤੀਆਂ ਨੂੰ ਫੁੱਟ ਨੋਟਾਂ ਰਾਹੀਂ ਸਪੱਸ਼ਟ ਕੀਤਾ ਹੈ। ਸੰਪਾਦਕ ਨੇ ਇਨ੍ਹਾਂ ਪੱਛਮੀ ਲੇਖਕਾਂ ਦੀਆਂ ਲਿਖਤਾਂ ਦਾ ਮੂਲ ਪਾਠ ਹੀ ਦਿੱਤਾ ਹੈ ਅਤੇ ਪੁਰਾਣੇ ਸ਼ਬਦ-ਜੋੜ

[59] ਅਮਰਜੀਤ ਗਰੇਵਾਲ (ਸੰਪਾ.), 'ਭੂਮਿਕਾ' ਸ਼ਬਦ ਵਿਸ਼ੇਸ਼ ਅੰਕ, ਵਿਸਮਾਦ ਨਾਦ, ਗੁਰਦੁਆਰਾ, ਗੁਰ ਗਿਆਨ ਪ੍ਰਕਾਸ਼, ਜਵੱਦੀ ਕਲਾਂ, ਲੁਧਿਆਣਾ, ਸਤੰਬਰ 1997, ਪੰਨਾ 10.

ਵੱਡੇ-ਛੋਟੇ ਅੱਖਰਾਂ ਨੂੰ ਵੀ ਉਸੇ ਤਰ੍ਹਾਂ ਹੀ ਰਹਿਣ ਦਿੱਤਾ, ਜਿਵੇਂ ਮੂਲ ਪਾਠ ਵਿਚ ਹੈ। ਉਦਾਹਰਨ ਦੇ ਤੌਰ ਤੇ, ਮੇਜਰ ਜੇਮਜ਼ ਬ੍ਰਊਨ ਦੀ ਲਿਖਤ History of the Origin and Progress of the Sicks ਵਿਚ ਮੂਲ ਲੇਖਕ ਨੇ ਗੁਰੂ ਨਾਨਕ ਦੇਵ ਜੀ ਨੂੰ ਬਾਬਰ ਦੇ ਸਮੇਂ ਹੋਇਆ ਦੱਸਿਆ ਹੈ ਅਤੇ ਸੋਹਦਰਾ ਵਿਖੇ ਰਹਿੰਦੇ ਸਨ, ਲਿਖਿਆ ਹੈ।[60] ਪਰ ਸੰਪਾਦਕ ਨੇ ਲੇਖਕ ਦੀ ਇਸ ਗਲਤੀ ਨੂੰ ਫੁਟ ਨੋਟ ਵਿਚ ਸਪਸ਼ਟ ਕਰ ਦਿੱਤਾ। ਇਸ ਕਿਤਾਬ ਨੇ ਪੱਛਮੀ ਲੇਖਕਾਂ ਦੁਆਰਾ ਕੀਤੇ ਗਏ ਸਿੱਖ ਅਧਿਐਨ ਪ੍ਰਤੀ ਝੁਕਾਅ ਪੈਦਾ ਕੀਤਾ। ਇਸ ਤੋਂ ਬਾਅਦ ਡਾ. ਦਰਸ਼ਨ ਸਿੰਘ ਨੇ *Western Perspective on the Sikh Religion* ਵਿਸ਼ੇ ਉੱਪਰ ਥੀਸਿਸ ਲਿਖਕੇ ਸਿੱਖਾਂ ਉੱਪਰ ਹੋਏ ਪੱਛਮੀ ਅਧਿਐਨ ਨੂੰ ਪੇਸ਼ ਕੀਤਾ। ਇਸ ਥੀਸਿਸ ਦੇ ਪਹਿਲੀ ਭਾਗ ਵਿਚ ਸਿੱਖ ਧਰਮ ਉੱਪਰ ਪੱਛਮੀ ਲਿਖਤਾਂ ਦਾ ਸਰਵੇ ਪੇਸ਼ ਕੀਤਾ ਗਿਆ। ਦੂਜੇ ਭਾਗ ਵਿਚ ਸਿੱਖ ਪਰੰਪਰਾ ਬਾਰੇ ਪੱਛਮੀ ਦ੍ਰਿਸ਼ਟੀਕੋਣ ਪੇਸ਼ ਕੀਤਾ ਗਿਆ। ਤੀਸਰੇ ਅਧਿਆਇ ਵਿਚ ਸਿੱਖ ਵਿਸ਼ਵਾਸ ਉੱਪਰ ਪੱਛਮੀ ਨਜ਼ਰੀਆ ਦੱਸਿਆ ਹੈ। ਇਹ ਕਾਰਜ ਦੋ ਸੌ ਸਾਲ ਦੇ ਪੱਛਮੀ ਸਿੱਖ ਅਧਿਐਨ ਬਾਰੇ ਜਾਣਕਾਰੀ ਦਿੰਦਾ ਹੈ। ਲੇਖਕ ਨੇ ਦੱਸਿਆ ਕਿ ਪੱਛਮੀ ਲੇਖਕਾਂ ਦੀ ਸਿੱਖ ਅਧਿਐਨ ਕਰਨ ਦੀ ਇਸ ਰੁਚੀ ਨੇ ਪੱਛਮ ਦੇ ਲੋਕਾਂ ਤੱਕ ਸਿੱਖ ਧਰਮ ਬਾਰੇ ਜਾਣਕਾਰੀ ਪਹੁੰਚਾਈ ਹੈ। ਇਨ੍ਹਾਂ ਕਾਰਜਾਂ ਨੇ ਸੰਸਾਰ ਦੇ ਧਰਮਾਂ ਵਿਚ ਚੱਲ ਰਹੇ encounter ਅਤੇ interaction ਵਿਚ ਸਿੱਖ ਧਰਮ ਦੀ ਭੂਮਿਕਾ ਨੂੰ ਪੇਸ਼ ਕੀਤਾ ਹੈ। ਇਸ ਤੋਂ ਇਲਾਵਾ ਪੱਛਮੀ ਸਿੱਖ ਅਧਿਐਨ ਨੇ ਵਿਧੀ (method) ਦੇ ਪੱਖ ਤੋਂ ਅਤੇ ਪੇਸ਼ਕਾਰੀ (orientation) ਦੇ ਪੱਖ ਤੋਂ ਬਹੁਤ ਪ੍ਰਭਾਵਿਤ ਕੀਤਾ ਹੈ। ਇਸ ਦੀ ਬਦੌਲਤ ਸਿੱਖ ਅਧਿਐਨ ਵਿਚ ਇਤਿਹਾਸਿਕ ਅਤੇ ਧਰਮ ਸ਼ਾਸਤਰੀ ਵਿਸ਼ਲੇਸ਼ਣ ਦੀ ਵਿਧੀ ਅਲੱਗ-ਅਲੱਗ ਹੋ ਕੇ ਕੰਮ ਕਰਨ ਲੱਗ ਪਈ। ਪੱਛਮੀ ਲੇਖਕਾਂ ਨੇ ਸਿੱਖਾਂ ਨੂੰ ਵਿਸ਼ਵ ਧਰਮਾਂ ਦੇ ਤੁਲਨਾਤਮਿਕ ਅਧਿਐਨ ਵਿਚ ਜ਼ਿੰਮੇਵਾਰੀ ਦਾ ਅਹਿਸਾਸ ਕਰਵਾਇਆ।[61] ਪੱਛਮੀ ਲੇਖਕਾਂ ਦੀ ਲਿਖਤਾਂ ਨੇ ਸਿੱਖ ਅਧਿਐਨ ਵਿਚ ਵਿਧੀ, ਪੇਸ਼ਕਾਰੀ ਅਤੇ ਵਿਸ਼ਵ-ਧਰਮਾਂ ਵਿਚ ਸਥਾਨ ਹਾਸਿਲ ਕਰਨ ਪ੍ਰਤੀ ਰੁਝਾਨ ਪੈਦਾ ਕੀਤਾ।

ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਬਸਤੀਵਾਦੀ ਚਿੰਤਨ ਆਉਣ ਨਾਲ ਸਿੱਖ ਅਧਿਐਨ ਰਵਾਇਤੀ ਕਿਸਮ ਦੇ ਅਧਿਐਨ ਤੋਂ ਬਾਹਰ ਨਿਕਲ ਕੇ ਅਕਾਦਮਿਕ ਖੇਤਰ ਵਿਚ

---

[60] Ganda Singh, *Early European accounts of the Sikhs,* Today and Tomorrow's Printers, New Delhi, 1974, p. 21.

[61] Darshan Singh, *Western Perspective on the Sikh Religion,* Singh Brothers, Amritsar, 2004, p. 232.

ਦਾਖਲ ਹੁੰਦਾ ਹੈ। ਇਸ ਨਾਲ ਉਪਾਧੀ ਸਾਪੇਖ ਅਤੇ ਉਪਾਧੀ ਨਿਰਪੇਖ ਕਿਸਮ ਦਾ ਅਧਿਐਨ ਸਾਹਮਣੇ ਆਉਂਦਾ ਹੈ। ਇਹ ਅਧਿਐਨ, ਗੁਰਬਾਣੀ ਦੇ ਸੰਕਲਪਾਂ, ਵਿਆਖਿਆਕਾਰੀ, ਵਿਆਕਰਨ, ਖੋਜ ਸੰਦਾਂ, ਸਿੱਖ ਇਤਿਹਾਸਕਾਰੀ, ਹੱਥ ਲਿਖਤ ਸਿੱਖ ਸਰੋਤਾਂ ਅਤੇ ਸਿੱਖ ਫਿਲਾਸਫੀ ਵਿਚ ਰੁਝਾਨ ਲੈ ਕੇ ਆਇਆ। ਯੂਨੀਵਰਸਿਟੀਆਂ ਦੀ ਹੋਂਦ ਨਾਲ ਇਹ ਕਾਰਜ ਬਹੁਤ ਪ੍ਰਫੁਲਤ ਹੋਇਆ। ਅਕਾਦਮਿਕਤਾ ਨੇ ਸਿੱਖ ਅਧਿਐਨ ਵਿਚ ਨਵ-ਅਧਿਐਨ ਵਿਧੀਆਂ ਸ਼ਾਮਿਲ ਕਰਕੇ ਸਿੱਖ ਅਧਿਐਨ ਨੂੰ ਨਵੀਂਆਂ ਸੰਭਾਵਨਾਵਾਂ ਵਲ ਪ੍ਰੇਰਿਤ ਕੀਤਾ।

# ਸਾਰ

ਸਿੱਖ ਅਧਿਐਨ ਦੇ ਰੁਝਾਨ: ਇਕ ਵਿਸ਼ਲੇਸ਼ਣ (1900-2000 ਈ.) ਦੇ ਇਤਿਹਾਸਕ, ਸਿਧਾਂਤਕ ਰੁਝਾਨਾਂ ਨੂੰ ਜਾਣਨ ਲਈ ਇਸ ਖੋਜ ਪ੍ਰਬੰਧ ਨੂੰ ਮੁਖ ਚਾਰ ਅਧਿਆਇਆਂ- ਵੀਹਵੀਂ ਸਦੀ: ਪ੍ਰਸਥਿਤੀਆਂ ਅਤੇ ਸਿੱਖ ਚੇਤਨਾ, ਗ਼ੈਰ-ਸਿੱਖ ਵਿਦਵਾਨਾਂ ਦੀਆਂ ਸਿੱਖ ਲਿਖਤਾਂ, ਸਿੱਖਾਂ ਵੱਲੋਂ ਰਚਿਤ ਸਾਹਿਤ ਅਤੇ ਆਲੋਚਨਾਤਮਕ ਸਾਹਿਤ ਵਿਚ ਵੰਡਿਆ ਗਿਆ ਹੈ। ਇਸ ਥੀਸਿਸ ਨੂੰ ਵਿਚਾਰਨ ਉਪਰੰਤ ਜੋ ਸਿੱਟੇ ਨਿਕਲੇ ਹਨ, ਉਨ੍ਹਾਂ ਦਾ ਵੇਰਵਾ ਇੱਥੇ ਪੇਸ਼ ਕੀਤਾ ਜਾਂਦਾ ਹੈ।

ਸਾਡੇ ਵਿਚਾਰਾਧੀਨ ਲਿਆਂਦੇ ਸਿੱਖ ਸਹਿਤ ਦਾ ਸਮਾਂ ਇਤਿਹਾਸਕ ਦ੍ਰਿਸ਼ਟੀ ਤੋਂ ਆਧੁਨਿਕ ਕਾਲ ਦਾ ਹੈ। ਇਹ ਸਮਾਂ 1850 ਈ. ਤੋਂ 2000 ਈ. ਤੱਕ ਦਾ ਬਣਦਾ ਹੈ। ਇਸ ਸਮੇਂ ਦੇ ਸ਼ੁਰੂ ਵਿਚ ਪੰਜਾਬ ਦੀਆਂ ਵਿੰਭਿਨ ਤਬਦੀਲੀਆਂ ਅੰਗਰੇਜ਼ਾਂ ਦੇ ਆਗਮਨ ਨਾਲ ਤੇ ਇਸ ਕਾਲ ਦੇ ਅੰਤ ਦੀਆਂ ਵਿਭਿੰਨ ਤਬਦੀਲੀਆਂ ਦੇਸ਼ ਦੀ ਸੁਤੰਤਰਤਾ ਨਾਲ ਆਉਂਦੀਆਂ ਹਨ।

ਕੋਈ ਵੀ ਰਚਨਾ ਜਿੱਥੇ ਆਪਣਾ ਨਿਵੇਕਲਾ ਅਸਤਿਤਵ ਰੱਖਦੀ ਹੈ, ਉੱਥੇ ਹੀ ਜਿਸ ਸਮੇਂ ਵਿਚ ਉਪਜੀ ਹੋਵੇ, ਉਸ ਸਮਕਾਲੀਨ ਵਾਤਾਵਰਨ ਤੋਂ ਵੀ ਪ੍ਰਭਾਵਿਤ ਹੁੰਦੀ ਹੈ ਅਤੇ ਪ੍ਰਭਾਵਿਤ ਵੀ ਕਰਦੀ ਹੈ। ਕਿਸੇ ਵੀ ਰਚਨਾ ਦੀ ਸਿਰਜਣਸ਼ੀਲਤਾ ਨੂੰ ਉਸ ਰਚਨਾ ਦੇ ਸਮਕਾਲੀ ਮੁਹਾਵਰੇ, ਪ੍ਰਸੰਗ ਅਤੇ ਪ੍ਰਸਥਿਤੀਆਂ ਅਨੁਸਾਰ ਹੀ ਸਹੀ ਰੂਪ ਵਿਚ ਸਮਝਿਆ ਜਾ ਸਕਦਾ ਹੈ।

1849 ਈ. ਵਿਚ ਪੰਜਾਬ ਉੱਪਰ ਬ੍ਰਿਟਿਸ਼ ਹਕੂਮਤ ਦਾ ਕਬਜ਼ਾ ਹੋਣ ਤੋਂ ਬਾਅਦ ਪੰਜਾਬ ਦੇ ਇਤਿਹਾਸ ਵਿਚ ਨਵਾਂ ਅਧਿਆਇ ਸ਼ੁਰੂ ਹੁੰਦਾ ਹੈ। ਇਸ ਸਮੇਂ ਪੰਜਾਬ ਦੀਆਂ ਰਾਜਨੀਤਿਕ, ਸਮਾਜਿਕ, ਧਾਰਮਿਕ, ਵਿਦਿਅਕ ਅਤੇ ਸਭਿਆਚਾਰਕ ਪ੍ਰਸਥਿਤੀਆਂ ਸਿੱਖਾਂ ਦੇ ਉਲਟ ਹੋ ਗਈਆਂ ਸਨ। ਈਸਾਈ ਮਿਸ਼ਨਰੀਆਂ ਦੇ ਧਾਰਮਿਕ, ਸਮਾਜਿਕ ਅਤੇ ਵਿਦਿਅਕ ਪ੍ਰਚਾਰ ਨੇ ਬਹੁਤ ਸਾਰੇ ਸਿੱਖਾਂ ਨੂੰ ਈਸਾਈ ਧਰਮ ਵੱਲ ਪ੍ਰੇਰਿਆ। 1849 ਈ. ਤੋਂ ਪੂਰਵ ਜਿੱਥੇ ਸਿੱਖਾਂ ਦੀ ਗਿਣਤੀ ਬਹੁਤਾਤ ਵਿਚ ਸੀ, ਉਹ ਗਿਣਤੀ ਹੁਣ ਬੜੀ ਰਫਤਾਰ ਨਾਲ ਹੇਠਾਂ ਆਉਣ ਲੱਗੀ। ਨਿਰੰਕਾਰੀ ਲਹਿਰ ਅਤੇ ਨਾਮਧਾਰੀ ਲਹਿਰ ਨੇ ਸਿੱਖਾਂ ਵਿਚ ਆ ਚੁੱਕੀਆਂ ਕੁਰੀਤੀਆਂ ਵਿਰੁੱਧ ਆਵਾਜ਼ ਉਠਾਈ। ਪਰ ਨਿਰੰਕਾਰੀ ਲਹਿਰ ਵਿੱਚ ਦੇਹਧਾਰੀ ਨਿਰੰਤਰਤਾ ਹੋਣ ਕਾਰਨ ਇਹ

ਸਿੱਖਾਂ ਦੇ ਵੱਡੇ ਹਿੱਸੇ ਵਿਚ ਕਬੂਲ ਨਾ ਚੜ੍ਹ ਸਕੀ। ਫਿਰ ਵੀ ਇਸ ਲਹਿਰ ਨੇ ਸਿੱਖਾਂ ਵਿਚ ਕਰਮਕਾਂਡਾਂ ਵਿਰੁੱਧ ਜਾਗਰੂਕਤਾ ਲਿਆਂਦੀ। ਇਸ ਦੀ ਸਮਕਾਲੀ ਨਾਮਧਾਰੀ ਲਹਿਰ ਸੀ, ਜਿਸ ਨੂੰ ਬਾਬਾ ਰਾਮ ਸਿੰਘ ਨਾਮਧਾਰੀ ਨੇ ਪੰਜਾਬੀਆਂ ਨੂੰ ਸਿੱਖ ਧਰਮ ਨਾਲ ਜੋੜਨ ਤੇ ਅੰਗਰੇਜ਼ਾਂ ਵਿਰੁੱਧ ਪ੍ਰਚਾਰ ਕਰਕੇ ਅੱਗੇ ਤੋਰਿਆ। ਨਾਮਧਾਰੀ ਲਹਿਰ ਨੇ ਸਿੱਖ ਧਰਮ ਨੂੰ ਵੇਦਾਂਤ ਵੱਲ ਜਾਣ ਤੋਂ ਮੋੜਿਆ ਅਤੇ ਅੰਗਰੇਜ਼ਾਂ ਦੀ ਗੁਲਾਮੀ ਵਿਰੁੱਧ ਲੋਕਾਂ ਨੂੰ ਸੁਚੇਤ ਕੀਤਾ। ਪਰ ਫਿਰ ਵੀ ਈਸਾਈ ਮਿਸ਼ਨਰੀ ਲਹਿਰ ਨੇ ਆਪਣਾ ਪ੍ਰਚਾਰ ਜਾਰੀ ਰੱਖਿਆ। 1873 ਈ. ਵਿਚ ਅੰਮ੍ਰਿਤਸਰ ਮਿਸ਼ਨ ਸਕੂਲ ਦੇ ਚਾਰ ਵਿਦਿਆਰਥੀਆਂ ਦੁਆਰਾ ਈਸਾਈ ਬਣਨ ਦੀ ਇੱਛਾ ਨੇ ਸਿੱਖ ਵਿਦਵਾਨਾਂ ਨੂੰ ਸੁਚੇਤ ਕੀਤਾ। ਉਪਰੋਕਤ ਪ੍ਰਸਥਿਤੀਆਂ ਅਤੇ ਹਾਲਾਤਾਂ ਵਿਚੋਂ ਸਿੰਘ ਸਭਾ ਲਹਿਰ ਦਾ ਜਨਮ ਹੋਇਆ। ਅੰਗਰੇਜ਼ਾਂ ਦੇ ਪੰਜਾਬ ਉੱਪਰ ਕਾਬਿਜ਼ ਹੋਣ ਤੋਂ ਬਾਅਦ ਇੱਥੋਂ ਦੇ ਸਿੱਖ, ਇਸਲਾਮ ਅਤੇ ਹਿੰਦੂ ਭਾਈਚਾਰੇ ਵਿਚ ਧਾਰਮਿਕ ਅਤੇ ਸਭਿਆਚਾਰਕ ਤਣਾਉ ਪੈਦਾ ਹੋਇਆ। ਇਸ ਤਣਾਉ ਦੀ ਉਪਜ ਹੀ ਸਿੰਘ ਸਭਾ ਲਹਿਰ ਸੀ। ਇਸ ਲਹਿਰ ਨੇ ਸਿੱਖ ਸਿਧਾਂਤਾਂ ਨੂੰ ਪੁਨਰ ਪ੍ਰਭਾਸ਼ਿਤ ਕੀਤਾ। ਸਿੱਖ ਇਤਿਹਾਸਕਾਰੀ, ਫ਼ਿਲਾਸਫ਼ੀ ਅਤੇ ਗੁਰਬਾਣੀ ਵਿਆਖਿਆ ਨੂੰ ਪਰੰਪਰਾ ਤੋਂ ਜੁਦਾ ਕਰਕੇ ਨਵੀਨ ਵਿਆਖਿਆ ਦਿੱਤੀ। ਇਸ ਕਾਰਨ ਪਰੰਪਰਾਵਾਦੀ ਸਿੱਖ ਵਿਦਵਾਨਾਂ ਅਤੇ ਸਿੰਘ ਸਭਾਈ ਵਿਦਵਾਨਾਂ ਵਿਚਕਾਰ ਸੰਵਾਦ ਸ਼ੁਰੂ ਹੋਇਆ। ਇਸ ਸੰਵਾਦ ਵਿਚੋਂ ਬਹੁਤ ਸਾਰਾ ਸਾਹਿਤ ਹੋਂਦ ਵਿਚ ਆਉਂਦਾ ਹੈ। ਇਹ ਸਾਹਿਤ ਵਾਦ-ਵਿਵਾਦੀ, ਧਾਰਮਿਕ ਸੁਧਾਰ ਸੰਬੰਧੀ, ਸਿੱਖ ਇਤਿਹਾਸ, ਗੁਰਮਤਿ ਸਿਧਾਂਤਾਂ ਦੀ ਵਿਆਖਿਆ ਸੰਬੰਧੀ, ਮੌਲਿਕ ਤੇ ਸਿਰਜਣਾਤਮਿਕ, ਸਿੱਖ ਧਰਮ ਦੀ ਪਰੰਪਰਿਕ ਅਤੇ ਨਵੀਨ ਵਿਆਖਿਆ ਨਾਲ ਸੰਬੰਧਿਤ ਹੈ। ਇਸ ਨਾਲ ਬਹੁਤ ਸਾਰੇ ਪਰੰਪਰਿਕ ਵਿਚਾਰਾਂ ਦੀ ਪੁਸ਼ਟੀ, ਸੁਧਾਰ ਅਤੇ ਨਵੀਨ ਵਿਆਖਿਆ ਦੀ ਸਥਾਪਤੀ ਦਾ ਰੁਝਾਨ ਪੈਦਾ ਹੋਇਆ। ਸਿੰਘ ਸਭਾ ਲਹਿਰ ਨੇ ਆਰੀਆ ਸਮਾਜ, ਬ੍ਰਹਮੋ ਸਮਾਜ, ਅਹਿਮਦੀਆ ਲਹਿਰ ਅਤੇ ਈਸਾਈ ਲਹਿਰ ਨਾਲ ਵੀ ਸੰਵਾਦ ਰਚਾਇਆ। ਇਨ੍ਹਾਂ ਲਹਿਰਾਂ ਨਾਲ ਸੰਵਾਦ ਧਾਰਮਿਕ ਸਭਿਆਚਾਰਕ ਤਣਾਉ ਵਿਚੋਂ ਹੋਇਆ ਸੀ। ਇਨ੍ਹਾਂ ਲਹਿਰਾਂ ਨਾਲ ਸੰਵਾਦ ਵਿਚੋਂ ਸਿੱਖ ਕੌਮ ਦੀ ਵੱਖਰੀ ਪਛਾਣ ਪ੍ਰਤੀ ਝੁਕਾਅ ਪੈਦਾ ਹੋਇਆ। ਇਸ ਝੁਕਾਅ ਨੇ ਭਾਸ਼ਾ ਅਤੇ ਵਿਦਿਅਕ ਪੱਧਰ ਤੱਕ ਅਸਰ ਕੀਤਾ, ਜਿਸ ਕਾਰਨ ਬ੍ਰਜ ਭਾਸ਼ਾ ਦੀ ਥਾਂ ਤੇ ਪੰਜਾਬੀ ਭਾਸ਼ਾ ਵਿਚ ਲਿਖਣ ਦਾ ਰੁਝਾਨ ਆਰੰਭ ਹੋਇਆ। ਵਿਦਿਅਕ ਪੱਧਰ ਤੇ ਸਿੱਖ ਸੰਸਥਾਵਾਂ ਦੀ ਮੰਗ ਉੱਠੀ, ਜਿਸ ਵਿਚੋਂ ਖ਼ਾਲਸਾ ਕਾਲਜ ਅੰਮ੍ਰਿਤਸਰ ਹੋਂਦ ਵਿਚ ਆਇਆ। ਇਨ੍ਹਾਂ ਪ੍ਰਸਥਿਤੀਆਂ ਵਿਚੋਂ ਪੈਦਾ ਹੋਈ ਸਿੱਖ ਜਾਗਰੁਕਤਾ ਨੇ ਸੰਪਰਦਾਇਕ,

ਰਖਿਆਤਮਿਕ, ਪ੍ਰਤੀਕਿਰਿਆਤਮਕ ਅਤੇ ਆਲੋਚਨਾਤਮਕ ਪੱਖ ਤੋਂ ਸਾਹਿਤ ਹੋਂਦ ਵਿਚ ਲਿਆਂਦਾ। ਇਸ ਸਾਹਿਤ ਨੇ ਹੀ ਵੀਹਵੀਂ ਸਦੀਂ ਦੇ ਸਿੱਖ ਅਧਿਐਨ ਲਈ ਧਰਾਤਲ ਕਾਇਮ ਕੀਤਾ।

ਵੀਹਵੀਂ ਸਦੀਂ ਦੇ ਸਿੱਖ ਅਧਿਐਨ ਵਿਚ ਗ਼ੈਰ-ਸਿੱਖ ਲੇਖਕਾਂ ਦੀਆਂ ਲਿਖਤਾਂ ਨਾਲ ਆਏ ਰੁਝਾਨ ਬਹੁਤ ਅਹਿਮ ਹਨ। ਇਨ੍ਹਾਂ ਰੁਝਾਨਾਂ ਨੂੰ ਦੂਸਰੇ ਅਧਿਆਇ ਦਾ ਵਿਸ਼ਾ ਬਣਾਇਆ ਗਿਆ ਹੈ। ਗ਼ੈਰ ਸਿੱਖ ਲੇਖਕਾਂ ਵਿਚ ਯੂਰਪੀਅਨ ਤੇ ਹਿੰਦੂ ਲਿਖਾਰੀਆਂ ਨੂੰ ਲਿਆ ਗਿਆ ਹੈ। ਯੂਰਪੀਅਨ ਲਿਖਾਰੀਆਂ ਦਾ ਮੁਢਲਾ ਕਾਰਜ ਗੌਣ (Secondary) ਸਰੋਤਾਂ ਅਤੇ ਪੂਰਬਵਾਦੀ ਦ੍ਰਿਸ਼ਟੀ ਤੋਂ ਈਸਾਈ ਮਿਸ਼ਨ ਨੂੰ ਸਮਰਪਿਤ ਹੋਣ ਕਾਰਨ ਸਿੱਖਾਂ ਵਿਚ ਪ੍ਰਵਾਨ ਨਹੀਂ ਚੜ੍ਹਿਆ। ਇਸ ਕਾਰਜ ਨੇ ਵਿਸ਼ਵ ਪੱਧਰ 'ਤੇ ਸਿੱਖ ਧਰਮ ਬਾਰੇ ਗਲਤ ਜਾਣਕਾਰੀ ਮੁਹੱਈਆ ਕਰਵਾਈ। ਇਨ੍ਹਾਂ ਲੇਖਕਾਂ ਵਿਚ ਅਰਨੈਸਟ ਟਰੰਪ ਮੁਖ ਸੀ। ਮੈਕਸ ਅਰਥਰ ਮੈਕਾਲਿਫ਼ ਦੇ ਸਿੱਖ ਅਧਿਐਨ ਨਾਲ ਇਹ ਪਰਵਿਰਤੀ ਟੁੱਟੀ ਅਤੇ ਵਿਸ਼ਵ ਪੱਧਰ 'ਤੇ ਸਿੱਖਾਂ ਬਾਰੇ ਸਹੀ ਜਾਣਕਾਰੀ ਪਹੁੰਚ ਸਕੀ। ਮੈਕਾਲਿਫ ਦੇ ਕੰਮ ਵਾਂਗ ਡੋਰਥੀ ਫੀਲਡ ਅਤੇ ਨੋਇਲ ਕਿੰਗ ਦੇ ਕੰਮ ਨੇ ਸਿੱਖ ਸਾਹਿਤ ਨੂੰ ਵਿਸ਼ਵ ਸਾਹਿਤ ਵਿਚ ਥਾਂ ਦਿੱਤੀ। ਅਰਨੈਸਟ ਟਰੰਪ ਦੁਆਰਾ ਜਨਮਸਾਖੀ ਸਾਹਿਤ ਉਪਰ ਉਠਾਏ ਸਵਾਲਾਂ ਨੂੰ ਡਬਲਿਊ.ਐੱਚ. ਮੈਕਲੋਡ ਨੇ ਸਾਰੇ ਸਿੱਖ ਸਾਹਿਤ ਤੇ ਸਿਧਾਂਤਾਂ ਉੱਪਰ ਸਵਾਲ ਉਠਾ ਕੇ ਵਿਸਥਾਰ ਦਿੱਤਾ। ਇਨ੍ਹਾਂ ਦੋਹਾਂ ਲੇਖਕਾਂ ਦੇ ਵਿਚਕਾਰ ਵੀਹਵੀਂ ਸਦੀ ਦੇ ਪਹਿਲੇ ਅੱਧ ਤੱਕ ਬਹੁਤ ਸਾਰੇ ਯੂਰਪੀਅਨ ਲੇਖਕਾਂ ਨੇ ਸਿੱਖ ਧਰਮ ਬਾਰੇ ਲਿਖਿਆ। ਇਨ੍ਹਾਂ ਦੇ ਕਾਰਜ ਦੀਆਂ ਜਿੱਥੇ ਕੁਝ ਸੀਮਾਵਾਂ ਸਨ, ਉੱਥੇ ਹੀ ਇਨ੍ਹਾਂ ਨੇ ਸਿੱਖ ਅਧਿਐਨ ਵਿਚ ਬਹੁਤ ਸਾਰੀਆਂ ਸੰਭਾਵਨਾਵਾਂ ਵੀ ਪੈਦਾ ਕੀਤੀਆਂ। ਜਿਵੇਂ ਓਵਨ ਕੋਲ ਦੀ ਕਿਤਾਬ 'Guru in Sikhism' ਨੇ ਸਿੱਖ ਸੰਸਥਾਵਾਂ ਬਾਰੇ ਇਤਿਹਾਸਿਕ, ਸਿਧਾਂਤਕ ਕਾਰਜ ਕਰਨ ਦੀ ਸੰਭਾਵਨਾ ਪੈਦਾ ਕੀਤੀ। ਹਿੰਦੂ ਲਿਖਾਰੀਆਂ ਵਿਚ ਸਿੱਖਾਂ ਨਾਲ ਵੀਹਵੀਂ ਸਦੀ ਦਾ ਪਹਿਲਾ ਸੰਵਾਦ ਆਰੀਆ ਸਮਾਜੀਆਂ ਨਾਲ ਹੋਇਆ। ਇਹ ਸੰਵਾਦ ਉੱਨੀਵੀ ਸਦੀ ਦੇ ਅੱਠਵੇਂ-ਨੌਵੇਂ ਦਹਾਕੇ ਤੋਂ ਸ਼ੁਰੂ ਹੋਇਆ ਸੀ। ਵੀਹਵੀਂ ਸਦੀ ਦੇ ਸ਼ੁਰੂ ਵਿਚ ਲਾਲਾ ਦੌਲਤ ਰਾਏ ਤੇ ਗੋਕਲ ਚੰਦ ਨਾਰੰਗ ਦੇ ਸਿੱਖ ਅਧਿਐਨ ਨੇ ਸਿੱਖ ਧਰਮ ਨੂੰ ਹਿੰਦੂ ਧਰਮ ਦਾ ਸੁਧਾਰਵਾਦੀ ਫਿਰਕਾ ਮੰਨਿਆ, ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਵੇਦਾਂ ਅਨੁਸਾਰੀ ਅਤੇ ਸਿੱਖ ਗੁਰੂਆਂ ਨੂੰ ਦੇਸ਼ ਭਗਤ ਵਜੋਂ ਪੇਸ਼ ਕੀਤਾ। ਇਹ ਧਾਰਨਾਵਾਂ ਬਾਅਦ ਵਾਲੇ ਬਹੁਤ ਸਾਰੇ ਸਿੱਖ ਤੇ ਗ਼ੈਰ-ਸਿੱਖ ਲੇਖਕਾਂ ਨੇ ਆਪਣੀਆਂ ਲਿਖਤਾਂ ਵਿਚ ਦਿੱਤੀਆ। ਗ਼ੈਰ-ਸਿੱਖਾਂ ਵਿਚ ਬੰਗਾਲੀ ਲੇਖਕਾਂ ਦੀ ਪਹੁੰਚ ਵਿਧੀ ਅਕਾਦਮਿਕ

ਹੈ। ਡਾ. ਐਨ.ਕੇ. ਸਿਨਹਾ ਨੇ ਮਹਾਰਾਜਾ ਰਣਜੀਤ ਸਿੰਘ ਦਾ ਜੀਵਨ ਪਹਿਲੀ ਵਾਰ ਇਤਿਹਾਸਿਕ ਪੱਖ ਤੋਂ ਅੰਗਰੇਜ਼ੀ, ਫ਼ਾਰਸੀ ਸਰੋਤਾਂ ਦੀ ਪੁਣ-ਛਾਣ ਕਰਕੇ ਲਿਖਿਆ। ਲੇਖਕ ਨੇ ਮਹਾਰਾਜਾ ਰਣਜੀਤ ਸਿੰਘ ਬਾਰੇ ਕਈ ਗਲਤ ਫਹਿਮੀਆਂ ਨੂੰ ਖਤਮ ਕੀਤਾ। ਇੰਦੂ ਭੂਸ਼ਨ ਬੈਨਰਜੀ ਨੇ ਕਲਕੱਤਾ ਯੂਨੀਵਰਸਿਟੀ ਵਿਚ ਸਿੱਖ ਇਤਿਹਾਸ ਦਾ ਵਿਭਾਗ ਖੋਲ੍ਹ ਕੇ ਇਸ ਬਾਰੇ ਅਕਾਦਮਿਕ ਝੁਕਾਅ ਪੈਦਾ ਕੀਤਾ ਸੀ। ਇਸ ਦੀ ਲਿਖਤ ਤਰੁੱਟੀਆਂ ਦੇ ਬਾਵਜੂਦ ਵੀ ਮੁਢਲੇ ਯਤਨ ਵਜੋਂ ਪ੍ਰਸੰਸਾਯੋਗ ਹੈ। ਏ.ਸੀ. ਬੈਨਰਜੀ ਦਾ ਸਿੱਖ ਅਧਿਐਨ ਨਵ-ਪ੍ਰਾਪਤ ਤੱਥਾਂ ਅਤੇ ਵਿਆਖਿਆਵਾਂ ਨੂੰ ਧਿਆਨ ਵਿਚ ਰੱਖ ਕੇ ਕੀਤਾ ਗਿਆ ਕਾਰਜ ਹੈ। ਹਿੰਦੂ ਲੇਖਕਾਂ ਵਿਚ ਸੀਤਾ ਰਾਮ ਕੋਹਲੀ ਨੇ ਸਿੱਖ ਅਧਿਐਨ ਪ੍ਰਤੀ ਬੌਧਿਕ ਇਮਾਨਦਾਰੀ ਵਾਲੀ ਪਹੁੰਚ ਅਪਨਾਈ ਸੀ। ਗ਼ੈਰ ਸਿੱਖ ਲੇਖਕਾਂ ਵਿਚ ਰੂਸੀ ਲਿਖਾਰੀਆਂ ਦੁਆਰਾ ਕੀਤਾ ਗਿਆ ਸਿੱਖ ਅਧਿਐਨ ਮਾਰਕਸਵਾਦੀ ਨਜ਼ਰੀਏ ਤੋਂ ਪ੍ਰਾਪਤ ਹੁੰਦਾ ਹੈ। ਉਹ ਸਿੱਖ ਧਰਮ ਨੂੰ ਜਮਾਤੀ ਘੋਲ ਵਿਰੁੱਧ ਕਿਸਾਨੀ ਸੰਘਰਸ਼ ਤੱਕ ਸੀਮਤ ਕਰ ਦਿੰਦੇ ਹਨ। ਗ਼ੈਰ-ਸਿੱਖ ਲੇਖਕਾਂ ਦੁਆਰਾ ਕੀਤਾ ਗਿਆ ਸਿੱਖ ਅਧਿਐਨ ਸਿੱਖ ਲੇਖਕਾਂ ਲਈ ਕਈ ਚੁਣੌਤੀਆਂ ਲੈ ਕੇ ਆਇਆ। ਇਨ੍ਹਾਂ ਦੇ ਸਵਾਲਾਂ ਨੇ ਸਿੱਖ ਅਧਿਐਨ ਵਿਚ ਅਕਾਦਮਿਕ ਪੱਖ ਤੋਂ ਕਾਰਜ ਕਰਨ ਲਈ ਪ੍ਰੇਰਿਆ।

ਤੀਸਰੇ ਅਧਿਆਇ ਵਿੱਚ ਸਿੱਖਾਂ ਵੱਲੋਂ ਰਚੇ ਸਾਹਿਤ ਨੂੰ ਦੋ ਭਾਗਾਂ ਵਿਚ ਵੰਡਿਆ ਗਿਆ ਹੈ। ਪਹਿਲਾ ਰਖਿਆਤਮਿਕ ਸਾਹਿਤ ਤੇ ਦੂਜਾ ਪ੍ਰਤੀਕਿਰਿਆਤਮਿਕ ਸਾਹਿਤ ਹੈ। ਉਨੀਵ੍ਹੀ ਸਦੀ ਦੇ ਅੰਤਲੇ ਦੋ ਦਹਾਕਿਆਂ ਵਿਚ ਵੱਖ-ਵੱਖ ਧਰਮਾਂ ਤੇ ਲਹਿਰਾਂ ਵੱਲੋਂ ਸਿੱਖ ਧਰਮ ਉੱਪਰ ਕੀਤੇ ਗਏ ਸਾਹਿਤਕ ਹਮਲੇ ਪਿੱਛੋਂ ਰਖਿਆਤਮਿਕ ਸਾਹਿਤ ਹੋਂਦ ਵਿਚ ਆਉਂਦਾ ਹੈ। ਵੀਹਵੀਂ ਸਦੀ ਦੇ ਸ਼ੁਰੂ ਵਿਚ ਰਖਿਆਤਮਿਕ ਪੱਖ ਤੋਂ ਲਿਖਣ ਵਾਲਾ ਪਹਿਲਾ ਸਿੱਖ ਲੇਖਕ ਸੇਵਾ ਰਾਮ ਸਿੰਘ ਕਿਹਾ ਜਾ ਸਕਦਾ ਹੈ। ਕਿਤਾਬ *Divine Master* ਵਿਚ ਲੇਖਕ ਨੇ ਯੂਰਪੀਅਨ ਲਿਖਾਰੀਆਂ ਦੀਆਂ ਲਿਖਤਾਂ ਵਿਚ ਉਠਾਏ ਸਵਾਲਾਂ ਦੇ ਜਵਾਬ ਦੇਣ ਦੀ ਕੋਸ਼ਿਸ਼ ਕੀਤੀ ਹੈ। ਵੀਹਵੀਂ ਸਦੀਂ ਵਿਚ ਕਿਸੇ ਸਿੱਖ ਵੱਲੋਂ ਅੰਗਰੇਜ਼ੀ ਵਿਚ ਲਿਖੀ ਇਹ ਪਹਿਲੀ ਕਿਤਾਬ ਕਹੀ ਜਾ ਸਕਦੀ ਹੈ। ਇਸ ਤੋਂ ਬਾਅਦ ਭਗਤ ਲਕਸ਼ਮਨ ਸਿੰਘ ਨੇ ਗੁਰੂ ਗੋਬਿੰਦ ਸਿੰਘ ਜੀ ਉੱਪਰ ਅੰਗਰੇਜ਼ੀ ਭਾਸ਼ਾ ਵਿਚ ਕਿਤਾਬ ਲਿਖੀ। ਇਹ ਦੋਨੋਂ ਕਿਤਾਬਾਂ ਵੀਹਵੀਂ ਸਦੀ ਦੇ ਪਹਿਲੇ ਦਹਾਕੇ ਵਿਚ ਲਿਖੀਆਂ ਗਈਆਂ। ਸਿੱਖ ਇਤਿਹਾਸ ਤੇ ਫ਼ਿਲਾਸਫ਼ੀ ਤੇ ਪਹਿਲਾ ਵਿਸਤ੍ਰਿਤ ਕਾਰਜ ਖ਼ਜਾਨ ਸਿੰਘ ਦੀ ਕਿਤਾਬ *History and Philosophy of Sikhism* ਹੈ। ਇਹ ਕਿਤਾਬ ਅੰਗਰੇਜ਼ੀ

ਭਾਸ਼ਾ ਵਿਚ ਪਹਿਲੀ ਵਾਰ ਸਿੱਖਾਂ ਦੇ ਵਿਸਤ੍ਰਿਤ ਇਤਿਹਾਸ ਤੇ ਫ਼ਿਲਾਸਫ਼ੀ ਬਾਰੇ ਇਕ ਸਿੱਖ ਵੱਲੋਂ ਲਿਖੀ ਗਈ ਸੀ। ਸਿਧਾਂਤਕਾਰੀ ਅਜਿਹਾ ਵਿਸ਼ਾ ਹੈ ਜਿਸ ਨੇ ਇਤਿਹਾਸਕਾਰੀ ਤੇ ਵਿਆਖਿਆਕਾਰੀ ਨੂੰ ਸੇਧ ਦੇਣੀ ਹੁੰਦੀ ਹੈ। ਸਿੱਖ ਸਿਧਾਂਤਕਾਰੀ ਉੱਪਰ ਭਾਈ ਕਾਨ੍ਹ ਸਿੰਘ ਨਾਭਾ ਰਚਿਤ ਮਹਾਨਕੋਸ਼ ਗੁਰਮਤੁ ਮਾਰਤੰਡ ਅਤੇ ਪ੍ਰਿੰ. ਤੇਜਾ ਸਿੰਘ ਰਚਿਤ ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਮੁਢਲੇ ਕਾਰਜ ਹਨ। ਇਨ੍ਹਾਂ ਤੋਂ ਬਾਅਦ ਭਾਈ ਜੋਧ ਸਿੰਘ ਨੇ ਗੁਰਮਤਿ ਨਿਰਣਯ ਰਾਹੀਂ ਇਸ ਕਾਰਜ ਨੂੰ ਅੱਗੇ ਤੋਰਿਆ। ਇਤਿਹਾਸਕਾਰੀ ਵਿਚ ਕਰਮ ਸਿੰਘ ਹਿਸਟੋਰੀਅਨ ਦੇ ਪ੍ਰਵੇਸ਼ ਨਾਲ ਪਰੰਪਰਿਕ ਕਿਸਮ ਦੀ ਇਤਿਹਾਸਕਾਰੀ ਦੀ ਥਾਂ 'ਤੇ ਪੱਛਮੀ ਵਿਦਿਆ ਤੋਂ ਪ੍ਰਭਾਵਿਤ ਨਵੀਨ ਇਤਿਹਾਸਕਾਰੀ ਪ੍ਰਵੇਸ਼ ਕਰਦੀ ਹੈ, ਜਿਸ ਦੀ ਕਸਵੱਟੀ ਤਰਕ ਸੀ। ਭਾਈ ਵੀਰ ਸਿੰਘ ਦੇ ਸੰਪਾਦਨ ਕਾਰਜ ਨੇ ਸਿੱਖ ਅਧਿਐਨ ਵਿਚ ਬਹੁਤ ਸਾਰੇ ਨਵੇਂ ਸਰੋਤਾਂ ਦੀ ਵਾਕਫ਼ੀਅਤ ਕਰਵਾਈ। ਸੰਪਾਦਨ ਦੇ ਕਾਰਜ ਨੂੰ ਪ੍ਰੋ. ਪਿਆਰਾ ਸਿੰਘ ਪਦਮ, ਡਾ. ਪਿਆਰ ਸਿੰਘ ਤੇ ਹੋਰ ਕਈ ਲੇਖਕਾਂ ਨੇ ਅੱਗੇ ਤੋਰਿਆ। ਦੇਸ਼ ਦੀ ਅਜ਼ਾਦੀ ਤੋਂ ਬਾਅਦ ਪੰਜਾਬੀ ਸੂਬੇ ਮੋਰਚੇ ਕਾਰਨ ਪੈਦਾ ਹੋਏ ਹਿੰਦੂ-ਸਿੱਖ ਸੰਕਟ ਵਿਚੋਂ ਬਹੁਤ ਸਾਰੀਆਂ ਲਿਖਤਾਂ ਸਾਹਮਣੇ ਆਉਂਦੀਆਂ ਹਨ। ਗੁਰਬਾਣੀ ਅਧਿਐਨ ਵਿਚ ਬਾਵਾ ਬੁੱਧ ਸਿੰਘ ਦੀ ਲੋਕ ਰਾਇ ਦੀ ਪੁਸ਼ਟੀ ਕਰਦੀ ਬਾਣੀ ਵਿਆਖਿਆ, ਗਿ. ਬਿਸ਼ਨ ਸਿੰਘ ਦੀ ਪ੍ਰਸ਼ਨ-ਉੱਤਰ ਸ਼ੈਲੀ, ਪ੍ਰਿੰ. ਜੋਧ ਸਿੰਘ ਦੀ ਵਿਗਿਆਨਕ ਵਿਆਖਿਆ ਸ਼ੈਲੀ, ਪ੍ਰੋ. ਸਾਹਿਬ ਸਿੰਘ ਦੀ ਵਿਆਕਰਣਿਕ ਆਧਾਰਿਤ ਵਿਆਖਿਆ ਅਤੇ ਜਸਵੰਤ ਸਿੰਘ ਨੇਕੀ ਦੀ ਅਧਿਆਤਮਵਾਦੀ ਵਿਆਖਿਆਕਾਰੀ ਨੇ ਇਨ੍ਹਾਂ ਉਪਰੋਕਤ ਵਿਆਖਿਆ ਸ਼ੈਲੀਆਂ ਦੇ ਰੁਝਾਨ ਆਰੰਭੇ। ਰਖਿਆਤਮਿਕ ਸਾਹਿਤ ਵਿਚੋਂ ਹੀ ਕੋਸ਼ਕਾਰੀ ਨਾਲ ਸੰਬੰਧਿਤ ਸਾਹਿਤ ਹੋਂਦ ਵਿਚ ਆਇਆ। ਰਖਿਆਤਮਿਕ ਸਾਹਿਤ ਨੇ ਸਿਰਜਣਾਤਮਿਕਤਾ, ਆਲੋਚਨਾ ਅਤੇ ਸਾਕਾਰਤਮਿਕਤਾ ਪੈਦਾ ਕੀਤੀ।

ਸਿੱਖਾਂ ਵੱਲੋਂ ਰਚਿਤ ਸਾਹਿਤ ਵਿਚ ਪ੍ਰਤੀਕਿਰਿਆਤਮਿਕ ਸਾਹਿਤ ਵੀ ਕਾਫੀ ਮਾਤਰਾ ਵਿਚ ਮਿਲਦਾ ਹੈ। ਕਿਸੇ ਲਿਖਤ ਦੀ ਪ੍ਰਤੀਕਿਰਿਆ ਜਾਂ ਸਿੱਖ ਵਿਰੋਧੀ ਸਾਹਿਤ ਦੇ ਵਿਰੋਧ ਵਿਚ ਜੋ ਸਾਹਿਤ ਲਿਖਿਆ ਗਿਆ, ਉਹ ਇਸ ਵਿਚ ਸ਼ਾਮਿਲ ਹੈ। ਉਨੀਵ੍ਹੀਂ ਸਦੀ ਦੇ ਅੰਤਲੇ ਦਹਾਕੇ ਵਿਚ ਸਿੱਖ ਹਿੰਦੂ ਹਨ ਵਿਚਾਰ ਆਰੀਆ ਸਮਾਜੀਆਂ ਨੇ ਆਪਣੀਆਂ ਲਿਖਤਾਂ ਵਿਚ ਦਿੱਤਾ। ਸਿੱਖ ਲੇਖਕਾਂ ਨੇ ਇਸ ਪ੍ਰਤੀ ਕਿਰਿਆ ਵਿਚ ਸਿੱਖ ਹਿੰਦੂ ਨਹੀਂ ਸਾਹਿਤ ਰਚਿਆ। ਭਾਈ ਕਾਨ੍ਹ ਸਿੰਘ ਨਾਭਾ ਦੀ ਕਿਤਾਬ ਹਮ ਹਿੰਦੂ ਨਹੀਂ ਨੇ ਇਸ ਦਾ ਰੁਝਾਨ ਸ਼ੁਰੂ ਕੀਤਾ। ਵੀਹਵੀਂ ਸਦੀਂ

ਦੇ ਦੂਜੇ ਦਹਾਕੇ ਵਿਚ ਗੁਰੂ ਨਾਨਕ ਸਹਿਬ ਦੀ ਜਨਮ-ਮਿਤੀ ਕੱਤਕ ਕਿ ਵਿਸਾਖ ਬਾਰੇ ਸਾਹਿਤ ਸਾਹਮਣੇ ਆਇਆ। ਕਰਮ ਸਿੰਘ ਹਿਸਟੋਰੀਅਨ ਦੀ ਵਿਸਾਖ ਮਹੀਨੇ ਦੀ ਖੋਜ ਦੇ ਆਧਾਰ 'ਤੇ ਬਹੁਤ ਸਾਰੀਆਂ ਲਿਖਤਾਂ ਵਿਚ ਵਿਸਾਖ ਮਹੀਨੇ ਮਿਤੀ ਲਿਖਣ ਦਾ ਰੁਝਾਨ ਆਰੰਭ ਹੋਇਆ। ਭਸੌੜ ਸਿੰਘ ਸਭਾ ਭਗਤ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਦਾ ਹਿੱਸਾ ਮੰਨਣ ਤੋਂ ਮੁਨਕਰ ਸੀ। ਇਨ੍ਹਾਂ ਨੇ ਭਗਤ ਬਾਣੀ ਦੇ ਵਿਰੁੱਧ ਬਹੁਤ ਲਿਖਿਆ। ਭਸੌੜ ਸਿੰਘ ਸਭਾ ਦੀ ਪ੍ਰਤੀਕਿਰਿਆ ਵਜੋਂ ਪ੍ਰੋ. ਸਾਹਿਬ ਸਿੰਘ ਨੇ ਆਦਿ ਬੀੜ ਬਾਰੇ ਕਿਤਾਬ ਵਿਚ ਅਤੇ ਭਗਤ ਬਾਣੀ ਦੀ ਵਿਆਖਿਆ ਕਰਦਿਆ ਜਵਾਬ ਦਿੱਤੇ ਹਨ। ਪ੍ਰੋ. ਸਾਹਿਬ ਸਿੰਘ ਅਨੁਸਾਰ ਗੁਰੂ ਸਾਹਿਬ ਰਚਨਾ ਕਰਦੇ ਸਮੇਂ ਭਗਤ ਬਾਣੀ ਤੋਂ ਸੇਧ ਲੈ ਰਹੇ ਸਨ। ਇਸ ਨਾਲ ਗੁਰੂ ਸਾਹਿਬਾਨ ਨੂੰ ਭਗਤਾਂ ਦੀ ਬਾਣੀ ਤੋਂ ਨਕਲ ਕਰਦੇ ਸਮਝਿਆ ਜਾਣ ਲੱਗਾ। ਇਸ ਵਿਚਾਰ ਦੀ ਪ੍ਰਤੀਕਿਰਿਆ ਵਿਚ ਗਿ. ਗੁਰਦਿੱਤ ਸਿੰਘ ਨੇ ਆਪਣੀ ਕਿਤਾਬ ਇਤਿਹਾਸ ਗੁਰੂ ਗ੍ਰੰਥ ਸਾਹਿਬ ਵਿਚ ਸਾਰੇ ਭਗਤਾਂ ਨੂੰ ਗੁਰੂ ਨਾਨਕ ਜੀ ਦੇ ਅਨੁਯਾਈ ਸਿੱਧ ਕੀਤਾ। ਇਸ ਨਾਲ ਭਗਤ ਸਾਹਿਬਾਨ ਦਾ ਇਤਿਹਾਸਕ ਕ੍ਰਮ ਵਿਗੜ ਗਿਆ। ਇਸ ਬਾਰੇ ਪ੍ਰਤੀਕਿਰਿਆਤਮਿਕ ਸਾਹਿਤ ਵਰਤਮਾਨ ਸਮੇਂ ਤੱਕ ਜਾਰੀ ਹੈ। ਵੀਹਵੀਂ ਸਦੀਂ ਦੇ ਆਖਰੀ ਦਹਾਕੇ ਵਿਚ ਅਮਰਜੀਤ ਸਿੰਘ ਗਰੇਵਾਲ ਦੇ ਲੇਖ ਇੱਕੀਵੀਂ ਸਦੀ ਵਿਚ ਗੁਰੂ ਗ੍ਰੰਥ ਸਾਹਿਬ ਦੀ ਪ੍ਰਸੰਗਕਿਤਾ ਬਾਰੇ ਲਿਖੇ ਲੇਖ ਵਿਰੁੱਧ ਵੀ ਸਾਹਿਤ ਲਿਖਿਆ ਗਿਆ। ਇਸ ਲੇਖ ਨੇ ਗੁਰਬਾਣੀ ਵਿਆਖਿਆਕਾਰੀ ਵਿਚ ਸਾਹਿਤਕ ਵਿਧੀਆਂ, ਅਨੁਸ਼ਾਸ਼ਨਾਂ ਅਤੇ ਵਾਦਾਂ ਬਾਰੇ ਚਰਚਾ ਚਲਾ ਦਿੱਤੀ ਸੀ। ਵੀਹਵੀਂ ਸਦੀਂ ਦੇ ਪ੍ਰਤੀਕਿਰਿਆਤਮਿਕ ਸਾਹਿਤ ਨੇ ਹਰ ਖੇਤਰ ਵਿਚ ਨਵੀਆਂ ਸੇਧਾਂ ਦਿੱਤੀਆਂ।

ਸਿੱਖ ਅਧਿਐਨ ਵਿਚ ਆਲੋਚਨਾਤਮਿਕ ਦ੍ਰਿਸ਼ਟੀ ਤੋਂ ਦੋ ਤਰ੍ਹਾਂ ਦਾ ਸਾਹਿਤ ਪ੍ਰਾਪਤ ਹੁੰਦਾ ਹੈ- ਸੰਪਰਦਾਇਕ ਅਤੇ ਅਕਾਦਮਿਕ ਸਾਹਿਤ। ਸੰਪਰਦਾਇਕ ਸਾਹਿਤ ਵਿਚ ਰਾਗਮਾਲਾ ਅਤੇ ਦਸਮ ਗ੍ਰੰਥ ਸੰਬੰਧੀ ਸਾਹਿਤ ਨੂੰ ਇਸ ਅਧਿਆਇ ਵਿਚ ਵਿਸ਼ਲੇਸ਼ਣ ਲਈ ਲਿਆ ਗਿਆ। ਰਾਗਮਾਲਾ ਬਾਰੇ ਚਰਚਾ ਉਨ੍ਹੀਵੀਂ ਸਦੀ ਦੇ ਪਹਿਲੇ ਅੱਧ ਦੇ ਆਰੰਭ ਤੋਂ ਹੀ ਛਿੜ ਚੁੱਕੀ ਸੀ। ਪਰ ਸਿੰਘ ਸਭਾ ਭਸੌੜ ਨੇ ਇਸ ਚਰਚਾ ਨੂੰ ਸਿਖ਼ਰ 'ਤੇ ਪਹੁੰਚਾਇਆ। ਇਸ ਨਾਲ ਦੋ ਧੜੇ ਕਾਇਮ ਹੋ ਗਏ। ਇਕ ਧੜਾ ਰਾਗਮਾਲਾ ਨੂੰ ਗੁਰੂ ਗ੍ਰੰਥ ਸਾਹਿਬ ਦੀ ਬੀੜ ਵਿਚੋਂ ਬਾਹਰ ਕੱਢਣ ਉੱਪਰ ਬਜਿੱਦ ਹੈ। ਇਹ ਦੋਨੋਂ ਕਿਸਮ ਦਾ ਸਾਹਿਤ ਵੀਹਵੀਂ ਅਤੇ ਇੱਕੀਵੀਂ ਸਦੀ ਵਿਚ ਕਾਫੀ ਮਾਤਰਾ ਵਿਚ ਲਿਖਿਆ ਗਿਆ। ਇਹ ਸਾਹਿਤ ਖੰਡਨ ਤੇ ਮੰਡਨ ਕਿਸਮ ਦਾ ਹੈ।

ਦਸਮ ਗ੍ਰੰਥ ਸੰਬੰਧੀ ਸ਼ੁਰੂ ਵਿਚ ਦਸਮ ਗ੍ਰੰਥ ਦੇ ਕੁਝ ਹਿੱਸੇ ਦਾ ਵਿਰੋਧ ਹੋਇਆ। ਫਿਰ ਕੁਝ ਹੋਰ ਰਚਨਾਵਾਂ ਸੰਬੰਧੀ ਤਰਕ ਪੈਦਾ ਕਰਕੇ ਦਸਮ ਗ੍ਰੰਥ ਦੇ ਵੱਡੇ ਹਿੱਸੇ ਨੂੰ ਗੁਰੂ ਕ੍ਰਿਤ ਮੰਨਣ ਤੋਂ ਇਨਕਾਰ ਕੀਤਾ। ਆਖ਼ਿਰ ਇਕ ਧੜ੍ਹਾ ਪੂਰੇ ਦਸਮ ਗ੍ਰੰਥ ਨੂੰ ਗੁਰੂ ਕ੍ਰਿਤ ਮੰਨਣ ਤੋਂ ਆਕੀ ਹੈ। ਇਸ ਸੰਬੰਧੀ ਤਿੰਨ ਕਿਸਮ ਦੇ ਰੁਝਾਨ ਸਾਹਮਣੇ ਆਏ। ਇਕ ਪੂਰੇ ਦਸਮ ਗ੍ਰੰਥ ਨੂੰ ਗੁਰੂ ਕ੍ਰਿਤ ਮੰਨਦੇ ਹਨ। ਦੂਸਰੇ ਦਸਮ ਗ੍ਰੰਥ ਦੀਆਂ ਕੁਝ ਬਾਣੀਆਂ ਨੂੰ ਗੁਰੂ ਕ੍ਰਿਤ ਮੰਨਦੇ ਹਨ। ਤੀਸਰੀ ਕਿਸਮ ਦੇ ਵਿਦਵਾਨ ਪੂਰੇ ਦਸਮ ਗ੍ਰੰਥ ਨੂੰ ਗੁਰੂ ਕ੍ਰਿਤ ਨਹੀਂ ਮੰਨਦੇ। ਇਹ ਤਿੰਨੋਂ ਕਿਸਮ ਦੇ ਰੁਝਾਨ ਇਕੀਵੀਂ ਸਦੀ ਵਿਚ ਵੀ ਜਾਰੀ ਹਨ।

ਬਸਤੀਵਾਦੀ ਚਿੰਤਨ ਆਉਣ ਨਾਲ ਸਿੱਖ ਅਧਿਐਨ ਰਵਾਇਤੀ ਕਿਸਮ ਦੇ ਅਧਿਐਨ ਵਿਚੋਂ ਨਿਕਲ ਕੇ ਅਕਾਦਮਿਕ ਅਧਿਐਨ ਵਿਚ ਦਾਖਲ ਹੁੰਦਾ ਹੈ। ਇਹ ਕੰਮ ਸਿੰਘ ਸਭਾ ਲਾਹੌਰ ਬਣਨ ਉਪਰੰਤ ਸ਼ੁਰੂ ਹੁੰਦਾ ਹੈ। ਪਰ ਪੰਜਾਬ ਵਿਚ ਅਕਾਦਮਿਕ ਅਧਿਐਨ ਯੂਨੀਵਰਸਿਟੀਆਂ ਦੀ ਸਥਾਪਨਾ ਨਾਲ ਆਰੰਭ ਹੋਇਆ। ਇਹ ਅਧਿਐਨ ਉਪਾਧੀ ਸਾਪੇਖ ਅਤੇ ਉਪਾਧੀ ਨਿਰਪੇਖ ਦੋਹਾਂ ਕਿਸਮ ਦਾ ਹੈ। ਇਸ ਵਿਚ ਫ਼ਿਲਾਸਫ਼ੀ, ਇਤਿਹਾਸ ਅਤੇ ਵਿਆਖਿਆਕਾਰੀ ਸ਼ਾਮਿਲ ਹੈ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਬਣਨ ਨਾਲ ਸੁਰਿੰਦਰ ਸਿੰਘ ਕੋਹਲੀ ਦੇ ਥੀਸਿਸ *A Critical Study of Adi Granth* ਨਾਲ ਪੰਜਾਬ ਵਿਚਲਾ ਅਕਾਦਮਿਕ ਅਧਿਐਨ ਸ਼ੁਰੂ ਹੁੰਦਾ ਹੈ। 1962 ਈ. ਵਿਚ ਪੰਜਾਬੀ ਯੂਨੀਵਰਸਿਟੀ ਬਣਨ ਨਾਲ ਸਿੱਖ ਅਕਾਦਮਿਕਤਾ ਵਿਚ ਬੜੀ ਤੇਜੀ ਆਈ। ਦਿੱਲੀ ਯੂਨੀਵਰਸਿਟੀ ਵਿਚ ਡਾ. ਹਰਿਭਜਨ ਸਿੰਘ ਦੀ ਮੌਜੂਦਗੀ ਵਿਚ ਸਿੱਖ ਅਧਿਐਨ ਵਿਚ ਨਵ-ਅਧਿਐਨ ਵਿਧੀਆਂ ਦਾ ਪ੍ਰਵੇਸ਼ ਹੋਇਆ। ਸਿੱਖ ਅਕਾਦਮਿਕਤਾ ਵਿਚ ਹੋਏ ਕਾਰਜਾਂ ਵਿਚ ਜ਼ਿਆਦਾਤਰ ਕਾਰਜ ਗੁਰੂ ਗ੍ਰੰਥ ਸਾਹਿਬ ਵਿਚ ਆਏ ਸੰਕਲਪਾਂ ਅਤੇ ਹੱਥ ਲਿਖਤ ਸਾਹਿਤ ਨਾਲ ਸੰਬੰਧਤ ਰਿਹਾ ਹੈ। ਇਸ ਤੋਂ ਇਲਾਵਾ ਕੋਸ਼ਕਾਰੀ, ਸਿੱਖ ਫ਼ਿਲਾਸਫ਼ੀ, ਨੈਤਿਕਤਾ ਅਤੇ ਦਸਮ ਗ੍ਰੰਥ ਸਾਹਿਬ ਸੰਬੰਧੀ ਵੀ ਮਹੱਤਵਪੂਰਨ ਕਾਰਜ ਹੋਂਦ ਵਿਚ ਆਇਆ। ਵੀਹਵੀਂ ਸਦੀ ਵਿਚ ਹੋਇਆ ਉਪਰੋਕਤ ਅਧਿਐਨ ਜਿੱਥੇ ਅਕਾਦਮਿਕਤਾ ਵਿਚ ਮਹੱਤਵਪੂਰਨ ਹੈ ਉੱਥੇ ਹੀ ਇੱਕੀਵੀਂ ਸਦੀ ਲਈ ਇਹ ਅਧਿਐਨ ਰਾਹ-ਦਸੇਰੇ ਵਜੋਂ ਸਾਹਮਣੇ ਆਇਆ। ਸਿੱਖ ਅਕਾਦਮਿਕਤਾ ਵਿਚ ਹੋਇਆ ਅਧਿਐਨ ਆਮ ਲੋਕਾਂ ਦੀ ਪਹੁੰਚ ਤੋਂ ਦੂਰ ਰਿਹਾ ਹੋਣ ਕਾਰਨ ਆਮ ਸਿੱਖ ਸਾਹਿਤ ਵਾਂਗ ਸਿੱਖਾਂ ਵਿਚ ਥਾਂ ਨਹੀਂ ਬਣਾ ਸਕਿਆ ਹੈ।

ਉਪਰੋਕਤ ਦੇ ਸਾਰ ਵਜੋਂ ਕਿਹਾ ਜਾ ਸਕਦਾ ਹੈ ਕਿ ਸਿੱਖ ਅਧਿਐਨ ਦੇ ਰੁਝਾਨ ਇਕ ਵਿਸ਼ਲੇਸ਼ਣ (1900:2000 ਈ.) ਵੀਹਵੀਂ ਸਦੀ ਦੇ ਸਿੱਖ ਅਤੇ ਗ਼ੈਰ-ਸਿੱਖ ਲਿਖਾਰੀਆਂ ਦਾ ਸਿੱਖ ਧਰਮ ਪ੍ਰਤੀ ਦ੍ਰਿਸ਼ਟੀਕੋਣ ਹੈ। ਵੀਹਵੀਂ ਸਦੀ ਦੀ ਸਿੱਖ ਚੇਤਨਾ ਗ਼ੈਰ-ਸਿੱਖਾਂ ਵੱਲੋਂ ਕੀਤੇ ਅਧਿਐਨ ਅਤੇ ਆਪਣੇ ਵਿਲੱਖਣ ਸਰੂਪ ਪ੍ਰਤੀ ਸੁਚੇਤ ਅਤੇ ਗੰਭੀਰ ਸੀ। ਪੂਰਬੀ ਜਾਂ ਪੱਛਮੀ ਦ੍ਰਿਸ਼ਟੀਕੋਣਾਂ ਦੇ ਮੁਕਾਬਾਲਤਨ ਸਿੱਖ ਵਿਦਵਾਨ ਸਿੱਖ ਧਰਮ ਦੇ ਆਪਣੇ ਵਿਧੀ-ਵਿਧਾਨ ਖੋਜਣ ਪ੍ਰਤੀ ਜੱਦੋ-ਜਹਿਦ ਕਰ ਰਹੇ ਹਨ। ਵੀਹਵੀਂ ਸਦੀ ਵਿਚ ਆਏ ਰੁਝਾਨਾਂ ਨੇ ਸਿੱਖ ਵਿਦਵਾਨਾਂ ਨੂੰ ਸੁਚੇਤ ਕੀਤਾ ਅਤੇ ਨਵੇਂ ਕਾਰਜਾਂ ਲਈ ਸੇਧਾਂ ਦਿੱਤੀਆਂ ਹਨ। ਭਵਿੱਖ ਵਿਚ ਇਹ ਰੁਝਾਨ ਸਿੱਖ ਅਧਿਐਨ ਨੂੰ ਵਿਸ਼ਲੇਸ਼ਣ ਅਤੇ ਮੁਲਾਂਕਣ ਕਰਨ ਲਈ ਪ੍ਰੇਰਿਤ ਕਰਨਗੇ। ਇਹੀ ਇਨ੍ਹਾਂ ਰੁਝਾਨਾਂ ਦੀ ਸਾਰਥਿਕਤਾ ਹੈ।

ਅੰਤ ਵਿਚ ਕਿਹਾ ਜਾ ਸਕਦਾ ਹੈ ਕਿ ਮੇਰੇ ਪੀਐੱਚ.ਡੀ. ਖੋਜ ਪ੍ਰਬੰਧ ਦਾ ਇਹ ਵਿਸ਼ਾ ਜਿਥੇ ਸਿੱਖ ਅਧਿਐਨ ਵਿਚ ਕਿਣਕਾ ਮਾਤਰ ਯੋਗਦਾਨ ਪਾਵੇਗਾ, ਉੱਥੇ ਹੀ ਵੀਹਵੀਂ ਸਦੀ ਦੇ ਸਿੱਖ ਅਧਿਐਨ ਵੱਲ ਖੋਜਾਰਥੀਆਂ ਨੂੰ ਇਕ ਨਵੇਂ ਦ੍ਰਿਸ਼ਟੀਕੋਣ ਵੱਲ ਵੇਖਣ ਲਈ ਪ੍ਰੇਰੇਗਾ। ਸਮੁੱਚਾ ਕਾਰਜ ਪਰਮਾਤਮਾ ਦੀ ਕਿਰਪਾ ਨਾਲ ਨੇਪਰੇ ਚੜ੍ਹ ਸਕਿਆ ਹੈ। ਮੇਰੇ ਧੰਨਵਾਦ ਦੇ ਵਿਸ਼ੇਸ਼ ਪਾਤਰ ਡਾ. ਭਾਰਤਬੀਰ ਕੌਰ ਸੰਧੂ ਜੀ ਹਨ, ਜੋ ਨਾ ਕੇਵਲ ਮੇਰੇ ਨਿਗਰਾਨ ਹੀ ਹਨ, ਬਲਕਿ ਰਾਹ ਦਸੇਰੇ ਵੀ ਹਨ। ਹੋਰ ਅਨੇਕ, ਅਧਿਆਪਕਾਂ, ਦੋਸਤਾਂ, ਲਾਇਬ੍ਰੇਰੀਆਂ, ਪੁਸਤਕਾਂ ਜਿਨ੍ਹਾਂ ਤੋਂ ਸਹਾਇਤਾ ਜਾਂ ਸਮੱਗਰੀ ਲਈ ਗਈ ਹੈ, ਸਭ ਦਾ ਧੰਨਵਾਦ ਕਰਦਾ ਹਾਂ।

# ਹਵਾਲੇ ਤੇ ਟਿੱਪਣੀਆਂ

## ਪੰਜਾਬੀ ਪੁਸਤਕਾਂ


- ਊਧਮ ਸਿੰਘ ਗਿਆਨੀ, ਗੁਰੂ ਨਾਨਕ ਜੀਵਨ ਇਕ ਨਵੀਂ ਖੋਜ, ਭਾ. ਚਤਰ ਸਿੰਘ ਜੀਵਨ ਸਿੰਘ, ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, 2009.
- ਅਸ਼ੋਕ, ਸ਼ਮਸ਼ੇਰ ਸਿੰਘ, ਪੰਜਾਬ ਦਾ ਸੰਖੇਪ ਇਤਿਹਾਸ, ਲਾਹੌਰ ਬੁਕ ਸ਼ਾਪ, ਲੁਧਿਆਣਾ, 1961.
- _________, ਪੰਜਾਬ ਦੀਆਂ ਲਹਿਰਾਂ, ਅਸ਼ੋਕ ਪੁਸਤਕਮਾਲਾ ਸ੍ਰੀ ਦਸ਼ਮੇਸ਼ ਕਾਲੋਨੀ, ਤ੍ਰਿਪੁਰੀ ਟਾਊਨ, ਪਟਿਆਲਾ, 1974.
- _________, ਮਾਧਵਾਨਲ ਕਾਮ ਕੰਦਲਾ ਤੇ ਰਾਗਮਾਲਾ ਨਿਰਣਯ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2003.
- ਅਜਮੇਰ ਸਿੰਘ, ਕਿਸ ਬਿਧ ਰੁਲੀ ਪਾਤਸ਼ਾਹੀ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2007.
- ਅਰਸ਼ੀ, ਗੁਰਚਰਨ ਸਿੰਘ, ਈਸਾਈ. ਮਿਸ਼ਨਰੀ, ਪੰਜਾਬੀ ਭਾਸ਼ਾ ਤੇ ਸਾਹਿਤ, ਆਰਸੀ ਪਬਲਿਸ਼ਰਜ, ਦਿੱਲੀ, 2004.
- ਅਰੋੜਾ, ਏ. ਸੀ., (ਸੰਪਾ.) ਪੰਜਾਬ ਦੀਆਂ ਲਹਿਰਾਂ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1996.
- ਅਵਤਾਰ ਸਿੰਘ, ਸਿੱਖ ਸੈਨਤਾਂ, ਬਿਬੇਕ ਪ੍ਰਕਾਸ਼ਨ, ਚੌਕ ਕਟੜਾ ਆਹਲੂਵਾਲੀਆ, ਸ੍ਰੀ ਅੰਮ੍ਰਿਤਸਰ, 2012.
- ਸਤਿਬੀਰ ਸਿੰਘ, ਬਲਿਓ ਚਿਰਾਗ, ਨਿਊ ਬੁਕ ਕੰਪਨੀ, ਮਾਈ ਹੀਰਾਂ ਗੇਟ, ਜਲੰਧਰ, 2011.
- _________, ਸਾਡਾ ਇਤਿਹਾਸ, ਭਾਗ ਪਹਿਲਾ, ਨਿਊ ਬੁਕ ਕੰਪਨੀ ਜਲੰਧਰ, 2014.
- ਸਰਹੱਦੀ, ਕਰਤਾਰ ਸਿੰਘ, ਸਿੰਘ ਸਭਾ ਲਹਿਰ ਦਾ ਸੁਨਹਿਰੀ ਤੇ ਮਹਾਨ ਪਰਉਪਕਾਰੀ ਇਤਿਹਾਸ, ਯਮੁਨਾ ਨਗਰ, ਅੰਬਾਲਾ, 1974.
- ਸਾਹਿਬ ਸਿੰਘ, ਪ੍ਰੋ., ਗੁਰਬਾਣੀ ਵਿਆਕਰਨ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2004
- _________, ਆਦਿ ਬੀੜ ਬਾਰੇ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2014.

- ਸਾਗਰ, ਸਬਿੰਦਰਜੀਤ ਸਿੰਘ, ਜਨਮਸਾਖੀ ਸੰਵਾਦ ਤੇ ਮੁਲੰਕਣ, ਵਾਰਿਸ਼ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 2001.
- ਸਾਬਰ, ਜਸਬੀਰ ਸਿੰਘ,(ਡਾ.) ਗਿਆਨ ਰਤਨਾਵਲੀ (ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ), ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ 1993
- ਸਿੱਧੂ, ਗੁਰਦੇਵ ਸਿੰਘ, ਪ੍ਰੋ. ਗੁਰਮੁਖ ਸਿੰਘ ਜੀਵਨ ਤੇ ਰਚਨਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1989.
- ਸਿੱਧੂ, ਪਰਮਜੀਤ ਸਿੰਘ, ਕੋਸ਼ਕਾਰੀ ਕਲਾ ਅਤੇ ਪੰਜਾਬੀ ਕੋਸ਼ਕਾਰੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995.
- ਸਿਨਹਾ, ਨਰਿੰਦਰ ਕ੍ਰਿਸ਼ਨ, ਰਣਜੀਤ ਸਿੰਘ, (ਅਨੁ.) ਸੁਰਜੀਤ ਕੌਰ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002.
- ਸੁਖਦਿਆਲ ਸਿੰਘ (ਡਾ.), ਇਤਿਹਾਸ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ, ਸੁੰਦਰ ਪ੍ਰਕਾਸ਼ਨ, ਪਟਿਆਲਾ, 2004.
- ਸੁਰਜੀਤ ਸਿੰਘ (ਪ੍ਰਿੰ.), (ਸੰਪਾ.) ਗੁਰਪ੍ਰਸਾਦਿ ਭਰਮ ਕਾ ਨਾਸ, ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਲੁਧਿਆਣਾ, ਦਸੰਬਰ, 1995.
- ਸੁਰਿੰਦਰਪਾਲ ਸਿੰਘ, ਪੰਜਾਬੀ ਗਲਪ ਪ੍ਰਵਿਰਤੀਆਂ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1989.
- ਸੇਖੋਂ, ਸੰਤ ਸਿੰਘ, ਪੰਜਾਬੀ ਕਾਵਿ ਸ਼ਿਰੋਮਣੀ, ਲਾਹੌਰ ਬੁਕ ਸ਼ਾਪ, ਲੁਧਿਆਣਾ, 1964.
- ਸੰਗਰੂਰ, ਲਾਲ ਸਿੰਘ, ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ, ਪੰਚ ਖਾਲਸਾ ਦੀਵਾਨ ਭਸੌੜ, ਸੰਗਰੂਰ, 1973.
- ਸੰਨਿਆਸੀ, ਰਾਮ ਤੀਰਥ ਦੰਡੀ, ਸਰਵੋਤਮ ਧਰਮ ਗ੍ਰੰਥ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸਰਵੋਤਮ ਧਰਮ ਖਾਲਸਾ ਪੰਥ, ਸ਼੍ਰੋ. ਗੁ. ਪ੍ਰ. ਕਮੇਟੀ, ਸ੍ਰੀ ਅੰਮ੍ਰਿਤਸਰ, 2016.
- ਸ਼ਾਨ, ਹਰਨਾਮ ਸਿੰਘ, (ਡਾ.) ਗੁਰੂ ਗ੍ਰੰਥ ਸਾਹਿਬ ਦੀ ਕੋਸ਼ਕਾਰੀ, ਭਾਸ਼ਾ ਵਿਭਾਗ ਪੰਜਾਬ, 1994.
- ਹਰਬੰਸ ਸਿੰਘ, ਸਾਡਾ ਵਿਰਸਾ, (ਅਨੁ.) ਮੇਜਰ ਗੁਰਮੁਖ ਸਿੰਘ, ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ, 1997.

- ਹਰਭਜਨ ਸਿੰਘ (ਡਾ.), ਰਾਗਮਾਲਾ ਦਾ ਵਿਵਾਦ ਅਤੇ ਇਕ ਵਿਸ਼ੇਸ਼ ਸਿਧਾਂਤ ਚਰਚਾ, ਬਿਬੇਕ ਪ੍ਰਕਾਸ਼ਨ, ਚੌਕ ਕਟੜਾ ਆਹਲੂਵਾਲੀਆ, ਸ੍ਰੀ ਅੰਮ੍ਰਿਤਸਰ, 2012.
- ਹਰਿਭਜਨ ਸਿੰਘ (ਡਾ.), ਪਾਰਗਾਮੀ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮਿਤਸਰ, 2010.
- ਹਰਿਭਜਨ ਸਿੰਘ (ਡਾ.), (ਸੰਪਾ.), ਸਾਖੀ ਸੁਰਤਿ, ਫ਼ਕੀਰ ਐਂਡ ਸਨਜ ਅੰਮ੍ਰਿਤਸਰ, 1982
- ਹਿਸਟੋਰੀਅਨ, ਕਰਮ ਸਿੰਘ, ਕੱਤਕ ਕਿ ਵਿਸਾਖ, ਲਾਹੌਰ ਬੁਕ ਸ਼ਾਪ, ਲੁਧਿਆਣਾ, 2003.
- __________,ਜੀਵਨ ਬ੍ਰਿਤਾਤ ਬੰਦਾ ਬਹਾਦਰ, ਸਿੱਖ ਇਤਿਹਾਸ ਰੀਸਰਚ ਬੋਰਡ, ਸ਼੍ਰੋ. ਗੁ. ਪ੍ਰ. ਕਮੇਟੀ, ਸ੍ਰੀ ਅੰਮ੍ਰਿਤਸਰ, 1982.
- ਹਿੰਮਤ ਸਿੰਘ (ਪ੍ਰੋ.), ਡਾ. ਸ਼ੇਰ ਸਿੰਘ ਜੀਵਨ ਤੇ ਰਚਨਾ, ਪਬਲੀਕੇਸ਼ਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011.
- ਹੋਤੀ, ਮਰਦਾਨ, ਪ੍ਰੇਮ ਸਿੰਘ, ਅਕਾਲੀ ਫੂਲਾ ਸਿੰਘ, ਲਾਹੌਰ ਬੁੱਕ ਸ਼ਾਪ ਲੁਧਿਆਣਾ, ਮਿਤੀਹੀਣ.
- ਕਪੂਰ ਸਿੰਘ, ਸਿਰਦਾਰ, ਸਪਤਸ੍ਰਿਗ ਲਾਹੌਰ ਬੁੱਕ ਪਿ ਲੁਧਿਆਣਾ, ਮਿਤੀਹੀਣ.
- __________, ਪ੍ਰੰਦੀਕ, ਭਾ. ਚਤਰ ਸਿੰਘ ਜੀਵਨ ਸਿੰਘ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, 2001.
- ਕੂਪਰ, ਨਰਿੰਦਰ ਸਿੰਘ, ਗਿ. ਦਿੱਤ ਸਿੰਘ ਜੀਵਨ ਤੇ ਰਚਨਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1987.
- ਕਾਹਲੋਂ, ਅੱਛਰ ਸਿੰਘ, (ਡਾ.), ਗੁਰਮਤਿ ਵਿਚ ਮਾਇਆ ਦਾ ਸੰਕਲਪ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1990.
- ਕਾਂਗ, ਕੁਲਬੀਰ ਸਿੰਘ, ਜਿੰਦਾ ਸ਼ਹੀਦ ਭਾਈ ਤਖਤ ਸਿੰਘ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 1994.
- ਕਾਂਗ, ਜਸਪਾਲ ਕੌਰ, (ਸੰਪਾ.), ਬਸਤੀਵਾਦ, ਉੱਤਰ ਬਸਤੀਵਾਦ ਅਤੇ ਪੰਜਾਬੀ ਸਾਹਿਤ, ਸਾਹਿਤ ਅਕਾਦਮੀ, ਨਵੀਂ ਦਿੱਲੀ, 2005.

- ਕਿਸ਼ਨ ਸਿੰਘ, (ਪ੍ਰੋ.), ਸਿੱਖ ਇਨਕਲਾਬ ਦਾ ਮੋਢੀ ਗੁਰੂ ਨਾਨਕ, ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ, 1973.
- _________, ਗੁਰਬਾਣੀ ਦਾ ਸੱਚ, ਸੇਧ ਪ੍ਰਕਾਸ਼ਨ, ਨਵੀਂ ਦਿੱਲੀ, 1974.
- ਕਿਰਪਾਲ ਸਿੰਘ (ਸੰਪਾ.), ਜਨਮਸਾਖੀ ਪਰੰਪਰਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009.
- _________, ਪੰਜਾਬ ਦਾ ਬਟਵਾਰਾ ਤੇ ਸਿੱਖ, ਸਿੰਘ ਬ੍ਰਦਰਜ਼, ਅੰਮ੍ਰਿਤਸਰ 1997.
- _________, ਪੰਜਾਬ ਦਾ ਬਟਵਾਰਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1972.
- ਕਿਰਪਾਲ ਸਿੰਘ, (ਸਿੰਘ ਸਾਹਿਬ), ਸਾਕਾ ਨੀਲਾ ਤਾਰਾ, ਭਾ. ਚਤਰ ਸਿੰਘ, ਜੀਵਨ ਸਿੰਘ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, 2014.
- _________,ਸ਼ਮਸ਼ੇਰ ਸਿੰਘ ਅਸ਼ੋਕ, (ਸੰਪਾ.), ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, ਖ਼ਾਲਸਾ ਕਾਲਜ, ਅੰਮ੍ਰਿਤਸਰ, 1962.
- ਕੁਸ਼ਤਾ, ਮੌਲਾ ਬਖ਼ਸ਼, ਪੰਜਾਬ ਦੇ ਹੀਰੇ, ਲਾਹੌਰ ਬੁਕ ਸ਼ਾਪ, ਲੁਧਿਆਣਾ, 1950.
- ਕੇਸਰੀ, ਗੁਰਬਖ਼ਸ਼ ਸਿੰਘ, ਸੰਖਿਆ ਕੋਸ਼, ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ, 2007.
- ਕੌਰ ਸਿੰਘ ਅਕਾਲੀ, ਗੁਰੁ ਸ਼ਬਦ ਰਤਨ ਪ੍ਰਕਾਸ਼, ਭਾਸ਼ਾ ਵਿਭਾਗ, ਪਟਿਆਲਾ 1970.
- ਕੰਵਰ, ਤਰਲੋਕ ਸਿੰਘ, ਗੁਰੂ ਨਾਨਕ ਦਾ ਕਾਵਿ ਸ਼ਾਸਤਰ, ਸਪਤ ਸਿੱਧੂ ਪਬਲੀਕੇਸ਼ਨ, ਨਵੀਂ ਦਿੱਲੀ, 1994.
- ਗਫ਼ੂਰੋਵ, ਬਾ. ਗ. (ਸੰਪਾ.), ਗੁਰੂ ਨਾਨਕ ਲੇਖ ਸੰਗ੍ਰਹਿ, (ਅਨੁ.), ਗੁਰਬਖ਼ਸ਼, ਪੰਜਾਬ ਬੁੱਕ ਸੈਂਟਰ, ਚੰਡੀਗੜ੍ਹ, 2000.
- ਗਰਜਾ ਸਿੰਘ (ਗਿਆਨੀ), ਸ਼ਹੀਦ ਬਿਲਾਸ ਭਾਈ ਮਨੀ ਸਿੰਘ, ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ, 2007.
- ਗਿੱਲ, ਤੇਜਵੰਤ ਸਿੰਘ, ਭਾਈ ਕਾਨ੍ਹ ਸਿੰਘ ਨਾਭਾਃ ਜੀਵਨ ਤੇ ਰਚਨਾ, ਮੰਗਲ ਪ੍ਰਕਾਸ਼ਨ, ਅੰਮ੍ਰਿਤਸਰ, 1996.
- ਗੁਰਸ਼ਰਨਜੀਤ ਸਿੰਘ (ਡਾ.), ਗੁਰੂ ਗ੍ਰੰਥ ਸਾਹਿਬਃ ਪਰੰਪਰਾ ਅਤੇ ਇਤਿਹਾਸ, ਗੁਰਨਿੱਧ ਪ੍ਰਕਾਸ਼ਨ, ਮਾਡਰਨ ਕਾਲੋਨੀ, ਛੇਹਰਟਾ, ਅੰਮ੍ਰਿਤਸਰ, 2005.

- ਗੁਰਚਰਨ ਸਿੰਘ (ਡਾ.), ਆਦਿ ਗ੍ਰੰਥਃ ਸ਼ਬਦ ਅਨੁਕ੍ਰਮਣਿਕਾ, ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1971.
- ਗੁਰਚਰਨ ਸਿੰਘ, ਗੁਰਬਾਣੀ ਸਭਿਆਚਾਰ, ਵਾਰਿਸ ਸ਼ਾਹ ਫਾਊਂਡੇਸਨ, ਅੰਮ੍ਰਿਤਸਰ, 2000
- __________, ਸ੍ਰੀ ਗੁਰੂ ਗ੍ਰੰਥ ਕੋਸ਼, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002.
- ਗੁਰਤੇਜ ਸਿੰਘ, ਸਿੰਘ ਨਾਦ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2011.
- ਗੁਰਦਿੱਤ ਸਿੰਘ ਗਿਆਨੀ, ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ, ਸਾਹਿਤ ਪ੍ਰਕਾਸ਼ਨ, 56, ਸੈਕਟਰ, 4, ਚੰਡੀਗੜ੍ਹ, 2000.
- __________, ਮੁੰਦਾਵਣੀ, ਸਾਹਿਤ ਪ੍ਰਕਾਸ਼ਨ, 56, ਸੈਕਟਰ 4, ਚੰਡੀਗੜ੍ਹ, 2003.
- ਗੁਰਬਚਨ ਕੌਰ, ਸ਼ਰਧਾ ਰਾਮ ਫਿਲੌਰੀ ਜੀਵਨ ਤੇ ਰਚਨਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998.
- __________, ਜਨਮਸਾਖੀ ਭਾਈ ਬਾਲਾ ਦਾ ਪਾਠ-ਪ੍ਰਮਾਣੀਕਰਨ ਤੇ ਆਲੋਚਨਾਤਮਕ ਸੰਪਾਦਨ, ਭਾਸ਼ਾ ਵਿਭਾਗ, ਪੰਜਾਬ, 1987,
- ਗੁਰਭਗਤ ਸਿੰਘ, ਕੌਮੀ ਅਜ਼ਾਦੀ ਵੱਲ, ਵਿਚਾਰ ਪ੍ਰਕਾਸ਼ਨ, ਮਾਰਚ, 1993
- ਗੁਰਮੇਲ ਸਿੰਘ (ਡਾ.), ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਇਤਿਹਾਸ ਅਤੇ ਮੁਲਾਂਕਣ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2016.
- ਗੋਗੋਆਣੀ, ਇੰਦਰਜੀਤ ਸਿੰਘ, ਗਿਆਨੀ ਦਿੱਤ ਸਿੰਘ ਜੀਵਨ ਰਚਨਾ ਤੇ ਸਿੱਖ ਪੰਥ ਨੂੰ ਦੇਣ, ਭਾ. ਚਤਰ ਸਿੰਘ ਜੀਵਨ ਸਿੰਘ ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, ਅਗਸਤ, 2010.
- ਗੋਪਾਲ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਹਿਤਕ ਵਿਸ਼ੇਸ਼ਤਾ, ਵਰਲਡ ਬੁੱਕ ਸੈਂਟਰ, ਨਵੀਂ ਦਿੱਲੀ, 1987.
- ਗੰਡਾ ਸਿੰਘ (ਡਾ.), (ਸੰਪਾ). ਪੰਜਾਬ, ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ, 1962.
- __________, ਕੂਕਿਆਂ ਦੀ ਵਿਥਿਆ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2000.

- _________, ਪੰਜਾਬ ਉੱਤੇ ਅੰਗਰੇਜ਼ਾਂ ਦਾ ਕਬਜ਼ਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2000.
- ਚਾਵਲਾ, ਹਰਬੰਸ ਸਿੰਘ, ਗੁਰੂ ਗ੍ਰੰਥ ਸਾਹਿਬ ਵਿਚ ਸਮਕਾਲੀ ਸਮਾਜਕ ਚਿੱਤਰ, ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੋਸਾਇਟੀ, ਨਵੀਂ ਦਿੱਲੀ, 1990.
- ਜਸਪਾਲ ਸਿੰਘ, ਰਾਜ ਦਾ ਸਿੱਖ ਸੰਕਲਪ, ਨਵਯੁੱਗ ਪਬਲਿਸ਼ਰਜ਼, ਨਵੀਂ ਦਿੱਲੀ, 2009.
- ਜਸਵਿੰਦਰ ਸਿੰਘ (ਡਾ.) (ਸੰਪਾ.), ਪ੍ਰੋ. ਪੂਰਨ ਸਿੰਘ ਰਤਨਾਵਲੀ, ਜਿਲਦ ੧, ਨਾਦ ਪ੍ਰਗਾਸ, ਸ੍ਰੀ ਅੰਮ੍ਰਿਤਸਰ, 2013.
- ਜੱਸ, ਜਸਵੰਤ ਸਿੰਘ, ਬਾਬਾ ਰਾਮ ਸਿੰਘ ਨਾਮਧਾਰੀ, ਨਿਊ ਬੁਕ ਕੰਪਨੀ, ਜਲੰਧਰ, 1987.
- ਜਗਜੀਤ ਸਿੰਘ, ਸਿੰਘ ਸਭਾ ਲਹਿਰ, ਲਾਹੌਰ, ਬੁਕ ਸ਼ਾਪ, ਲੁਧਿਆਣਾ, 1974.
- ਜਗਬੀਰ ਸਿੰਘ, (ਡਾ.), ਗੁਰੂ ਨਾਨਕ ਬਾਣੀ ਵਿਚ ਨੈਤਿਕਤਾ ਦਾ ਸੰਕਲਪ, ਭਾਸ਼ਾ ਵਿਭਾਗ, ਪੰਜਾਬ, 1973.
- _________, ਬਾਣੀ ਸੰਸਾਰ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2013.
- ਜੀ. ਬੀ. ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪ੍ਰਾਚੀਨ ਬੀੜਾਂ, ਮਾਡਰਨ ਪਬਲੀਕੇਸ਼ਨ, ਮੈਕਲੋਡ ਰੋਡ, ਲਾਹੌਰ, ਮਿਤੀਹੀਣ।
- ਜੋਸ਼, ਸੋਹਣ ਸਿੰਘ, ਅਕਾਲੀ ਮੋਰਚਿਆਂ ਦਾ ਇਤਿਹਾਸ, ਆਰਸੀ ਪਬਲਿਸ਼ਰਜ, ਦਿੱਲੀ, 2000.
- ਜੋਧ ਸਿੰਘ, ਕਰਤਾਰਪੁਰੀ ਬੀੜ ਦੇ ਦਰਸ਼ਨ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2000.
- _________, ਗੁਰਮਤਿ ਨਿਰਣਯ, ਭਾ. ਚਤਰ ਸਿੰਘ ਜੀਵਨ ਸਿੰਘ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, 2003.
- ਜੱਗੀ, ਗੁਰਸ਼ਰਨ ਕੌਰ, ਬਾਬੇ ਮੋਹਨ ਵਾਲੀਆਂ ਪੋਥੀਆਂ, ਆਰਸੀ ਪਬਲਿਸ਼ਰਜ਼, ਦਿੱਲੀ, 1987.
- ਜੱਗੀ, ਰਤਨ ਸਿੰਘ, ਦਸਮ ਗ੍ਰੰਥ ਦਾ ਕਰਤ੍ਰਿਤਵ, ਪੰਜਾਬੀ ਸਾਹਿਤ ਸਭਾ, ਨਵੀਂ ਦਿੱਲੀ, 1966.

- ਢਿੱਲੋਂ, ਜਸਵਿੰਦਰ ਕੌਰ, (ਪ੍ਰੋ.), ਗੁਰੂ ਨਾਨਕ ਬਾਣੀ ਦੀ ਕੀਮਤ ਮੀਮਾਸਾਂ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2010.
- ਤਿਵਾੜੀ, ਵਿਸ਼ਵ ਨਾਥ, ਕਰਾਂਤੀਕਾਰੀ ਗੁਰੂ ਨਾਨਕ, ਪਬਲੀਕੇਸ਼ਨ ਬਿਊਰੋ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1991.
- ਦਰਦ, ਹੀਰਾ ਸਿੰਘ (ਸੰਪਾ.), ਇਤਿਹਾਸਕ ਖੋਜਾਂ, ਸਿੱਖ ਇਤਿਹਾਸ ਰਿਸਰਚ ਬੋਰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2014.
- ਦੇਵਿੰਦਰ ਸਿੰਘ (ਸੰਪਾ.), ਬਾਵਾ ਬੁੱਧ ਸਿੰਘ ਰਚਨਾਵਲੀ, ਸਾਹਿਤ ਅਕਾਦਮੀ, ਦਿੱਲੀ, 2003.
- ਧਰਮ ਸਿੰਘ (ਡਾ.), ਪੰਜਾਬੀ ਖੋਜ ਦਾ ਇਤਿਹਾਸ, ਪੰਜਾਬੀ ਅਕਾਦਮੀ, ਦਿੱਲੀ, 2004.
- ਧਰਮਾਨੰਤ ਸਿੰਘ (ਪ੍ਰਿੰ.) ਵੇਦਿਕ ਗੁਰਮਤਿ, ਆਰਯ ਪ੍ਰਾਦੇਸ਼ਿਕ, ਪ੍ਰਤੀਨਿਧੀ ਸਭਾ ਪੰਜਾਬ, ਜਲੰਧਰ, 1965.
- ਧੀਰ, ਕੁਲਦੀਪ ਸਿੰਘ, ਤੁਲਨਾਤਮਕ ਸਾਹਿਤ ਸ਼ਾਸ਼ਤਰ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1990.
- ਨਈਅਰ, ਗੁਰਬਚਨ ਸਿੰਘ, ਗੁਰੂ ਨਾਨਕ ਵਿਆਖਿਆਤਮਕ ਪੁਸਤਕ ਮਾਲਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997.
- ________, ਸਿੱਖ ਇਤਿਹਾਸ ਦੇ ਚੋਣਵੇਂ ਮੂਲ ਸਰੋਤ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2010.
- ਨਰੋਤਮ, ਤਾਰਾ ਸਿੰਘ, ਗੁਰ ਗਿਰਾਰਥ ਕੋਸ਼, (ਸੰਪਾ.) ਬਲਵੰਤ ਸਿੰਘ, ਕੋਠਾਗੁਰੂ, ਸ੍ਰੀ ਮਾਨ 108 ਮਹੰਤ ਬਲਵੰਤ ਸਿਘ ਜੀ, ਸੈਕਟਰੀ, ਕਨਖਲ, 2012.
- ਨਾਭਾ, ਕਾਨ੍ਹ ਸਿੰਘ, ਹਮ ਹਿੰਦੂ ਨਹੀਂ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2000.
- ________, ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਨੈਸ਼ਨਲ ਬੁਕ ਸ਼ਾਪ, ਦਿੱਲੀ, 2005.
- ________,ਗੁਰਮਤੁ ਮਾਰਤੰਡ ਭਾਗ ਪਹਿਲਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2013.

- ਨਾਰਾ, ਈਸ਼ਰ ਸਿੰਘ, ਵਸਾਖ ਨਹੀਂ ਕੱਤਕ, ਗਿ. ਈਸ਼ਰ ਸਿੰਘ ਨਾਰਾ 3287, ਦੇਹਲੀ ਗੇਟ ਬਜ਼ਾਰ, ਦਿੱਲੀ, 1970.
- ਨਾਰੰਗ, ਗੋਕਲ ਚੰਦ, ਸਿੱਖ ਮਤ ਦਾ ਪਰਿਵਰਤਨ, (ਅਨ.) ਗੁਰਚਰਨ ਸਿੰਘ, ਪੰਜਾਬੀ ਯੂਨੀਵਰਿਸਟੀ, ਪਟਿਆਲਾ, 2009.
- ਨਿਰੰਕਾਰੀ, ਮਾਨ ਸਿੰਘ, ਸਿੱਖ ਧਰਮ ਤੇ ਸਿੱਖੀ, ਲੋਕ ਸਾਹਿਤ ਪ੍ਰਕਾਸ਼ਨ, ਅ਼ਮ੍ਰਿਤਸਰ, 1981.
- ਨੇਕੀ, ਗੁਰਨੇਕ ਸਿੰਘ, ਸਿੰਘ ਸਭਾ ਲਹਿਰ ਦੇ ਉਸਰੱਈਏ, ਲਿਟਰੇਚਰ ਹਾਊਸ, ਪੁਤਲੀਘਰ, ਅੰਮ੍ਰਿਤਸਰ, 1995.
- ਨੇਕੀ, ਜਸਵੰਤ ਸਿੰਘ, ਜਿਨ੍ਹਾਂ ਦਿਸੰਦੜਿਆ ਦੁਰਮਤਿ ਵੰਞੈ ਨਵਯੁੱਗ ਪਬਲਿਸ਼ਰਜ਼, ਨਵੀਂ ਦਿੱਲੀ, 2013.
- _________, ਗੁਰਮਤਿ ਮਨੋਵਿਗਿਆਨ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2016.
- ਨੰਦ ਦਾਸ ਕਵੀ, ਨਾਮ ਮਾਲਾ ਕੋਸ਼, ਭਾਸ਼ਾ ਵਿਭਾਗ, ਪੰਜਾਬ, 1996
- ਪਦਮ, ਪਿਆਰਾ ਸਿੰਘ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਰਤਨ, ਕਲਮ ਮੰਦਰ, ਲੋਇਰ ਮਾਲ, ਪਟਿਆਲਾ, 1994.
- _________, (ਸੰਪਾ.) ਪ੍ਰਾਚੀਨ ਸੌ ਸਾਖੀ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1995.
- _________, (ਸੰਪਾ.) ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1997.
- _________, ਸੰਖੇਪ ਸਿੱਖ ਇਤਿਹਾਸ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2000
- _________, (ਸੰਪਾ.) ਗੁਰੂ ਕੀਆਂ ਸਾਖੀਆਂ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2000.
- _________, (ਸੰਪਾ.), ਰਹਿਤਨਾਮੇ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2000.
- ਪਰਮਿੰਦਰ ਸਿੰਘ (ਡਾ.), ਈਸਾਈ ਮਿਸ਼ਨਰੀਆਂ ਦਾ ਪੰਜਾਬੀ ਸਾਹਿਤ ਨੂੰ ਯੋਗਦਾਨ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1987.
- _________, ਸਿੰਘ ਸਭਾ ਲਹਿਰ ਦੀ ਪੰਜਾਬੀ ਸਾਹਿਤ ਨੂੰ ਦੇਣ, ਲਾਹੌਰ ਬੁਕ ਸ਼ਾਪ, ਲੁਧਿਆਣਾ, 1987.

- ਪਾਖਰ ਸਿੰਘ (ਪ੍ਰਿੰ.), ਸੰਬਾਦ (ਗਿਆਨੀ ਦਿੱਤ ਸਿੰਘ ਜੀ ਅਤੇ ਸਾਧੂ ਦਯਾ ਨੰਦ), ਸੁੰਦਰ ਬੁਕ ਡੀਪੂ, ਜਲੰਧਰ, 2017.
- ਪਿਆਰ ਸਿੰਘ, (ਸੰਪਾ.), ਸ੍ਰੀ ਗੁਰੂ ਤੇਗ ਬਹਾਦਰ ਫ਼ਾਰਸੀ ਸਰੋਤ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1976.
- _________,(ਸੰਪਾ), **B**-40 ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1974.
- _________,(ਸੰਪਾ.) ਆਦਿ ਸਾਖੀਆਂ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1983
- ਪ੍ਰੀਤਮ ਸਿੰਘ,(ਸੰਪਾ), ਕਲਿ ਤਾਰਕ, ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ, ਮਿਤੀਹੀਣ.
- _________,ਕਾਨ੍ਹ ਸਿੰਘ ਨਾਭਾ: ਪਿਛੋਕੜ ਰਚਨਾ ਤੇ ਮੁਲੰਕਣ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1989.
- _________, (ਸੰਪਾ.) ਅਹੀਆਪੁਰ ਵਾਲੀ ਪੋਥੀ, ਭਾਗ ਪਹਿਲਾ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1998.
- _________,ਸ੍ਰੀ ਗੁਰੂ ਗ੍ਰੰਥ ਸਾਹਿਬ ਵਾਲੇ ਸ਼ੇਖ ਫ਼ਰੀਦ ਦੀ ਭਾਲ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2010.
- ਬਲਕਾਰ ਸਿੰਘ, (ਡਾ.), ਸਿੱਖ ਰਹੱਸਵਾਦ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999
- ਬਲਬੀਰ ਸਿੰਘ, ਸ੍ਰੀ ਚਰਣਹਰਿ ਵਿਸਥਾਰ, ਜਿਲਦ ਇਕ, ਸੈਂਚੀ ਦੂਜੀ, ਮੈਨਜ਼ਰ ਖ਼ਾਲਸਾ ਸਮਾਚਾਰ ਹਾਲ ਬਜ਼ਾਰ ਅੰਮ੍ਰਿਤਸਰ, 1957.
- _________,ਰਾਗਮਾਲਾ ਦਾ ਸਵਾਲ, ਭਾ. ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 2014.
- ਬੱਲਭ, ਕਵੀਰਾਜ ਨਾਰਾਇਣ ਸਿੰਘ, ਗੁਰਬਾਣੀ ਗੌਰਵਤਾ, ਗੁਰਮਤ ਪ੍ਰੈਸ, ਲੁਧਿਆਣਾ, 1952.
- ਬਿਸ਼ਨ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ, ਜਿਲਦ ਅੱਠਵੀਂ, ਗੁਰੂ ਖਾਲਸਾ ਪ੍ਰੈਸ, ਅੰਮ੍ਰਿਤਸਰ, ਜੂਨ, 1928.

- ਬਿਪਨ ਚੰਦਰ, ਸੰਪਰਦਾਇਕਤਾ ਇਕ ਜਾਣ ਪਛਾਣ, (ਅਨੁ.) ਅਮਰਜੀਤ ਕੌਂਕੇ, ਨੈਸ਼ਨਲ ਬੁੱਕ ਟਰੱਸਟ, ਇੰਡੀਆ, 2010.
- ਬੇਦੀ, ਹਰਚੰਦ ਸਿੰਘ (ਡਾ.), ਸਿੱਖ ਇਤਿਹਾਸ ਦੇ ਫ਼ਾਰਸੀ ਸਰੋਤ, ਸਿੱਖ ਇਤਿਹਾਸ ਰੀਸਰਚ ਬੋਰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਨਵੰਬਰ, 2016.
- ਬੇਦੀ, ਤਰਲੋਚਨ ਸਿੰਘ, ਪੰਜਾਬੀ ਵਾਰਤਕ ਦਾ ਆਲੋਚਨਾਤਮਕ ਅਧਿਐਨ, (1700–1750), ਮਿਸਿਜ਼ ਅਮਰਜੀਤ ਕੌਰ, 16 ਲਾਜਪਤ ਨਗਰ, ਨਵੀਂ ਦਿੱਲੀ, ਨਵੰਬਰ, 1972.
- ਬੈਨਰਜੀ, ਇੰਦੂ ਭੂਸ਼ਨ, ਖਾਲਸੇ ਦੀ ਉਤਪਤੀ, ਭਾਗ ਪਹਿਲਾ ਤੇ ਦੂਜਾ, (ਅਨੁ.) ਪ੍ਰੀਤਪਾਲ ਸਿੰਘ ਤੇ ਹੋਰ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2008.
- ਭਾਟੀਆ, ਹਰਿਭਜਨ ਸਿੰਘ (ਡਾ.) (ਸੰਪਾ.) ਵੀਹਵੀਂ ਸਦੀ ਦੀ ਪੰਜਾਬੀ ਆਲੋਚਨਾ ਦਾ ਸਰੂਪ, ਸਾਹਿਤ ਅਕਾਡਮੀ, ਦਿੱਲੀ, 2003.
- _________, ਸੰਵਾਦ: ਪੁਨਰ ਸੰਵਾਦ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2012.
- ਭੰਵਰ, ਹਰਬੀਰ ਸਿੰਘ, ਡਾਇਰੀ ਦੇ ਪੰਨੇ, ਸਿੱਖ ਇਤਿਹਾਸ ਰਿਸਰਚ ਬੋਰਡ, ਸ਼੍ਰੋ. ਗੁ. ਪ੍ਰ. ਕਮੇਟੀ, ਅੰਮ੍ਰਿਤਸਰ, 2006.
- ਮਹਿਤਾ, ਗੁਰਚਰਨ ਸਿੰਘ, ਡਾ. ਵੀਰ ਸਿੰਘ ਦੀ ਕਵਿਤਾ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1992.
- ਮਹਿਤਾਬ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਏ ਨਾਵਾਂ ਤੇ ਥਾਵਾਂ ਦਾ ਕੋਸ਼, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2010.
- ਮਨਮੋਹਨ, ਦਸਮ ਗ੍ਰੰਥ ਵਿਚ ਮਿੱਥ ਰੂਪਾਂਤਰਣ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2015.
- ਮਾਨ, ਤੇਜਵੰਤ ਸਿੰਘ, ਪੰਚ ਖਾਲਸਾ ਦੀਵਾਨ ਭਸੌੜ ਦੀ ਪੰਜਾਬੀ ਸਾਹਿਤ ਨੂੰ ਦੇਣ, ਲਿਟਰੇਚਰ ਹਾਊਸ, ਪੁਤਲੀਘਰ, ਅੰਮ੍ਰਿਤਸਰ, 1997.
- _________,ਸੰਪੂਰਨ ਇਤਿਹਾਸ ਪੰਚ ਖਾਲਸਾ ਦੀਵਾਨ ਭਸੌੜ, ਮੰਗਲ ਪ੍ਰਕਾਸ਼ਨ, ਅੰਮ੍ਰਿਤਸਰ, 1998.

- ਮੁਹਿੰਦਰਜੀਤ ਸਿੰਘ (ਸੰਪਾ.), ਅਰਥਾਂ ਦੀ ਰਾਜਨੀਤੀ, ਸਿਮਰਨ ਪਬਲੀਕੇਸ਼ਨ, ਲੁਧਿਆਣਾ, ਮਿਤੀਹੀਣ.
- ਮੇਸੀ ਜੇਮਜ਼, ਮਸੀਹੀਅਤ: ਇਕ ਪਰਿਚਯ, ਸੀ. ਆਈ. ਐੱਸ. ਐੱਸ ਬਟਾਲਾ, 1976.
- ਮੈਕਾਲਿਫ, ਮੈਕਸ ਆਰਥਰ, ਸਿੱਖ ਧਰਮ, ਗੁਰੂ ਸਾਹਿਬਾਨ, ਪਵਿੱਤਰ ਰਚਨਾਵਾਂ ਅਤੇ ਰਚਨਾਕਾਰ, (ਅਨੁ.) ਡਾ. ਕਿਰਪਾਲ ਸਿੰਘ, ਜਿਲਦ ਪਹਿਲੀ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1992.
- ਯਾਦਵਿੰਦਰ ਸਿੰਘ (ਡਾ.), ਪੂਰਬਵਾਦ ਸਿਧਾਂਤ ਅਤੇ ਵਿਹਾਰ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ ਲੁਧਿਆਣਾ, 2010.
- ਰਹਿਬਰ, ਹੰਸ ਰਾਜ, ਗੁਰੂ ਗੋਬਿੰਦ ਸਿੰਘ ਰਾਸ਼ਟਰ ਨਾਇਕ, ਆਰਸ਼ੀ ਪਬਲਿਸ਼ਰਜ, ਚਾਂਦਨੀ ਚੌਕ, ਦਿੱਲੀ, 1990.
- ਰਾਏਜਸਬੀਰ ਸਿੰਘ, (ਡਾ.), (ਸੰਪਾ.), ਗੁਰੂ ਅਮਰਦਾਸ ਸ੍ਰੋਤ ਪੁਸਤਕ, ਗੁਰੂ ਨਾਨਕ ਦੇਵ ਜੀ ਯੂਨੀਵਰਸਿਟੀ, ਅੰਮ੍ਰਿਤਸਰ, 1986.
- _________,(ਸੰਪਾ.) ਬੰਸਾਵਲੀਨਾਮਾ ਦਸਾਂ ਪਾਤਸਾਹੀਆਂ ਕਾ: ਸੰਪਾਦਨ ਤੇ ਇਤਿਹਾਸਕ ਅਧਿਐਨ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2001.
- _________, ਸਿੱਖ ਇਤਿਹਾਸ ਦੇ ਮੁੱਢਲੇ ਸਰੋਤ (ਇਤਿਹਾਸਿਕ-ਸਾਹਿਤਕ ਅਧਿਐਨ), ਕੇ. ਜੀ. ਗ੍ਰਾਫਿਕਸ, ਅੰਮ੍ਰਿਤਸਰ, 2013.
- ਰੂਪ ਸਿੰਘ, (ਸੰਪਾ.), ਸੇ ਭਗਤ ਸਤਿਗੁਰ ਮਨਿ ਭਾਏ, ਧਰਮ ਪ੍ਰਚਾਰ ਕਮੇਟੀ, ਸ੍ਰੀ ਅੰਮ੍ਰਿਤਸਰ, 2009.
- ਲਾਜਵੰਤੀ, ਰਾਮ ਕ੍ਰਿਸ਼ਨ (ਡਾ.), ਪੰਜਾਬੀ ਸੂਫੀ ਕਵੀ (1460-1900 ਈ.), (ਅਨੁ.) ਸੁਖਦੇਵ ਸਿੰਘ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2011.
- ਲਾਲਾ ਦੌਲਤ ਰਾਏ, ਮਹਾਂ ਬਲੀ ਗੁਰੂ ਗੋਬਿੰਦ ਸਿੰਘ ਜੀ ਸਵਾਨੇ ਉਮਰੀ, ਭਾ. ਚਤਰ ਸਿੰਘ, ਜੀਵਨ ਸਿੰਘ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, 2012.
- ਵਸ਼ਿਸ਼ਟ, ਓਮ ਪ੍ਰਕਾਸ਼, (ਸੰਪਾ.), ਵੀਹਵੀਂ ਸਦੀ ਦੇ ਪੰਜਾਬੀ ਸਾਹਿਤ ਦਾ ਮੁਲਾਂਕਣ, ਸਾਹਿਤ ਅਕਾਦਮੀ, ਦਿੱਲੀ, 2002.

- ਵਜ਼ੀਰ ਸਿੰਘ (ਡਾ.), ਸਿੱਖ ਦਰਸ਼ਨ ਧਾਰਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012.
- ਵਿਦਿਆਰਥੀ, ਦੇਵਿੰਦਰ ਸਿੰਘ, ਭਾਈ ਕਾਨ੍ਹ ਸਿੰਘ ਨਾਭਾ ਜੀਵਨ ਤੇ ਰਚਨਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1987.
- ਵੀਰ ਸਿੰਘ (ਭਾਈ), ਸ੍ਰੀ ਗੁਰੂ ਗ੍ਰੰਥ ਕੋਸ਼, ਖ਼ਾਲਸਾ ਟ੍ਰੈਕਟ ਸੁਸਾਇਟੀ ਅੰਮ੍ਰਿਤਸਰ, ਮਿਤੀਹੀਣ.
- _________,ਪੁਰਾਤਨ ਜਨਮਸਾਖੀ, ਭਾ. ਵੀਰ ਸਿੰਘ ਸਾਹਿਤ ਸਦਨ ਦਿੱਲੀ, 2010
- _________,ਗੁਰੂ ਨਾਨਕ ਚਮਤਕਾਰ, ਮੈਨੇਜਰ, ਖਾਲਸਾ ਸਮਾਚਾਰ, ਅੰਮ੍ਰਿਤਸਰ, ਮਿਤੀਹੀਣ।

## ਅੰਗਰੇਜ਼ੀ ਪੁਸਤਕਾਂ

- Avtar Singh, *Ethics of the Sikhs,* Publication Bureau Punjabi University Patiala, 2009
- Banerjee, A.C, *The Sikh Gurus and the Sikh Religion,* Munshiram Manoharlal Publishers, New Delhi, 1983.
- _________, *Guru Nanak and his times Publication Bureu;* Punjabi University Patiala, 2000.
- Banga, Indu, *Agrarian system of Sikhs,* Manohar Publishers, New Delhi, 1978.
- Bhagat Singh, *Sikh Polity,* Oriental Publishes and Distributers, New Delhi, 1978.
- Bhagat Lakhsman Singh, *A short sketch of the life and work of Guru Gobind Singh,* Language Department, Punjab, 2002.
- Cole, W. Owen, *The Guru in Sikhism,* Longman and Todd. Ltd. London, 1982.
- Darshan Singh, *Western Perspective on the Sikh Religion,* Singh Brothers, Amritsar, 2004.
- Dhillon, Balwant Singh (Dr.), *Early Sikh Scriptural Tradition: Myth and Reality,* Singh Brothers, Amritsar, 1999.

- Dhillon, Gurdarsharn Singh, *Religion and Politics: The Sikh Perspective,* Singh and Singh Publishers, Chandigarh, 1989.
- Fauja Singh, *Some Aspects of State and Society Under Ranjit Singh,* Master Publishers, New Delhi, 1982.
- ________, (ed.) *Historians and Historiography of the Sikhs,* Oriental Publisher and Distributers, New Delhi, 1978.
- Field Dorthy, *The Religion of the Sikhs,* ESS Publications, Delhi, 1976.
- Ganda Singh, *Early European accounts of the Sikhs,* Today and Tomorrows Printers, New Delhi, 1974.
- ________(ed.), *The Singh Sabha and other Socio-Religious Movements in the Punjab,* Punjabi University Patiala, 1997.
- Gordon, Sir, John. H., *The Sikhs,* Language Department, Punjab, 1988.
- Grewal, J.S, *Contesting Interpretations of the Sikh Tradition,* Manohar Distributers, New Delhi, 1998.
- _________, *Guru Nanak in History,* Punjab University Chandigarh, 1999.
- ________, *Historical Writing on the Sikhs, (1784-2011* AD.*),* Manohar Publishers and distributors, New Delhi, 2012.
- Hans, Surjit, (Dr.), *A Reconstruction of Sikh History from Sikh Literature,* Madan Publications, Patiala, 2005.
- Khazan Singh, *History and Philosophy of Sikhism,* Part I, (ed.) Prithipal Singh Kapur, Satvic Media. Pvt. Ltd. Amritsar, May, 2005.
- Kirpal Singh, Kharak Singh; (ed.) *History of the Sikhs and their religion,* Dharam Parchar Co. S.G. P.C, Amritsar, 2004.
- Kohli, Sita Ram, Maharaja Ranjit Singh, Guru Nanak Dev University, Amritsar, 2002.
- Kohli, Surinder Singh, *Travels of Guru Nanak,* Publication. Bureau, Punjab University, Chandigarh, 1997.
- Loehlin, C.H., *The Granth of Guru Gobind Singh and the Khalsa Brotherhood,* Luckhnow Publishing House, 1971.
- Maan, Gurinder Singh, *The Making of Sikh Scripture,* Oxford university Press, New Delhi, 2001.
- Maan, Jasbir Singh and Kharak Singh, (ed.), *Recent Research in Sikhism,* Publication Bureau, Punjabi University, Patiala, 2002.

- Mcleod, W.H., *Guru Nanak and the Sikh Religion,* Oxford University Press, New Delhi, 1968.
- _________, *Evolution of Sikh Community,* Oxford University Press, New Delhi, 1976.
- ________, *Who is Sikh,* Oxford University Press, 1989.
- Pashaura Singh, *The Guru Granth Sahib, Canon, Meaning and Authority,* Oxford University Press, New Delhi, 2014.
- Pashaura Singh and N.G. Barrier, (ed.), *Sikhism and History,* Oxford University Press, New Delhi, 2004.
- Pushpinder Kaur, *Punjab in Eyes of Bengali Historians,* Unistar Books, Chandigarh, 2015
- Rajinder Kaur, *God in Sikhism,* S.G.P.C Amritsar 2003.
- Sewa Ram Singh, *The Divine Master: Life and Teachings of Guru Nanak,* (ed.), Prithipal Singh Kapur, A.B.S. Publications, Jalandhar, 1988.
- Shackle. C., *A Guru Nanak Glossary,* School of Oriental and African Studies, University of London 1981.
- Trumpp, Erenst, *The Adi Granth or the Holy Scriptures of the Sikhs,* Munshiram Manoharlal Publishers, New Delhi, 2007.
- सरस्वती दयानन्द, महार्षि, सत्यार्थ प्रकाश, आर्ष साहित्य प्रचार ट्रस्ट, 2012


## ਪਤ੍ਰਿਕਾਵਾਂ (ਪੰਜਾਬੀ, **Eng.**)


- ਖੋਜ ਪਤ੍ਰਿਕਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011.
- ਗੁਰਮਤਿ ਪ੍ਰਕਾਸ਼, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਅਪ੍ਰੈਲ, 1959.
- ਪੰਜਾਬ ਹਿਸਟਰੀ ਕਾਨਫਰੰਸ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਮਾਰਚ, 1994, ਮਾਰਚ 1996, ਮਾਰਚ 2004, ਮਾਰਚ 2006, ਮਾਰਚ 2008.
- ਪੰਜਾਬੀ ਦੁਨੀਆ, ਭਾਸ਼ਾ ਵਿਭਾਗ, ਪੰਜਾਬ, ਫਰਵਰੀ-ਜੁਲਾਈ, 1960.
- ਵਿਸਮਾਦ ਨਾਦ, ਵਿਸ਼ੇਸ਼ ਅੰਕ, ਇੰਟਰਨੈਸ਼ਨਲ ਇਨਸਟੀਚਿਊਟ ਆਫ਼ ਗੁਰਮਤਿ ਸਟੱਡੀਜ਼ ਲੁਧਿਆਣਾ, 1994, ਸਤੰਬਰ 1997।
- *Punjab History Conference,* Punjabi University Patiala, 1970, 1975, 2007.
- *The Punjab Past and Present,* Punjabi University Patiala, April, 1978.